


ਡਾ. ਗੁਰਸ਼ਰਨ ਜੀਤ ਸਿੰਘ

ਅਜੋਕੇ ਪ੍ਰਸੰਗ ਵਿਚ

ਗੁਰੂ ਗ੍ਰੰਥ ਸਾਹਿਬ

ਪਰੰਪਰਾ ਅਤੇ ਇਤਿਹਾਸ

Ajoke Parsang Vich
GURU GRANTH SAHIB
PRAMPARA ATE ITIHAS

(Tradition and History of Guru Granth Sahit in Present Day Context)

by

Dr. Gursharanjit Singh
16, Modern Colony, Chheharta, Amritsar.
Ph. 0183-2257894
E-mail : gursharan_gndu@yahoo.com

ਪ੍ਰਕਾਸ਼ਨ ਵਰ੍ਹਾ : ਅਗਸਤ 2005

ਮੁੱਲ : 150 ਰੁਪਏ

ਟਾਈਪ ਸੈਟਿੰਗ

ਕੇ. ਜੀ. ਗ੍ਰਾਫਿਕਸ,
ਬੂਥ 8, ਯੂਨੀ. ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਪ੍ਰਕਾਸ਼ਕ

ਗੁਰਨਿਧ ਪ੍ਰਕਾਸ਼ਨ
16, ਮਾਡਰਨ ਕਲੋਨੀ, ਛੇਹਰਟਾ (ਅੰਮ੍ਰਿਤਸਰ)

ਛਾਪਕ

ਪ੍ਰਿੰਟਵੈੱਲ, ਅੰਮ੍ਰਿਤਸਰ।

ਤਤਕਰਾ

ਆਭਾਰ ਅਤੇ ਸਮਰਪਣ

ਇਸ ਪ੍ਰਾਜੈਕਟ ਦੀ ਸੰਪੂਰਨਤਾ ਲਈ ਸਭ ਤੋਂ ਪਹਿਲਾਂ ਮੈਂ ਅਕਾਲਪੁਰਖ ਦਾ ਰਿਣੀ ਹਾਂ। ਇਹ ਅਢੁਕਵਾਂ ਨਹੀਂ ਹੋਵੇਗਾ ਕਿ ਇਸ ਖੋਜ-ਕਾਰਜ ਦੀ ਪ੍ਰੇਰਣਾ ਮੈਨੂੰ ਵਾਹਿਗੁਰੂ ਵੱਲੋਂ ਹੀ ਮਿਲੀ। ਮਨ ਕਮਜ਼ੋਰੀ ਦਿਖਾ ਰਿਹਾ ਸੀ, ਪਰ ਸਤਿਗੁਰੂ ਜੀ ਨੇ ਮਿਹਰ ਭਰਿਆ ਹੱਥ ਦਾਸ 'ਤੇ ਰੱਖਕੇ, ਇਹ ਕਾਰਜ ਕਰਵਾਇਆ ਹੈ।

ਇਸ ਪ੍ਰਾਜੈਕਟ ਲਈ ਪ੍ਰਾਚੀਨ ਹੱਥ-ਲਿਖਤ ਬੀੜਾਂ ਦੀ ਚਰਚਾ ਕਰਦਿਆਂ, ਅਸਾਂ ਨੇ ਸ. ਜੀ.ਬੀ. ਸਿੰਘ, ਡਾ. ਪਿਆਰ ਸਿੰਘ, ਗਿ. ਗੁਰਦਿੱਤ ਸਿੰਘ, ਪ੍ਰੋ. ਪ੍ਰੀਤਮ ਸਿੰਘ, ਭਾਈ ਜੋਧ ਸਿੰਘ ਆਦਿ ਦੁਆਰਾ ਕੀਤੇ ਖੋਜ-ਕਾਰਜ ਨੂੰ ਹੀ ਆਧਾਰ ਬਣਾਇਆ ਹੈ। ਮਹੱਤਵਪੂਰਣ ਬੀੜਾਂ ਜਾਂ ਤਾਂ ਗੁੰਮ ਹੋ ਚੁੱਕੀਆਂ ਹਨ ਜਾਂ ਅਪਹੁੰਚ ਹੋ ਗਈਆਂ ਹਨ। ਇਸ ਲਈ ਇਨ੍ਹਾਂ ਬੀੜਾਂ ਬਾਰੇ ਜੋ ਕੁਝ ਵੀ ਲਿਖਿਆ ਹੈ ਉਹ ਉਪਰੋਕਤ ਵਿਦਵਾਨਾਂ ਦੁਆਰਾ ਦਿੱਤੀ ਸੂਚਨਾ ਦੇ ਆਧਾਰ 'ਤੇ ਹੀ ਹੈ। ਮੈਂ ਇਨ੍ਹਾਂ ਦਾ ਤਹਿ-ਦਿਲੋਂ ਧੰਨਵਾਦੀ ਹਾਂ।

ਮੈਂ ਇਸ ਖੋਜ-ਕਾਰਜ ਦੌਰਾਨ ਆਪਣੇ ਬਹੁਤ ਹੀ ਸਤਿਕਾਰਯੋਗ ਵਿਦਵਾਨਾਂ, ਸੁਹਿਰਦ ਮਿੱਤਰਾਂ ਅਤੇ ਹੋਰ ਸ਼ੁਭਚਿੰਤਕਾਂ ਨਾਲ ਵਿਚਾਰ-ਵਟਾਂਦਰਾ ਕਰਦਾ ਰਿਹਾ ਹਾਂ। ਮੈਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਹੈ। ਉਨ੍ਹਾਂ ਵਲੋਂ ਮਿਲੇ ਉਤਸ਼ਾਹ ਅਤੇ ਸਹਿਯੋਗ ਲਈ ਮੈਂ ਉਨ੍ਹਾਂ ਦਾ ਰਿਣੀ ਹਾਂ।

ਮੈਨੂੰ ਇਸ ਸਮੇਂ ਆਪਣੇ ਕੁਝ ਅਧਿਆਪਕ ਵੀ ਯਾਦ ਆ ਰਹੇ ਹਨ। ਅੱਠਵੀਂ ਜਮਾਤ ਵਿਚ ਪੜ੍ਹਦਿਆਂ ਕਾਦੀਆਂ (ਗੁਰਦਾਸਪੁਰ) ਦੇ ਖ਼ਾਲਸਾ ਸਕੂਲ ਵਿਚ ਗਿ. ਗੁਰਦਿਆਲ ਸਿੰਘ ਜੀ ਕਲਾਸਵਾਲੀਏ ਨੇ ਧਰਮ ਬਾਰੇ ਮੇਰੇ ਸੰਸਕਾਰਾਂ ਨੂੰ ਤਕੜਾ ਕੀਤਾ, ਉਥੇ ਸਾਇੰਸ ਟੀਚਰ ਹਰਭਜਨ ਸਿੰਘ ਜੀ ਨੇ ਮੇਰੇ ਮਨ ਨੂੰ ਵਿਗਿਆਨਕ ਬਣਾ ਦਿੱਤਾ। ਇਸ ਜੋੜ ਨੇ ਮੈਨੂੰ ਬੀ.ਐਸ ਸੀ. (ਨਾਨ-ਮੈਡੀਕਲ) ਕਰ ਲੈਣ ਬਾਅਦ, ਐਮ.ਏ. (ਧਰਮ-ਅਧਿਐਨ) ਵੱਲ ਧੱਕ ਦਿੱਤਾ। ਇਸ ਮਾਹੌਲ ਨੇ ਮੈਨੂੰ ਤਰਕਸ਼ੀਲ ਧਰਮ-ਵਿਗਿਆਨੀ ਬਣਾ ਦਿੱਤਾ ਹੈ।

ਮੇਰੇ ਇਸ ਖੋਜ-ਕਾਰਜ ਪਿੱਛੇ ਮੇਰੇ ਕੁਝ ਵਿਦਿਆਰਥੀ ਅਤੇ ਕੁਝ ਚੰਗੇ ਜਗਿਆਸੂ ਵੀ ਰਹੇ ਹਨ, ਜੋ ਮੈਨੂੰ ਸਮੇਂ ਸਮੇਂ ਕੁਝ ਪ੍ਰਸ਼ਨ ਪੁੱਛ ਕੇ, ਨਵੇਂ ਸਿਰਿਉਂ ਕੁਝ ਸੋਚਣ ਲਈ ਮਜ਼ਬੂਰ ਕਰਦੇ ਰਹੇ। ਵਿਸ਼ੇਸ਼ ਕਰਕੇ ਇਸ ਪੁਸਤਕ ਦੇ ਅੰਤ ਵਿਚ ਦਿੱਤੀ 'ਪ੍ਰਸ਼ਨੋਤਰੀ' ਇਨ੍ਹਾਂ ਦੀ ਇੱਛਾ ਅਨੁਸਾਰ ਹੀ ਤਿਆਰ ਹੋਈ ਹੈ। ਮੈਂ ਇਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ।

ਪਰਿਵਾਰ ਦਾ ਧੰਨਵਾਦ ਅਖ਼ੀਰ ਵਿਚ ਕਰਨ ਦਾ ਰਿਵਾਜ਼ ਹੈ, ਪਰ ਸੱਚ ਇਹ ਹੈ ਕਿ ਪਰਿਵਾਰ ਦੇ ਸਹਿਯੋਗ ਤੋਂ ਬਿਨਾਂ ਅਜਿਹੇ ਕਾਰਜ ਅਸੰਭਵ ਹੁੰਦੇ ਹਨ।

ਇਸ ਪੁਸਤਕ ਨੂੰ ਮੈਂ ਆਪਣੇ ਸਤਿਕਾਰਯੋਗ ਪਿਤਾ ਜੀ, ਗਿ. ਹਰਨਾਮ ਸਿੰਘ ਜੀ ਚਾਕਰ ਦੀ ਯਾਦ ਨੂੰ ਸਮਰਪਿਤ ਕਰ ਰਿਹਾ ਹਾਂ। ਉਨ੍ਹਾਂ ਦੀ ਇੱਛਾ ਪੂਰੀ ਹੋਣ ਤੋਂ ਪਹਿਲਾਂ ਹੀ ਉਹ 19 ਮਈ 2000 ਈ. ਨੂੰ ਸੰਸਾਰ ਯਾਤਰਾ ਪੂਰੀ ਕਰ ਗਏ ਸਨ।

ਪ੍ਰਵੇਸ਼ਿਕਾ

ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਕੇਵਲ ਇਕ ਧਰਮ-ਗ੍ਰੰਥ ਹੀ ਨਹੀਂ, ਸਗੋਂ ਜ਼ਾਹਰਾ-ਜ਼ਹੂਰ, ਲੋਕ-ਪਰਲੋਕ ਦਾ ਮਾਲਕ, ਦਸਾਂ ਪਾਤਸ਼ਾਹੀਆਂ ਦੀ ਜੋਤ ਅਤੇ ਪ੍ਰਗਟ ਗੁਰਾਂ ਦੀ ਦੇਹ ਵੀ ਹੈ। ਇਉਂ ਇਹ ਇਕ ਵਿਲੱਖਣ ਧਰਮ-ਗ੍ਰੰਥ ਵਜੋਂ ਸਥਾਪਿਤ ਹੋ ਚੁੱਕਾ ਹੈ। ਇਹ ਗ੍ਰੰਥ ਆਮ ਤੌਰ 'ਤੇ ਪੰਜਾਬੀਆਂ ਅਤੇ ਵਿਸ਼ੇਸ਼ ਤੌਰ 'ਤੇ ਸਾਰੀ ਦੁਨੀਆਂ ਵਿਚ ਵੱਸੇ ਸਿੱਖਾਂ ਦੇ ਮਨਾਂ ਉੱਪਰ ਰਾਜ ਕਰਦਾ ਆ ਰਿਹਾ ਹੈ। ਅਕਾਦਮਿਕ ਪੱਖ ਤੋਂ ਅਧਿਐਨ ਕਰਨ ਵਾਲੇ ਖੋਜੀ ਨੂੰ, ਇਸਦੀ ਪਦ-ਪਦਵੀ ਦਾ ਜ਼ਰੂਰ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਇਸ ਇਹਤਿਆਤ ਨੂੰ ਵਰਤਦਿਆਂ, ਖੋਜੀ ਮਾਨਸਿਕ ਦਬਾਅ ਵਿਚੋਂ ਗੁਜ਼ਰਦੇ ਦੇਖੇ ਗਏ ਹਨ। ਇਹੀ ਕਾਰਣ ਹੈ ਕਿ *ਗੁਰੂ ਗ੍ਰੰਥ ਸਾਹਿਬ* ਅਤੇ *ਕੁਰਾਨ* ਉੱਪਰ ਕੀਤੇ ਪਾਠਾਲੋਚਨਾ (Textual Criticism) ਦੇ ਵਧੇਰੇ ਖੋਜ-ਕਾਰਜ ਪ੍ਰਵਾਨ ਨਹੀਂ ਕੀਤੇ ਗਏ। *ਬਾਈਬਲ*, ਅਧਿਐਨ ਲਈ ਬਹੁਤ ਸਾਰੀਆਂ ਖੁੱਲ੍ਹਾਂ ਮਿਲੀਆਂ ਹੋਣ ਦੇ ਬਾਵਜੂਦ ਚਰਚ ਨੇ ਕਦੇ ਵੀ *ਬਾਈਬਲ* ਬਾਰੇ ਹੋਏ ਅਧਿਐਨ ਕਾਰਜਾਂ ਕਰਕੇ ਕਦੇ 'ਖ਼ਤਰਾ' ਮਹਿਸੂਸ ਨਹੀਂ ਕੀਤਾ। ਸਗੋਂ ਉਨ੍ਹਾਂ ਨੇ ਉਠੇ ਸਵਾਲਾਂ ਦੇ ਜੁਆਬ ਪੂਰੀ ਜ਼ਿੰਮੇਵਾਰੀ ਅਤੇ ਇਮਾਨਦਾਰੀ ਨਾਲ ਦਿੰਦਿਆਂ, ਲੋੜ ਪੈਣ 'ਤੇ *ਬਾਈਬਲ* ਦੇ ਕੁਝ ਅੰਸ਼ਾਂ ਵਿਚ ਸੋਧ ਵੀ ਕਰਨ ਤੋਂ ਹਿਚਕਚਾਹਟ ਨਹੀਂ ਕੀਤੀ। ਇਸਦੇ ਬਾਵਜੂਦ ਈਸਾਈ ਧਰਮ ਦਾ ਪ੍ਰਚਾਰ ਕਦੇ ਪ੍ਰਭਾਵਿਤ ਨਹੀਂ ਹੋਇਆ। ਐਸਾ ਨਹੀਂ ਕਿ *ਕੁਰਾਨ* ਬਾਰੇ ਵਾਦ-ਵਿਵਾਦ ਨਹੀਂ ਉਠੇ। ਬੇਸ਼ਕ! ਈਸਾਈ ਬਹੁਲਤਾ ਵਾਲੇ ਪੱਛਮੀ ਦੇਸ਼ਾਂ ਵਿਚ ਈਸਾਈ ਸੰਗਠਨਾਂ ਨੇ *ਕੁਰਾਨ* ਉੱਪਰ ਤਾਬੜਤੋੜ ਅਕਾਦਮਿਕ ਹਮਲੇ ਕਰਨ ਵਿਚ ਕੋਈ ਲਿਹਾਜ਼ ਨਹੀਂ ਕੀਤਾ। ਇਹ ਗੱਲ ਸਮਝਣੀ ਚਾਹੀਦੀ ਹੈ ਕਿ ਸੰਸਾਰ ਪੱਧਰ 'ਤੇ ਇਸਲਾਮ ਅਤੇ ਈਸਾਈਅਤ ਦਾ ਫਸਵਾਂ ਮੁਕਾਬਲਾ ਚੱਲ ਰਿਹਾ ਹੈ। ਇਨ੍ਹਾਂ ਨੇ ਇਕ-ਦੂਜੇ ਵਿਰੁੱਧ ਪ੍ਰਚਾਰ ਕਰਨ ਲਈ ਵੱਡੇ ਬੱਜਟ ਵਾਲੀਆਂ ਅਕਾਦਮਿਕ ਸੰਸਥਾਵਾਂ ਖੋਲ੍ਹੀਆਂ ਹੋਈਆਂ ਹਨ। ਯਾਦ ਰੱਖੋ! ਬਹੁਤ ਛੇਤੀ ਇਨ੍ਹਾਂ ਦੋ ਸ਼ਕਤੀਆਂ ਨੂੰ ਸਿੱਖ ਪੰਥ ਨੇ ਜ਼ਬਰਦਸਤ ਚੁਣੌਤੀ ਦੇਣੀ ਹੈ। ਇਸਦਾ ਇਕ ਕਾਰਣ ਇਹ ਹੈ ਕਿ *ਗੁਰੂ ਗ੍ਰੰਥ ਸਾਹਿਬ* ਦੀ ਵਿਚਾਰਧਾਰਾ ਸਰਬ-ਕਾਲੀ ਅਤੇ ਸਰਬ-ਕਲਿਆਣਕਾਰੀ ਹੈ। ਦੁਨੀਆਂ ਦੇ ਅਗਾਂਹ ਵਧੂ ਅਤੇ ਸਭ ਦਾ ਭਲਾ ਚਾਹੁਣ ਵਾਲੇ ਲੋਕ ਜਿਸ ਗ਼ੈਰ-ਫ਼ਿਰਕੂ, ਅਧਿਆਤਮਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਵਿਚਾਰਧਾਰਾ ਨੂੰ ਅਪਣਾਉਣਗੇ, ਉਸਦੀ ਸਭ ਤੋਂ ਵਧੇਰੇ ਨੇੜਤਾ *ਗੁਰੂ ਗ੍ਰੰਥ ਸਾਹਿਬ* ਦੀ

ਵਿਚਾਰਧਾਰਾ ਨਾਲ ਹੋਵੇਗੀ। ਇਸ ਲਈ ਉਪਰੋਕਤ ਦੋਵੇਂ ਮਹਾ-ਸ਼ਕਤੀਆਂ ਇਸ ਮਹਾਨ ਧਰਮ-ਗ੍ਰੰਥ ਵਿਰੁੱਧ ਪ੍ਰਚਾਰ ਕਰਨ ਲਈ ਵੱਡਾ ਬੱਜਟ ਰੱਖਣ ਲੱਗ ਪੈਣਗੀਆਂ।

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਕਿਸੇ ਹੱਦ ਤੀਕ ਇਹ ਕੰਮ ਆਰੰਭ ਹੋ ਵੀ ਚੁੱਕਾ ਹੈ। ਭਾਰਤੀ ਪੰਜਾਬ ਵਿਚ ਬਟਾਲੇ ਦੇ ਬੇਰਿੰਗ ਯੂਨੀਅਨ ਕਰਿਸਚਨ ਕਾਲਜ ਵਿਚ ਸਿੱਖ ਅਧਿਐਨ ਦਾ ਮਹਿਕਮਾ ਖੋਲ੍ਹ ਦਿੱਤਾ ਗਿਆ ਹੈ। ਇਥੇ ਨਿਊਜ਼ੀਲੈਂਡ ਦਾ ਰਹਿਣ ਵਾਲਾ ਡਬਲਿਊ.ਐਚ. ਮਕਲੋਡ ਬੈਠ ਕੇ ਸਿੱਖ ਧਰਮ ਦਾ ਸੂਖ਼ਮ ਅਧਿਐਨ ਕਰਦਾ ਰਿਹਾ। ਚਰਚ ਸਿੱਖ ਧਰਮ ਦਾ ਅਧਿਐਨ ਕਰਨ ਲਈ, ਆਪਣੇ ਤਨਖ਼ਾਹਦਾਰਾਂ ਨੂੰ ਉਤਸ਼ਾਹਿਤ ਕਿਉਂ ਕਰਦਾ ਹੈ ? ਇਹ ਸਮਝਣਾ ਮੁਸ਼ਕਲ ਨਹੀਂ। ਡਾ. ਮਕਲੋਡ ਨੇ ਵੱਡੀ ਮਾਤਰਾ ਵਿਚ ਜੋ ਪੁਸਤਕਾਂ ਲਿਖੀਆਂ ਹਨ, ਉਨ੍ਹਾਂ ਨੂੰ ਸਿੱਖ-ਵਿਰੋਧੀ ਮੰਨਿਆ ਗਿਆ ਹੈ। ਪਰ ਉਸ ਦੁਆਰਾ ਉਠਾਏ ਕਈ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕੋਈ ਪੰਥਕ ਵਿਦਵਾਨ ਸਾਹਮਣੇ ਨਹੀਂ ਆ ਰਿਹਾ। ਕੀ ਉਸਦੀ ਨਿੰਦਾ ਕਰ ਦੇਣ ਨਾਲ ਜਾਂ ਦੋ-ਚਾਰ ਗਾਲ੍ਹਾਂ ਕੱਢ ਕੇ, ਉਸ ਦੁਆਰਾ ਉਠਾਏ ਪ੍ਰਸ਼ਨਾਂ ਨੂੰ ਟਾਲਣਾ ਯੋਗ ਹੈ ? ਇਸੇ ਤਰ੍ਹਾਂ ਪੰਜਾਬ ਵਿਚ ਬੈਠੇ ਅਹਿਮਦੀ, ਜਿਨ੍ਹਾਂ ਦਾ ਹੈੱਡਕੁਆਟਰ ਗੁਰਦਾਸਪੁਰ ਜ਼ਿਲ੍ਹੇ ਦੇ ਕਸਬੇ ਕਾਦੀਆਂ ਵਿਚ ਹੈ, ਵੀ ਆਪਣੇ ਕੁਝ ਤਨਖ਼ਾਹਦਾਰਾਂ ਪਾਸੋਂ ਲਗਾਤਾਰ ਸਿੱਖ ਧਰਮ ਬਾਰੇ ਅਧਿਐਨ ਕਰਵਾ ਕੇ, ਪੁਸਤਕਾਂ ਛਾਪਦੇ ਆ ਰਹੇ ਹਨ। ਨਿਰਸੰਦੇਹ, ਉਹ ਸਾਡੇ ਗ੍ਰੰਥਾਂ ਦੀਆਂ ਮਾਮੂਲੀ ਕਮਜ਼ੋਰੀਆਂ ਨੂੰ ਵਧਾਅ-ਚੜ੍ਹਾਅ ਕੇ ਇਉਂ ਪੇਸ਼ ਕਰਦੇ ਹਨ ਕਿ ਆਮ ਸਿੱਖਾਂ ਦਾ ਈਮਾਨ ਡਗਮਗਾ ਸਕਦਾ ਹੈ ਅਤੇ ਉਹ ਗ਼ੁਮਰਾਹ ਹੋ ਸਕਦਾ ਹੈ। ਪਰ ਸਾਡੇ ਵਿਦਵਾਨ ਇਹ ਦੇਖ ਕੇ ਚੁੱਪ ਹਨ ਕਿ ਅਹਿਮਦੀਆਂ ਦਾ ਅਜਿਹਾ ਸਾਹਿਤ ਜਾਂ ਤਾਂ ਪਾਕਿਸਤਾਨ ਵਿਚ ਛਪਿਆ ਹੈ ਜਾਂ ਹੈ ਹੀ ਉਰਦੂ ਜ਼ੁਬਾਨ ਵਿਚ। ਭਾਵ ਕਿ ਇਹ ਸਾਹਿਤ ਬਹੁਗਿਣਤੀ ਸਿੱਖਾਂ ਦੀ ਪਹੁੰਚ ਤੋਂ ਬਾਹਰ ਹੈ। ਇਸੇ ਤਰ੍ਹਾਂ ਮਕਲੋਡ ਦੀਆਂ ਪੁਸਤਕਾਂ ਅੰਗਰੇਜ਼ੀ ਵਿਚ ਹੀ ਹੋਣ ਕਰਕੇ, ਇਨ੍ਹਾਂ ਨੂੰ ਵੀ ਅਪਹੁੰਚ ਮੰਨ ਕੇ ਸੰਤੁਸ਼ਟ ਹੋਇਆ ਜਾ ਰਿਹਾ ਹੈ। ਪਰ ਮੈਂ ਸਮਝਦਾ ਹਾਂ ਇਹ ਨੀਤੀ ਬਹੁਤ ਹੀ ਹਾਨੀਕਾਰਕ ਹੈ। ਸਾਡੇ ਵਿਦਵਾਨਾਂ ਨੂੰ ਵੀ ਜਿੰਮੇਵਾਰ, ਇਮਾਨਦਾਰ ਅਤੇ ਦਲੇਰ ਹੋਣਾ ਪਵੇਗਾ।

ਮੈਂ ਪਿਛਲੇ ਦਿਨੀਂ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਨੂੰ ਮਿਲਿਆ ਤਾਂ ਮੈਨੂੰ ਇਹ ਜਾਣ ਕੇ ਅਫ਼ਸੋਸਜਨਕ ਹੈਰਾਨੀ ਹੋਈ ਕਿ ਉਹ ਜਿਥੇ ਅੰਗਰੇਜ਼ੀ ਦੇ ਸਾਧਾਰਣ ਗਿਆਨ ਤੋਂ ਵੀ ਸੱਖਣਾ ਸੀ, ਉਥੇ ਉਸਨੂੰ *ਗੁਰੂ ਗ੍ਰੰਥ ਸਾਹਿਬ* ਦੇ ਪੰਨਾ ੧੩੫੩ ਉੱਪਰ ੧ੴ ਦੇ ਮੰਗਲ ਦੇ ਗ਼ਾਇਬ ਹੋ ਜਾਣ ਦੀ ਕੋਈ ਜਾਣਕਾਰੀ ਨਹੀਂ ਸੀ। ਜਦੋਂ ਕਿ ਇਹ ਮੰਗਲ ਕਈ ਸਾਲਾਂ ਤੋਂ ਛਪ ਨਹੀਂ ਰਿਹਾ। ਸਾਡੇ ਜਿੰਮੇਵਾਰ ਗ੍ਰੰਥੀ ਦਾ ਜੇ ਇਹ ਹਾਲ ਹੈ ਤਾਂ ਆਮ ਸਿੱਖ ਦਾ ਤਾਂ

ਰੱਬ ਹੀ ਰਾਖਾ ਹੈ। ਉਸ ਗ੍ਰੰਥੀ ਨੂੰ ਇਹ ਵੀ ਜਾਣਕਾਰੀ ਨਹੀਂ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ *ਜਪੁਜੀ* ਦੀ ਇਕ ਪੋਥੀ ਵਿਚ ਸਲੋਕ–ਪਵਣੁ ਗੁਰੂ ਪਾਣੀ ਪਿਤਾ...ਛਾਪਿਆ ਹੀ ਨਹੀਂ ਗਿਆ। ਉਸ ਗ੍ਰੰਥੀ ਨੂੰ ਇਹ ਵੀ ਨਹੀਂ ਪਤਾ ਸੀ ਕਿ *ਸੁਖਮਨੀ ਸਾਹਿਬ* ਦੇ ਸ਼੍ਰੋਮਣੀ ਕਮੇਟੀ ਅਤੇ ਪ੍ਰਾਈਵੇਟ ਪ੍ਰਕਾਸ਼ਕਾਂ ਦੇ ਗੁਟਕਿਆਂ ਵਿਚ ਮੁਢਲੇ ਮੰਗਲ ਦੀ ਸਥਿਤੀ ਕੀ ਹੈ? ਕਿਉਂਕਿ ਪੜ੍ਹਨਾ/ ਪੜ੍ਹਾਉਣਾ ਤਾਂ ਸ਼ਾਇਦ ਮਕਲੋਡ ਜਾਂ ਗਿ. ਅਬਾਦੁੱਲਾ ਦਾ ਕੰਮ ਸਮਝ ਲਿਆ ਗਿਆ ਹੈ। ਦਰਬਾਰ ਸਾਹਿਬ ਦੇ ਰਹਿ ਚੁੱਕੇ ਮੁੱਖ ਗ੍ਰੰਥੀ ਪੂਰਨ ਸਿੰਘ ਨੂੰ ਭਾਸ਼ਣ ਦੌਰਾਨ ਮੈਂ ਕਈ ਵਾਰ ਪੜ੍ਹੇ-ਲਿਖੇ ਸਿੱਖਾਂ ਨੂੰ ਬੁਰਾ-ਭਲਾ ਕਹਿੰਦਿਆਂ ਸੁਣਿਆ ਹੈ। ਉਨ੍ਹਾਂ ਅਨੁਸਾਰ ਤਾਂ ਪੜ੍ਹਿਆ-ਲਿਖਿਆ ਵਿਅਕਤੀ ਸਿੱਖ ਅਖਵਾ ਹੀ ਨਹੀਂ ਸਕਦਾ। ਉਹ ਕਹਿੰਦੇ ਸਨ ਕਿ ਅਧਿਆਤਮ ਦੇ ਰਾਹ ਉੱਪਰ ਚਲਦਿਆਂ ਦੁਨਿਆਵੀ ਪੜ੍ਹਾਈ ਆਪੇ ਆ ਜਾਂਦੀ ਹੈ–ਮੇਰਾ ਦਿਲ ਕਰਦਾ ਸੀ ਕਿ ਇਨ੍ਹਾਂ ਨੂੰ ਪੁੱਛ ਲਵਾਂ ਕਿ 'ਪਾਈਥਾਗੋਰਸ ਦੀ ਥਿਊਰਮ' ਦੀ ਕਥਾ ਸੰਗਤ ਨੂੰ ਸੁਣਾ ਛੱਡੋ। ਅਜਿਹੇ ਨਾਮਧਰੀਕ ਪੰਥਕ ਲੋਕਾਂ ਨੇ ਕੌਮ ਨੂੰ ਢੁੱਚਰਵਾਦੀ ਅਤੇ ਅਗਿਆਨੀ ਬਣਾਉਣ ਦੀ ਕੋਈ ਕਸਰ ਨਹੀਂ ਛੱਡੀ। ਇਹ *ਗੁਰੂ ਗ੍ਰੰਥ ਸਾਹਿਬ* ਦੀ ਪੂਜਾ ਕਰਾਉਣ ਤੀਕ ਸੀਮਤ ਹਨ, ਜਦੋਂ ਕਿ ਇਹ ਨਹੀਂ ਚਾਹੁੰਦੇ ਕਿ ਸੰਗਤਾਂ ਨੂੰ ਬਾਣੀ ਦੀ ਅਸਲ ਚੇਤਨਾ ਦਾ ਗਿਆਨ ਮਿਲ ਸਕੇ। ਇਹ ਅਤੇ ਇਨ੍ਹਾਂ ਦੇ ਮਾਲਕ ਚਾਹੁੰਦੇ ਹਨ ਕਿ ਸੰਗਤਾਂ ਕਰਮ-ਕਾਂਡੀ ਪਾਠਾਂ ਵਿਚ ਉਲਝੀਆਂ ਰਹਿਣ ਅਤੇ ਉਹ ਕਦੇ ਵੀ ਗੁਰਮਤ ਚੇਤਨਾ ਬਾਰੇ ਗੱਲ ਨਾ ਕਰਨ। ਇਸ ਮਾਹੌਲ ਵਿਚ ਵਿਦਵਾਨ ਸੁਆਰਥ ਕਾਰਣ, ਉਹੀ ਕੁਝ ਕਹਿਣ ਲੱਗ ਪਿਆ ਹੈ, ਜੋ ਇਹ ਚਾਹੁੰਦੇ ਹਨ। ਜਦੋਂ ਕਿ ਅਸਲ ਵਿਦਵਾਨ ਉਹੀ ਹੈ ਜੋ ਸੱਚ ਨੂੰ ਪ੍ਰਗਟ ਕਰੇ।

ਮੈਂ ਹਥਲੇ ਖੋਜ-ਕਾਰਜ ਨੂੰ ਹੱਥ ਵਿਚ ਲੈਂਦਿਆਂ ਇਹੀ ਨੁਕਤਾ ਸਾਹਮਣੇ ਰੱਖਿਆ ਹੈ ਕਿ ਭਵਿੱਖ ਵਿਚ ਪੈਦਾ ਹੋਣ ਵਾਲੇ ਕੁਝ ਪ੍ਰਸ਼ਨਾਂ ਨੂੰ ਸਮਝ ਕੇ ਉਨ੍ਹਾਂ ਦੇ ਜੁਆਬ ਲੱਭੇ ਜਾਣ। ਮੈਂ ਉਨ੍ਹਾਂ ਲੋਕਾਂ ਨਾਲ ਸਹਿਮਤ ਨਹੀਂ, ਜੋ ਆਪਣੀ ਕਮਜ਼ੋਰੀ ਕਾਰਣ, ਇਨ੍ਹਾਂ ਪ੍ਰਸ਼ਨਾਂ ਤੋਂ ਬਚਣ ਦੇ ਕਈ ਢੰਗ ਵਰਤ ਲੈਂਦੇ ਹਨ। ਮੇਰਾ ਅਜਿਹਾ ਕੋਈ ਦਾਅਵਾ ਨਹੀਂ ਕਿ ਮੇਰੇ ਦੁਆਰਾ ਦਿੱਤੇ ਜੁਆਬ 'ਅੰਤਮ' ਹਨ। ਪਰ ਮੈਂ ਇਸ ਪੁਸਤਕ ਰਾਹੀਂ ਸਿੱਖਾਂ ਦੇ ਸੁਹਿਰਦ ਵਿਦਵਾਨਾਂ ਨੂੰ, ਕੁਝ ਪ੍ਰਸ਼ਨਾਂ ਬਾਰੇ ਖੁਲ੍ਹੇ ਦਿਮਾਗ਼ ਨਾਲ ਸੋਚਣ ਦਾ ਆਧਾਰ ਮੁਹੱਈਆ ਕਰ ਰਿਹਾ ਹਾਂ। ਕੁਦਰਤੀ ਹੈ ਕਿ ਕੁਝ ਵਿਦਵਾਨ ਮੇਰੇ ਕੁਝ ਵਿਚਾਰਾਂ ਨਾਲ ਸਹਿਮਤ ਹੋ ਕੇ ਵੀ, ਕੁਝ ਗੱਲਾਂ ਕਰਕੇ ਮੇਰੇ ਨਾਲ ਮਤਭੇਦ ਵੀ ਰੱਖਦੇ ਹੋਣ। ਮੈਂ ਇਸਦਾ ਬੁਰਾ ਨਹੀਂ ਮਨਾਵਾਂਗਾ। ਕਿਉਂਕਿ ਕਿਸੇ ਵੀ ਵਿਦਵਾਨ ਦੇ ਸਾਰੇ ਵਿਚਾਰਾਂ ਨਾਲ ਸਭ ਦਾ ਸਹਿਮਤ ਹੋਣਾ ਸੰਭਵ ਨਹੀਂ। ਮੇਰਾ ਮਨੋਰਥ ਸੰਵਾਦ ਰਚਾਉਣਾ ਹੈ। ਇਸ ਤੋਂ ਪਹਿਲਾਂ ਕਿ ਸਾਡੇ ਵਿਰੋਧੀ ਦਾ ਗ਼ੁਮਰਾਹਕੁੰਨ ਪ੍ਰਚਾਰ ਸਾਡੇ ਲੋਕਾਂ ਨੂੰ ਕੁਰਾਹੇ ਪਾਏ, ਉਸ ਤੋਂ ਪਹਿਲਾਂ ਹੀ

ਸਾਵਧਾਨ ਹੋਣਾ ਚੰਗਾ ਹੈ। ਸਾਡਾ ਕੌਮੀ ਸੁਭਾਅ ਬਣ ਚੁੱਕਾ ਹੈ ਕਿ ਅਸੀਂ ਸਮੱਸਿਆਵਾਂ ਨੂੰ ਉਗਰ ਰੂਪ ਧਾਰਣ ਤੀਕ, ਅਣਗੌਲਿਆਂ ਕਰਦੇ ਜਾਂਦੇ ਹਾਂ। ਜਦੋਂ ਇਹ ਸਮੱਸਿਆ ਦੈਂਤ ਰੂਪ ਵਿਚ ਆ ਖੜ੍ਹੀ ਹੁੰਦੀ ਹੈ ਤਾਂ ਅਸੀਂ ਰੌਲਾ ਪਾਉਣ ਲਗਦੇ ਹਾਂ। ਯਾਦ ਰੱਖੋ ਕਿ ਕਬੂਤਰ ਅੱਖਾਂ ਮੀਟ ਕੇ ਸੋਚੇ ਕਿ ਬਿੱਲੀ ਨਹੀਂ ਹੈ, ਤਾਂ ਇਹ ਉਸਦੀ ਆਤਮਘਾਤੀ ਮੂਰਖਤਾ ਹੁੰਦੀ ਹੈ। ਜਿਹੜਾ ਵੀਰ ਮੇਰੀ ਕਿਸੇ ਗੱਲ ਨਾਲ ਸਹਿਮਤ ਨਾ ਹੋਵੇ, ਉਹ ਉਸ ਪ੍ਰਸ਼ਨ ਉੱਪਰ ਮੇਰੇ ਤੋਂ ਚੰਗੇ ਵਿਚਾਰ ਦੇਵੇਗਾ ਤਾਂ ਮੈਂ ਉਸਦਾ ਧੰਨਵਾਦੀ ਹੋਵਾਂਗਾ। ਮੈਂ ਇਥੇ ਯਾਦ ਕਰਾਉਂਦਾ ਹਾਂ ਉਸ ਚਿੱਤਰਕਾਰ ਦੀ ਕਹਾਣੀ, ਜਿਸਨੇ ਚਿੱਤਰ ਬਣਾ ਕੇ ਨੁਮਾਇਸ਼ ਵਿਚ ਇਸ ਆਸ ਨਾਲ ਰੱਖ ਦਿੱਤਾ ਕਿ ਉਸਦੀਆਂ ਗ਼ਲਤੀਆਂ ਦੱਸੀਆਂ ਜਾਣ। ਸ਼ਾਮ ਤੀਕ ਲੋਕਾਂ ਨੇ ਉਸਦੇ ਚਿੱਤਰ ਦੀਆਂ ਅਨੇਕਾਂ ਗ਼ਲਤੀਆਂ ਬਿਆਨ ਕਰ ਦਿੱਤੀਆਂ। ਅਗਲੇ ਦਿਨ ਉਸਨੇ ਫਿਰ ਉਹੀ ਚਿੱਤਰ ਇਸ ਆਸ ਨਾਲ ਰੱਖ ਦਿੱਤਾ ਕਿ ਗ਼ਲਤੀਆਂ ਨੂੰ ਠੀਕ ਕੀਤਾ ਜਾਵੇ ਤਾਂ ਕਿਸੇ ਨੇ ਵੀ ਕੁਝ ਨਾ ਕੀਤਾ।

ਆਸ ਕਰਦਾ ਹਾਂ ਕਿ ਜਿਸ ਭਾਵਨਾ ਨਾਲ ਮੈਂ ਇਹ ਅਧਿਐਨ ਪ੍ਰਸਤੁਤ ਕਰ ਰਿਹਾ ਹਾਂ, ਪਾਠਕ ਉਸੇ ਭਾਵਨਾ ਨਾਲ ਇਸ ਬਾਰੇ ਵਿਚਾਰ ਕਰਨਗੇ। ਮੇਰਾ ਦ੍ਰਿੜ ਨਿਸ਼ਚਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਤੋਂ ਬਿਨਾਂ ਸੰਸਾਰ ਦਾ ਗੁਜ਼ਾਰਾ ਨਹੀਂ ਹੋਣਾ। ਵੈਸੇ, ਤਾਂ ਆਉਣ ਵਾਲੇ ਸਮੇਂ ਵਿਚ ਇਸ ਉੱਪਰ ਪੰਥ ਦਾ ਏਕਾਧਿਕਾਰ ਰਹਿ ਪਾਉਣਾ ਅਸੰਭਵ ਹੈ, ਪਰ ਗ੍ਰੰਥ ਦਾ ਵਾਰਸ ਕਿਉਂ ਜੁ ਖ਼ਾਲਸਾ ਪੰਥ ਹੈ, ਇਸ ਲਈ ਪੰਥ ਨੂੰ ਇਸਦੇ ਪ੍ਰਸਾਰ ਲਈ ਕਮਰਕੱਸੇ ਕਰ ਲੈਣੇ ਚਾਹੀਦੇ ਹਨ। ਮੇਰੀ ਇਸ ਪੁਸਤਕ ਵਿਚ ਇਸ ਪੰਥਕ-ਕਾਰਜ ਲਈ ਇਕ ਬਲਿਊ-ਪ੍ਰਿੰਟ ਮਿਲ ਸਕੇਗਾ।

ਇਸ ਪੁਸਤਕ ਨੂੰ ਛੇ ਭਾਗਾਂ ਵਿਚ ਵੰਡਿਆ ਗਿਆ ਹੈ। ਪੁਸਤਕਾਂ ਨੂੰ ਸੋਲ੍ਹਾਂ ਅਧਿਆਇਆਂ ਵਿਚ ਪ੍ਰਸਤੁਤ ਕੀਤਾ ਹੈ। ਪਹਿਲੇ ਭਾਗ ਵਿਚ ਧਰਮ-ਗ੍ਰੰਥਾਂ ਦਾ ਇਤਿਹਾਸ ਤੇ ਸੰਕਲਪ ਨੂੰ ਪੇਸ਼ ਕਰਕੇ ਸਪਸ਼ਟ ਕੀਤਾ ਹੈ ਕਿ ਦੁਨੀਆਂ ਦਾ ਕੋਈ ਵੀ ਧਰਮ-ਗ੍ਰੰਥ ਮੂਲ-ਰੂਪ ਵਿਚ ਪ੍ਰਾਪਤ ਨਹੀਂ। ਅੱਗੇ ਜਾ ਕੇ ਇਹ ਵੀ ਦੱਸਿਆ ਹੈ ਕਿ ਸਿੱਖਾਂ ਕੋਲ ਵੀ ਮੂਲ-ਰੂਪ ਵਿਚ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੰਪਾਦਿਤ ਗ੍ਰੰਥ ਸੰਭਾਲੇ ਹੋਏ ਨਹੀਂ ਹਨ। ਧਰਮ-ਗ੍ਰੰਥ ਕੇਵਲ ਆਪਣੀ ਦਮਦਾਰ ਵਿਚਾਰਧਾਰਾ ਕਰਕੇ ਜ਼ਿੰਦਾ ਰਹਿੰਦੇ ਹਨ। ਇਸ ਪੱਖ ਤੋਂ *ਗੁਰੂ ਗ੍ਰੰਥ ਸਾਹਿਬ* ਬਹੁਤ ਹੀ ਸ਼ਕਤੀਸ਼ਾਲੀ ਗ੍ਰੰਥ ਹੈ। ਇਸ ਵਿਚ ਨਿਹਿਤ ਸਮਾਜਿਕ ਵਿਚਾਰਧਾਰਾ ਭਵਿੱਖ ਦੇ ਲੋਕਾਂ ਲਈ ਬਹੁਤ ਕੰਮ ਆਉਣੀ ਹੈ, ਜਦੋਂ ਕਿ ਇਸ ਗ੍ਰੰਥ ਵਿਚ ਦਰਜ ਰੂਹਾਨੀ ਵਿਚਾਰਧਾਰਾ ਮਨੁੱਖ ਨੂੰ ਫ਼ਿਰਕਾਪ੍ਰਸਤੀ ਦੀ ਕੈਦ ਵਿਚੋਂ ਬਾਹਰ ਕੱਢ ਦੇਣ ਵਾਲੀ ਹੋਣ ਕਰਕੇ, ਭਵਿੱਖ ਦੇ ਮਨੁੱਖ ਨੂੰ ਪ੍ਰਭਾਵਿਤ ਕਰੇਗੀ। ਅਸਾਂ ਨੇ ਕੁਝ ਚੋਣਵੇਂ ਰੂਹਾਨੀ ਸੰਕਲਪਾਂ ਦੀ ਉਹ ਵਿਆਖਿਆ ਪੇਸ਼ ਕੀਤੀ ਹੈ,

ਜੋ ਗੁਰਮਤ ਅਨੁਸਾਰੀ ਭੀ ਹੈ ਅਤੇ ਅਜੋਕੇ ਮਾਹੌਲ ਵਿਚ ਅਰਥ-ਭਰਪੂਰ ਵੀ ਹੈ। ਪਰ ਗੁਰਬਾਣੀ ਦੇ ਸੰਦੇਸ਼ ਨੂੰ ਵਿਸ਼ਵ ਨੇ ਅਜੇ ਵਧੇਰੇ ਮਹੱਤਾ ਨਹੀਂ ਦਿੱਤੀ। ਭਾਰਤ ਦੀ ਬਹੁਗਿਣਤੀ ਵੀ ਇਸ ਮਹਾਨ ਗ੍ਰੰਥ ਦੇ ਸੰਦੇਸ਼ ਤੋਂ ਸੱਖਣੀ ਹੈ। ਇਸ ਦਾ ਕਾਰਣ ਹੈ ਕਿ ਗੁਰਬਾਣੀ ਦਾ ਪ੍ਰਚਾਰ ਬਹੁਤ ਹੀ ਸੀਮਤ ਵਰਗ ਅਤੇ ਖ਼ੇਤਰ ਤੀਕ ਹੀ ਹੋਇਆ ਹੈ। ਪ੍ਰਮੁੱਖ ਰੂਪ ਵਿਚ ਗੁਰਬਾਣੀ ਨਾਲ ਸੰਬੰਧਤ ਸਮੱਗਰੀ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿਚ ਹੀ ਉਪਲਬਧ ਹੈ। ਵਿਦੇਸ਼ੀ ਭਾਸ਼ਾਵਾਂ ਤਾਂ ਦੂਰ ਦੀ ਗੱਲ ਹੈ, ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਗੁਰਬਾਣੀ ਦੇ ਅਨੁਵਾਦ ਦਾ ਕੰਮ ਨਹੀਂ ਹੋਇਆ। ਗੁਜਰਾਤੀ ਭਾਸ਼ਾ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਅਨੁਵਾਦ ਮੁਕੰਮਲ ਹੋਣ ਦੀ ਸੂਚਨਾ ਜ਼ਰੂਰ ਹੈ, ਪਰ ਮੈਂ ਇਸਦੇ ਦਰਸ਼ਨ ਨਹੀਂ ਕੀਤੇ। ਜਪੁਜੀ ਅਤੇ ਹੋਰ ਇੱਕਾ-ਦੁੱਕਾ ਬਾਣੀਆਂ ਦੇ ਅਨੁਵਾਦ ਵੀ ਕੁਝ ਹੋਰ ਭਾਸ਼ਾਵਾਂ ਵਿਚ ਹੋਏ ਹਨ। ਪਰ ਗ਼ੈਰਸਿੱਖਾਂ ਦੀ ਪਹੁੰਚ ਤੋਂ ਗੁਰਬਾਣੀ ਅਜੇ ਬਹੁਤ ਦੂਰ ਹੈ। ਗੁਰਬਾਣੀ ਦੇ ਪ੍ਰਚਾਰ ਵਿਚ ਇਕ ਰੁਕਾਵਟ ਇਹ ਵੀ ਹੈ ਕਿ ਅਸੀਂ ਚਾਹੁੰਦੇ ਹਾਂ ਕਿ *ਗੁਰੂ ਗ੍ਰੰਥ ਸਾਹਿਬ* ਦੀਆਂ ਪੋਥੀਆਂ ਦਾ, ਦੂਜੇ ਲੋਕ ਉਸੇ ਤਰ੍ਹਾਂ ਸਤਿਕਾਰ ਕਰਨ ਜਿਵੇਂ ਅਸੀਂ ਕਰਦੇ ਹਾਂ। ਇਸ ਧਾਰਨਾ ਨੇ ਆਮ ਵਿਅਕਤੀ ਨੂੰ ਵਿਸ਼ੇਸ਼ ਕਰਕੇ ਗ਼ੈਰਸਿੱਖਾਂ ਨੂੰ *ਗੁਰੂ ਗ੍ਰੰਥ ਸਾਹਿਬ* ਤੋਂ ਦੂਰ ਕੀਤਾ ਹੋਇਆ ਹੈ। ਸਾਨੂੰ ਇਸ ਧਾਰਨਾ ਨੂੰ ਕੁਝ ਹੱਦ ਤਕ ਬਦਲਣਾ ਪਵੇਗਾ। ਭਾਸ਼ਾ (ਗੁਰਮੁਖੀ) ਵੀ ਇਸ ਗ੍ਰੰਥ ਦੇ ਪ੍ਰਚਾਰ ਵਿਚ ਰੁਕਾਵਟ ਬਣੀ ਪਈ ਹੈ। ਕੀ ਗੁਰਬਾਣੀ ਦਾ ਕਲਿਆਣਕਾਰੀ ਸੰਦੇਸ਼ ਗ੍ਰਹਿਣ ਕਰਨ ਵਾਲੇ ਲਈ ਭਾਸ਼ਾ ਇਕ ਰੁਕਾਵਟ ਬਣੀ ਰਹੇਗੀ ? ਇਸਦਾ ਹੱਲ ਪੰਥ ਕਰਨ ਲਈ ਅੱਗੇ ਆਵੇ, ਤਾਂ ਇਸ ਮਾਮਲੇ ਬਾਰੇ ਕੋਈ ਸਫ਼ਲਤਾ ਜ਼ਰੂਰ ਪ੍ਰਾਪਤ ਕੀਤੀ ਜਾ ਸਕਦੀ ਹੈ। ਭਾਸ਼ਾ ਤਾਂ ਇਕ ਮਾਧਿਅਮ ਹੈ। ਗੁਰਬਾਣੀ ਵਿਚਲੇ ਮਾਨਵਵਾਦੀ ਸੰਦੇਸ਼ ਨੂੰ ਭਾਸ਼ਾ ਤੋਂ ਕੁਰਬਾਨ ਨਹੀਂ ਕਰਨਾ ਚਾਹੀਦਾ।

ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਆਮ ਲੋਕਾਂ ਤੀਕ ਪਹੁੰਚਾਉਣ ਦੇ ਰਾਹ ਵਿਚ ਇਕ ਰੁਕਾਵਟ ਇਹ ਵੀ ਆ ਰਹੀ ਹੈ ਕਿ ਨਵੀਂ ਜਾਂ ਅਜੋਕੀ ਪੀੜ੍ਹੀ ਲਈ ਵਿਆਖਿਆ ਦੀ ਲੋੜ ਨੂੰ ਮਹਿਸੂਸ ਨਹੀਂ ਕੀਤਾ ਗਿਆ। ਪ੍ਰੋ. ਸਾਹਿਬ ਸਿੰਘ ਤੋਂ ਬਾਅਦ ਗੁਰਬਾਣੀ ਵਿਆਖਿਆ ਦੇ ਖੇਤਰ ਵਿਚ ਇਕ ਖੜੋਤ ਦਿਸ ਰਹੀ ਹੈ। ਇਸ ਖੇਤਰ ਵਿਚ ਵਿਦਵਾਨਾਂ ਦਾ ਉੱਕਾ ਹੀ ਨਾ ਆਉਣਾ, ਇਕ ਖ਼ਤਰੇ ਦੀ ਘੰਟੀ ਲਗਦੀ ਹੈ। ਗੁਰਬਾਣੀ ਵਿਆਖਿਆ ਅਤੇ ਟੀਕਾਕਾਰੀ ਵਿਚ ਆਈ, ਇਹ ਖੜੋਤ ਮੰਦਭਾਗੀ ਹੈ। ਗੁਰਬਾਣੀ ਦੀ ਨਵੀਂ ਵਿਆਖਿਆ ਤੋਂ ਬਿਨਾਂ ਸਿੱਖੀ ਦੇ ਬੂਟੇ ਉੱਪਰ ਬਸੰਤ ਨਹੀਂ ਆ ਸਕੇਗੀ। ਅਜੋਕਾ ਪਾਠਕ ਬਦਲਦੇ ਯੁਗ ਵਿਚ ਨਵੇਂ ਮੁਹਾਵਰੇ ਵਾਲੀ ਗੁਰਬਾਣੀ ਵਿਆਖਿਆ ਦੀ ਉਤਸੁਕਤਾ ਨਾਲ ਉਡੀਕ ਕਰ ਰਿਹਾ ਹੈ।

ਅਧਿਆਤਮਕਤਾ ਇਕ ਵਪਾਰ ਬਣ ਕੇ ਖੜ੍ਹੀ ਹੋ ਰਹੀ ਹੈ। ਇਹ ਬੜਾ ਜ਼ਰੂਰੀ ਹੈ ਕਿ *ਗੁਰੂ ਗ੍ਰੰਥ ਸਾਹਿਬ* ਵਿਚਲੀ ਅਧਿਆਤਮਕਤਾ ਨੂੰ ਬਜ਼ਾਰੂ ਰੂਹਾਨੀਅਤਾ

ਮੁੱਖ ਬੰਧ

ਤੋਂ ਵਿਲੱਖਣ ਅਤੇ ਨਿਰੋਆ ਰੱਖਿਆ ਜਾਵੇ। ਮਾਨਸਿਕ ਤਣਾਅ ਤੋਂ ਬਚਾਉਣ ਦੀ ਵਿਧੀ ਨੂੰ ਰੂਹਾਨੀਅਤ ਕਹਿਣਾ ਗ਼ਲਤ ਹੈ। ਭਾਰਤੀ ਟੀ.ਵੀ. ਚੈਨਲਾਂ ਉਪਰ ਬਹੁਤ ਸਾਰੇ ਸਾਧ ਕੇਵਲ ਲੋਕਾਂ ਨੂੰ 'ਠੀਕ' ਸਾਹ ਲੈਣ ਦੀ ਜਾਚ ਦੱਸਕੇ ਹੀ ਕਰੋੜਾਂ ਲੋਕਾਂ ਦੇ ਮੁਕਤੀਦਾਤੇ ਬਣ ਕੇ, ਕਰੋੜਾਂ ਰੁਪਏ ਇਕੱਠੇ ਕਰ ਰਹੇ ਹਨ। ਪਹਿਲੇ ਭਾਗ ਵਿਚ ਬਾਣੀ ਦਾ ਬਿਓਰਾ ਵਿਸਥਾਰ ਸਹਿਤ ਦਿੱਤਾ ਹੈ। ਵੇਖਣ ਨੂੰ ਸ਼ਬਦਾਂ ਦੀ ਗਿਣਤੀ ਕਰਨੀ ਬੜਾ ਸੌਖਾ ਲੱਗਦਾ ਹੈ, ਪਰ ਕਿਸੇ ਵੀ ਦੋ ਵਿਦਵਾਨਾਂ ਦੀ ਗਿਣਤੀ ਇਕੋ ਜਿਹੀ ਨਹੀਂ। ਇਸ ਕਰਕੇ ਅਸੀਂ ਬਹੁਤ ਸਾਵਧਾਨੀ ਨਾਲ ਬਾਣੀ ਬਿਓਰਾ ਤਿਆਰ ਕੀਤਾ ਹੈ।

ਦੂਜੇ ਭਾਗ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਪ੍ਰਸਾਰ ਸੰਬੰਧੀ ਦਿਲਚਸਪ ਜਾਣਕਾਰੀ ਤੋਂ ਇਲਾਵਾ, ਗੁਰਬਾਣੀ ਦੀ ਪਹਿਲਾਂ ਹੋਈ ਵਿਆਖਿਆ ਦੇ ਗੁਣ-ਦੋਸ਼ਾਂ ਦੀ ਚਰਚਾ ਕਰਕੇ, ਭਵਿੱਖ ਵਿਚ ਹੋਣ ਵਾਲੀ ਵਿਆਖਿਆ ਦੇ ਨਕਸ਼ ਪਛਾਣੇ ਹਨ। ਰਵਾਇਤੀ ਵਿਆਖਿਆ ਦਾ ਕੋਈ ਭਵਿੱਖ ਨਹੀਂ। ਅਜਿਹੀ ਵਿਆਖਿਆ ਕਰਨੀ ਪਵੇਗੀ, ਜਿਹੜੀ ਅਜੋਕੀਆਂ ਸਮੱਸਿਆਵਾਂ ਦੇ ਹੱਲ ਵਿਚ ਸਹਾਈ ਹੋਵੇ। ਗੁਰਬਾਣੀ ਕੀਰਤਨ ਦਾ ਮਨੋਰਥ ਪ੍ਰਚਾਰ ਘੱਟ ਹੈ ਅਤੇ ਰੂਹਾਨੀਅਤ ਨਾਲ ਜੋੜਨਾ ਵਧੇਰੇ ਹੈ। ਗੁਰਬਾਣੀ ਪ੍ਰਚਾਰ ਲਈ ਗੁਰਬਾਣੀ ਅਨੁਵਾਦ ਅਤੇ ਲਿਪੀਅੰਤਰ ਨਾਲ ਜੁੜੀਆਂ ਸਮੱਸਿਆਵਾਂ ਦੀ ਚਰਚਾ ਇਸੇ ਭਾਗ ਵਿਚ ਕੀਤੀ ਹੈ।

ਤੀਜੇ ਭਾਗ ਵਿਚ ਸ਼ਰਧਾਲੂ ਸਿੱਖਾਂ ਵਿਚ ਪਏ ਇਸ ਭੁਲੇਖੇ ਦੀ ਚਰਚਾ ਹੈ ਕਿ ਗੁਰੂ ਗ੍ਰੰਥ ਹੈ ਤਾਂ ਪੰਥ ਕਿਸ ਅਰਥ ਵਿਚ ਗੁਰੂ ਹੈ। 'ਪ੍ਰਗਟ ਗੁਰਾਂ ਕੀ ਦੇਹ' ਦੇ ਗ਼ਲਤ ਅਰਥ ਸਮਝਣ ਕਾਰਣ, ਕੁਝ ਕਰਮ-ਕਾਂਡ ਇਸ ਤਰ੍ਹਾਂ ਵਿਕਸਤ ਹੋ ਗਏ ਹਨ ਕਿ ਸ਼ਾਇਦ ਉਨ੍ਹਾਂ ਤੋਂ ਛੁਟਕਾਰਾ ਪਾ ਸਕਣਾ ਔਖਾ ਹੋਵੇਗਾ। ਮੈਂ ਮਹਿਸੂਸ ਕਰਦਾ ਹਾਂ ਕਿ ਬਹੁਗਿਣਤੀ ਸਿੱਖ ਸ਼ਬਦ-ਗੁਰੂ ਤੋਂ ਸੰਤੁਸ਼ਟ ਨਹੀਂ ਅਤੇ ਇਸੇ ਕਰਕੇ ਉਨ੍ਹਾਂ ਨੇ 'ਸੰਤ' ਦੇ ਰੂਪ ਵਿਚ ਦੇਹਧਾਰੀ ਗੁਰੂ ਨੂੰ ਅਪਣਾਅ ਲਿਆ ਹੈ। ਇਹ ਟੋਹ ਲਾਈ ਹੈ ਕਿ ਇਸ ਬਿਮਾਰ ਮਾਨਸਿਕਤਾ ਦੀ ਜੜ੍ਹ ਕਿੱਥੇ ਹੈ?

ਪੁਸਤਕ ਦੇ ਚੌਥੇ ਭਾਗ ਵਿਚ ਗੁਰਬਾਣੀ ਪਾਠ ਦੀਆਂ ਰਵਾਇਤਾਂ, ਉਚਾਰਣ ਸਮੱਸਿਆਵਾਂ ਅਤੇ ਗੁਰਬਾਣੀ ਵਿਆਕਰਣ ਆਦਿ ਬਾਰੇ ਸਾਰਥਕ ਦ੍ਰਿਸ਼ਟੀਕੋਣ ਪੇਸ਼ ਕੀਤਾ ਗਿਆ ਹੈ। ਵਿਸ਼ਰਾਮ ਚਿੰਨ੍ਹ ਲਾਉਣ ਨਾਲ ਪਾਠ ਅਪਵਿੱਤਰ ਨਹੀਂ ਹੁੰਦਾ। ਪਰ ਇਸ ਬਾਰੇ ਫ਼ੈਸਲਾ ਸੋਚ-ਸਮਝ ਕੇ ਲੈਣਾ ਚਾਹੀਦਾ ਹੈ। ਜਿਉਂ-ਜਿਉਂ ਸਿੱਖਾਂ ਦੀ ਆਬਾਦੀ ਵਧੇਗੀ, ਸਿੱਖ ਇਨ੍ਹਾਂ ਮਸਲਿਆਂ ਬਾਰੇ ਇਕ ਮਤ ਨਹੀਂ ਰਹਿ ਸਕਣਗੇ। ਸੋ, ਸਾਨੂੰ ਐਸੇ ਮਤਭੇਦਾਂ ਕਰਕੇ ਆਪਸ ਵਿਚ ਉਲਝਣਾ ਨਹੀਂ ਚਾਹੀਦਾ।

ਹੱਥ-ਲਿਖਤਾਂ ਅਤੇ ਗੁਰਬਾਣੀ ਛਪਾਈ ਵਿਚ ਵਰਤੀ ਅਣਗਹਿਲੀ ਦੀਆਂ ਸਮੱਸਿਆਵਾਂ ਬਹੁਤ ਹੀ ਗੰਭੀਰ ਹਨ। ਇਨ੍ਹਾਂ ਦੀ ਚਰਚਾ ਪੰਜਵੇਂ ਭਾਗ ਵਿਚ

ਕਰਦਿਆਂ ਦੱਸਿਆ ਗਿਆ ਹੈ ਕਿ ਪੰਥ ਦੀਆਂ ਜਿੰਮੇਵਾਰ ਸੰਸਥਾਵਾਂ ਅਤੇ ਵਿਦਵਾਨਾਂ ਨੂੰ ਇਨ੍ਹਾਂ ਬਾਰੇ ਲੰਬੀ ਵਿਚਾਰ ਕਰਨ ਉਪਰੰਤ, ਫ਼ੈਸਲਾ ਕਰ ਲੈਣਾ ਚਾਹੀਦਾ ਹੈ। ਜੁਲਾਈ 2005 ਦੇ *ਸਿੱਖ ਸ਼ਹਾਦਤ* ਪਰਚੇ ਵਿਚ ਡਾ. ਹਰਪਾਲ ਸਿੰਘ ਪੰਨੂ ਦੇ ਲੇਖ ਤੋਂ ਜਾਣਕਾਰੀ ਮਿਲੀ ਹੈ ਕਿ ਪ੍ਰੋ. ਮਨਜੀਤ ਸਿੰਘ ਤੇ ਗਿ. ਕੇਵਲ ਸਿੰਘ ਦੀ ਜਦੋਂ ਤੂਤੀ ਬੋਲਦੀ ਸੀ, ਉਨ੍ਹਾਂ ਨੇ ਚੁੱਪ-ਚਪੀਤੇ ਗੁਰਬਾਣੀ ਪਾਠ ਬਦਲਨ ਦਾ ਅਸਫ਼ਲ ਯਤਨ ਕੀਤਾ ਸੀ। ਇਸ ਤੋਂ ਪਹਿਲਾਂ ਗਿ. ਕਰਤਾਰ ਸਿੰਘ ਭਿੰਡਰਾਂਵਾਲਿਆਂ ਅਤੇ ਗਿ. ਜੋਗਿੰਦਰ ਸਿੰਘ ਤਲਵਾੜਾ ਹੁਰਾਂ ਵੀ ਐਸੇ ਯਤਨ ਕੀਤੇ ਸਨ। ਇਹ ਬੜਾ ਚਿੰਤਾਜਨਕ ਮਾਮਲਾ ਹੈ ਕਿ ਸ਼੍ਰੋਮਣੀ ਕਮੇਟੀ ਵੀ ਗੁਰਬਾਣੀ ਛਾਪਦਿਆਂ ਲੋੜੀਂਦੀ ਸੁਹਿਰਦਤਾ ਨਹੀਂ ਅਪਣਾਉਂਦੀ ਰਹੀ। ਜੇ ਮੇਰੀ ਕਿਤਾਬ ਦੇ ਇਹ ਅਧਿਆਇ ਕੌਮ ਦੇ ਆਗੂਆਂ ਦੀ ਇਸ ਪਾਸਿਉਂ ਨੀਂਦ ਤੋੜ ਸਕੇ ਤਾਂ ਮੈਂ ਸਮਝਾਂਗਾ ਕਿ ਮੇਰੇ ਕਿਤਾਬ ਲਿਖਣ ਦਾ ਮਕਸਦ ਪੂਰਾ ਹੋ ਗਿਆ ਹੈ।

ਸਾਡੇ ਇਤਿਹਾਸ ਦੀ ਸੋਝੀ ਦੇਣ ਵਾਲੇ ਗੁਰਮੁਖੀ ਸ੍ਰੋਤ ਮੂਲ-ਰੂਪ ਵਿਚ ਇਤਿਹਾਸ ਦੇ ਗ੍ਰੰਥ ਨਹੀਂ, ਸਗੋਂ ਗੁਰੂ-ਮਹਿਮਾ ਗਾਉਣ ਵਾਲੇ ਗ੍ਰੰਥ ਹਨ। ਇਨ੍ਹਾਂ ਵਿਚ ਰਵਾਇਤ ਅਤੇ ਇਤਿਹਾਸ ਦਾ ਮਿਲਗੋਭਾ ਹੈ। ਸੋ, ਇਨ੍ਹਾਂ ਉੱਪਰ ਨਿਰਭਰ ਰਹਿ ਕੇ ਕਿਸੇ ਵੀ ਸਿੱਟੇ ਉੱਪਰ ਪਹੁੰਚਣਾ ਸੰਭਵ ਨਹੀਂ। ਇਹ ਇਕ ਦੁਖਾਂਤ ਹੈ ਕਿ ਕੇਵਲ ਪੰਜ ਸੌ ਸਾਲ ਪਹਿਲਾਂ ਦੀਆਂ ਘਟਨਾਵਾਂ ਦੀ ਵੀ ਸਾਡੇ ਕੋਲ ਠੀਕ-ਠੀਕ ਜਾਣਕਾਰੀ ਨਹੀਂ। ਗੁਰੂ ਨਾਨਕ ਜੀ ਦੇ ਪ੍ਰਕਾਸ਼ ਦਿਹਾੜੇ ਦੀ ਮਿਤੀ ਨੂੰ ਲੈ ਕੇ, ਕੀ ਅਸੀਂ ਇਕ-ਮਤ ਹੋ ਸਕਾਂਗੇ, ਮੈਨੂੰ ਤਾਂ ਨਹੀਂ ਲੱਗਦਾ। ਇਸੇ ਤਰ੍ਹਾਂ *ਗੁਰੂ ਗ੍ਰੰਥ ਸਾਹਿਬ* ਨਾਲ ਜੁੜੀਆਂ ਰਵਾਇਤਾਂ ਨੂੰ ਇਤਿਹਾਸ ਸਮਝ ਲੈਣਾ, ਭਾਰੀ ਕੁਤਾਹੀ ਹੈ। *ਗੁਰੂ ਗ੍ਰੰਥ ਸਾਹਿਬ* ਨਾਲ ਸੰਬੰਧਿਤ ਕੁਝ ਪ੍ਰਸ਼ਨਾਂ ਨੂੰ ਅਸੀਂ ਨਵੇਂ ਸਿਰਿਉਂ ਖੋਲ੍ਹਿਆ ਹੈ। ਅਸੀਂ ਵੀ ਕੁਝ ਥਾਂਵਾਂ ਉੱਪਰ ਪ੍ਰਮਾਣ ਦੀ ਥਾਂ ਤਰਕ ਨਾਲ ਕੰਮ ਚਲਾਇਆ ਹੈ। ਇਹ ਗੱਲ ਅਯੋਗ ਨਹੀਂ। ਪ੍ਰਤੱਖ ਪ੍ਰਮਾਣਾਂ ਦੀ ਅਣਹੋਂਦ ਸਮੇਂ ਤਰਕ ਨੂੰ ਵਰਤਦਿਆਂ ਪੰਥਕ ਹਿੱਤ ਦੀ ਗੱਲ ਕਰ ਲੈਣਾ, ਉਚਿੱਤ ਹੈ। ਸਾਡੇ ਕੁਝ ਸਿੱਟੇ ਹੇਠ ਲਿਖੇ ਹਨ :

1. ਮੋਹਨ ਵਾਲੀਆਂ ਪੋਥੀਆਂ ਦੀ ਰਚਨਾ ਗੁਰੂ ਅਮਰਦਾਸ ਜੀ ਦੇ ਜੀਵਨ ਦੌਰਾਨ ਸ਼ੁਰੂ ਹੋ ਗਈ ਸੀ।
2. ਇਨ੍ਹਾਂ ਪੋਥੀਆਂ ਦੀ ਵਰਤੋਂ *ਆਦਿ ਗ੍ਰੰਥ* ਦੀ ਸੰਪਾਦਨਾ ਵੇਲੇ ਕੀਤੀ ਗਈ ਸੀ।
3. ਭਗਤ ਬਾਣੀ ਇਕੱਠੀ ਕਰਨ ਲਈ ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਗੁਰੂ ਅਰਜਨ ਜੀ ਨੇ ਆਪਣਾ-ਆਪਣਾ ਯੋਗਦਾਨ ਪਾਇਆ ਸੀ।
4. *ਆਦਿ ਬੀੜ* ਵਿਚ ਗੁਰੂ ਹਰਿਗੋਬਿੰਦ ਜੀ ਨੇ ਕਈ ਵਾਧੇ ਕੀਤੇ ਸਨ।
5. *ਆਦਿ ਬੀੜ* ਧੀਰਮੱਲ ਕੋਲ ਨਹੀਂ ਪੁੱਜੀ।


6. ਧੀਰਮੱਲੀਆਂ ਕੋਲ ਜਿਹੜੀ *ਕਰਤਾਰਪੁਰੀ ਬੀੜ* ਹੈ, ਉਹ ਕਿਸੇ ਹੋਰ ਬੀੜ ਦੀ ਨਕਲ ਹੈ, ਉਨ੍ਹਾਂ ਨੇ ਆਪਣੀ ਮਾਨਤਾ ਕਰਾਉਣ ਦੇ ਇਰਾਦੇ ਨਾਲ ਕਈ ਮਨਘੜਤ ਗੱਲਾਂ ਪ੍ਰਚਾਰ ਦਿੱਤੀਆਂ।
7. *ਆਦਿ ਬੀੜ* ਨੂੰ ਸਿੱਖ-ਵਿਰੋਧੀ ਸ਼ਕਤੀਆਂ ਤੋਂ ਬਚਾਉਂਦਿਆਂ, ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਬੀੜ ਵਿਚ ਮ: ੯ ਦੀ ਬਾਣੀ ਦਰਜ਼ ਕੀਤੀ।
8. 'ਦਮਦਮੀ ਬੀੜ' ਇਸੇ ਬੀੜ ਦਾ ਨਵਾਂ ਰੂਪ (Version) ਸੀ।
9. ਇਹ ਬੀੜਾਂ ਅਠਾਰਵੀਂ ਸਦੀ ਵਿਚ ਪੰਥ ਗੁਆ ਬੈਠਾ।
10. ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਮੀਣਿਆਂ, ਉਦਾਸੀਆਂ ਅਤੇ ਹੰਦਾਲੀਆਂ ਨੇ ਕੁਝ ਬੀੜਾਂ ਅਜਿਹੀਆਂ ਪ੍ਰਚਲਿਤ ਕਰ ਦਿੱਤੀਆਂ ਜਿਸ ਵਿਚ ਉਨ੍ਹਾਂ ਨੇ ਪ੍ਰਮਾਣਿਕ ਬਾਣੀ ਨਾਲ ਛੇੜਛਾੜ ਕੀਤੀ ਸੀ।
11. ਸਿੰਘ ਸਭਾ ਲਹਿਰ ਨੇ ਜਿਹੜੀ ਜਾਗ੍ਰਤੀ ਦਿੱਤੀ, ਉਸਦੇ ਸਿੱਟੇ ਵਜੋਂ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਸ਼ੁਰੂ ਹੋ ਗਈ।
12. ਪਰ ਛਪਾਈ ਵਿਚ ਰਹੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਪੰਥ ਨੇ ਸੁਹਿਰਦਤਾ ਨਹੀਂ ਵਿਖਾਈ।

ਕੁਝ ਹੋਰ ਮੁਸ਼ਕਲਾਂ ਛੇਵੇਂ ਭਾਗ ਵਿਚ ਵਿਚਾਰੀਆਂ ਗਈਆਂ ਹਨ। ਪੁਸਤਕ ਦੇ ਅੰਤ ਉੱਪਰ ਮੈਂ 'ਪ੍ਰਸ਼ਨੋਤਰੀ' ਵਿਚ 70 ਕੁ ਪ੍ਰਸ਼ਨਾਂ ਦੇ ਉੱਤਰ ਦਿੱਤੇ ਹਨ। ਇਹ ਪ੍ਰਸ਼ਨ ਮੈਨੂੰ ਟੋਰਾਂਟੋ (ਕੈਨੇਡਾ) ਦੇ ਏਸ਼ੀਅਨ ਕੁਨੈਕਸ਼ਨ ਰੇਡੀਓ ਦੇ ਪ੍ਰੋਗਰਾਮ 'ਗੱਲ ਧਰਮ ਦੀ' ਵਿਚ ਅਤੇ ਪਾਠਕਾਂ ਨੇ ਈ-ਮੇਲ ਰਾਹੀਂ ਪੁੱਛੇ। ਬਹੁਤ ਸਾਰੇ ਪ੍ਰਸ਼ਨ ਮੇਰੇ ਲੈਕਚਰਾਂ ਬਾਅਦ ਸਰੋਤਿਆਂ ਨੇ ਜਗਿਆਸਾ ਸੰਤੁਸ਼ਟੀ ਲਈ ਕੀਤੇ ਸਨ। ਪਾਠਕ ਨੂੰ ਬੇਨਤੀ ਹੈ ਕਿ ਪੂਰਵ-ਧਾਰਣਾ ਨੂੰ ਪਾਸੇ ਕਰਕੇ ਹੀ ਇਹ ਭਾਗ ਵਿਚਾਰਿਆ ਜਾਵੇ। ਮੈਂ ਇਨ੍ਹਾਂ ਸਾਰੇ ਵਿਸ਼ਿਆਂ ਉੱਪਰ ਨਿਰਪੱਖ ਰਹਿ ਕੇ, ਸੋਚ-ਵਿਚਾਰ ਕੀਤੀ ਹੈ। ਮੈਂ ਖ਼ੁਦ ਨੂੰ ਕਿਸੇ ਵੀ ਧੜੇ ਨਾਲ ਬੰਨ੍ਹਿਆ ਨਹੀਂ। ਮੈਂ ਉਹੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਜੋ ਪੰਥਕ ਭਲੇ ਵਿਚ ਹੋਵੇ।

ਮੈਂ ਵਿਦਵਾਨਾਂ ਨੂੰ *ਗੁਰੂ ਗ੍ਰੰਥ ਸਾਹਿਬ* ਨਾਲ ਜੁੜੀਆਂ ਕੁਝ ਮੁਸ਼ਕਲਾਂ ਬਾਰੇ ਸੰਵਾਦ ਰਚਾਉਣ ਦਾ ਸੱਦਾ ਦਿੰਦਾ ਹਾਂ।

ਪੰਥ ਦਾ ਸੇਵਕ

ਮਿਤੀ : 25 ਅਗਸਤ, 2005 — **ਡਾ. ਗੁਰਸ਼ਰਨਜੀਤ ਸਿੰਘ**



ਬਾਬਾ ਨਾਨਕ ਪਰਮੇਸ਼ਰ ਦੇ ਦਰਬਾਰ ਵਿਚ (ਬੀ-40 ਜਨਮਸਾਖੀ)

1

ਧਰਮ-ਗ੍ਰੰਥ ਦਾ ਸੰਕਲਪ

ਅਜੋਕੇ ਧਰਮ-ਅਧਿਐਨ ਦੇ ਖ਼ੇਤਰ ਵਿਚ ਧਰਮ-ਗ੍ਰੰਥਾਂ ਦੇ ਵਿਸ਼ੇ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਹੈ। ਹਰ ਧਰਮ ਦਾ ਆਪਣਾ ਧਰਮ-ਗ੍ਰੰਥ ਹੁੰਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਧਰਮ-ਗ੍ਰੰਥ ਨੂੰ ਸਕਰਿਪਚਰ (Scripture) ਕਿਹਾ ਜਾਂਦਾ ਹੈ। 'Scripture' ਤੋਂ ਭਾਵ 'ਲਿਖਤ ਸ਼ਬਦ' ਹੈ। ਇਹ ਲਿਖਤ ਸ਼ਬਦ, ਕਿਸੇ ਵਿਸ਼ੇਸ਼ ਸੰਪਰਦਾ ਦੇ ਮੰਨਣ ਵਾਲਿਆਂ ਦੀ ਜਿੰਦ-ਜਾਨ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਸੰਪਰਦਾ ਦੇ ਸੰਸਥਾਪਕ ਦੁਆਰਾ ਦੱਸੇ ਪ੍ਰਮਾਣਿਕ ਸਿੱਧਾਂਤ ਸਾਂਭੇ ਹੁੰਦੇ ਹਨ। ਇਹੀ ਕਾਰਣ ਹੈ ਕਿ ਧਰਮ ਵਿਗਿਆਨੀ, ਕਿਸੇ ਧਰਮ ਦਾ ਅਧਿਐਨ ਕਰਦਿਆਂ ਉਸਦੇ ਧਰਮ-ਗ੍ਰੰਥ ਨੂੰ ਅਧਿਐਨ ਦਾ ਵਿਸ਼ੇਸ਼ ਕੇਂਦਰ ਬਣਾਉਂਦੇ ਹਨ। ਧਰਮ ਅਧਿਐਨ ਦੇ ਵਿਦਿਆਰਥੀ ਲਈ ਧਰਮ-ਗ੍ਰੰਥਾਂ ਦਾ ਤੁਲਨਾਤਮਿਕ ਅਧਿਐਨ ਮਨੁੱਖੀ ਸਿਆਣਪ ਦੇ ਵਿਕਾਸ ਨੂੰ ਵੀ ਦੇਖਣ ਦਾ ਇਕ ਰਾਹ ਹੈ।

ਸੰਨ 1764 ਤੋਂ ਪਹਿਲਾਂ ਗ਼ੈਰ-ਮਸੀਹੀ ਧਾਰਮਿਕ ਲਿਖਤਾਂ ਲਈ 'ਸਕਰਿਪਚਰ' ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ।[1] ਮਸੀਹੀ ਜਗਤ ਦੀ ਤੰਗ-ਨਜ਼ਰੀ ਕਾਰਨ 'ਸਕਰਿਪਚਰ' ਸ਼ਬਦ ਕੇਵਲ *ਬਾਈਬਲ* ਲਈ ਪ੍ਰਯੋਗ ਹੁੰਦਾ ਸੀ। ਪਰ ਅੱਜਕਲ, ਇਸ ਸ਼ਬਦ ਦੀ ਵਰਤੋਂ *ਵੇਦਾਂ*, *ਕੁਰਾਨ* ਅਤੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਆਦਿ ਧਰਮ-ਗ੍ਰੰਥਾਂ ਲਈ ਹੋ ਰਹੀ ਹੈ। ਕਦੇ ਕਦੇ ਇਨ੍ਹਾਂ ਨੂੰ ਦੈਵੀ-ਪੁਸਤਕਾਂ (Divine Books), ਪਵਿੱਤਰ ਪੁਸਤਕਾਂ (Sacred Books) ਜਾਂ ਪਾਕ ਲਿਖਤਾਂ (Holy Writings) ਵੀ ਕਿਹਾ ਜਾਂਦਾ ਹੈ। ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਪਰਮਾਤਮਾ ਦੀ ਹੋਂਦ ਪ੍ਰਵਾਨ ਕੀਤੇ ਬਿਨਾਂ 'ਸਕਰਿਪਚਰ' ਦੀ ਗੱਲ ਕਰਨੀ ਅਸੰਭਵ ਹੈ। ਪਰ ਬੁੱਧਮਤ ਜੋ ਕਿ ਰੱਬ ਨੂੰ ਨਹੀਂ ਮੰਨਦਾ, ਕੀ ਉਸਦੇ ਗ੍ਰੰਥਾਂ ਨੂੰ 'ਸਕਰਿਪਚਰ' ਕਿਹਾ ਜਾ ਸਕਦਾ ਹੈ ? ਬੋਧੀਆਂ ਦਾ ਪ੍ਰਮੁੱਖ ਧਾਰਮਿਕ ਗ੍ਰੰਥ *ਤ੍ਰਿਪਿਟਕ* ਹੈ। *ਤ੍ਰਿਪਿਟਕ* ਇਕ ਬੋਧੀ ਲਈ ਪਵਿੱਤਰ ਗ੍ਰੰਥ ਹੈ। ਪਰ ਰੱਬ ਦੀ ਹੋਂਦ ਤੋਂ ਮੁਨਕਰ ਇਕ ਬੋਧੀ ਲਈ 'ਪਵਿੱਤਰ' ਦੇ ਬਿਲਕੁਲ ਵੱਖਰੇ ਅਰਥ ਹਨ। ਰੱਬ ਦੀ ਹੋਂਦ ਮੰਨਣ ਵਾਲੇ ਲਈ ਪਵਿੱਤਰ ਗ੍ਰੰਥ ਤੋਂ ਭਾਵ 'ਰੱਬ ਦੀ ਪ੍ਰੇਰਨਾ' (ਸਿੱਧੀ ਜਾਂ ਅਸਿੱਧੀ) ਦੁਆਰਾ ਲਿਖੀ ਪੁਸਤਕ ਹੈ। ਜਦੋਂ ਕਿ ਇਕ ਬੋਧੀ ਲਈ ਪਵਿੱਤਰ ਗ੍ਰੰਥ ਤੋਂ ਭਾਵ 'ਅਸਾਧਾਰਨ'

ਪੁਸਤਕ ਹੈ। ਰੱਬ ਦੀ ਹੋਂਦ ਮੰਨਣ ਵਾਲੇ ਅਤੇ ਨਾ ਮੰਨਣ ਵਾਲਿਆਂ ਦੋਹਾਂ ਲਈ ਧਰਮ ਪੁਸਤਕਾਂ ਨੂੰ 'ਅਬਦਲ' ਮੰਨਿਆ ਜਾਂਦਾ ਹੈ। ਕੋਈ ਵੀ ਸੰਪਰਦਾ ਕਿਸੇ ਨੂੰ ਇਹ ਅਧਿਕਾਰ ਨਹੀਂ ਦਿੰਦੀ ਕਿ ਕੋਈ ਉਸਦੇ ਧਰਮ-ਗ੍ਰੰਥ ਵਿਚ, ਕੋਈ ਤਬਦੀਲੀ ਕਰੇ। 'ਸਕਰਿਪਚਰ' ਨੂੰ 'ਪਵਿੱਤਰ' ਮੰਨਣ ਦੇ ਦੋ ਕਾਰਣ ਇਹ ਵੀ ਰਹੇ ਹਨ:

1. ਇਹ ਰੱਬ ਦਾ ਆਦੇਸ਼ ਹੁੰਦਾ ਹੈ।
2. ਇਹ ਸੰਪੂਰਣ ਹੁੰਦਾ ਹੈ।

ਜੇ ਸਕਰਿਪਚਰ ਵਿਚ ਕੋਈ ਤਬਦੀਲੀ ਜਾਂ ਸੋਧ ਕੀਤੀ ਜਾਵੇ ਤਾਂ ਕੁਦਰਤੀ ਕਿਸੇ ਮਨੁੱਖੀ ਦਖਲ ਕਾਰਨ ਸਕਰਿਪਚਰ ਦੀ ਪਵਿੱਤਰਤਾ ਭੰਗ ਹੋ ਜਾਂਦੀ ਹੈ। ਸੋ, ਬੋਧੀ ਵੀ ਆਪਣੇ ਗ੍ਰੰਥਾਂ ਨੂੰ ਪਰਿਪੂਰਣ ਜਾਂ ਸੰਪੂਰਣ ਮੰਨਦਿਆਂ ਕਿਸੇ ਮਨੁੱਖ ਨੂੰ, ਇਨ੍ਹਾਂ ਗ੍ਰੰਥਾਂ ਵਿਚ ਤਬਦੀਲੀ ਕਰਨ ਦਾ ਅਧਿਕਾਰ ਨਹੀਂ ਦਿੰਦੇ। ਪਰ ਡਾ. ਬੀ.ਆਰ. ਅੰਬੇਦਕਰ ਨੇ ਬੋਧ ਬਣਨ ਬਾਅਦ ਬੋਧੀ ਗ੍ਰੰਥਾਂ ਦਾ ਗਹਿਨ ਅਧਿਐਨ ਕੀਤਾ ਤਾਂ ਉਨ੍ਹਾਂ ਨੂੰ ਇਹ ਦੇਖ ਕੇ ਦੁੱਖ ਹੋਇਆ ਕਿ ਬੋਧੀ ਗ੍ਰੰਥਾਂ ਵਿਚ ਗ਼ੈਰ-ਬੋਧੀ ਦਖ਼ਲਅੰਦਾਜ਼ੀ ਹੋਈ ਹੈ।[2] ਉਹ ਲਿਖਦੇ ਹਨ, "Anyone who knows the central teachings of the Buddha is quite bewildered after reading the Sutta Pitaka as we find it now wrapped about by the mythical dropery, disfigured by additions of purely Brahmanic ideas entirely foreign to the original Buddhist thought."[3]

ਉਪਰੋਕਤ ਚਰਚਾ ਤੋਂ ਸਾਫ਼ ਹੈ ਕਿ ਹਰ ਧਰਮ ਦੇ ਅਨੁਯਾਈਆਂ ਲਈ ਸਕਰਿਪਚਰ ਦੇ ਅਰਥ ਇਕ ਸਮਾਨ ਨਹੀਂ ਹੁੰਦੇ। ਜੇ ਅਸੀਂ ਰੱਬ ਦੀ ਹੋਂਦ ਮੰਨਣ ਵਾਲੇ ਧਰਮਾਂ ਦੀ ਗੱਲ ਕਰੀਏ ਤਾਂ ਇਹ ਵੇਖਿਆ ਜਾ ਸਕਦਾ ਹੈ ਕਿ ਉਥੇ ਸਕਰਿਪਚਰ ਦੇ ਅੱਡ-ਅੱਡ ਭਾਵ ਮੌਜੂਦ ਹਨ। ਸੋ, ਸਕਰਿਪਚਰ ਦੀਆਂ ਕਈ ਪਰੰਪਰਾਵਾਂ ਸਾਡੇ ਸਾਹਮਣੇ ਹਨ। ਹਿੰਦੂ ਧਰਮ ਬਹੁਤ ਹੀ ਪ੍ਰਾਚੀਨ ਧਰਮ ਹੈ। ਇਕ ਪੱਕੇ ਹਿੰਦੂ ਲਈ ਵੇਦ ਬ੍ਰਹਮਾ ਦੁਆਰਾ ਦਿੱਤਾ ਗਿਆਨ ਹੋਣ ਕਰਕੇ, ਅਨਾਦੀ ਹਨ। ਇਕ ਸਾਧਾਰਨ ਹਿੰਦੂ ਲਈ ਵੇਦਾਂ ਦੇ ਨਾਲ *ਉਪਨਿਸ਼ਦ*, *ਪੁਰਾਣ*, *ਮਹਾਂਭਾਰਤ* (*ਭਗਵਦ ਗੀਤਾ* ਇਸਦਾ ਇਕ ਭਾਗ ਹੈ) ਅਤੇ *ਰਮਾਇਣ* ਵੀ ਧਾਰਮਿਕ ਪੁਸਤਕਾਂ ਹਨ। ਅਸੀਂ ਹਿੰਦੂ ਧਾਰਮਿਕ ਸਾਹਿਤ ਨੂੰ ਤਿੰਨ ਵਰਗਾਂ ਵਿਚ ਵੰਡ ਸਕਦੇ ਹਾਂ:

1. ਸਕਰਿਪਚਰ - ਵੇਦ ਅਤੇ *ਭਗਵਦ ਗੀਤਾ* ।
2. ਪੌਰਾਣ - *ਮਹਾਂਭਾਰਤ*, *ਰਮਾਇਣ* ਅਤੇ *ਪੁਰਾਣ*।
3. ਵਿਆਖਿਆ - *ਉਪਨਿਸ਼ਦ*, ਜੋ ਕਿ ਗਿਣਤੀ ਵਿਚ 108 ਹਨ।

ਵੇਦਾਂ ਨੂੰ 'ਸ਼ਰੁਤੀ' ਕਿਹਾ ਗਿਆ ਹੈ। 'ਸ਼ਰੁਤੀ' ਤੋਂ ਭਾਵ 'ਸੁਣ ਕੇ' ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਿਆ ਗਿਆਨ ਹੈ। ਇਹ ਗਿਆਨ ਬ੍ਰਹਮਾ ਨੇ

ਪੁਰਾਤਨ ਸਮੇਂ ਦੇ ਰਿਸ਼ੀਆਂ ਨੂੰ ਆਪ ਸੁਣਾਇਆ ਸੀ। ਉਸ ਸਮੇਂ ਲਿਖਣ ਦੀ ਕਲਾ ਵਿਕਸਤ ਨਹੀਂ ਹੋਈ ਸੀ, ਜਿਸ ਕਰਕੇ ਬ੍ਰਹਮਾ ਦੁਆਰਾ ਦਿੱਤਾ ਗਿਆਨ ਜ਼ਬਾਨੀ ਹੀ ਹਜ਼ਾਰਾਂ ਸਾਲਾਂ ਤੀਕ ਅਗਲੀ ਪੀੜ੍ਹੀ ਤੀਕ ਚੱਲਦਾ ਰਿਹਾ। ਫੇਰ ਸਮੇਂ ਬਾਅਦ, ਅੱਜ ਤੋਂ ਪੰਜ ਹਜ਼ਾਰ ਵਰ੍ਹੇ ਪਹਿਲਾਂ ਇਸ ਗਿਆਨ ਨੂੰ ਚਾਰ ਪੁਸਤਕਾਂ ਦੇ ਰੂਪ ਵਿਚ ਸਾਂਭ ਲਿਆ ਗਿਆ। ਕੁਝ ਧਰਮ ਵਿਗਿਆਨੀ ਜ਼ਬਾਨੀ ਗਿਆਨ ਨੂੰ ਸਕਰਿਪਚਰ ਨਹੀਂ ਮੰਨਦੇ। ਉਨ੍ਹਾਂ ਮੁਤਾਬਿਕ ਜਦੋਂ ਵੇਦਾਂ ਨੂੰ ਲਿਖਤ ਰੂਪ·ਦਿੱਤਾ ਗਿਆ, ਉਦੋਂ ਹੀ ਉਹ 'ਸਕਰਿਪਚਰ' ਅਖਵਾਉਣਗੇ। ਪਰ ਮੌਖਿਕ ਰੂਪ ਵਿਚ ਧਾਰਮਿਕ ਸੰਸਥਾਪਕ ਦੇ ਬਚਨਾਂ ਨੂੰ ਵੀ, ਸਕਰਿਪਚਰ ਵਰਗੀ ਮਾਨਤਾ ਪ੍ਰਾਪਤ ਹੁੰਦੀ ਹੈ। ਇਹ ਵਖਰੀ ਗੱਲ ਹੈ ਕਿ ਮੌਖਿਕ ਬਚਨਾਂ ਵਿਚ ਵਾਧੇ-ਘਾਟੇ ਦਾ ਜ਼ੋਖਿਮ ਹੁੰਦਾ ਹੈ। ਜਦੋਂ ਕਿ ਲਿਖਤੀ ਸਕਰਿਪਚਰ ਨੂੰ ਚੁਣੌਤੀ ਦੇਣੀ ਸੌਖੀ ਨਹੀਂ ਹੁੰਦੀ। ਇਕ ਵਿਦਵਾਨ 'ਸ਼ਰੁਤੀ' ਨੂੰ 'ਇਲਹਾਮ' ਦੇ ਅਰਥਾਂ ਵਿਚ ਬਿਆਨ ਕਰਦਾ ਹੈ।[4]

ਵੇਦਾਂ ਤੋਂ ਬਾਅਦ, ਹਿੰਦੂਆਂ ਲਈ *ਭਗਵਦ ਗੀਤਾ* ਦਾ ਸਥਾਨ ਹੈ। *ਗੀਤਾ*, *ਕੁਰਾਨ* ਤੋਂ ਬਾਅਦ ਦੂਜੀ ਮਹੱਤਵਪੂਰਨ ਪੁਸਤਕ ਹੈ, ਜਿਥੇ ਪਰਮਾਤਮਾ ਮਨੁੱਖ ਨੂੰ ਸਿੱਧਾ ਸੰਬੋਧਨ ਹੁੰਦਾ ਹੈ। *ਗੀਤਾ* ਵਿਚ ਭਗਵਾਨ ਉੱਤਮ ਪੁਰਖ (First Person) ਵਜੋਂ ਆਦੇਸ਼ ਦਿੰਦਾ ਹੈ।[5] ਇਹ ਪਰੰਪਰਾ ਵੀ ਹੋਂਦ ਵਿਚ ਆ ਗਈ ਕਿ ਪੁਰਾਣਾਂ ਦੀ ਅਸਲ ਕਾਪੀ ਪ੍ਰਲੋਕ ਭਾਵ ਪਰਮਾਤਮਾ ਦੇ ਦਰਬਾਰ ਵਿਚ ਹੈ। ਇਹ ਬਹੁਤ ਵੱਡਾ ਗ੍ਰੰਥ ਹੈ। ਇਸ ਵੱਡੇ ਆਕਾਰ ਵਾਲੇ ਗ੍ਰੰਥ ਦੇ ਚੋਣਵੇਂ ਸ਼ਲੋਕਾਂ ਨੂੰ ਹੀ, ਅਠਾਰਾਂ ਪੁਰਾਣਾਂ ਵਿਚ ਦਰਜ ਕਰਕੇ ਮਨੁੱਖਾਂ ਦੇ ਲਾਭ ਲਈ ਇਸ ਲੋਕ ਵਿਚ ਪ੍ਰਚਾਰਿਆ ਗਿਆ ਹੈ।

ਬਾਈਬਲ ਹਮੇਸ਼ਾਂ ਹੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਧਰਮ-ਗ੍ਰੰਥ ਵਜੋਂ ਸਥਾਪਿਤ ਹੈ। ਸੰਨ 1815 ਤੋਂ 1975 ਈ. ਤੱਕ *ਬਾਈਬਲ* ਦੀਆਂ ਢਾਈ ਬਿਲੀਅਨ ਕਾਪੀਆਂ ਛਪ ਚੁੱਕੀਆਂ ਸਨ।[6] ਪਰ ਇਸਦੇ ਬਾਵਜੂਦ, *ਨਵੇਂ ਨੇਮ* ਦੀ ਇਕ ਪੰਕਤੀ ਵੀ ਯਸੂ ਦੀ ਲਿਖੀ ਹੋਈ ਨਹੀਂ। *ਨਵੇਂ ਨੇਮ* ਦੀਆਂ ਪੁਸਤਕਾਂ ਸੰਤ ਮਤੀ, ਸੰਤ ਮਾਰਕ, ਸੰਤ ਯੂਹੰਨਾ ਅਤੇ ਸੰਤ ਪਾਲ ਆਦਿ ਨੇ ਯਸੂ ਦੇ ਜੀਵਨ ਉਪਰੰਤ ਲਿਖੀਆਂ। ਇਸਦੇ ਬਾਵਜੂਦ ਮਸੀਹੀ ਜਗਤ ਲਈ *ਬਾਈਬਲ* ਸਕਰਿਪਚਰ ਹੀ ਹੈ। ਬਾਈਬਲ ਦੀਆਂ ਹੱਥ-ਲਿਖਤਾਂ ਵਿਚ ਸੈਂਕੜੇ ਪਾਠ-ਭੇਦ ਰਹੇ ਹਨ ਅਤੇ ਇਥੋਂ ਤੀਕ ਕਿ ਚਰਚ ਨੇ *ਨਵੇਂ ਨੇਮ* ਵਿਚ ਕੁਝ ਤਬਦੀਲੀਆਂ ਵੀ ਕੀਤੀਆਂ ਹਨ[7], ਪਰ ਫਿਰ ਵੀ *ਬਾਈਬਲ* ਦੀ ਪਦ-ਪਦਵੀ ਵਿਚ ਫ਼ਰਕ ਨਹੀਂ ਪਿਆ। ਸੋ, ਸਕਰਿਪਚਰ ਨੂੰ 'ਅਬਦਲ' ਮੰਨਣ ਦੇ ਨਿਯਮ ਦੀ ਪਾਲਣਾ ਨੂੰ ਵੀ ਪੂਰੀ ਤਰ੍ਹਾਂ ਨਿਭਾਇਆ ਨਹੀਂ ਗਿਆ।

ਕੁਰਾਨ ਨੂੰ ਭਾਵੇਂ ਸਭ ਤੋਂ ਵੱਧ ਸੁਰੱਖਿਅਤ ਧਰਮ ਗ੍ਰੰਥ ਵਜੋਂ ਮੰਨਿਆ ਜਾਂਦਾ ਹੈ, ਇਸਦੇ ਬਾਵਜੂਦ ਇਕ ਵਿਦਵਾਨ ਲਿਖਦਾ ਹੈ ਕਿ, "ਸਿਵਾਏ ਕੁਝ ਨਵੇਂ ਧਰਮਾਂ

ਤੋਂ ਕਿਸੇ ਕੋਲ ਵੀ ਆਪਣੇ ਧਰਮ ਗ੍ਰੰਥ ਦੀ ਮੂਲ ਹੱਥ-ਲਿਖਤ ਸਾਂਭੀ ਹੋਵੇ, ਇਸਦਾ ਮੈਨੂੰ ਗਿਆਨ ਨਹੀਂ।"[8]

ਪੈਗੰਬਰ ਮੁਹੰਮਦ ਦੀ ਮੌਤ ਉਪਰੰਤ ਕੁਰਾਨ ਦੀ ਕੋਈ ਵੀ ਕਾਪੀ ਮੌਜੂਦ ਨਹੀਂ ਸੀ। ਸ਼ਰਧਾਲੂ ਕੁਰਾਨ ਨੂੰ ਸੌਖਿਆਂ ਹੀ ਯਾਦ ਕਰ ਲੈਂਦੇ ਸਨ। ਸ਼ਰਧਾਲੂ ਇਕ-ਦੂਜੇ ਤੋਂ ਸੁਣ ਕੇ ਕੁਰਾਨ ਦਾ ਪਾਠ ਯਾਦ ਕਰਦੇ ਸਨ। ਅਜਿਹੇ ਕਈ ਸ਼ਰਧਾਲੂ ਸਨ ਜਿਨ੍ਹਾਂ ਨੂੰ ਮੁਕੰਮਲ ਕੁਰਾਨ ਜ਼ੁਬਾਨੀ ਯਾਦ ਸੀ, ਅਜਿਹੇ ਲੋਕਾਂ ਨੂੰ 'ਹਾਫ਼ਿਜ਼' ਕਿਹਾ ਜਾਂਦਾ ਸੀ। ਜੇ ਬਾਈਬਲ ਦੀ ਛਪਣ ਗਿਣਤੀ ਸਭ ਧਰਮ ਗ੍ਰੰਥਾਂ ਤੋਂ ਵੱਧ ਹੈ ਤਾਂ ਪਾਠਕ ਸਭ ਤੋਂ ਵੱਧ ਕੁਰਾਨ ਨੂੰ ਮਿਲੇ ਹਨ।[9] ਉਨ੍ਹਾਂ ਦਿਨਾਂ ਵਿਚ ਅਰਬ ਦੇ ਬਹੁਗਿਣਤੀ ਵਸਨੀਕ ਪੜ੍ਹਨਾ ਲਿਖਣਾ ਨਹੀਂ ਜਾਣਦੇ ਸਨ। ਕੁਝ ਸ਼ਰਧਾਲੂਆਂ ਨੇ ਆਪਣੇ ਆਪਣੇ ਢੰਗ ਨਾਲ ਜ਼ੁਬਾਨੀ ਯਾਦ ਕੀਤੇ ਕੁਰਾਨ ਦੇ ਪਾਠ ਨੂੰ ਲਿਖ ਲਿਆ। ਇਉਂ ਕੁਰਾਨ ਦੇ ਵਿਭਿੰਨ ਨੁਸਖ਼ੇ ਪ੍ਰਚਲਿਤ ਹੋਣ ਲੱਗ ਪਏ। ਇਸਲਾਮ ਦੇ ਚੌਥੇ ਖ਼ਲੀਫ਼ੇ ਹਜ਼ਰਤ ਉਸਮਾਨ (644-656 ਈ.) ਨੇ ਕੁਰਾਨ ਦੇ ਸਾਰੇ ਹੱਥ-ਲਿਖਤ ਨੁਸਖ਼ਿਆਂ ਨੂੰ ਇਕੱਠਾ ਕੀਤਾ ਅਤੇ ਉਨ੍ਹਾਂ ਦੀ ਵਰਤੋਂ ਕਰਕੇ ਇਕ ਕੁਰਾਨ ਤਿਆਰ ਕੀਤਾ। ਬਾਕੀ ਸਭ ਹੱਥ-ਲਿਖਤਾਂ ਨੂੰ ਨਸ਼ਟ ਕਰ ਦਿੱਤਾ ਗਿਆ[10] ਤਾਂ ਜੋ ਭਵਿੱਖ ਵਿਚ ਕੋਈ ਵਾਦ-ਵਿਵਾਦ ਜਾਂ ਬਖੇੜਾ ਪੈਦਾ ਨਾ ਹੋ ਸਕੇ। ਅਜਿਹਾ ਨਹੀਂ ਸੀ ਕਿ ਸਾਰੇ ਮੁਸਲਮਾਨਾਂ ਨੇ ਹਜ਼ਰਤ ਉਸਮਾਨ ਦੁਆਰਾ ਤਿਆਰ ਕੀਤੇ ਕੁਰਾਨ ਬਾਰੇ ਕੋਈ ਇਤਰਾਜ਼ ਨਹੀਂ ਸੀ ਕੀਤਾ। ਹਜ਼ਰਤ ਉਸਮਾਨ ਦੁਆਰਾ ਤਿਆਰ ਕੀਤੀ ਬੀੜ ਨੂੰ ਉਸੇ ਦਿਨ ਨਸ਼ਟ ਕਰ ਦਿੱਤਾ ਗਿਆ ਸੀ, ਜਿਸ ਦਿਨ ਉਸਦਾ ਕਤਲ ਕੀਤਾ ਗਿਆ ਸੀ।[11] ਸ਼ੀਆ ਫ਼ਿਰਕੇ ਅਤੇ ਮੁਤੱਜਲੀ ਫ਼ਿਰਕੇ ਦੇ ਮੁਸਲਮਾਨਾਂ ਦੇ ਸੁੰਨੀ ਮੁਸਲਮਾਨਾਂ ਨਾਲ ਵਧੇ ਮਤਭੇਦਾਂ ਵਿਚ ਕੁਰਾਨ ਦੇ ਸੰਕਲਨ ਬਾਰੇ ਵੀ ਕੁਝ ਸ਼ੰਕੇ ਸਨ।

ਹਜ਼ਰਤ ਮੁਹੰਮਦ ਉਪਰ ਕੁਰਾਨ ਦਾ ਨਾਜ਼ਲ ਹੋਣਾ, ਬੜੀ ਨਿਆਰੀ ਘਟਨਾ ਦੱਸੀ ਜਾਂਦੀ ਹੈ। ਮੁਸਲਮ ਵਿਸ਼ਵਾਸ ਹੈ ਕਿ ਕੁਰਾਨ ਦੀ ਅਸਲ ਕਾਪੀ ਅੱਲਾਹ ਦੇ ਦਰਬਾਰ ਵਿਚ ਪਈ ਹੈ। ਜ਼ਬਰਾਈਲ ਫਰਿਸ਼ਤਾ, ਜੋ ਕਿ ਅੱਲਾਹ ਦਾ ਇਕ ਦੂਤ ਹੈ, ਰਾਹੀਂ ਕੁਰਾਨ ਵੱਖ-ਵੱਖ ਸਮੇਂ ਮੁਹੰਮਦ ਸਾਹਿਬ ਉਪਰ ਅਵਤਰਿਤ ਹੋਇਆ। ਮੁਹੰਮਦ ਸਾਹਿਬ ਨੇ ਅਨਪੜ੍ਹ ਹੋਣ ਦੇ ਬਾਵਜੂਦ, ਅੱਲਾਹ ਦੀ ਕਿਰਪਾ ਨਾਲ ਜ਼ਬਰਾਈਲ ਦੀ ਲਿਖਤ ਨੂੰ ਪੜ੍ਹ ਲਿਆ ਸੀ। ਮੁਸਲਮਾਨਾਂ ਦਾ ਦਾਅਵਾ ਹੈ ਕਿ ਹਜ਼ਰਤ ਉਸਮਾਨ ਦੁਆਰਾ ਤਿਆਰ ਕੀਤੇ ਕੁਰਾਨ ਵਿਚ ਫਿਰ ਕਦੇ ਤਬਦੀਲੀ ਨਹੀਂ ਹੋਈ। ਇਸ ਤਰ੍ਹਾਂ ਉਨ੍ਹਾਂ ਮੁਤਾਬਿਕ ਇਹ ਸਭ ਤੋਂ ਪ੍ਰਮਾਣੀਕ ਧਰਮ-ਗ੍ਰੰਥ ਹੈ।

ਸਕਰਿਪਚਰ ਦੇ ਇਤਿਹਾਸ ਵਿਚ ਉਸ ਸਮੇਂ ਇਕ ਹੋਰ ਅਧਿਆਇ ਜੁੜ ਗਿਆ, ਜਦੋਂ ਸਿੱਖਾਂ ਦੇ ਪੰਜਵੇਂ ਸਤਿਗੁਰੂ, ਗੁਰੂ ਅਰਜਨ ਸਾਹਿਬ ਨੇ *ਆਦਿ ਗ੍ਰੰਥ*

ਦੀ ਸੰਪਾਦਨਾ 1604 ਈ. ਵਿਚ ਕੀਤੀ ਸੀ। ਧਰਮ-ਗ੍ਰੰਥਾਂ ਦੇ ਇਤਿਹਾਸ ਵਿਚ 1604 ਈ. ਦਾ ਮਹੱਤਵ ਇਸ ਕਰਕੇ ਵੀ ਬਣ ਚੁੱਕਾ ਹੈ ਕਿ ਬਾਈਬਲ ਦਾ ਅੰਗਰੇਜ਼ੀ ਭਾਸ਼ਾ ਵਿਚ ਅਧਿਕਾਰਿਤ ਅਨੁਵਾਦ ਦਾ ਕੰਮ ਵੀ ਇਸੇ ਸਾਲ ਆਰੰਭ ਹੋਇਆ, ਜੋ 1611 ਈ. ਵਿਚ ਮੁਕੰਮਲ ਹੋਇਆ।[12] ਇਸਦਾ ਆਰੰਭ ਕਿੰਗ ਜੇਮਜ਼ ਨੇ ਕਰਾਇਆ ਸੀ। ਖ਼ੈਰ! ਸਿੱਖ ਵਿਸ਼ਵਾਸ ਅਨੁਸਾਰ *ਆਦਿ ਗ੍ਰੰਥ* ਦੀ ਬਾਣੀ ਅਕਾਲਪੁਰਖ ਦੀ ਦਰਗਾਹ ਵਿਚੋਂ ਸਿੱਧੀ ਆਈ ਹੈ। ਗੁਰੂ ਸਾਹਿਬਾਨ ਅਤੇ ਅਕਾਲਪੁਰਖ ਦਰਮਿਆਨ ਕੋਈ ਦੂਤ ਜਾਂ ਵਿਚੋਲਾ ਨਹੀਂ ਸੀ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਬਾਰੇ ਰਵਾਇਤ ਦੱਸਦੀ ਹੈ ਕਿ ਉਹ ਸ਼ਰੀਰਕ ਤੌਰ 'ਤੇ ਅਕਾਲਪੁਰਖ ਦੇ ਦਰਬਾਰ ਵਿਚ ਪਹੁੰਚੇ, ਜਿਥੇ ਅਕਾਲਪੁਰਖ ਨੇ ਉਨ੍ਹਾਂ ਨੂੰ ਜਗਤ ਤਾਰਨ ਲਈ ਨਿਯੁਕਤ ਕੀਤਾ। ਇਸ ਮਹੱਤਵਪੂਰਨ ਮੌਕੇ ਉਪਰ ਅਕਾਲਪੁਰਖ ਦੇ ਬਚਨਾਂ ਨੂੰ ਜਨਮਸਾਖੀ ਵਿਚ ਦਰਜ਼ ਕੀਤਾ ਹੈ:

> **"ਬਾਬਾ ਨਾਨਕੁ ਉਨਹੁ ਪਰਮੇਸਰੁ ਕਿਅਹੁ ਲੋਕਹੁ ਲਿਜਾਇ ਨਿਰੰਜਨ ਨਿਰੰਕਾਰ ਕੈ ਆਗੈ ਖੜਾ ਕੀਆ। ਤਬ ਦੇਖਿ ਕਰਿ ਨਾਨਕੁ ਹੈਰਾਨੁ ਹੋਇ ਗਇਆ। ...ਤਬ ਆਗਿਆ ਕਰਤੇ ਪੁਰਖਿ ਕੀ ਸਾਥਿ ਕਟੋਰਾ ਦੂਧ ਦਾ ਬਾਬੇ ਨਾਨਕ ਜੀ ਪਰਮੇਸੁਰ ਕੇ ਹਾਥ ਤੀ ਪੀ ਲਇਆ। ...ਤਬ ਸ੍ਰੀ ਪਾਰਬ੍ਰਹਮ ਕਹਿਆ ਜਿ, "ਏ ਨਾਨਕ! ਤੂੰ ਮੈ ਮੁਕਤਾ ਕੀਆ। ਜਿ ਕੋਈ ਤੁਮ ਕਉ ਦੇਖਹਿਗੇ ਸਿ ਮੁਕਤੇ ਕੀਏ। ਜਿ ਤੁਮ ਕਉ ਸੁਣਹਿਗੇ ਸੇ ਮੈ ਮੁਕਤਾ ਕੀਆ। ਜਿ ਤੇਰਾ ਨਾਮੁ ਲੇਹਿਗੇ ਸੇ ਮੈ ਮੁਕਤੇ ਕੀਏ। ...ਏ ਨਾਨਕ! ਤੈ ਮੇਰਾ ਨਾਮੁ ਕਲਿਜੁਗ ਕੇ ਬਿਖੈ ਜਪਾਵਣਾ।"**
>
> **(ਮਿਹਰਬਾਨ ਵਾਲੀ ਜਨਮਸਾਖੀ)**

ਬਾਣੀ ਵੱਖ-ਵੱਖ ਬਾਣੀਕਾਰਾਂ ਨੂੰ ਵੱਖ-ਵੱਖ ਸਮੇਂ ਅਵਤਰਿਤ ਹੋਈ। *ਗੁਰੂ ਗ੍ਰੰਥ ਸਾਹਿਬ* ਦੀ ਸਮੁੱਚੀ ਬਾਣੀ ਤੇਰ੍ਹਵੀਂ ਤੋਂ ਸਤਾਰਵੀਂ ਸਦੀ ਤੀਕ ਅਵਤਰਿਤ ਹੋਈ। ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਾਵਿ-ਰੂਪ ਵਿਚ ਹੈ। ਘੱਟੋ-ਘੱਟ ਗੁਰੂ ਨਾਨਕ ਸਾਹਿਬ ਦੇ ਸੰਬੰਧ ਵਿਚ ਅਜਿਹੇ ਕਾਫੀ ਹਵਾਲੇ ਪ੍ਰਾਪਤ ਹੁੰਦੇ ਹਨ ਕਿ ਗੁਰੂ ਜੀ ਦੀ ਉਚਾਰੀ ਬਾਣੀ ਨੂੰ ਲਿਖਾਰੀ ਨਾਲੋ ਨਾਲ ਲਿਖਦੇ ਸਨ। *ਪੁਰਾਤਨ ਜਨਮਸਾਖੀ* ਦੀ ਗਵਾਹੀ ਮੁਤਾਬਿਕ ਅਜਿਹੇ ਲਿਖਾਰੀਆਂ ਦੇ ਨਾਂ ਸੈਦੋ, ਘੀਓ, ਹਸੂ ਅਤੇ ਸ਼ੀਂਹਾ ਸਨ।[13] ਜਨਮਸਾਖੀ ਇਹ ਵੀ ਦਸ ਪਾਉਂਦੀ ਹੈ ਕਿ ਭਾਈ ਮਨਸੁਖ ਵਰਗੇ ਕੁਝ ਸਿੱਖ ਬਾਣੀ ਦੀਆਂ ਪੋਥੀਆਂ ਤਿਆਰ ਕਰ ਕਰ ਕੇ, ਦੂਰ-ਦੁਰਾਡੇ ਥਾਂਵਾਂ 'ਤੇ ਭੇਜਦੇ ਸਨ।[14] ਜੇ ਲਿਖਾਰੀ ਹਾਜ਼ਰ ਨਾ ਹੁੰਦੇ ਤਾਂ ਗੁਰੂ ਜੀ ਆਪ ਬਾਣੀ ਲਿਖਦੇ ਸਨ। ਯਾਦ ਰਹੇ ਕਿ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਦੇ ਮੁਤਾਬਿਕ ਸਾਰੀ ਵਿਦਿਆ ਗ੍ਰਹਿਣ ਕੀਤੀ ਸੀ। ਗੁਰੂ ਸਾਹਿਬਾਨ ਨੂੰ ਉਸ ਸਮੇਂ ਦੀਆਂ ਮੁੱਖ ਭਾਸ਼ਾਵਾਂ ਅਤੇ ਸਾਹਿਤ ਦੀ ਚੰਗੀ ਜਾਣਕਾਰੀ ਸੀ। ਉਹ ਸਾਹਿਤਕ ਰੁਚੀਆਂ ਰੱਖਦੇ

ਸਨ। ਉਹ ਬਾਣੀ ਸੰਗ੍ਰਹਿ ਕਰਨ ਵਾਲੀ ਨੋਟ ਬੁੱਕ (ਪੋਥੀ) ਆਪਣੇ ਕੋਲ ਰੱਖਦੇ ਸਨ।[15] ਹੋਰ ਗੁਰੂ ਸਾਹਿਬਾਨ ਨੇ ਵੀ ਬਾਣੀ ਦੀ ਸਾਂਭ-ਸੰਭਾਲ ਲਈ ਪੂਰਾ ਧਿਆਨ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਇਕੱਤਰ ਹੋਈ ਬਾਣੀ ਨੂੰ ਵਿਗਿਆਨਕ ਢੰਗ ਨਾਲ ਸੰਪਾਦਨ ਅਤੇ ਸੰਕਲਨ ਕੀਤਾ। ਇਉਂ ਵੱਡ-ਅਕਾਰੀ ਬੀੜ ਤਿਆਰ ਹੋ ਗਈ, ਜਿਸਨੂੰ 'ਆਦਿ ਗ੍ਰੰਥ' ਦੀ ਸੰਗਿਆ ਦਿੱਤੀ ਗਈ। ਗੁਰੂ ਅਰਜਨ ਸਾਹਿਬ ਦੁਆਰਾ ਤਿਆਰ ਇਸ *ਆਦਿ ਗ੍ਰੰਥ* ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 1706 ਈ. ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ ਕਰਕੇ, ਇਸਨੂੰ ਸੰਪੂਰਨਤਾ ਬਖ਼ਸ਼ੀ। ਇਸ ਤਰ੍ਹਾਂ ਤਿਆਰ ਕੀਤੇ ਸੰਪੂਰਨ ਸਰੂਪ ਨੂੰ 1708 ਈ. ਵਿਚ ਗੁਰਿਆਈ ਬਖ਼ਸ਼ੀ ਗਈ। ਇਸੇ ਲਈ ਗੁਰਦੁਆਰਿਆਂ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਤਖ਼ਤ ਉਪਰ ਕੀਤਾ ਜਾਂਦਾ ਹੈ।

ਹਵਾਲੇ ਅਤੇ ਟਿੱਪਣੀਆਂ

1. Mircea Eliade : *The Encyclopedia of Religion*, Vol. 13, p. 137.
2. ਅੰਬੇਡਕਰ, ਭੀਮਰਾਵ ਡਾ. : *ਭਗਵਾਨ ਬੁੱਧ ਅਤੇ ਉਨ੍ਹਾਂ ਦਾ ਧਰਮ*, ਪੰਨਾ 297.
3. *Rise and fall of Hindu Woman*, p. 4.
4. Manoj Das : *Book Forever*, p. 9.
5. श्री भगवानुवाच ॥ लोके स्मिन्द्विविधा निष्ठा पुरा प्रोक्ता मयानघ।
   ज्ञानयोगेन सांख्यानां कर्मयोगेन योगिनाम् ॥ (*श्री मद्भगवद्गीता* 1.4)
   ਹੋਰ ਦੇਖੋ, ਉਹੀ 11.48
6. John Riches : *The Bible*, p. 3.
7. ਸੰਤ ਮਾਰਕ ਦੇ 16ਵੇਂ ਅਧਿਆਇ ਦੀਆਂ 9-20 ਪੰਕਤੀਆਂ ਛਾਪਣੀਆਂ ਬੰਦ ਕਰ ਦਿੱਤੀਆਂ ਹਨ।
8. G. Gispert-Sauch, S.J., *Scripture as a Generic Concept*, (A paper read in Seminar organized by Pbi, Univ. Patiala)
9. Huston Smith : *The world's Religions*, p. 231.
10. Michael Cook : *The Koran*, p. 120.
11. *Ibid.*, p. 63.
12. John Riches : *The Bible*, p. 39.
13. *ਪੁਰਾਤਨ ਜਨਮਸਾਖੀ*, ਪੰਨੇ 81, 86, 93
14. *ਉਹੀ*, ਪੰਨਾ 75.
15. ਆਸਾ ਹਥ ਕਿਤਾਬ ਕਛ। (ਵਾਰਾਂ, ਭਾਈ ਗੁਰਦਾਸ : 1.32)

2

ਗੁਰੂ ਗ੍ਰੰਥ ਸਾਹਿਬ ਦੀ ਸਮਾਜਿਕ ਵਿਚਾਰਧਾਰਾ

ਸਮਾਜ ਅਤੇ ਧਰਮ ਦਾ ਬਹੁਤ ਕਰੀਬੀ ਸੰਬੰਧ ਰਿਹਾ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਆਦਿ-ਕਾਲੀਨ ਸਮਾਜ ਅਤੇ ਅਜੋਕੇ ਸਮਾਜ ਵਿਚ ਜੇਕਰ ਕੋਈ ਸਾਂਝੀ ਕੜੀ ਹੈ ਤਾਂ ਉਹ 'ਧਰਮ' ਹੈ। ਮਨੁੱਖੀ ਸਮਾਜ ਦਾ ਜ਼ਰੂਰੀ ਲੱਛਣ ਧਰਮ ਹੈ। ਸਮਾਜ ਵਿਗਿਆਨੀ ਇਸੇ ਗੱਲ ਨੂੰ ਉਲਟਾਅ ਕੇ ਲਿਖਦੇ ਹਨ ਕਿ ਧਰਮ ਇਕ ਸਮਾਜਿਕ ਵਰਤਾਰਾ ਹੈ। ਸਮਾਜ ਅਤੇ ਧਰਮ ਦੋਵੇਂ ਇਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਹ ਇਕ ਵੱਖਰਾ ਪ੍ਰਸ਼ਨ ਹੈ ਕਿ ਧਰਮ ਕਿਸ ਹੱਦ ਤੀਕ ਸਮਾਜ ਲਈ ਸਹਾਇਕ ਹੈ ਅਤੇ ਕਿਸ ਰੂਪ ਵਿਚ ਸਮਾਜ ਲਈ ਹਾਨੀਕਾਰਕ ਹੈ। ਪਰ ਧਰਮ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਕਈ ਵਾਰ ਤਾਂ ਧਰਮਾਂ ਦਾ ਇਤਿਹਾਸ ਵਾਚੀਏ ਤਾਂ ਸਮਝ ਆਉਂਦੀ ਹੈ ਕਿ ਧਰਮ, ਕਿਸੇ ਵਿਸ਼ੇਸ਼ ਸਮੇਂ ਦੀ ਸਮਾਜਿਕ ਵਿਵਸਥਾ ਦੇ ਵਿਰੋਧ ਵਿਚ ਪੈਦਾ ਹੋਇਆ ਇਕ ਜਨ-ਅੰਦੋਲਨ ਹੁੰਦਾ ਹੈ। ਸਿੱਖ ਮਤ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਪੰਦਰਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਰੱਖੀ। ਜੇ ਗਹੁ ਨਾਲ ਨਜ਼ਰ ਮਾਰੀਏ ਤਾਂ ਇਹ ਉਹ ਯੁੱਗ ਹੈ ਜਿਸ ਵੇਲੇ ਸਾਰੇ ਵਿਸ਼ਵ ਵਿਚ ਇਕ ਤਬਦੀਲੀ ਦਾ ਦੌਰ ਚੱਲ ਰਿਹਾ ਸੀ। ਪੁਰਾਣੇ ਅਤੇ ਪਰੰਪਰਾਗਤ ਗਿਆਨ ਦੀ ਥਾਂ ਵਿਗਿਆਨ ਲੈਣ ਲੱਗ ਪਿਆ ਸੀ। ਕਾਪਰਨੀਕਸ ਅਤੇ ਗਲੈਲੀਓ ਦੀਆਂ ਲੱਭਤਾਂ ਨੇ, ਲੋਕਾਂ ਦੀ ਸਮਝ ਨੂੰ ਬਦਲ ਦਿੱਤਾ। ਜਰਮਨ ਦੇ ਮਾਰਟਿਨ ਲੂਥਰ ਨੇ ਧਰਮ ਦੇ ਠੇਕੇਦਾਰ ਬਣ ਬੈਠੇ ਪੁਜਾਰੀਵਾਦ ਵਿਰੁੱਧ ਸਫ਼ਲ ਸੰਘਰਸ਼ ਕਰਕੇ, ਧਰਮ ਵਿਚ ਪਾਏ ਜਾਂਦੇ ਅੰਧ-ਵਿਸ਼ਵਾਸ ਅਤੇ ਕਰਮ-ਕਾਂਡ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਮੱਧਕਾਲ ਦੇ ਇਸ ਦੌਰ ਵਿਚ ਭਾਰਤ ਵੀ ਕਿਸੇ ਕ੍ਰਾਂਤੀ ਲਈ ਅੰਗੜਾਈ ਲੈ ਰਿਹਾ ਪ੍ਰਤੀਤ ਹੁੰਦਾ ਸੀ। ਭਗਤੀ ਲਹਿਰ ਦੇ ਸੰਤਾਂ ਜਿਨ੍ਹਾਂ ਵਿਚ ਕਬੀਰ, ਨਾਮਦੇਵ, ਰਵਿਦਾਸ ਪ੍ਰਮੁੱਖ ਸਨ, ਦੀ ਧਰਮੋ-ਸਮਾਜਿਕ ਵਿਚਾਰਧਾਰਾ ਵਿਚ ਇਕ ਸਾਂਝ ਇਹ ਦਿਸਦੀ ਹੈ ਕਿ ਉਹ ਧਰਮ ਨੂੰ ਵਿਖਾਵੇ ਅਤੇ ਕਰਮ-ਕਾਂਡ ਦੀ ਚੀਜ਼ ਨਾ ਮੰਨ ਕੇ, ਧਰਮ ਨੂੰ ਰਹੱਸਵਾਦ ਨਾਲ ਜੋੜਦੇ ਹਨ। ਉਨ੍ਹਾਂ ਦੀ ਇਹ ਪ੍ਰਾਪਤ ਕਿਸੇ ਹੱਦ ਤੀਕ ਸੂਫ਼ੀਆਂ ਤੋਂ ਵੀ ਪ੍ਰਭਾਵਿਤ ਸੀ। ਸਪੱਸ਼ਟ ਹੈ ਕਿ ਇਸਲਾਮਿਕ ਰਹੱਸਵਾਦ ਨੇ ਭਾਰਤੀ ਲੋਕਾਂ ਨੂੰ ਰਵਾਇਤੀ ਧਾਰਮਿਕ ਕੱਟੜਤਾ ਤੋਂ ਵਰਜਿਆ ਸੀ। ਕਿਹਾ ਜਾ

ਸਕਦਾ ਹੈ ਕਿ ਉਹ ਸਟੇਜ਼ ਤਿਆਰ ਹੋ ਚੁੱਕੀ ਸੀ, ਜਿਸ ਉਪਰ ਸਿੱਖ ਲਹਿਰ ਨੇ ਆਪਣਾ ਰੋਲ ਨਿਭਾਉਣਾ ਸੀ। ਸਿੱਖ ਲਹਿਰ ਦੇ ਬਾਨੀ ਨੂੰ ਇਕ ਢੁੱਕਵਾਂ ਮਾਹੌਲ ਵਿਰਸੇ ਵਿਚ ਮਿਲਿਆ ਸੀ, ਜਿਸਦਾ ਭਰਪੂਰ ਪ੍ਰਯੋਗ ਸਭ ਗੁਰੂ ਸਾਹਿਬਾਨ ਨੇ ਕੀਤਾ। ਬਾਅਦ ਵਿਚ ਪੰਜਵੇਂ ਗੁਰੂ, ਅਰਜਨ ਦੇਵ ਜੀ ਨੇ ਇਨ੍ਹਾਂ ਵਿਚੋਂ ਕਈ ਭਗਤਾਂ ਜਾਂ ਸੰਤਾਂ ਦੀ ਚੋਣਵੀਂ ਬਾਣੀ ਨੂੰ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ਼ ਕਰਕੇ, ਉਨ੍ਹਾਂ ਪ੍ਰਤੀ ਆਭਾਰ ਪ੍ਰਗਟ ਕੀਤਾ ਸੀ। ਪਰ ਇਸਦਾ ਕਦਾਚਿੱਤ ਇਹ ਭਾਵ ਨਹੀਂ ਕਿ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਵਿਚ ਕੋਈ ਮੌਲਿਕਤਾ ਨਹੀਂ ਸੀ। ਸਗੋਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਵਿਚ ਸਪੱਸ਼ਟਤਾ ਅਤੇ ਸਪੱਸ਼ਟ ਅਗਵਾਈ ਹੈ, ਜੋ ਕਿ ਪਹਿਲੇ ਬਾਣੀਕਾਰਾਂ ਦੀ ਬਾਣੀ ਵਿਚ ਨਹੀਂ ਮਿਲਦੀ।

ਜਨਮਸਾਖੀ ਸਾਹਿਤ ਇਹ ਦਸ ਪਾਉਂਦਾ ਹੈ ਕਿ ਸਿੱਖ ਮਤ ਦਾ ਬਾਨੀ ਬਚਪਨ ਤੋਂ ਹੀ ਆਪਣੇ ਸਮੇਂ ਦੀ ਵਿਵਸਥਾ ਤੋਂ ਅਸੰਤੁਸ਼ਟ ਸੀ। ਪਿਤਾ ਕਾਲੂ ਅਤੇ ਬਾਲ ਨਾਨਕ ਦਰਮਿਆਨ ਇਕ ਤਣਾਅ ਬਰਕਰਾਰ ਰਹਿੰਦਾ ਹੈ। ਇਹੀ ਤਣਾਅ ਅਧਿਆਪਕ ਅਤੇ ਵਿਦਿਆਰਥੀ ਨਾਨਕ ਦਰਮਿਆਨ ਵੀ ਕਾਇਮ ਹੈ। *ਜਨਮਸਾਖੀਆਂ* ਅਨੁਸਾਰ ਚਾਹੇ ਰਾਜਸੀ ਧਿਰ ਹੋਵੇ ਜਾਂ ਧਾਰਮਿਕ ਆਗੂ ਹੋਣ, ਗੁਰੂ ਨਾਨਕ ਸਾਹਿਬ ਹਰੇਕ ਨੂੰ ਤਾੜਨਾ ਭਰਿਆ ਉਪਦੇਸ਼ ਦੇ ਕੇ ਖ਼ੁਦ ਆਪਣੇ ਆਪ ਅਤੇ ਫਿਰ ਸਮਾਜ ਵਿਚ ਕੁਝ ਤਬਦੀਲੀ ਦੀ ਕਾਮਨਾ ਕਰਦੇ ਹਨ। ਗੁਰੂ ਨਾਨਕ ਸਾਹਿਬ ਨੂੰ ਨਿਰੰਕਾਰ ਨੇ ਜਦੋਂ ਜਗਤ ਤਾਰਨ ਦੀ ਜ਼ਿੰਮੇਵਾਰੀ ਦਿੱਤੀ ਤਾਂ ਉਨ੍ਹਾਂ ਨੇ ਪਹਿਲਾ ਨਾਅਰਾ ਦਿੱਤਾ 'ਨਾ ਕੋ ਹਿੰਦੂ ਨਾ ਮੁਸਲਮਾਨ'। ਉਹ ਮਨੁੱਖ ਨੂੰ ਮਨੁੱਖ ਵਜੋਂ ਪਛਾਣ ਜਾਂ ਮਾਨਤਾ ਦੇਣ ਦੇ ਹਾਮੀ ਸਨ। ਮਜ਼੍ਹਬ ਦੇ ਆਧਾਰ 'ਤੇ ਕਿਸੇ ਨੂੰ ਚੰਗਾ ਜਾਂ ਮਾੜਾ ਮੰਨ ਲੈਣਾ ਠੀਕ ਨਹੀਂ। ਸਮਾਜ ਵਿਚ ਮਨੁੱਖ ਨੂੰ ਸਤਿਕਾਰ ਅਤੇ ਬਰਾਬਰੀ ਮਿਲਣ ਦੀ ਹਿਮਾਇਤ ਗੁਰੂ ਨਾਨਕ ਸਾਹਿਬ ਨੇ ਕੀਤੀ ਹੈ। ਇਉਂ ਦੇਖੀਏ ਤਾਂ ਸਪੱਸ਼ਟ ਹੋ ਜਾਂਦਾ ਕਿ ਗੁਰਮਤ ਨੇ ਮਨੁੱਖੀ ਭਾਈਚਾਰੇ ਦੀ ਗੱਲ ਨੂੰ ਬਹੁਤ ਅਹਿਮ ਮੰਨਦਿਆਂ, ਇਸਨੂੰ ਬਹੁਤ ਮਹੱਤਾ ਦਿੱਤੀ ਹੈ।

ਇਤਿਹਾਸਕ ਪੱਖ ਤੋਂ ਮੱਧਕਾਲੀ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਦੀ ਸਮਾਜਿਕ ਵਿਵਸਥਾ ਬਿਲਕੁਲ ਸੰਤੋਸ਼ਜਨਕ ਨਹੀਂ ਸੀ। ਡਾ. ਭਗਤ ਸਿੰਘ ਨੇ *ਤਾਰੀਖ਼-ਏ-ਫਰਿਸ਼ਤਾ* ਦੇ ਹਵਾਲੇ ਨਾਲ ਲਿਖਿਆ ਹੈ ਕਿ, "ਸਿਕੰਦਰ ਲੋਧੀ ਇਕ ਹਿੰਦੂ ਸੁਨਿਆਰੇ ਦੀ ਧੀ ਦੀ ਕੁੱਖੋਂ ਪੈਦਾ ਹੋਇਆ ਸੀ, ਪਰ ਫਿਰ ਵੀ ਉਸਨੇ ਮਾਂ ਦੇ ਧਰਮ ਵੱਲ ਜ਼ਰਾ ਵੀ ਲਿਹਾਜ਼ੀ ਰਵੱਈਆ ਧਾਰਨ ਨਾ ਕੀਤਾ। ਉਸਨੇ ਬੋਧਨ ਨਾਮੀ ਇਕ ਬ੍ਰਾਹਮਣ ਨੂੰ ਇਤਨਾ ਕਹਿਣ 'ਤੇ ਹੀ ਕਿ ਇਸਲਾਮ ਵਾਂਗ ਸੱਚਾ ਧਰਮ ਹੋਰ ਵੀ ਧਰਮ ਹੋ ਸਕਦਾ ਹੈ, ਮੌਤ ਦੇ ਘਾਟ ਉਤਾਰ ਦਿੱਤਾ ਸੀ।"[1] ਹਾਕਮ ਜਮਾਤ ਨੇ ਹਿੰਦੂਆਂ ਦੇ ਮੌਲਿਕ ਅਧਿਕਾਰਾਂ ਦੀ ਰੱਤੀ ਭਰ ਵੀ ਪ੍ਰਵਾਹ ਕਰਨ ਦੀ ਲੋੜ ਨਹੀਂ ਸਮਝੀ ਸੀ। ਇਸ ਬਾਰੇ ਲੇਨ ਪੂਲ ਲਿਖਦਾ ਹੈ, "ਹਿੰਦੂਆਂ ਦਾ ਜੀਵਨ

ਬਹੁਤ ਹੀ ਤੰਗ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਸਵਾਰੀ ਲਈ ਘੋੜੇ ਰੱਖਣ ਅਤੇ ਆਪਣੇ ਨਾਲ ਹਥਿਆਰ ਲਿਜਾਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਸੀ। ਚੰਗੇ ਕੱਪੜੇ ਤੇ ਜ਼ਿੰਦਗੀ ਦੇ ਐਸ਼ੋ-ਆਰਾਮ ਮਾਣ ਸਕਣ ਉੱਤੇ ਪਾਬੰਦੀ ਲਾ ਦਿੱਤੀ ਗਈ ਸੀ। ...ਸੋਨਾ, ਚਾਂਦੀ ਜਾਂ ਪਾਨ-ਸੁਪਾਰੀ ਕਿਸੇ ਵੀ ਹਿੰਦੂ ਘਰ ਵਿਚ ਰੱਖਣ ਦੀ ਮਨਾਹੀ ਸੀ। ਗਰੀਬ ਕੀਤੇ ਹਿੰਦੂ ਮੁਲਜ਼ਮਾਂ ਦੀਆਂ ਇਸਤਰੀਆਂ ਨੂੰ ਮੁਸਲਮਾਨਾਂ ਦੇ ਘਰਾਂ ਵਿਚ ਮਜ਼ਬੂਰ ਹੋ ਕੇ ਕੰਮ ਕਰਨਾ ਪੈਂਦਾ ਸੀ।"[2]

ਉਪਰੋਕਤ ਦੋ ਹਵਾਲਿਆਂ ਤੋਂ ਗੁਰੂ-ਕਾਲ ਦੇ ਸਮਾਜ ਦੀ ਹਾਲਤ ਦਾ ਕੁਝ ਕੁ ਅੰਦਾਜ਼ਾ ਹੋ ਸਕਦਾ ਹੈ। ਸਾਡੇ ਪਰਚੇ ਦੇ ਸੰਦਰਭ ਵਿਚ ਇਹ ਹਵਾਲੇ ਕਾਫ਼ੀ ਹਨ।

ਪਰ ਇਸ ਤੋਂ ਇਹ ਸਿੱਟਾ ਕੱਢ ਲੈਣਾ ਕਿ ਸਮਾਜ ਵਿਚ ਸਭ ਬੁਰਾਈਆਂ ਦਾ ਕਾਰਨ ਕੇਵਲ ਮੁਸਲਮ ਹਾਕਮ ਹੀ ਸਨ, ਨਾ ਕੇਵਲ ਗ਼ਲਤ ਹੋਵੇਗਾ ਸਗੋਂ ਖ਼ਤਰਨਾਕ ਵੀ ਹੋ ਸਕਦਾ ਹੈ। ਮੱਧਕਾਲੀ ਸਮਾਜ ਵਿਚ ਐਸੀਆਂ ਕਈ ਬੁਰਾਈਆਂ ਸਨ, ਜਿਨ੍ਹਾਂ ਦੇ ਵਧਣ-ਫੁੱਲਣ ਲਈ ਹਿੰਦੂ ਸਮਾਜ ਜ਼ਿੰਮੇਵਾਰੀ ਸੀ। ਅਜਿਹੀਆਂ ਬੁਰਾਈਆਂ ਵਿਚ ਜਾਤ-ਪਾਤ, ਵਿਹਲੜ ਲੋਕਾਂ ਦਾ ਸਨਮਾਨ, ਨਾਰੀ ਨੂੰ ਦਬਾਉਣਾ ਅਤੇ ਅੰਧ-ਵਿਸ਼ਵਾਸ ਆਦਿ ਸ਼ਾਮਲ ਸਨ। ਗੁਰੂ ਸਾਹਿਬਾਨ ਨੇ ਬਿਨਾਂ ਪੱਖਪਾਤ ਦੇ ਦੋਵੇਂ ਧਿਰਾਂ (ਮੁਸਲਮ ਦੇ ਹਿੰਦੂ) ਦੇ ਭੈੜੇ ਵਤੀਰੇ ਦੀ ਨਿੰਦਾ ਕਰਦਿਆਂ, ਉਨ੍ਹਾਂ ਨੂੰ ਸਮਾਜ ਦੇ ਕਲਿਆਣ ਲਈ ਉਸਾਰੂ ਸੋਚ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ।

ਗੁਰੂ ਸਾਹਿਬਾਨ ਦੇ ਜਨ-ਉਪਕਾਰ ਲਈ ਦਿੱਤੇ ਉਪਦੇਸ਼ ਗੁਰਬਾਣੀ ਰੂਪ ਵਿਚ, *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਹਨ। ਇਹ ਉਪਦੇਸ਼ ਸਾਰੇ ਵਿਸ਼ਵ ਦੇ ਲੋਕਾਂ ਅਤੇ ਸਾਰੇ ਸਮਾਜਾਂ ਨੂੰ ਸਦਾ-ਸਦਾ ਰੌਸ਼ਨੀ ਦੇਣ ਦੇ ਸਮਰੱਥ ਹਨ। ਆਓ! ਇਨ੍ਹਾਂ ਉਪਦੇਸ਼ਾਂ ਦੀ ਸਮਾਜਿਕ ਸਾਰਥਿਕਤਾ ਨੂੰ ਵਾਚੀਏ:

ਮਨੁੱਖੀ ਅਧਿਕਾਰ

ਮਨੁੱਖੀ ਸਤਿਕਾਰ ਅਤੇ ਸੁਰੱਖਿਆ ਦਾ ਆਧਾਰ ਕੁਝ ਜ਼ਰੂਰੀ ਅਧਿਕਾਰ ਹੁੰਦੇ ਹਨ। ਭਾਵੇਂ ਕਿ ਅਧਿਕਾਰਾਂ ਪ੍ਰਤੀ ਚੇਤਨਾ ਪ੍ਰਾਚੀਨ ਸਮੇਂ ਤੋਂ ਹੀ ਮੌਜੂਦ ਰਹੀ ਹੈ; ਪਰ ਗੁਰੂ ਨਾਨਕ ਐਸੇ ਮਹਾਂਪੁਰਸ਼ ਸਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਮ ਮਨੁੱਖ ਦੇ ਅਧਿਕਾਰਾਂ ਦੀ ਹਾਮੀ ਭਰੀ ਸੀ। *International Encyclopedia of the Social Sciences* ਅਨੁਸਾਰ ਮਨੁੱਖੀ ਅਧਿਕਾਰਾਂ ਦੀ ਗੱਲ 18ਵੀਂ ਸਦੀ ਦੇ ਅੰਤਮ ਦੋ ਦਹਾਕਿਆਂ ਤੋਂ ਹੀ ਤੁਰੀ ਹੈ।[3] ਥਾਮਸ ਹਾੱਬਸ (1588-1679) ਨੂੰ ਮਨੁੱਖੀ ਅਧਿਕਾਰਾਂ ਲਈ ਲਿਖਣ ਵਾਲਿਆਂ ਦੇ ਪਿਤਾਮਾ ਵਜੋਂ ਜਾਣਿਆ ਜਾਂਦਾ ਹੈ। ਪਰ ਉਸਨੇ ਮਨੁੱਖ ਦੇ ਕੁਦਰਤੀ ਅਧਿਕਾਰਾਂ ਦੀ ਗੱਲ ਹੀ ਕੀਤੀ। *ਗੁਰੂ ਗ੍ਰੰਥ ਸਾਹਿਬ* ਦੀ ਸੰਪਾਦਨਾ 1604 ਵਿਚ ਹੋਈ ਤਾਂ ਥਾਮਸ ਹਾੱਬਸ ਨੂੰ ਅਤੇ ਪੱਛਮੀ

ਜਗਤ ਨੂੰ ਉਸ ਵੇਲੇ ਪਤਾ ਵੀ ਨਹੀਂ ਸੀ ਕਿ ਭਾਰਤ ਵਿਚ ਗੁਰੂ ਸਾਹਿਬਾਨ ਮਨੁੱਖੀ ਅਧਿਕਾਰਾਂ ਨੂੰ ਲੈ ਕੇ ਚਿੰਤਤ ਸਨ ਅਤੇ ਗੁਰੂ ਸਾਹਿਬਾਨ ਦੇ ਵਿਚਾਰ ਪੱਛਮੀ ਚਿੰਤਕਾਂ ਤੋਂ ਕਿਤੇ ਅਗਾਂਹਵਧੂ ਵੀ ਸਨ। ਉਦਾਹਰਣ ਦੇ ਤੌਰ 'ਤੇ ਹਾੱਬਸ ਰਾਜਸੱਤਾ ਨੂੰ ਕਾਨੂੰਨ ਤੋਂ ਉਪਰ ਮੰਨਦਾ ਸੀ,[4] ਜਦੋਂ ਕਿ ਗੁਰਬਾਣੀ ਅਨੁਸਾਰ ਰਾਜਾ ਕੋਈ ਦੈਵੀ-ਦੂਤ ਨਹੀਂ, ਸਗੋਂ ਬਲ, ਹਰਣਾਕਸ਼, ਰਾਵਣ, ਦੁਰਯੋਧਨ ਆਦਿ ਲੋਕ-ਵਿਰੋਧੀ ਰਾਜਿਆਂ ਨੂੰ ਰੱਬ ਸਜ਼ਾ ਦਿੰਦਾ ਹੈ।[5] ਸੰਸਾਰ ਦੇ ਲੋਕਾਂ ਲਈ ਇੰਗਲੈਂਡ ਦੇ ਜਾਨ ਲਾਕ ਦੁਆਰਾ 1686 ਈ. ਦੇ *Bill of Rights* ਨੂੰ ਪਾਸ ਕਰਾਉਣ ਤੋਂ ਪਹਿਲਾਂ, ਮਨੁੱਖੀ ਅਧਿਕਾਰਾਂ ਦੀ ਚਰਚਾ ਨਹੀਂ ਸੀ। ਪਰ *ਗੁਰੂ ਗ੍ਰੰਥ ਸਾਹਿਬ* ਵਿਚ ਮਨੁੱਖ ਦੇ ਹੇਠ ਲਿਖੇ ਅਧਿਕਾਰਾਂ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਉਠਾਈ ਗਈ ਹੈ:

1. ਬਰਾਬਰੀ ਦਾ ਅਧਿਕਾਰ

ਗੁਰਬਾਣੀ ਦੀ ਵਿਚਾਰਧਾਰਾ ਅਨੁਸਾਰ ਸਾਰੇ ਮਨੁੱਖਾਂ ਵਿਚ ਇਕ ਪਰਮਾਤਮਾ ਦੀ ਜੋਤ ਪ੍ਰਕਾਸ਼ਮਾਨ ਹੈ।[6] ਇਸ ਲਈ ਸਿਧਾਂਤਕ ਤੌਰ 'ਤੇ ਗੁਰਬਾਣੀ ਸਭ ਮਨੁੱਖਾਂ ਨੂੰ ਬਰਾਬਰ ਮੰਨਦੀ ਹੈ। ਗੁਰਬਾਣੀ ਨੇ ਜਾਤ, ਨਸਲ, ਰੰਗ ਜਾਂ ਲਿੰਗ ਦੇ ਵਿਤਕਰਿਆਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਹੈ। ਭਾਰਤੀ ਸਮਾਜ ਨੂੰ ਜਾਤ-ਪਾਤੀ ਪ੍ਰਣਾਲੀ ਨੇ ਵਲੂੰਧਰਿਆ ਹੋਇਆ ਹੈ। ਇਸ ਤੋਂ ਭਾਰਤੀ ਸਮਾਜ ਛੁਟਕਾਰਾ ਨਹੀਂ ਪਾ ਸਕਿਆ। ਇਸਦਾ ਕਾਰਣ ਇਹ ਹੈ ਕਿ ਜਾਤ-ਪਾਤੀ ਪ੍ਰਣਾਲੀ ਨੂੰ ਵੇਦਾਂ ਨੇ ਧਾਰਮਿਕ ਆਧਾਰ ਮੁਹੱਈਆ ਕਰਵਾਇਆ ਹੈ।[7] ਕਿਹਾ ਜਾ ਸਕਦਾ ਹੈ ਕਿ ਇਸ ਸਮਾਜ-ਵਿਰੋਧੀ ਪ੍ਰਣਾਲੀ ਨੂੰ 'ਦੈਵੀ' ਮੰਨਣ ਕਰਕੇ, ਇਹ ਪ੍ਰਣਾਲੀ ਭਾਰਤੀਆਂ ਦੀ ਭਾਈਚਾਰਕ ਏਕਤਾ ਲਈ ਚੁਣੌਤੀ ਬਣੀ ਰਹੀ ਹੈ। ਮਹਾਤਮਾ ਬੁੱਧ ਅਸੂਲੀ ਤੌਰ 'ਤੇ ਜਾਤ ਪ੍ਰਥਾ ਦਾ ਵਿਰੋਧੀ ਸੀ, ਪਰ *ਮਨੂਸਿਮਰਤੀ* ਦੇ ਹੁੰਦਿਆਂ ਬੁੱਧ ਮਤ ਜਾਤ ਪ੍ਰਥਾ ਨੂੰ ਉਖਾੜ ਸਕਣ ਵਿਚ ਸਫ਼ਲ ਨਹੀਂ ਹੋਇਆ। ਗੁਰੂ ਸਾਹਿਬਾਨ ਨੇ ਜਾਤ ਪ੍ਰਣਾਲੀ ਦੀ ਜੜ੍ਹ ਉਪਰ ਵਾਰ ਕਰਦਿਆਂ ਫ਼ੁਰਮਾਇਆ ਸੀ ਕਿ ਜਾਤ ਦੀ ਥਾਂ ਜੋਤ ਨੂੰ ਆਦਰ ਦੇਣਾ ਚਾਹੀਦਾ ਹੈ।[8] ਗੁਰਬਾਣੀ ਅਨੁਸਾਰ ਪਰਮਾਤਮਾ ਨੇ ਜਾਤ ਨੂੰ ਕੋਈ ਮਾਨਤਾ ਨਹੀਂ ਦੇਣੀ।[9] ਗੁਰਬਾਣੀ ਜਾਤ-ਪਾਤੀ ਪ੍ਰਣਾਲੀ ਤੋਂ ਪੀੜਤ ਦਲਿਤਾਂ ਲਈ ਇਹ ਕਹਿ ਕੇ ਆਸ ਜਗਾਉਂਦੀ ਹੈ ਕਿ ਗੁਰੂ ਦੀ ਸ਼ਰਨੀਂ ਪਿਆਂ, ਜਾਤ-ਪਾਤ ਆਦਿ ਦੀ ਹਉਮੈ ਮਿੱਟ ਜਾਂਦੀ ਹੈ।[10] ਸਿੱਖ ਲਹਿਰ ਨੇ ਗੁਰਬਾਣੀ ਤੋਂ ਸੇਧ ਲੈ ਕੇ ਜਾਤ-ਪਾਤ ਦੀ ਪ੍ਰਥਾ ਉਪਰ ਸਫ਼ਲਤਾਪੂਰਵਕ ਕੁਹਾੜੀ ਚਲਾਈ।[11] 'ਨੀਚਹੁ ਊਚ ਕਰੇ ਮੇਰਾ ਗੋਬਿੰਦ' ਦੇ ਵਿਸ਼ਵਾਸ ਨੇ ਅਜਿਹਾ ਅੰਦੋਲਨ ਚਲਾਇਆ ਕਿ ਅਠਾਰਵੀਂ ਸਦੀ ਵਿਚ ਨੀਵੀਆਂ ਜਾਤਾਂ ਵਾਲੇ 'ਸਰਦਾਰ' ਬਣ ਗਏ। ਡਾ. ਰਾਧਾਕ੍ਰਿਸ਼ਨਨ ਨੇ ਲਿਖਿਆ ਹੈ:

"ਨਾਨਕ ਨੇ ਸਵੈ-ਅਭਿਮਾਨੀ ਨਰ-ਨਾਰੀਆਂ ਜਿਨ੍ਹਾਂ ਵਿਚ ਆਪਣੇ ਨੇਤਾਵਾਂ

ਪ੍ਰਤੀ ਸ਼ਰਧਾ ਹੋਵੇ ਅਤੇ ਜੋ ਸਭ ਨਾਲ ਬਰਾਬਰੀ ਅਤੇ ਭਾਈਚਾਰੇ ਵਾਲਾ ਵਿਹਾਰ ਕਰ ਸਕਦੇ ਹੋਣ, ਦਾ ਇਕ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕੀਤੀ।"[12] ਹਾਲਾਂਕਿ ਗੁਰੂ-ਕਾਲ ਦਾ ਇਕ ਲਿਖਾਰੀ ਸਪੱਸ਼ਟ ਦੱਸਦਾ ਹੈ ਕਿ ਜਾਤ-ਪਾਤੀ ਪ੍ਰਬੰਧ ਨੂੰ ਗੁਰੂ-ਕਾਲ ਵਿਚ ਹੀ ਝਟਕਾ ਲੱਗ ਚੁੱਕਾ ਸੀ। ਮੋਹਸਿਨ ਫਾਨੀ ਦਾ ਕਥਨ ਹੈ:

"There is no restriction among them that a Brahmin may not become the disciple of Khatri."[13]


2. ਇਸਤਰੀ ਦੀ ਪ੍ਰਤਿਸ਼ਠਾ

ਨਵੰਬਰ 1918 ਈ. ਵਿਚ ਵੀ.ਈ. ਲੈਨਿਨ ਨੇ ਲਿਖਿਆ ਸੀ ਕਿ, "ਵਰਤਮਾਨ ਸਮੇਂ ਤੀਕ ਇਕ ਵੀ ਜਨਤੰਤਰ ਔਰਤਾਂ ਨੂੰ ਮੁਕਤ ਕਰਨ ਵਿਚ ਸਮਰੱਥ ਨਹੀਂ ਹੋਇਆ।" ਅੱਜ ਲੱਗਪਗ ਸੌ ਸਾਲ ਬੀਤ ਜਾਣ ਬਾਅਦ ਵੀ ਲੈਨਿਨ ਦੇ ਸ਼ਬਦ ਮਨੁੱਖਤਾ ਨੂੰ ਇਸਤਰੀ ਜਾਤ ਦੇ ਕਲਿਆਣ ਦੀ ਦੁਹਾਈ ਪਾ ਰਹੇ ਹਨ। ਪੁਰਸ਼ ਅਤੇ ਔਰਤ ਦੀ ਬਰਾਬਰੀ ਦੀ ਗੱਲ ਕਈ ਮੰਚਾਂ ਉਪਰ ਹੁੰਦੀ ਹੈ। ਬਹੁਤ ਸਾਰੇ ਕਾਨੂੰਨ ਵੀ ਔਰਤਾਂ ਨਾਲ ਬਰਾਬਰੀ ਵਾਲਾ ਸਲੂਕ ਕਰਨ ਲਈ ਬਣਾਏ ਗਏ ਹਨ। ਪਰ ਗੁਰਬਾਣੀ ਪੰਜ ਸੌ ਵਰ੍ਹਿਆਂ ਤੋਂ ਇਹ ਸੇਧ ਦਿੰਦੀ ਆ ਰਹੀ ਹੈ ਕਿ ਇਸਤਰੀ, ਸਮਾਜ ਵੱਲੋਂ ਵਿਸ਼ੇਸ਼ ਸਤਿਕਾਰ ਦੀ ਹੱਕਦਾਰ ਹੈ। ਪੁਰਸ਼ ਅਤੇ ਇਸਤਰੀ ਦੀ ਬਰਾਬਰੀ ਤੋਂ ਵੀ ਵੱਧ ਗੁਰਬਾਣੀ ਦਾ ਪੈਂਤੜਾ ਇਹ ਹੈ ਕਿ ਇਸਤਰੀ ਨੂੰ ਸਮਾਜ ਉਸਾਰੀ ਵਿਚ ਸਭ ਤੋਂ ਅਹਿਮ ਜ਼ਿੰਮੇਵਾਰੀ ਲੈ ਕੇ, ਸਰਗਰਮ ਰੋਲ ਨਿਭਾਉਣਾ ਚਾਹੀਦਾ ਹੈ। ਚੰਗੇ ਸ਼ਹਿਰੀ ਪੈਦਾ ਕਰਨੇ, ਮਾਂ ਦੀ ਜ਼ਿੰਮੇਵਾਰੀ ਹੈ - ਇਸ ਕਰਕੇ ਉਸਦਾ ਸਤਿਕਾਰ ਕਰਨਾ ਜ਼ਰੂਰੀ ਹੈ।[14]

ਗੁਰਬਾਣੀ ਦੀ ਇਹ ਸਿੱਖਿਆ, ਸਿੱਖ ਸਮਾਜ ਨੇ ਛੇਤੀ ਹੀ ਵਿਹਾਰ ਵਿਚ ਲਿਆਂਦੀ। ਦੂਜੇ ਗੁਰੂ, ਅੰਗਦ ਦੇਵ ਜੀ ਦੇ ਸਮੇਂ ਲੰਗਰ ਦੇ ਪ੍ਰਬੰਧ ਦੀ ਮੁੱਖ ਪ੍ਰਬੰਧਕ ਉਨ੍ਹਾਂ ਦੀ ਸੁਪੱਤਨੀ ਬੀਬੀ ਖੀਵੀ ਜੀ ਨੂੰ ਲਗਾਇਆ ਗਿਆ ਸੀ। ਤੀਜੇ ਗੁਰੂ, ਅਮਰਦਾਸ ਜੀ ਨੇ ਸਿੱਖੀ ਦੇ ਪਸਾਰ ਲਈ ਬਾਈ ਮੰਜੀਆਂ ਦੀ ਸਥਾਪਨਾ ਕੀਤੀ ਤਾਂ ਉਸ ਵਿਚ ਦੋ ਮੰਜੀਦਾਰ ਬੀਬੀਆਂ ਸਨ। ਸਿੱਖ ਇਤਿਹਾਸ ਵਿਚ ਬੀਬੀਆਂ ਦਾ ਯੋਗਦਾਨ ਵਰਣਨਯੋਗ ਹੈ।

ਨਿਰਸੰਦੇਹ, ਇਹ *ਗੁਰੂ ਗ੍ਰੰਥ ਸਾਹਿਬ* ਦੇ ਕਲਿਆਣਕਾਰੀ ਸੰਦੇਸ਼ ਕਰਕੇ ਆਇਆ ਵੱਡਾ ਪਰਿਵਰਤਨ ਸੀ।[15] ਇਹ ਪਹਿਲੀ ਵੇਰ ਸੀ ਕਿ ਔਰਤਾਂ ਨੂੰ ਧਾਰਮਿਕ ਪਦਵੀਆਂ ਦਿੱਤੀਆਂ ਗਈਆਂ ਸਨ।

ਔਰਤਾਂ ਨਾਲ ਜੁੜੀ ਇਕ ਪ੍ਰਥਾ ਸਤੀ ਦੀ ਸੀ। ਪਤੀ ਦੀ ਮੌਤ ਉਪਰੰਤ ਪਤਨੀ ਨੂੰ ਜਿਊਣ ਦੇ ਅਧਿਕਾਰ ਤੋਂ ਵੰਚਿਤ ਕਰਨ ਵਾਲੀ ਇਸ ਮਨੁੱਖਤਾ ਵਿਰੋਧੀ ਪ੍ਰਥਾ ਵਿਰੁੱਧ ਗੁਰੂ ਅਮਰਦਾਸ ਜੀ ਨੇ ਗੁਰਬਾਣੀ ਵਿਚ ਸੇਧ ਦਿੱਤੀ।[16] ਅਜੋਕਾ



ਬਾਦਸ਼ਾਹ ਅਕਬਰ ਗੋਇੰਦਵਾਲ ਵਿਖੇ ਲੰਗਰ ਛਕਦਾ ਹੋਇਆ

ਸਿੱਖ ਸਮਾਜ ਪੂਰਨ ਤੌਰ 'ਤੇ ਇਸ ਪ੍ਰਥਾ ਤੋਂ ਮੁਕਤ ਹੋ ਚੁੱਕਾ ਹੈ।

3. ਧਾਰਮਿਕ ਅਤੇ ਸੱਭਿਆਚਾਰਕ ਸੁਤੰਤਰਤਾ

ਧਰਮ, ਮਨੁੱਖ ਦੇ ਵਿਅਕਤੀਗਤ ਮਾਮਲਿਆਂ ਵਿਚੋਂ ਇਕ ਹੈ। ਧਰਮ ਨੂੰ ਜ਼ਬਰੀ ਠੋਸਿਆ ਨਹੀਂ ਜਾ ਸਕਦਾ। ਹਰ ਮਾਨਵ, ਇੱਛਤ ਧਰਮ ਅਪਨਾਉਣ ਦੀ ਸੁਤੰਤਰਤਾ ਰੱਖਦਾ ਹੈ। *ਗੁਰੂ ਗ੍ਰੰਥ ਸਾਹਿਬ* ਨੇ ਕਿਸੇ ਵੱਲੋਂ ਵੀ, ਦੂਜੇ ਧਰਮ ਦੇ ਅਨੁਯਾਈਆਂ ਨਾਲ ਹੁੰਦੇ ਵਿਤਕਰੇ ਦੀ ਨਿੰਦਾ ਕੀਤੀ ਹੈ। ਗੁਰਬਾਣੀ ਨੇ ਰਾਜ ਵੱਲੋਂ ਜਜੀਆ ਕਰ ਦੇ ਉਗਰਾਹੁਣ ਦੀ ਸਖ਼ਤ ਆਲੋਚਨਾ ਕਰਨ ਦੇ ਨਾਲ ਹਿੰਦੂਆਂ ਨੂੰ ਇਹ ਕਰ ਦੇਣ ਕਾਰਨ ਨਿੰਦਿਆ ਵੀ ਹੈ।[17] ਗੁਰਬਾਣੀ ਦੀ ਇਸ ਸੇਧ ਕਰਕੇ ਸਿੱਖਾਂ ਨੇ ਧਾਰਮਿਕ ਤੰਗਦਿਲੀ ਅਤੇ ਕੱਟੜਤਾ ਖ਼ਿਲਾਫ਼ ਲੰਬਾ ਸੰਘਰਸ਼ ਕੀਤਾ।

ਗੁਰਬਾਣੀ ਇਹ ਵੀ ਸਿੱਖਿਆ ਦਿੰਦੀ ਹੈ ਕਿ ਕਿਸੇ ਨੂੰ, ਦੂਜੇ ਦੀ ਬੋਲੀ ਜਾਂ ਸੱਭਿਆਚਾਰਕ ਵਿਚ ਵੀ ਦਖ਼ਲ ਨਹੀਂ ਦੇਣਾ ਚਾਹੀਦਾ। ਗੁਰਬਾਣੀ ਨੇ ਕਿਸੇ ਉਪਰ ਜ਼ਬਰੀ ਭਾਸ਼ਾ ਜਾਂ ਸੱਭਿਆਚਾਰ ਨੂੰ ਠੋਸਣ ਦਾ ਵਿਰੋਧ ਕੀਤਾ ਹੈ। ਗੁਰਬਾਣੀ ਨੇ ਹਾਕਮਾਂ ਨੂੰ ਖੁਸ਼ ਕਰਨ ਲਈ, ਆਪਣੀ ਬੋਲੀ ਅਤੇ ਸੱਭਿਆਚਾਰ ਨੂੰ ਤਿਲਾਂਜਲੀ ਦੇਣ ਵਾਲਿਆਂ ਦੀ ਨਿੰਦਾ ਕੀਤੀ ਹੈ।[18]

4. ਸਮਾਜਿਕ ਨਿਆਂ

ਸਭ ਮਨੁੱਖਾਂ ਨੂੰ ਯੋਗਤਾ ਦੇ ਆਧਾਰ 'ਤੇ ਸਿੱਖਿਆ ਪ੍ਰਾਪਤ ਕਰਨ, ਪਦ-ਪ੍ਰਤੀਸ਼ਠਾ ਲੈਣ, ਜਾਇਦਾਦ ਬਣਾਉਣ ਦਾ ਬਰਾਬਰ ਅਧਿਕਾਰ ਹੋਣਾ ਚਾਹੀਦਾ ਹੈ। ਗੁਰਬਾਣੀ ਦੀ ਸਮਾਜਿਕ ਨੈਤਿਕਤਾ ਦਾ ਆਧਾਰ ਮਾਨਵ-ਹਿਤਕਾਰੀ ਇਨਸਾਫ਼ ਉਪਰ ਹੈ। ਗੁਰਬਾਣੀ ਨੇ ਮਨੁੱਖ ਦੀ ਹੁੰਦੀ ਹਰ ਤਰ੍ਹਾਂ ਦੀ ਲੁੱਖ-ਖਸੁੱਟ ਦੀ ਵਿਰੋਧਤਾ ਕੀਤੀ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਦੂਜੇ ਦੇ ਅਧਿਕਾਰਾਂ ਨੂੰ ਖੋਹਣ ਨੂੰ 'ਪਾਪ' ਦੱਸਿਆ ਹੈ ; ਜਿਵੇਂ ਮੁਸਲਮਾਨ ਲਈ ਸੂਰ ਦਾ ਮਾਸ ਅਤੇ ਹਿੰਦੂ ਲਈ ਗਊ ਦਾ ਮਾਸ ਹਰਾਮ ਹੈ, ਉਸੇ ਤਰ੍ਹਾਂ ਮਨੁੱਖ ਲਈ ਕਿਸੇ ਦੂਜੇ ਦਾ ਹੱਕ ਮਾਰਨਾ ਪਾਪ ਹੈ।[19] ਗੁਰਬਾਣੀ ਦਾ ਕਥਨ ਹੈ ਕਿ ਜਿਹੜੇ ਲੋਕ ਦੂਜਿਆਂ ਦਾ ਹੱਕ ਮਾਰਦੇ ਹਨ, ਉਨ੍ਹਾਂ ਨੂੰ ਸਜ਼ਾ ਜ਼ਰੂਰ ਮਿਲੇਗੀ।[20]

ਜਿਥੇ ਮਨੁੱਖ ਦੇ ਅਧਿਕਾਰਾਂ ਦੀ ਚਰਚਾ ਕੀਤੀ ਗਈ ਹੈ ਉਥੇ ਮਨੁੱਖ ਤੋਂ ਨੈਤਿਕਤਾ ਦੀ ਆਸ ਵੀ ਕੀਤੀ ਗਈ ਹੈ। ਨੈਤਿਕਤਾ, ਵਿਅਕਤੀ ਦਾ ਸਮਾਜ ਪ੍ਰਤੀ ਉਸਾਰੂ ਰਵੱਈਆ ਨਿਸ਼ਚਤ ਕਰਦੀ ਹੈ। ਨੈਤਿਕਤਾ ਦਾ ਗੁਰਬਾਣੀ ਵਿਚ ਬਹੁਤ ਮਹੱਤਵ ਦਰਸਾਇਆ ਗਿਆ ਹੈ।

ਨੈਤਿਕਤਾ

ਨੈਤਿਕਤਾ ਅਤੇ ਸਦਾਚਾਰ ਮਨੁੱਖ ਦਾ ਗਹਿਣਾ ਹੈ। ਸਮਾਜ ਵਿਚ ਕਾਨੂੰਨ



ਨਵਾਬ ਕਪੂਰ ਸਿੰਘ ਜੀ ਸਿੰਘਾਂ ਦੇ ਘੋੜਿਆਂ ਦੀ ਲਿੱਦ ਚੁੱਕਦੇ ਹੋਏ

ਅਤੇ ਪ੍ਰਬੰਧ ਨੂੰ ਬਣਾਈ ਰੱਖਣ ਵਿਚ ਨੈਤਿਕਤਾ ਮਹੱਤਵਪੂਰਨ ਰੋਲ ਨਿਭਾਉਂਦੀ ਹੈ। *ਗੁਰੂ ਗ੍ਰੰਥ ਸਾਹਿਬ* ਮਨੁੱਖ ਨੂੰ ਹੇਠ ਲਿਖੇ ਸਦਗੁਣਾਂ ਨੂੰ ਧਾਰਨ ਕਰਨ ਦੀ ਸਿੱਖਿਆ ਦਿੰਦਾ ਹੈ:

ਸੱਚ, ਗਿਆਨ, ਪ੍ਰੇਮ, ਦਯਾ, ਸੇਵਾ, ਨਿਡਰਤਾ, ਕੁਰਬਾਨੀ, ਸੰਤੋਖ, ਕਿਰਤ ਕਰਨਾ। ਇਹ ਸਾਰੇ ਸਦਗੁਣ ਵੱਖ-ਵੱਖ ਹੁੰਦੇ ਹੋਏ ਵੀ ਇਕ-ਦੂਜੇ ਦੇ ਪੂਰਕ ਹਨ। ਜਿਥੇ ਇਹ ਸਦਗੁਣ ਧਾਰਣ ਕਰਨੇ ਹਨ, ਉਥੇ ਕੁਝ ਔਗੁਣ ਤਿਆਗਣ ਲਈ ਵੀ ਹਦਾਇਤ ਕੀਤੀ ਗਈ ਹੈ। ਗੁਰਬਾਣੀ ਵਿਚ 'ਧਰਮ' ਸ਼ਬਦ ਦੀ ਵਰਤੋਂ ਮਜ਼ਬ ਦੇ ਭਾਵ ਵਿਚ ਨਹੀਂ, ਸਗੋਂ ਨੈਤਿਕਤਾ ਦੇ ਅਰਥਾਂ ਵਿਚ ਹੋਈ ਹੈ।[21] ਸਦਗੁਣਾਂ ਨੂੰ ਪ੍ਰਭੂ-ਮਿਲਾਪ ਵਿਚ ਸਹਾਈ ਦੱਸਿਆ ਗਿਆ ਹੈ ਅਤੇ ਔਗੁਣਾਂ ਨੂੰ ਬੰਧਨ ਦੱਸਿਆ ਗਿਆ ਹੈ।[22] ਸੋ, ਪੰਜ ਵਿਕਾਰ—ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਇਲਾਵਾ ਨਿੰਦਾ-ਚੁਗਲੀ, ਪਰ-ਇਸਤਰੀ ਦਾ ਸੰਗ, ਚੋਰੀ-ਠੱਗੀ ਆਦਿ ਦਾ ਤਿਆਗ ਕਰਨ ਦੇ ਹਵਾਲੇ *ਗੁਰੂ ਗ੍ਰੰਥ ਸਾਹਿਬ* ਵਿਚ ਥਾਂ-ਥਾਂ ਦਰਜ਼ ਹਨ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ *ਗੁਰੂ ਗ੍ਰੰਥ ਸਾਹਿਬ* ਨੈਤਿਕ ਸਿੱਖਿਆਵਾਂ ਦਾ ਭੰਡਾਰ ਹੈ। ਗੁਰਬਾਣੀ ਦਾ ਇਹ ਉਪਦੇਸ਼ ਸਭ ਮਜ਼ਬਾਂ ਦੇ ਲੋਕਾਂ ਲਈ ਇਕ ਸਮਾਨ ਹੈ। ਹਿੰਦੂ ਨੂੰ ਜਨੇਊ ਪਾਉਣ ਦੇ ਅਰਥ ਨੈਤਿਕਤਾ ਦੇ ਰੂਪ ਵਿਚ ਸਮਝਾ ਦਿੱਤੇ ਹਨ[23] ਅਤੇ ਮੁਸਲਮਾਨ ਨੂੰ ਨਮਾਜ਼ ਦੇ ਅਰਥ ਨੈਤਿਕਤਾ ਦੇ ਰੂਪ ਵਿਚ ਸਮਝਾ ਦਿੱਤੇ ਹਨ।[24] ਸਪੱਸ਼ਟ ਹੈ ਕਿ ਗੁਰਬਾਣੀ ਸਭ ਮਨੁੱਖਾਂ ਤੋਂ ਨੈਤਿਕਤਾ ਦੀ ਆਸ ਕਰਦੀ ਹੈ।

ਜਿਸ ਨੈਤਿਕਤਾ ਦੀ ਗੱਲ ਗੁਰਬਾਣੀ ਕਰਦੀ ਹੈ ਉਸਦਾ ਮਨੋਰਥ ਮਾਨਵ ਅਤੇ ਸਮਾਜ ਦਾ ਕਲਿਆਣ ਹੈ। ਜੇ ਵਿਅਕਤੀ ਚੰਗੇ ਬਣ ਜਾਣ ਤਾਂ ਸਮਾਜ ਆਪ ਹੀ ਭਲਾ ਬਣ ਜਾਵੇਗਾ। ਇਸ ਲਈ ਗੁਰਬਾਣੀ ਵਿਅਕਤੀ ਨੂੰ ਸੁਧਾਰਨ ਦਾ ਯਤਨ ਕਰਦੀ ਹੈ। ਨੈਤਿਕਤਾ ਦੀ ਥਾਂ ਧਾਰਮਿਕ ਕਰਮ-ਕਾਂਡ ਨਹੀਂ ਲੈ ਸਕਦੇ। ਧਾਰਮਿਕ ਕਰਮ-ਕਾਂਡ ਮਨੁੱਖ ਨੂੰ ਇਹ ਗ਼ਲਤ-ਫਹਿਮੀ ਦੇ ਸਕਦੇ ਹਨ, ਉਹ ਬਹੁਤ ਪਵਿੱਤਰ ਹੈ। ਇਉਂ ਸੋਚਦਿਆਂ ਉਸਦਾ ਅਹੰ ਵੱਧ ਸਕਦਾ ਹੈ। ਇਸ ਲਈ ਗੁਰਬਾਣੀ ਦਿਖਾਵੇ ਦੇ ਭੇਖ ਤੇ ਕਰਮ-ਕਾਂਡ ਦੀ ਥਾਂ ਨੈਤਿਕ ਗੁਣਾਂ ਨੂੰ ਅਪਨਾਉਣ ਦੀ ਗੱਲ ਕਰਦੀ ਹੈ।

ਵੇਖੋ, ਇਕ ਥਾਂ ਜੋਗੀ ਦੀਆਂ ਮੁੰਦਰਾਂ, ਝੋਲੀ, ਬਿਭੂਤ ਅਤੇ ਖਿੰਥਾ ਨੂੰ ਸੰਤੋਖ, ਸਰਮ, ਗਿਆਨ ਅਤੇ ਉੱਚ-ਸਦਾਚਾਰ ਨਾਲ ਜੋੜ ਕੇ, ਅਸਲ ਜੋਗੀ ਦਾ ਚਿੱਤਰ ਖਿੱਚ ਦਿੱਤਾ ਹੈ।[25] ਕਰਮ-ਕਾਂਡਾਂ ਨੂੰ 'ਫੋਕਟ ਕਰਮ' ਦੱਸਦਿਆਂ, ਇਸਨੂੰ ਨਿੰਦਿਆ ਗਿਆ ਹੈ।

ਸਮਾਜਿਕ ਦ੍ਰਿਸ਼ਟੀਕੋਣ

ਕਿਸੇ ਵੀ ਵਿਚਾਰਧਾਰਾ ਦਾ ਸਮਾਜਿਕ ਦ੍ਰਿਸ਼ਟੀਕੋਣ, ਉਸਦੀ ਸਾਰਥਿਕਤਾ ਨੂੰ ਸਮਝਣ ਲਈ ਬਹੁਤ ਲਾਹੇਵੰਦ ਹੁੰਦਾ ਹੈ। *ਗੁਰੂ ਗ੍ਰੰਥ ਸਾਹਿਬ* ਦੀ ਸਮੁੱਚੀ ਬਾਣੀ ਸਾਹਮਣੇ ਰੱਖੀਏ ਤਾਂ ਸਮਝ ਆਉਂਦੀ ਹੈ ਕਿ ਬਾਣੀ ਦਾ ਉਦੇਸ਼ ਸਮਾਜ ਨੂੰ ਬਿਹਤਰ ਬਣਾਉਣਾ ਹੈ। ਮੱਧਕਾਲ ਵਿਚ ਸੰਨਿਆਸੀਆਂ, ਬ੍ਰਹਮਚਾਰੀਆਂ, ਤਿਆਗੀਆਂ ਅਤੇ ਜੋਗੀਆਂ ਦਾ ਬਹੁਤ ਬੋਲ-ਬਾਲਾ ਸੀ। ਇਹ ਲੋਕ ਜੰਗਲਾਂ, ਪਹਾੜਾਂ ਵਿਚ ਵਿਚਰਦੇ ਸਨ ਅਤੇ ਗ੍ਰਿਹਸਤੀ ਜਾਂ ਕਿਰਤੀ ਲੋਕਾਂ ਨੂੰ ਭੰਡਦੇ ਸਨ। ਗੁਰਬਾਣੀ ਧਰਮ ਨੂੰ ਸਮਾਜ ਤੋਂ ਵੱਖ ਕਰਕੇ ਨਹੀਂ ਵੇਖਦੀ। ਗੁਰਬਾਣੀ ਧਾਰਮਿਕ ਆਗੂ ਜਾਂ ਵਿਅਕਤੀ ਨੂੰ ਸਮਾਜਿਕ ਸਮੱਸਿਆਵਾਂ ਤੋਂ ਮੂੰਹ ਨਾ ਮੋੜਨ ਦੀ ਸਿੱਖਿਆ ਦਿੰਦੀ ਹੈ। ਗੁਰਬਾਣੀ ਇਸ ਧਰਤੀ ਨੂੰ 'ਕਰਮ ਭੂਮੀ' ਕਹਿ ਕੇ ਸਮਾਜਿਕ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ।[26]

ਪਰਿਵਾਰ ਅਤੇ ਬੱਚਿਆਂ ਨੂੰ ਧਾਰਮਿਕ ਮਾਰਗ ਵਿਚ ਰੁਕਾਵਟ ਸਮਝ ਕੇ, ਉਨ੍ਹਾਂ ਦਾ ਤਿਆਗ ਕਰਨ ਦੀ ਰੁਚੀ ਨੂੰ ਗੁਰਬਾਣੀ ਮਾਨਤਾ ਨਹੀਂ ਦਿੰਦੀ। ਗੁਰਬਾਣੀ ਨੇ ਕਿਰਤ ਤਿਆਗ ਕੇ ਭੀਖ ਮੰਗਣ ਅਤੇ ਗ੍ਰਿਹਸਤ ਤਿਆਗ ਕੇ ਪਰਾਈਆਂ ਔਰਤਾਂ ਦੀ ਝਾਕ ਰੱਖਣ ਵਾਲੇ ਤਥਾ ਕਥਿਤ ਤਿਆਗੀਆਂ ਜਾਂ ਸੰਨਿਆਸੀਆਂ ਦੀ ਭਰਪੂਰ ਨਿੰਦਾ ਕੀਤੀ ਹੈ।[27] ਗੁਰਬਾਣੀ ਦਾ ਕਥਨ ਹੈ ਕਿ ਦਸਾਂ ਨਹੁੰਆਂ ਦੀ ਕਿਰਤ ਕਰਕੇ ਕੀਤੀ ਕਮਾਈ ਨੂੰ ਲੋੜਵੰਦਾਂ ਨਾਲ ਵੰਡ ਕੇ ਛੱਕਣਾ ਵਧੇਰੇ ਚੰਗਾ ਹੈ।[28] ਇਉਂ ਕਰਕੇ ਮਨੁੱਖ ਆਪਣੀ ਅਤੇ ਸਮਾਜ ਦੀ ਖੁਸ਼ਹਾਲੀ ਲਈ ਯੋਗਦਾਨ ਪਾ ਸਕਦਾ ਹੈ।

ਇਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਸਿੱਖੀ ਵਿਚ ਨਿੱਜੀ ਮੁਕਤੀ ਅਤੇ ਵਿਦੇਹ ਮੁਕਤੀ ਨਾਲੋਂ ਸਮਾਜਿਕ ਮੁਕਤੀ ਅਤੇ ਜੀਵਨ ਮੁਕਤੀ ਨੂੰ ਅਪਣਾਇਆ ਗਿਆ ਹੈ। ਆਪਣੀ ਨਿੱਜੀ ਮੁਕਤੀ ਦੇ ਨਾਲ ਸਮਾਜ ਦੇ ਹੋਰਨਾਂ ਮੈਂਬਰਾਂ ਦੀ ਮੁਕਤੀ ਦਾ ਆਦਰਸ਼ ਬਹੁਤ ਮਹੱਤਾ ਰੱਖਦਾ ਹੈ। ਗੁਰਬਾਣੀ ਨੇ ਕਈ ਥਾਂਵਾਂ ਉਪਰ ਇਨ੍ਹਾਂ ਵਿਚਾਰਾਂ ਦਾ ਸਮਰਥਨ ਕੀਤਾ ਹੈ।[29] ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਨੇ ਵਿਅਕਤੀ ਨੂੰ ਨਿੱਜਵਾਦ ਤਿਆਗ ਕੇ, ਸਮੂਹ ਦੀ ਉਨਤੀ ਲਈ ਪ੍ਰੇਰਨਾ ਦਿੱਤੀ ਹੈ।

ਸਮਾਜਿਕ ਦ੍ਰਿਸ਼ਟੀਕੋਣ ਦੇ ਸੰਦਰਭ ਵਿਚ ਗੁਰਬਾਣੀ ਦੇ ਸਮਾਜਿਕ ਤਬਦੀਲੀ ਪ੍ਰਤੀ ਰਵੱਈਏ ਦੀ ਚਰਚਾ ਕਰਨੀ ਵੀ ਜ਼ਰੂਰੀ ਹੈ। ਗੁਰਬਾਣੀ ਦਾ ਗਹਿਨ ਅਧਿਐਨ ਕਰਨ ਉਪਰੰਤ ਇਸ ਸਿੱਟੇ ਉਪਰ ਪਹੁੰਚਣਾ ਕਠਿਨ ਨਹੀਂ ਕਿ ਗੁਰਬਾਣੀ ਹਰ ਪ੍ਰਕਾਰ ਦੀਆਂ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਕੇ, ਇਕ ਸਿਹਤਮੰਦ ਸਮਾਜ ਸਿਰਜਦੀ ਪ੍ਰਤੀਤ ਹੁੰਦੀ ਹੈ।

ਗੁਰਬਾਣੀ ਦੇ ਇਸ ਮਨੋਰਥ ਨੂੰ ਲੈ ਕੇ ਚੱਲੀ ਸਿੱਖ ਲਹਿਰ ਨੇ ਵਿਸ਼ੇਸ਼ ਤੌਰ 'ਤੇ ਪੰਜਾਬੀ ਸਮਾਜ ਅਤੇ ਆਮ ਤੌਰ 'ਤੇ ਭਾਰਤੀ ਸਮਾਜ ਨੂੰ ਬੜੀ ਸਾਰਥਿਕ ਅਗਵਾਈ ਦਿੱਤੀ ਹੈ। ਸਮਾਜ ਦੇ ਕਮਜ਼ੋਰ ਵਰਗਾਂ ਵਿਚ ਜੀਵਨ ਪ੍ਰਤੀ ਉਤਸ਼ਾਹ ਅਤੇ ਸਾਕਾਰਾਤਮਕ ਰਵੱਈਆ ਪੈਦਾ ਹੋ ਗਿਆ। ਇਨ੍ਹਾਂ ਲੋਕਾਂ ਨੇ ਇਕੱਠੇ ਹੋ ਕੇ 'ਸਾਂਝੀਵਾਲਤਾ' ਨੂੰ ਹੰਢਾਇਆ। ਸੰਗਤ-ਪੰਗਤ ਦੀਆਂ ਸੰਸਥਾਵਾਂ ਨੇ ਐਸਾ ਸਮਾਜ ਹੋਂਦ ਵਿਚ ਲਿਆਂਦਾ, ਜਿਸਦੀ ਕਲਪਨਾ ਪੂਰਵ-ਨਾਨਕ ਕਾਲ ਵਿਚ ਕਰਨੀ ਅਸੰਭਵ ਸੀ। ਊਚ-ਨੀਚ, ਜਾਤ-ਪਾਤ, ਗਰੀਬ-ਅਮੀਰ ਅਤੇ ਸੰਪਰਦਾਇਕ ਵਖਰੇਵੇਂ ਖ਼ਤਮ ਹੋ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੀਕ ਇਹ ਨਵਾਂ ਸਮਾਜ ਪ੍ਰੋੜ੍ਹ ਹੋ ਚੁੱਕਾ ਸੀ। *ਗੁਰੂ ਗ੍ਰੰਥ ਸਾਹਿਬ ਜੀ* ਦੀ ਛਾਂ ਹੇਠ ਵਿਕਸਤ ਹੋਏ ਇਸੇ ਸਮਾਜ ਨੂੰ 'ਖ਼ਾਲਸਾ ਪੰਥ' ਦੀ ਸੰਗਿਆ ਦਿੱਤੀ। ਅੱਜ ਦੇਸ਼ਾਂ-ਵਿਦੇਸ਼ਾਂ ਵਿਚ ਸਿੱਖ ਸਮਾਜ ਨੇ ਆਪਣੀ ਪਹਿਚਾਣ ਮਿਹਨਤੀ, ਬਹਾਦਰ ਅਤੇ ਅਗਾਂਹਵਧੂ ਸਮਾਜ ਵਜੋਂ ਕਰਵਾਈ ਹੈ। ਨਿਰਸੰਦੇਹ, ਇਹ ਸਭ ਗੁਣ ਗੁਰਬਾਣੀ ਦੀ ਸ਼ਕਤੀ ਦਾ ਹੀ ਸਿੱਟਾ ਹਨ।

ਹਵਾਲੇ ਅਤੇ ਟਿੱਪਣੀਆਂ

1. *ਮੱਧਕਾਲੀਨ ਭਾਰਤ ਦੀਆਂ ਸੰਸਥਾਵਾਂ*, ਪੰਨਾ 167.
2. *Medeival India*, p.104.
3. *International Encyclopedia of Social Science*, Vol. 6, p.540.
4. *Leviathan*, pp.90-94.
5. ੳ) ਸੁਲਤਾਨ ਖਾਨ ਬਾਦਿਸ਼ਾਹ ਨਹੀਂ ਰਹਨਾ ॥
   ਨਾਮਹੁ ਭੂਲੇ ਜਮ ਕਾ ਦੁਖੁ ਸਹਨਾ ॥
   ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥
   ਚਉਧਰੀ ਰਾਜੇ ਨਹੀਂ ਕਿਸੈ ਮੁਕਾਮੁ ॥
   ਸਾਹ ਮਰਹਿ ਸੰਚਹਿ ਮਾਇਆ ਦਾਮ ॥ (*ਗੁਰੂ ਗ੍ਰੰਥ ਸਾਹਿਬ*, ਪੰਨਾ ੨੨੧)

   ਅ) ਬੂਡਾ ਦੁਰਜੋਧਨੁ ਪਤਿ ਖੋਈ ॥
   ਰਾਮੁ ਨ ਜਾਨਿਆ ਕਰਤਾ ਸੋਈ ॥
   .... (*ਉਹੀ*, ਪੰਨਾ 225)
6. ਸਭ ਮਹਿ ਜੋਤਿ ਜੋਤਿ ਹੈ ਸੋਈ ॥ (*ਉਹੀ*, ਪੰਨਾ 663)
7. ब्राह्मणो अस्य मुखवासी द्वाहु राजन्य: कृत: ॥
   ऊरु तदस्य यद्वैश्य: पहुचां शुद्रो अजायत ॥ (ऋग्वेद :10. 90. 12)
8. ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥ (*ਗੁਰੂ ਗ੍ਰੰਥ ਸਾਹਿਬ*, ਪੰਨਾ ੩੪੯)
9. ਆਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ (*ਉਹੀ*, ਪੰਨਾ 469)
10. ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥ (*ਉਹੀ*, ਪੰਨਾ 1198)

11. ਇਸ ਵਿਸ਼ੇ ਬਾਰੇ ਵਿਸਥਾਰ ਲਈ ਦੇਖੋ, ਜਗਜੀਤ ਸਿੰਘ ਰਚਿਤ ਪੁਸਤਕ *ਸਿੱਖ ਇਨਕਲਾਬ*
12. *Religion and Culture*, p.142
13. *ਦਬਿਸਤਾਨ-ਏ-ਮਜ਼ਾਹਬ*, Tr. by Dr. Ganda Singh in *The Punjab Past and Present*, Vol. III, 1969, p.52.
14. ਲੈਨਿਨ, ਵੀ.ਈ. :
14. ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (*ਗੁਰੂ ਗ੍ਰੰਥ ਸਾਹਿਬ*, ਪੰਨਾ ੪੭੩)
15. ਵਿਸਥਾਰ ਲਈ ਦੇਖੋ, ਮੇਰੀ ਪੁਸਤਕ, *ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸ਼ਤਰੀ ਪਰਿਪੇਖ*
17. ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
(*ਗੁਰੂ ਗ੍ਰੰਥ ਸਾਹਿਬ*, ਪੰਨਾ ੪੭੧)
18. ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ (*ਉਹੀ*, ਪੰਨਾ ੬੬੩)
19. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ (*ਉਹੀ*, ਪੰਨਾ ੨੨੧)
20. ਵਸਤੁ ਪਰਾਈ ਆਪੁਨੀ ਕਰਿ ਜਾਨੈ
ਹਉਮੈ ਵਿਚਿ ਦੁਖੁ ਘਾਲੈ ॥ (*ਉਹੀ*, ਪੰਨਾ ੧੩੯)
21. ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (*ਉਹੀ*, ਪੰਨਾ ੧੪੫)
22. ਨਾਨਕ ਅਉਗਣ ਜੇਤੜੇ ਤੇਤੇ ਗਲੀ ਜੰਜੀਰ ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥ (*ਉਹੀ*, ਪੰਨਾ ੫੯੫)
23. ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (*ਉਹੀ*, ਪੰਨਾ ੨੨੧)
24. ਪੰਜ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜੀ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ (*ਉਹੀ*, ਪੰਨਾ ੧੪੧)
25. ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ (*ਉਹੀ*, ਪੰਨਾ ੬)
26. ਕੇਤੀਆ ਕਰਮ ਭੂਮੀ............. (*ਉਹੀ*, ਪੰਨਾ ੭)
27. ੳ) ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ॥ (*ਉਹੀ*, ਪੰਨਾ ੯੩੯)
ਅ) ਨਿਰੰਕਾਰ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥ (*ਉਹੀ*, ਪੰਨਾ ੯੫੩)
ੲ) ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ (*ਉਹੀ*, ਪੰਨਾ ੧੦੧੨)
28. ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ (*ਉਹੀ*, ਪੰਨਾ ੯੪੩)
29. ਮੰਨੈ ਤਰੈ ਤਾਰੇ ਗੁਰੁ ਸਿਖ ॥ (*ਉਹੀ*, ਪੰਨਾ ੩)

3 ਗੁਰੂ ਵੱਲੋਂ ਸ਼ਬਦ ਦੀ ਰੂਹਾਨੀ ਵਿਆਖਿਆ

ਗੁਰਬਾਣੀ ਵਿਚ ਵਿਸ਼ੇਸ਼ ਕਰਕੇ ਵੇਦਾਂਤ ਅਤੇ ਯੋਗ ਮਤ ਦੀ ਸ਼ਬਦਾਵਲੀ ਦਾ ਬਹੁਤ ਪ੍ਰਯੋਗ ਹੋਇਆ ਹੈ। ਪਰ ਗੁਰਬਾਣੀ ਦਾ ਸੰਦੇਸ਼ ਬਹੁਤ ਹੀ ਸਰਲ ਅਤੇ ਵਿਹਾਰ ਵਿਚ ਆਉਣ ਵਾਲਾ ਹੈ।

ਹਰੇਕ ਲਿਖਾਰੀ ਦੀ ਇਹ ਮਜ਼ਬੂਰੀ ਹੁੰਦੀ ਹੈ ਕਿ ਉਸਨੂੰ ਆਪਣੀ ਗੱਲ ਪ੍ਰਚਲਿਤ ਮੁਹਾਵਰੇ ਵਿਚ ਹੀ ਕਰਨੀ ਪੈਂਦੀ ਹੈ। ਇਸ ਮਜ਼ਬੂਰੀ ਕਾਰਣ ਲਿਖਾਰੀਆਂ ਦੀਆਂ ਲਿਖਤਾਂ ਦੇ ਬਾਅਦ ਵਿਚ ਅਨਰਥ ਭੀ ਹੋ ਜਾਂਦੇ ਹਨ। ਇਥੇ ਮੈਂ ਇਕ ਉਦਾਹਰਣ ਦੇਣੀ ਚਾਹਾਂਗਾ:

ਇਕ ਵੇਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਵਿਚ 'ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ' ਵਿਸ਼ੇ ਉੱਪਰ ਸੈਮੀਨਾਰ ਸੀ। ਸੈਮੀਨਾਰ ਦੇ ਸ਼ੈਸ਼ਨ ਦੀ ਪ੍ਰਧਾਨਗੀ ਪ੍ਰਸਿੱਧ ਪੰਜਾਬੀ ਕਵੀ ਪ੍ਰੀਤਮ ਸਿੰਘ ਸਫ਼ੀਰ ਕਰ ਰਹੇ ਸਨ। ਉਨ੍ਹਾਂ ਦੀ ਕਵਿਤਾ ਐਮ.ਏ. (ਪੰਜਾਬੀ) ਦੇ ਸਿਲੇਬਸ ਵਿਚ ਪੜ੍ਹਾਈ ਜਾ ਰਹੀ ਸੀ। ਉਨ੍ਹਾਂ ਨੇ ਪ੍ਰਧਾਨਗੀ ਭਾਸ਼ਣ ਵਿਚ ਟਿੱਪਣੀ ਕਰਦਿਆਂ ਬਹੁਤ ਹੀ ਭਾਵਪੂਰਤ ਸ਼ਬਦ ਕਹੇ ਸਨ। ਉਨ੍ਹਾਂ ਕਿਹਾ, "ਗੁਰੂ ਨਾਨਕ ਬਾਣੀ ਦੇ ਅਰਥਾਂ ਨੂੰ ਸਮਝਣਾ ਬਹੁਤ ਕਠਿਨ ਹੈ। ਮੈਨੂੰ ਪਤਾ ਹੈ ਕਿ ਯੂਨੀਵਰਸਿਟੀ ਵਿਚ ਸਫ਼ੀਰ (ਉਹ ਆਪ) ਨੂੰ ਵੀ ਗਲਤ ਪੜ੍ਹਾਇਆ ਜਾ ਰਿਹਾ ਹੈ।"

ਕਵਿਤਾ ਦਾ ਇਕ ਨੁਕਸ ਇਹ ਹੈ ਕਿ ਪਾਠਕ ਨੂੰ ਇਸਦੀ ਉਸ ਸਮੇਂ ਤੀਕ ਠੀਕ ਸਮਝ ਨਹੀਂ ਆ ਸਕਦੀ ਜਦੋਂ ਤੀਕ ਉਹ ਕਵੀ ਦੀ ਉਸ ਅਵਸਥਾ ਨੂੰ ਪਕੜ ਕੇ ਧਾਰਣ ਨਾ ਕਰ ਲਏ, ਜਿਸ ਵਿਚ ਰਚਨਾ ਹੋਈ ਸੀ। ਕਵਿਤਾ ਵਿਚ ਵਰਤੇ ਪ੍ਰਤੀਕ, ਰੂਪਕ, ਬਿੰਬ-ਵਿਧਾਨ ਦਾ ਨਿਖੇੜ ਕਰਨਾ ਵੀ ਆਮ ਪਾਠਕ ਦੇ ਵੱਸ ਦੀ ਗੱਲ ਨਹੀਂ ਹੁੰਦਾ। ਕਵਿਤਾ ਦੀ ਤੱਤ-ਵਸਤੂ ਕਈ ਵੇਰ ਸ਼ਬਦਾਂ ਵਿਚ ਪੇਸ਼ ਨਹੀਂ ਹੁੰਦੀ, ਉਸਨੂੰ ਬਾਰ-ਬਾਰ ਯਤਨ ਕਰਕੇ ਪ੍ਰਾਪਤ ਕਰਨ ਵਿਚ ਹੀ, ਕਵਿਤਾ ਦਾ ਆਨੰਦ ਹੁੰਦਾ ਹੈ। ਕਵਿਤਾ ਬਣੀ ਬਣਾਈ ਖੀਰ ਨਹੀਂ ਪਰੋਸਦੀ। ਵਾਰਤਕ ਵਿਚ ਸਭ ਕੁਝ ਮੇਜ਼ ਉੱਪਰ ਪਰੋਸਿਆ ਹੁੰਦਾ ਹੈ, ਬਸ! ਤੁਸੀਂ ਉਸਨੂੰ ਖਾਣਾ ਹੁੰਦਾ ਹੈ। ਕਵਿਤਾ, ਤੁਹਾਨੂੰ ਆਪਣਾ ਹਿੱਸਾ ਬਣਾ ਲੈਂਦੀ ਹੈ। ਤੁਹਾਨੂੰ ਖਾਣੇ ਦਾ ਸੁਆਦ ਮਾਨਣ ਤੋਂ ਪਹਿਲਾਂ ਰਸੋਈ ਘਰ ਵਿਚ ਜਾ ਕੇ ਭਾਂਡੇ ਧੋਣੇ ਪੈ ਸਕਦੇ ਹਨ, ਆਟਾ ਗੁੰਨਣਾ ਪੈ ਸਕਦਾ ਹੈ, ਹੱਥ ਅੱਗ ਨਾਲ ਸੜ ਸਕਦਾ ਹੈ।

ਕਵਿਤਾ ਮਾਨਣ ਲਈ ਤੁਹਾਨੂੰ ਮੁਸ਼ੱਕਤ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਗੁਰਬਾਣੀ ਨੂੰ-ਸਮਝਣ ਲਈ ਪਾਠਕ ਨੂੰ ਗੁਰਬਾਣੀ ਦਾ ਹਿੱਸਾ ਬਣਨਾ ਪੈਂਦਾ ਹੈ।

ਗੁਰਬਾਣੀ ਦੇ ਸਹੀ ਪ੍ਰਸੰਗ ਨੂੰ ਸਮਝਣ ਲਈ ਗੁਰੂ ਸਾਹਿਬਾਨ ਦੇ ਪ੍ਰਮਾਣਿਕ ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਸਾਹਮਣੇ ਰੱਖਣਾ ਜ਼ਰੂਰੀ ਹੈ। ਬਹੁਤੀ ਵੇਰ ਜਿਸ ਵੇਦਾਂਤ ਦੀ ਸ਼ੈਲੀ ਵਿਚ ਨਿਰਾਸ਼ਾਜਨਕ ਉਪਦੇਸ਼ ਨੂੰ ਪ੍ਰਚਾਰਿਆ ਜਾਂਦਾ ਹੈ, ਸਿੱਖ ਜੀਵਨ ਜਾਚ ਤੋਂ ਉਹ ਵਿਪਰੀਤ ਹੈ। ਇਸ ਲਈ ਗੁਰਬਾਣੀ ਦੀ ਸਹੀ ਸਮਝ ਲਈ ਜ਼ਰੂਰੀ ਹੈ ਕਿ ਸਮੁੱਚੀ ਸਿੱਖ ਜੀਵਨ ਜਾਚ ਨੂੰ ਸਾਹਮਣੇ ਰੱਖਿਆ ਜਾਵੇ। ਗੁਰਬਾਣੀ ਵੇਦਾਂਤ ਅਤੇ ਯੋਗ ਮਤ ਤੋਂ ਨਿਆਰੀ ਹੈ। ਸਿੱਖ ਇਤਿਹਾਸ ਨੂੰ ਸਹੀ ਪ੍ਰਸੰਗ ਵਿਚ ਸਮਝੇ ਬਿਨਾਂ ਗੁਰਬਾਣੀ ਦੀ ਸੋਝੀ ਨਹੀਂ ਹੋ ਸਕਦੀ। ਸਿੱਖ ਇਤਿਹਾਸ, ਗੁਰਬਾਣੀ ਦਾ ਫਲ ਹੈ। ਇਸ ਲਈ ਗੁਰਬਾਣੀ ਦੇ ਅਰਥ ਕਰਦਿਆਂ ਸਿੱਖ ਇਤਿਹਾਸ ਨੂੰ ਵੱਖ ਨਹੀਂ ਕਰਨਾ ਚਾਹੀਦਾ। ਪ੍ਰੋ. ਸਾਹਿਬ ਸਿੰਘ ਦੀ ਵਿਆਖਿਆ ਪ੍ਰਣਾਲੀ ਵਿਚ ਇਹ ਵੱਡਾ ਦੋਸ਼ ਰਹਿਣ ਕਰਕੇ, ਉਸ ਉੱਪਰੋਂ ਵੇਦਾਂਤ ਦਾ ਰੰਗ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਸਕਿਆ। ਅਸੀਂ ਗੁਰਬਾਣੀ ਦੀ ਅਧਿਆਤਮਕ ਵਿਚਾਰਧਾਰਾ ਦੇ ਨਿਆਰੇਪਣ ਲਈ ਕੁਝ ਮੂਲ ਸੰਕਲਪਾਂ ਦੀ ਚਰਚਾ ਕਰ ਰਹੇ ਹਾਂ:

1. ਨਾਮ

ਧਰਮਾਂ ਵਿਚ ਜਾਦੂ ਦੇ ਵਿਸ਼ਵਾਸ ਤੋਂ ਵਿਕਸਿਤ ਹੋਇਆ ਇਕ ਸਿਧਾਂਤ, ਜਿਸ ਅਨੁਸਾਰ ਅੰਸ਼ ਤੋਂ ਅੰਸ਼ੀ ਭਾਵ ਨਾਮ ਤੋਂ ਨਾਮੀ ਤਕ ਪਹੁੰਚਿਆ ਜਾ ਸਕਦਾ ਹੈ। ਪਰਮਾਤਮਾ ਦੀ ਪ੍ਰਾਪਤੀ ਉਸਦੇ ਨਾਮ ਤੋਂ ਹੁੰਦੀ ਦੱਸੀ ਜਾਂਦੀ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸ਼ਾਮ ਸਿੰਘ ਦਾ ਪਤਾ ਕੋਲ ਹੋਵੇ ਤਾਂ ਉਸ ਤੀਕ ਪਹੁੰਚ ਸੰਭਵ ਹੈ।

ਗੁਰਬਾਣੀ ਦੇ ਹਰ ਸ਼ਬਦ ਦਾ ਸਾਰ 'ਨਾਮ' ਹੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਨਾਮ' ਪਦ ਦੀ ਵਰਤੋਂ ਹਜ਼ਾਰਾਂ ਵੇਰ ਹੋਣ ਦੇ ਬਾਵਜੂਦ, ਇਸਦੇ ਸਹੀ ਅਰਥਾਂ ਤੀਕ ਪਹੁੰਚਣਾ ਸੌਖਾ ਨਹੀਂ। ਕਈ ਵਿਦਵਾਨ 'ਨਾਮ' ਦੀ ਅਜਿਹੀ ਵਰਤੋਂ ਵੇਖ ਕੇ ਸਿੱਖ ਮਤ ਨੂੰ ਨਾਮ-ਮਾਰਗ ਵੀ ਕਹਿੰਦੇ ਹਨ। ਪਰ ਹੈਰਾਨਗੀ ਦੀ ਗੱਲ ਹੈ ਕਿ ਇਸ ਮੂਲ ਸਿਧਾਂਤ ਨੂੰ ਸਪੱਸ਼ਟਤਾ ਅਤੇ ਸੰਖੇਪਤਾ ਨਾਲ ਬਿਆਨ ਕਰਨ ਦਾ ਯਤਨ ਨਹੀਂ ਕੀਤਾ ਗਿਆ। ਇਸ ਬਾਰੇ ਫੈਲੀ ਅਗਿਆਨਤਾ ਕਾਰਣ ਲੋਕਾਂ ਦੀ ਧਾਰਮਿਕ ਜਗਿਆਸਾ ਦਾ ਸ਼ੋਸ਼ਣ ਕਰਕੇ, ਉਨ੍ਹਾਂ ਨੂੰ ਫਜ਼ੂਲ ਦੇ ਕਰਮ-ਕਾਂਡਾਂ ਅਤੇ ਮਕੈਨੀਕਲ ਅਭਿਆਸ ਵਿਚ ਪਾ ਦਿੱਤਾ ਜਾਂਦਾ ਹੈ। ਅੱਜ ਕੱਲ ਰਾਧਾ ਸੁਆਮੀ ਮਤ, ਅਨੇਕਾਂ ਅਖੌਤੀ ਸਾਧ ਤੇ ਹੋਰ ਬਾਬੇ ਸਿੱਖਾਂ ਨੂੰ ਨਾਮ ਬਾਰੇ ਗੁਰਬਾਣੀ ਦੇ ਹਵਾਲੇ ਸੁਣਾ ਕੇ, ਐਸੇ ਚੱਕਰ ਵਿਚ ਪਾ ਰਹੇ ਹਨ, ਜਿਸਦਾ ਗੁਰਮਤ ਨਾਲ ਦੂਰ ਦੂਰ ਵਾਸਤਾ ਨਹੀਂ। ਇਸ ਲਈ ਗੁਰਮਤ ਦੇ ਸੰਦਰਭ ਵਿਚ ਨਾਮ ਸਿਧਾਂਤ ਨੂੰ ਜਾਣਨਾ ਬਹੁਤ ਲਾਜ਼ਮੀ ਹੈ।

ਨਾਮ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਦੋ ਬਹੁਤ ਹੀ ਅਹਿਮ ਗੱਲਾਂ ਹਿਰਦੇ ਵਿਚ ਵਸਾਉਣੀਆਂ ਪੈਣਗੀਆਂ:

1. ਗੁਰਮਤ ਨਿਆਰਾ ਮਤ ਹੈ। 'ਨਾਮ' ਮੂਲ ਰੂਪ ਵਿਚ ਯੋਗ ਮਤ ਦਾ ਸਿਧਾਂਤ ਹੈ। ਹੁਣ ਤਕ ਨਾਮ ਦੀ ਜੋ ਵਿਆਖਿਆ ਹੋਈ ਹੈ, ਉਸ ਉੱਪਰ ਯੋਗ ਮਤ ਦਾ ਹੀ ਪ੍ਰਭਾਵ ਹੈ। ਜਦੋਂ ਕਿ ਦੂਜੇ ਮਤਾਂ ਦੀ ਸ਼ਬਦਾਵਲੀ ਦੇ ਗੁਰਮਤ ਵਿਚ ਅਰਥ ਬਦਲ ਜਾਂਦੇ ਹਨ। ਗੁਰਮਤ ਨੇ ਪ੍ਰਚਲਤ ਸ਼ਬਦਾਵਲੀ ਨੂੰ ਨਵੇਂ ਅਰਥਾਂ ਵਿਚ ਪ੍ਰਯੋਗ ਕੀਤਾ ਹੈ, ਇਹੀ ਗੁਰਮਤ ਦਾ ਨਿਆਰਾਪਣ ਹੈ।

2. ਗੁਰਮਤ ਦਾ ਨਾਮ ਮਾਰਗ, ਦੂਜਿਆਂ ਦੇ ਨਾਮ ਮਾਰਗ ਤੋਂ ਇਸ ਕਰਕੇ ਵੀ ਭਿੰਨ ਹੈ ਕਿ ਸਿੱਖੀ ਵਿਚ ਨਾਮ-ਅਭਿਆਸੀ ਦੀ ਸ਼ਖ਼ਸੀਅਤ ਵੱਖਰੀ ਤਰ੍ਹਾਂ ਦੀ ਹੈ। ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਗੁਰਮਤ ਨਾਮ ਰੰਗ ਵਿਚ ਰੰਗੀ ਸੀ ਤਾਂ ਉਨ੍ਹਾਂ ਦੀ ਤੁਲਨਾ ਹੋਰ ਨਾਮ ਮਾਰਗ ਦੇ ਪਾਂਧੀਆਂ ਨਾਲ ਕਰੀਏ ਤਾਂ ਗੱਲ ਸਪੱਸ਼ਟ ਹੋ ਜਾਵੇਗੀ।

ਗੁਰਮਤ ਦੇ ਨਾਮ ਵਿਚ ਓਤ-ਪੋਤ ਸ਼ਖ਼ਸੀਅਤ ਸੱਚ ਤੇ ਕੁਰਬਾਨੀ ਵਿਚ ਗੜੁੱਚ ਹੁੰਦੀ ਹੈ। ਜਦੋਂ ਕਿ ਗੁਰਮਤ ਤੋਂ ਵੱਖਰੇ ਨਾਮ ਮਾਰਗ ਦੇ ਧਾਰਨੀ ਗੁਮਨਾਮੀ ਦੀ ਜ਼ਿੰਦਗੀ ਬਤੀਤ ਕਰਦਿਆਂ, ਕੇਵਲ ਨਿੱਜੀ ਮੁਕਤੀ ਤਕ ਹੀ ਸੀਮਤ ਰਹਿੰਦੇ ਹਨ। ਭਾਵ ਕਿ ਦੋਹਾਂ ਦਾ ਮਾਰਗ ਇਕ ਜਾਪਦਾ ਹੋਇਆ ਵੀ, ਲਕਸ਼ ਵੱਖ ਵੱਖ ਹਨ। ਰਾਧਾ ਸੁਆਮੀ ਮਤ ਜਾਂ ਅਜਿਹੇ ਨਾਮ ਦੇ ਧਾਰਨੀ ਮਤਾਂ ਦੇ ਅਨੁਯਾਈ ਕਦੇ ਵੀ ਸਮਾਜ ਲਈ ਕੋਈ ਕੁਰਬਾਨੀ ਦੀ ਗੱਲ ਵੀ ਨਹੀਂ ਕਰਦੇ। ਜਦੋਂ ਕਿ ਸਿੱਖੀ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਹਰ ਕੁਰਬਾਨੀ ਲਈ ਸਾਨੂੰ ਪ੍ਰੇਰਦੀ ਹੈ। ਸਿੱਖੀ ਵਿਚ ਸ਼ਹੀਦ ਅਤੇ ਸ਼ਹਾਦਤ ਦਾ ਵਿਸ਼ੇਸ਼ ਰੁਤਬਾ ਪ੍ਰਵਾਨ ਕੀਤਾ ਗਿਆ ਹੈ। ਗੁਰਮਤ ਦੇ ਨਾਮ ਮਾਰਗ ਤੋਂ ਹੱਟ ਕੇ, ਹੋਰ ਨਾਮ ਮਾਰਗ ਦੇ ਪਾਂਧੀ ਨੂੰ ਇਹ ਰੁਤਬਾ ਨਾ ਭਾਉਂਦਾ ਹੈ ਅਤੇ ਨਾ ਹੀ ਉਹ ਇਸ ਰੁਤਬੇ ਦਾ ਅਧਿਕਾਰ ਰੱਖਦਾ ਹੈ। ਬਸ! ਇਹੀ ਗੁਰਮਤ ਦੇ ਨਾਮ ਮਾਰਗ ਦਾ ਇਕੋ ਇਕ ਟੈਸਟ ਹੈ।

ਹੁਣ ਗੱਲ ਕਰਦੇ ਹਾਂ ਗੁਰਮਤ ਦੇ ਨਾਮ ਮਾਰਗ ਦੀ। ਗੁਰਬਾਣੀ ਵਿਚ ਨਾਮ ਕਈ ਪ੍ਰਸੰਗਾਂ ਵਿਚ ਪ੍ਰਯੋਗ ਕੀਤਾ ਮਿਲਦਾ ਹੈ, ਜਿਵੇਂ:

1. ਪਰਮਾਤਮਾ ਦੀ ਉਹ ਸ਼ਕਤੀ ਜਿਸ ਨਾਲ ਉਹ ਵਿਚਰਦਾ ਹੈ, ਉਸ ਨੂੰ ਨਾਮ ਕਿਹਾ ਗਿਆ ਹੈ।[1]

2. ਗੁਰੂ ਦਾ ਦਿੱਤਾ ਉਪਦੇਸ਼ ਵੀ 'ਨਾਮ' ਹੈ। ਅੱਜ ਤੀਕ ਰਾਧਾ ਸੁਆਮੀ ਮਤ ਵਾਲੇ ਅਤੇ ਹੋਰ ਮਤਾਂ ਵਾਲੇ ਆਪਣੇ ਅਨੁਯਾਈਆਂ ਨੂੰ ਜੋ ਗੁਪਤ ਉਪਦੇਸ਼ ਦਿੰਦੇ ਹਨ, ਨੂੰ ਵੀ ਉਹ 'ਨਾਮ' ਜਾਂ 'ਨਾਮ ਦਾਨ' ਕਿਹਾ ਕਰਦੇ ਹਨ। ਸਾਧਾਰਣ ਜਿਹੀ ਗੱਲ ਨੂੰ ਆਪਣੀ ਦੁਕਾਨਦਾਰੀ ਚਲਾਉਣ ਖ਼ਾਤਿਰ, ਲੋਕਾਂ ਨੇ ਨਾਮ ਨੂੰ ਵੀ ਗੋਰਖ ਧੰਦਾ ਬਣਾਇਆ ਹੋਇਆ ਹੈ।

ਬਹੁਤ ਵੇਰ ਵੇਖਣ ਵਿਚ ਆਉਂਦਾ ਹੈ ਕਿ ਨਾਮ ਜਪਣ ਤੇ ਗੁਰਬਾਣੀ ਪਾਠ ਨੂੰ ਵੱਖ-ਵੱਖ ਮੰਨਦਿਆਂ, ਨਾਮ ਜਪਣ ਨੂੰ ਸ੍ਰੇਸ਼ਠਤਾ ਦਿੱਤੀ ਜਾਂਦੀ ਹੈ। ਇਸ ਨੁਕਤੇ ਦਾ ਪੰਥ ਨੂੰ ਨੁਕਸਾਨ ਪਹੁੰਚਾਉਣ ਵਿਚ ਪ੍ਰਯੋਗ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਗੁਰਬਾਣੀ ਤੋਂ ਹਟਾ ਕੇ, ਕਿਸੇ ਵੀ ਪ੍ਰਕਾਰ ਦੇ ਨਾਮ ਨਾਲ ਬੰਨ੍ਹਣਾ ਸਿੱਖ ਵਿਰੋਧੀ ਸਾਜਿਸ਼ ਹੈ, ਜਿਸ ਨੂੰ ਸਮਝਣ ਦੀ ਲੋੜ ਹੈ। ਗੁਰਬਾਣੀ ਪਾਠ ਤੇ ਵਿਚਾਰ ਹੀ ਨਾਮ ਹੈ। ਇਸ ਤਰ੍ਹਾਂ ਗੁਰਬਾਣੀ ਤੇ ਨਾਮ ਇਕ ਹੀ ਵਸਤੂ ਹਨ।

3. ਨਾਮ ਧਿਆਉਣ ਜਾਂ ਜਪਣ ਦਾ ਅਰਥ ਗੁਰ ਉਪਦੇਸ਼ ਨੂੰ ਹਿਰਦੇ ਵਿਚ ਵਸਾਉਣਾ ਹੈ। ਇਸ ਕ੍ਰਿਆ ਨੂੰ ਕਈਆਂ ਨੇ ਬੜੀ ਕਠਿਨ ਤੇ ਮਕੈਨੀਕਲ ਬਣਾਇਆ ਹੋਇਆ ਹੈ। ਕਿਸੇ ਸ਼ਬਦ ਦਾ ਤੋਤਾ ਰਟਨ ਗੁਰਮਤ ਵਿਚ ਜਾਪ ਜਾਂ ਸਿਮਰਨ ਨਹੀਂ ਮੰਨਿਆ ਗਿਆ।[2]

ਮਨੁੱਖ ਦੇ ਦੋ ਪੱਖ ਹਨ—ਸੀਮਤ ਤੇ ਅਸੀਮਤ। ਸੀਮਤ ਮਾਯਾ ਵਾਲਾ ਪੱਖ ਹੈ ਜਦੋਂਕਿ ਅਸੀਮਤ ਨਾਮ/ਸ਼ਬਦ ਵਾਲਾ ਪੱਖ ਹੈ। ਨਾਮ/ਸ਼ਬਦ ਮਨੁੱਖ ਦੀ ਅਸੀਮਤ ਚੇਤਨਾ ਦੇ ਲਖਾਇਕ ਹੈ। ਨਾਮ ਦੇ ਤਿੰਨ ਪੜਾਅ ਗੁਰਬਾਣੀ ਦੇ ਮੰਨੇ ਹਨ:

ੳ. ਜਾਪ

ਇਸ ਪੜਾਅ ਵਿਚ ਅਭਿਆਸੀ ਨੇ ਗੁਰਬਾਣੀ ਦਾ ਪਾਠ ਤੇ ਅਧਿਐਨ ਕਰਨਾ ਹੈ।[3]

ਅ. ਸਿਮਰਨ

ਇਸ ਪੜਾਅ ਉੱਪਰ ਗੁਰਉਪਦੇਸ਼ ਸਹਿਜ ਹੋ ਜਾਂਦਾ ਹੈ। ਹਰ ਕੰਮ ਕਰਦਿਆਂ, ਸੁਭਾਵਿਕ ਹੀ ਇਹ ਚਿੰਤਨ ਚਲਦਾ ਰਹਿੰਦਾ ਹੈ ਕਿ ਕਿਹੜਾ ਕੰਮ ਗੁਰਮਤ ਅਨੁਕੂਲ ਹੈ ਤੇ ਕਿਹੜਾ ਪ੍ਰਤੀਕੂਲ।[4] ਇਹ ਅਵਸਥਾ ਬਹੁਤ ਉੱਚੀ ਹੈ।

ੲ. ਅਜਪਾ ਜਾਪ

ਨਾਮ ਮਾਰਗ ਦਾ ਤੀਜਾ ਪੜਾਅ ਅਜਪਾ ਜਾਪ ਅਖਵਾਉਂਦਾ ਹੈ। ਇਸ ਤੋਂ ਭਾਵ ਹੈ ਜਦੋਂ ਗੁਰਮਤ ਦੇ ਪਾਂਧੀ ਦਾ ਜੀਵਨ ਪੂਰੀ ਤਰ੍ਹਾਂ ਗੁਰਮਤ ਜਾਂ ਗੁਰਉਪਦੇਸ਼ ਦੇ ਅਨੁਕੂਲ ਹੋ ਜਾਂਦਾ ਹੈ। ਇਸ ਨੂੰ ਨਾਮ ਮਾਰਗ ਦੀ ਅੰਤਿਮ ਅਵਸਥਾ ਜਾਂ ਪ੍ਰਾਪਤੀ ਕਿਹਾ ਜਾਂਦਾ ਹੈ, ਜਿਥੇ ਸਿੱਖ ਤੇ ਗੁਰੂ ਦਾ ਆਤਮਿਕ ਭੇਦ ਖ਼ਤਮ ਹੋ ਜਾਂਦਾ ਹੈ।

ਉਪਰੋਕਤ ਨਾਮ ਮਾਰਗ ਵਿਚ ਕੁਝ ਵੀ ਅਜੀਬ ਜਾਂ ਰਹੱਸ ਨਹੀਂ। ਇਹ ਬਹੁਤ ਹੀ ਵਿਗਿਆਨਕ ਅਤੇ ਸਹਿਜ ਕ੍ਰਿਆ ਹੈ। ਫਿਰ ਵੀ ਜੋ ਲੋਕ ਸਾਡੇ ਮਤ ਨਾਲ ਸਹਿਮਤ ਨਾ ਹੋਣ, ਉਨ੍ਹਾਂ ਦੀ ਸੇਵਾ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਸਵੱਯਾ ਹੈ:

ਆਂਖਨ ਮੀਚ ਰਹੈ ਬਕ ਕੀ ਜਿਮ, ਲੋਗਨ ਏਕ ਪ੍ਰਪੰਚ ਦਿਖਾਯੋ॥

ਨਿਆਤ ਫਿਰਯੋ ਸਿਰੁ ਬੱਧਕ ਜਯੋਂ, ਅਸ ਧਯਾਨ ਬਿਲੋਕ ਬਿੜਾਲ ਲਜਾਯੋ॥
ਲਾਗਿ ਫਿਰਯੋ ਧਨ ਆਸ ਜਿਤੈ ਤਿਤ, ਲੋਕ ਗਯੋ ਪਰਲੋਕ ਗਵਾਯੋ॥
ਸ੍ਰੀ ਭਗਵੰਤ ਭਜਯੋ ਨ ਅਰੇ ਜੜ, ਧਾਮ ਕੇ ਕਾਮ ਕਹਾ ਉਰਝਾਯੋ॥

ਅਸੀਂ ਬਹੁਤ ਸਾਰੇ ਅਖੌਤੀ ਭਜਨੀਕਾਂ ਅਤੇ ਦੰਭੀ ਨਾਮ-ਅਭਿਆਸੀਆਂ ਬਾਰੇ ਜਾਣਦੇ ਹਾਂ, ਜੋ ਆਮ ਸੰਸਾਰੀਆਂ ਵਾਂਗ ਹੀ ਜਿਉਂਦੇ ਹਨ। ਉਨ੍ਹਾਂ ਦੇ ਜੀਵਨ ਵਿਚ ਝੂਠ ਅਤੇ ਵਿਕਾਰਾਂ ਦਾ ਬੋਲਬਾਲਾ ਹੁੰਦਾ ਹੈ। ਹਰ ਉਹ ਦੋਸ਼ ਜੋ ਆਮ ਵਿਅਕਤੀ ਵਿਚ ਹੋ ਸਕਦਾ ਹੈ, ਉਹ ਇਨ੍ਹਾਂ ਅਖੌਤੀ ਨਾਮ-ਮਾਰਗੀਆਂ ਵਿਚ ਵੀ ਹੁੰਦਾ ਹੈ ਤਾਂ ਇਸ ਵਿਖਾਵੇ ਦੀ ਅਹੰ ਵਧਾਉਣ ਵਾਲੀ ਕ੍ਰਿਆ ਪਿੱਛੇ ਜੀਵਨ ਬਰਬਾਦ ਕਿਉਂ ਕੀਤਾ ਜਾਵੇ?

2. ਸ਼ਬਦ-ਸੁਰਤ

ਸਿਧਾਂ ਵਿਚ ਇਹ ਸਾਧਨਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਰਹੀ। ਗੁਰੂ ਨਾਨਕ ਸਾਹਿਬ ਦੀ ਮੁਲਾਕਾਤ ਐਸੇ ਸਿਧਾਂ ਨਾਲ ਕਈ ਵੇਰ ਹੁੰਦੀ ਰਹੀ ਸੀ। ਸੋ ਗੁਰੂ ਜੀ ਨੇ ਇਹ ਸ਼ਬਦਾਵਲੀ ਪ੍ਰਤੀਕ ਵਜੋਂ ਅਪਣਾ ਲਈ ਹੈ।

ਡਾ. ਰਤਨ ਸਿੰਘ ਜੱਗੀ ਨੇ ਹੁਣੇ ਜੋ 'ਗੁਰੂ ਗ੍ਰੰਥ ਵਿਸ਼ਵਕੋਸ਼' ਤਿਆਰ ਕਰਵਾ ਕੇ ਛਪਵਾਇਆ ਹੈ, ਉਸ ਅਨੁਸਾਰ ਸ਼ਬਦ-ਸੁਰਤ ਦੇ ਅਭਿਆਸ ਦਾ ਆਰੰਭ ਤਾਂਤਰਿਕ ਬੁੱਧ ਧਰਮ ਨਾਲ ਹੋਇਆ।[5]

ਸਾਧ ਮਤ ਦੇ ਪ੍ਰਭਾਵ ਕਾਰਣ ਇਸ ਸ਼ਬਦ ਦਾ ਵੀ ਗ਼ਲਤ ਪ੍ਰਯੋਗ ਹੋ ਰਿਹਾ ਹੈ। ਹੁਣ ਤਾਂ ਇਸ ਪ੍ਰਭਾਵ ਕਾਰਣ ਸ਼ਬਦ-ਸੁਰਤ ਅਭਿਆਸ ਕੇਂਦਰ ਨਾਂ ਦੀ ਸੰਸਥਾ ਵੀ ਬਣ ਗਈ ਹੈ। ਇਸ ਅਭਿਆਸ ਨੂੰ ਕਰਨ ਵਾਲੇ ਅੰਮ੍ਰਿਤ ਵੇਲੇ ਉੱਠ ਕੇ ਵਾਹਿਗੁਰੂ ਸ਼ਬਦ ਨੂੰ ਗੁਰਮੰਤਰ ਜਾਣ ਕੇ ਉਸਦਾ ਲਗਾਤਾਰ ਜਾਪ ਕਰਦੇ ਹਨ। ਉਹ ਇਸ ਸਾਧਨਾ ਨੂੰ ਰੂਹਾਨੀਅਤ ਸਮਝਦੇ ਹਨ। ਅਜਿਹੇ ਪ੍ਰੇਮੀ ਇਸ ਅਭਿਆਸ ਦੌਰਾਨ ਹੋਏ ਅਨੁਭਵ ਦਾ ਰਹੱਸਮਈ ਵਰਣਨ ਕਰਦਿਆਂ ਦੱਸਦੇ ਹਨ ਕਿ ਇਸ ਪ੍ਰਕਿਰਿਆ ਦੌਰਾਨ ਉਨ੍ਹਾਂ ਨੂੰ ਅਦਭੁਤ ਸ਼ਾਂਤੀ ਦਾ ਅਨੁਭਵ ਹੁੰਦਾ ਹੈ ਅਤੇ ਉਨ੍ਹਾਂ ਨੂੰ ਅਲੌਕਿਕ ਦਰਸ਼ਨ ਵੀ ਹੁੰਦੇ ਹਨ। ਉਹ ਦੱਸਦੇ ਹਨ ਕਿ ਇਸ ਆਨੰਦ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਪਰ ਗੁਰਮਤ ਵਿਚ ਸ਼ਬਦ-ਸੁਰਤ ਤੋਂ ਭਾਵ ਉਹ ਬਿਰਤੀ ਹੈ ਜੋ ਗੁਰਬਾਣੀ ਨਾਲ ਜੁੜੀ ਹੋਈ ਹੈ। ਇਸ ਤੋਂ ਬਿਨਾਂ ਜੀਵ ਝੂਠੀ ਰੂਹਾਨੀਅਤ ਦੇ ਪਰਪੰਚ ਵਿਚ ਖੱਜਲ-ਖੁਆਰ ਹੋ ਕੇ ਜ਼ਲੀਲ ਹੁੰਦਾ ਫਿਰਦਾ ਹੈ।[6]

3. ਦਸਮ ਦੁਆਰ

ਯੋਗੀ ਮੰਨਦੇ ਹਨ ਕਿ ਸਾਡੇ ਸ਼ਰੀਰ ਦੇ ਦਸ ਦਰਵਾਜ਼ੇ ਹਨ। ਇਨ੍ਹਾਂ ਵਿਚੋਂ ਨੌਂ ਪ੍ਰਤੱਖ ਦਰਵਾਜ਼ੇ ਇਹ ਹਨ: ਦੋ ਕੰਨ, ਦੋ ਅੱਖਾਂ, ਦੋ ਨਾਸਿਕਾਵਾਂ, ਮੂੰਹ, ਗੁਦਾ

ਅਤੇ ਲਿੰਗ। ਪਰੰਤੂ ਦਸਵਾਂ ਦੁਆਰ ਗੁਪਤ ਹੈ, ਜੋ ਬੰਦ ਹੁੰਦਾ ਹੈ। ਇਹੀ ਦਸਮ ਦੁਆਰ ਹੈ।

ਦਸਮ ਦੁਆਰ ਸਾਡੇ ਮੱਥੇ ਵਿਚ ਦੋਹਾਂ ਅੱਖਾਂ ਦੇ ਦਰਮਿਆਨ ਸਥਿਤ ਦੱਸਿਆ ਜਾਂਦਾ ਹੈ। ਯੋਗੀਆਂ ਅਨੁਸਾਰ ਇਹ ਦਸਮ ਦੁਆਰ ਕੁੰਡਲਨੀ ਨੂੰ ਜਗਾ ਕੇ, ਸੁਖਮਨਾ ਨਾੜੀ ਦੁਆਰਾ ਖੁੱਲ੍ਹ ਸਕਦਾ ਹੈ। ਇਸੇ ਨੂੰ ਪਰਮ-ਧਾਮ ਜਾਂ ਆਨੰਦ ਦਾ ਸੋਮਾ ਵੀ ਕਿਹਾ ਗਿਆ ਹੈ।

ਗੁਰਬਾਣੀ ਵਿਚ ਵੀ ਦਸਮ ਦੁਆਰ ਨੂੰ ਉੱਚੀ ਰੂਹਾਨੀਅਤ ਦੀ ਅਵਸਥਾ ਦੇ ਪ੍ਰਤੀਕ ਵਜੋਂ ਦਸਿਆ ਗਿਆ ਹੈ। ਪਰ ਗੁਰਮਤ ਵਿਚ ਕੁੰਡਲਨੀ ਜਗਾ ਕੇ, ਹੱਠ ਸਾਧਨਾ ਰਾਹੀਂ ਕਿਸੇ ਵੀ ਕਿਰਿਆ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਦਸਮ ਦੁਆਰ ਦਾ ਭਾਵ ਕੇਵਲ ਸੱਚਾ ਗਿਆਨ ਪ੍ਰਾਪਤ ਕਰ ਲੈਣਾ ਹੀ ਹੈ। ਗੁਰਬਾਣੀ ਵਿਚ ਗਿਆਨ ਪ੍ਰਾਪਤੀ ਨੂੰ ਬਹੁਤ ਉੱਚੀ ਅਵਸਥਾ ਮੰਨਿਆ ਗਿਆ ਹੈ। ਕੀ ਅਸੀਂ ਆਪਣੇ ਅਖੌਤੀ ਮਹਾਂਪੁਰਸ਼ਾਂ ਨੂੰ ਬ੍ਰਹਮਗਿਆਨੀ ਨਹੀਂ ਆਖਦੇ? ਤਾਂ ਦਸਮ ਦੁਆਰ ਉੱਚੀ ਬੁੱਧੀ ਦਾ ਹੀ ਪ੍ਰਤੀਕ ਹੈ। ਗੁਰੂ ਦੀ ਮਤ ਨਾਲ ਘੜੀ ਬੁੱਧੀ ਦਾ ਨਾਂ ਦਸਮ ਦੁਆਰ ਹੈ। ਇਹੀ ਬਿਬੇਕ ਬੁੱਧ ਹੈ। ਇਸ ਬਿਨਾਂ ਕੋਈ ਦਸਮ ਦੁਆਰ ਨਹੀਂ ਹੈ, ਹੋਰ ਸਭ ਕੁਝ ਕੋਰੀ ਕਲਪਨਾ ਜਾਂ ਮਾਤਰ ਭਰਮ ਹੈ।

4. ਦਰਸ਼ਨ ਝਲਕਾਰੇ

ਰੂਹਾਨੀਅਤ ਦੇ ਪਾਂਧੀ ਨੂੰ ਅਜਿਹੇ ਅਨੁਭਵ ਹੁੰਦੇ ਹਨ, ਜਿਸਦਾ ਵਰਣਨ ਵੱਖ-ਵੱਖ ਤਰ੍ਹਾਂ ਕੀਤਾ ਜਾਂਦਾ ਹੈ। ਕੋਈ ਕਹਿੰਦਾ ਹੈ ਕਿ ਉਨ੍ਹਾਂ ਨੂੰ ਪ੍ਰਭੂ ਦੇ ਦਰਸ਼ਨ ਹੋਏ, ਕੋਈ ਦੱਸਦਾ ਹੈ ਕਿ ਉਨ੍ਹਾਂ ਦੇ ਇਸ਼ਟ ਦਾ ਦੀਦਾਰ ਹੋਇਆ, ਕੋਈ ਜੋਤ ਦੇ ਦਰਸ਼ਨ ਦੀ ਗੱਲ ਕਰਦਾ ਹੈ, ਕੋਈ ਮਧੁਰ-ਅਗੰਮੀ ਸੰਗੀਤ ਦਾ ਰਸ ਮਾਨਣ ਦੀ ਸੂਚਨਾ ਦਿੰਦਾ ਹੈ, ਕੋਈ ਅਦਭੁਤ ਨਜ਼ਾਰਿਆਂ ਨੂੰ ਦੇਖਣ ਦਾ ਦਾਅਵਾ ਕਰਦਾ ਹੈ।

ਗੁਰਮਤ ਵਿਚ ਵੀ 'ਦਰਸ਼ਨ' ਦੀ ਗਲ ਕੀਤੀ ਹੈ। 'ਦਰਸ਼ਨ' ਦਾ ਮਹਾਤਮ ਇਹ ਦੱਸਿਆ ਹੈ ਕਿ ਦਰਸ਼ਨ ਕਰਨ ਨਾਲ ਦੁੱਖ ਦੂਰ ਹੋ ਜਾਂਦੇ ਹਨ[7], ਮਨੁੱਖ ਦਾ ਦ੍ਵੈਤ ਭਾਵ ਖ਼ਤਮ ਹੋ ਜਾਂਦਾ ਹੈ[8] ਅਤੇ ਉਸਨੂੰ ਪੂਰਾ ਗਿਆਨ ਹੋ ਜਾਂਦਾ ਹੈ।[9] ਦੂਜੇ ਪਾਸੇ ਇਕ ਹਵਾਲਾ ਇਹ ਵੀ ਵਿਚਾਰਨਾ ਜ਼ਰੂਰੀ ਹੈ ਕਿ ਸਤਿਗੁਰ ਦੀ ਦੇਹ ਦੇ ਦਰਸ਼ਨ ਸਭ ਕਰ ਸਕਦੇ ਹਨ, ਪਰ ਐਸੇ ਦਰਸ਼ਨ ਨਾਲ ਕਿਸੇ ਨੂੰ ਕੋਈ ਲਾਭ ਨਹੀਂ ਹੋ ਸਕਦਾ। ਮਨੁੱਖ ਦੀ ਮੁਕਤੀ ਸ਼ਬਦ ਨੂੰ ਗ੍ਰਹਿਣ ਕਰਕੇ ਹੀ ਸੰਭਵ ਹੈ।[10]

ਸੋ, ਹੁਣ ਅਸੀਂ ਗੁਰਮਤ ਵਿਚਲੇ 'ਦਰਸ਼ਨ' ਨੂੰ ਸਮਝ ਸਕਦੇ ਹਾਂ। ਪ੍ਰਭੂ ਜਾਂ ਇਸ਼ਟ ਦੇ ਸ਼ਰੀਰਕ ਦਰਸ਼ਨ ਨਾ ਸਿੱਖ ਦਾ ਆਦਰਸ਼ ਹੈ ਅਤੇ ਨਾ ਹੀ ਸੰਭਵ ਹਨ। ਜੋ ਕੁਝ ਲੋਕ ਅਨੁਭਵ ਕਰਦੇ ਹਨ, ਉਹ ਸ੍ਵੈ-ਸੰਮੋਹਨ (Self-hypnotism) ਕਾਰਣ

ਹੀ ਹੁੰਦਾ ਹੈ। ਕੀ ਕਾਰਣ ਹੈ ਕਿ ਹਿੰਦੂ ਨੂੰ ਗੁਰੂ ਗੋਬਿੰਦ ਸਿੰਘ ਦਾ ਝਲਕਾਰਾ ਨਹੀਂ ਮਿਲਦਾ, ਉਸਨੂੰ ਹਿੰਦੂ ਅਵਤਾਰਾਂ ਦੇ ਹੀ ਦਰਸ਼ਨ ਹੁੰਦੇ ਹਨ; ਕਿਸੇ ਸਿੱਖ ਨੂੰ ਯਸੂ ਦਾ ਝਲਕਾਰਾ ਨਹੀਂ ਮਿਲਦਾ, ਉਸਨੂੰ ਗੁਰੂ ਸਾਹਿਬਾਨ ਦੇ ਹੀ ਦਰਸ਼ਨ ਹੁੰਦੇ ਹਨ ? ਫਿਰ ਦਰਸ਼ਨ ਵੀ ਉਸੇ ਰੂਪ ਵਿਚ ਹੁੰਦੇ ਹਨ ਜਿਸ ਤਰ੍ਹਾਂ ਦੇ ਚਿੱਤਰ ਜਾਂ ਮੂਰਤੀਆਂ ਦੇਖੀਆਂ ਹੁੰਦੀਆਂ ਹਨ। ਜਦੋਂ ਕਿ ਅਸੀਂ ਜਾਣਦੇ ਹਾਂ ਕਿ ਇਹ ਚਿੱਤਰ ਜਾਂ ਮੂਰਤੀਆਂ ਕਲਪਿਤ ਜਾਂ ਝੂਠੇ ਹੁੰਦੇ ਹਨ। ਅਸਲੀ ਰੰਗ-ਰੂਪ ਦਾ ਕਿਸੇ ਨੂੰ ਪਤਾ ਨਹੀਂ। ਸਾਡੇ ਗੁਰੂ ਸਾਹਿਬਾਨ ਕਿਹੋ ਜਿਹੇ ਸਨ ? ਕੌਣ ਦਸ ਸਕਦਾ ਹੈ ? ਹਰ ਚਿੱਤਰਕਾਰ ਨੇ ਆਪਣੀ ਕਲਪਨਾ ਅਨੁਸਾਰ ਚਿੱਤਰ ਬਣਾਏ ਹਨ। ਪ੍ਰਭੂ ਦਾ ਤਾਂ ਸਰੂਪ ਹੀ ਕੋਈ ਨਹੀਂ। ਉਸਦੇ ਦਰਸ਼ਨਾਂ ਦੀ ਗੱਲ ਬਿਲਕੁਲ ਨਿਰਮੂਲ ਹੈ।

'ਦਰਸ਼ਨ' ਦਾ ਇਕ ਅਰਥ ਗਿਆਨ ਜਾਂ ਪ੍ਰਕਾਸ਼ ਹੋਣਾ ਹੈ। ਫ਼ਲਸਫ਼ੇ ਨੂੰ ਇਸੇ ਆਧਾਰ ਉੱਪਰ 'ਦਰਸ਼ਨ' ਕਿਹਾ ਜਾਂਦਾ ਹੈ। ਪ੍ਰਭੂ ਜਾਂ ਗੁਰਮਤ ਦਾ ਪੂਰਾ ਅਤੇ ਸਹੀ ਗਿਆਨ ਹੋ ਜਾਣਾ ਹੀ ਦਰਸ਼ਨ ਕਰਨਾ ਹੈ। ਸਿੱਖੀ ਵਿਚ ਸ਼ਰੀਰ ਦਾ ਕੋਈ ਮਹੱਤਵ ਨਹੀਂ। ਤਾਂ ਸ਼ਰੀਰਕ ਦਰਸ਼ਨ ਦਾ ਵੀ ਕੋਈ ਲਾਭ ਨਹੀਂ ਹੋ ਸਕਦਾ। ਸੋ ਇਸ ਤਰ੍ਹਾਂ ਦੇ ਦਰਸ਼ਨ ਲਈ ਕਿਸੇ ਵੀ ਤਰ੍ਹਾਂ ਦੇ ਭਰਮ-ਜਾਲ ਵਿਚ ਪੈ ਕੇ ਸਮਾਂ ਵਿਅਰਥ ਗਵਾਉਣ ਨਾਲੋਂ ਸਰਬੱਤ ਦੇ ਭਲੇ ਲਈ ਕ੍ਰਿਆਸ਼ੀਲ ਹੋਣਾ ਵਧੇਰੇ ਚੰਗਾ ਹੈ।

ਮੈਂ ਆਪਣੇ ਬਚਪਨ ਵਿਚ ਭੋਲੇਪਣ ਵਿਚ ਦਰਸ਼ਨਾਂ ਦੇ ਭਰਮ-ਜਾਲ ਵਿਚ ਪੈ ਗਿਆ ਸਾਂ। ਮੈਨੂੰ ਤੇਰ੍ਹਾਂ ਸਾਲ ਦੀ ਆਯੂ ਵਿਚ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੋਏ ਸਨ। ਕਈ ਸਾਲਾਂ ਤੀਕ ਮੈਂ ਇਸਨੂੰ ਇਕ ਵੱਡੀ ਪ੍ਰਾਪਤੀ ਸਮਝਦਾ ਰਿਹਾ। ਗੁਰਮਤ ਦੀ ਸਹੀ ਸੋਝੀ ਹੋਈ ਤਾਂ ਮੈਨੂੰ ਆਪਣੇ ਅਨੁਭਵ ਦਾ ਖੋਖਲਾਪਣ ਸਮਝ ਆਇਆ। ਅਸੀਂ ਵਿਅਰਥ ਹੀ ਅਖੌਤੀ ਸਾਧਾਂ ਨਾਲ ਜੁੜੀਆਂ ਕਰਾਮਾਤਾਂ ਅਤੇ ਪ੍ਰਭੂ ਦਰਸ਼ਨ ਦੀਆਂ ਕਥਾਵਾਂ ਪੜ੍ਹ-ਸੁਣ ਕੇ ਪ੍ਰਭਾਵਿਤ ਹੋ ਜਾਂਦੇ ਹਾਂ। ਇਸ ਤਰ੍ਹਾਂ ਦੇ ਲੋਕਾਂ ਨੇ ਕਦੇ ਵੀ ਜੀਵਨ ਮਨੋਰਥ ਨੂੰ ਸਮਝਣ ਦਾ ਯਤਨ ਨਹੀਂ ਕੀਤਾ।

5. ਪੰਚ ਸ਼ਬਦ

ਗੁਰਬਾਣੀ ਵਿਚ ਆਏ ਇਸ ਸ਼ਬਦ ਨੂੰ ਲੈ ਕੇ, ਵਿਦਵਾਨਾਂ ਵਿਚ ਕੋਈ ਸਪਸ਼ਟਤਾ ਵੇਖਣ ਨੂੰ ਨਹੀਂ ਮਿਲਦੀ। ਮਿਸਾਲ ਦੇ ਤੌਰ 'ਤੇ ਡਾ. ਰਤਨ ਸਿੰਘ ਜੱਗੀ ਆਪਣੀ ਪੁਸਤਕ *ਗੁਰੂ ਗ੍ਰੰਥ ਵਿਸ਼ਵਕੋਸ਼* ਵਿਚ ਇਸ ਸ਼ਬਦ ਬਾਰੇ ਦਸਦਿਆਂ ਭੰਬਲਭੂਸੇ ਵਿਚ ਪਏ ਦਿਸਦੇ ਹਨ। ਕਦੇ ਉਹ ਪੰਜ ਸਾਜਾਂ ਤੋਂ ਨਿਕਲੀ ਧੁਨ ਨੂੰ 'ਪੰਚ ਸ਼ਬਦ' ਦਸਦੇ ਹਨ ਅਤੇ ਕਦੇ ਅਨਹਦ ਨਾਦ ਨੂੰ 'ਪੰਚ ਸ਼ਬਦ' ਦਸਦੇ ਹਨ।[11]

ਗੁਰੂ ਦੀ ਬਖਸ਼ੀ ਮਤ ਅਨੁਸਾਰ ਮੇਰਾ ਮੰਨਣਾ ਹੈ ਕਿ ਪੰਚ ਸ਼ਬਦ ਤੋਂ ਭਾਵ ਰਹੱਸਮਈ ਖੁਸ਼ੀ ਹੈ। ਇਹ ਐਸੀ ਖੁਸ਼ੀ ਹੁੰਦੀ ਹੈ ਕਿ ਜਿਸਦਾ ਵਰਣਨ ਸ਼ਬਦਾਂ ਦੁਆਰਾ

ਨਹੀਂ ਹੋ ਸਕਦਾ। ਅੰਤਰੀਵ ਖੁਸ਼ੀ ਨੂੰ ਬਿਆਨ ਕਰਨ ਲਈ ਪ੍ਰਤੀਕ ਵਜੋਂ ਉਸਨੂੰ ਪੰਚ ਸ਼ਬਦ ਕਹਿ ਲਿਆ ਗਿਆ ਹੈ।[12]

ਰਾਧਾ ਸੁਆਮੀਆਂ ਵਾਂਗ ਕਿਸੇ ਧੁਨ ਜਾਂ ਨਾਦ ਨੂੰ ਸੁਣਨ ਦੀ ਫ਼ਜ਼ੂਲ ਇੱਛਾ ਦਾ ਗੁਰਮਤ ਦੀ ਰੂਹਾਨੀਅਤ ਨਾਲ ਕੋਈ ਵਾਸਤਾ ਨਹੀਂ।

ਕਈ ਮਨਮਤੀਆਂ ਅਨੁਸਾਰ ਇਹ ਸੰਕੇਤ *ਗੁਰੂ ਗ੍ਰੰਥ ਸਾਹਿਬ ਜੀ* ਅੰਦਰ ਆਏ ਪੰਜ ਗੁਪਤ ਸ਼ਬਦਾਂ ਵੱਲ ਹੈ, ਜਿਨ੍ਹਾਂ ਦਾ ਜਾਪ ਕਰਕੇ ਪਰਮਾਤਮਾ ਨਾਲ ਆਤਮਾ ਦਾ ਮੇਲ ਹੋ ਸਕਦਾ ਹੈ। ਇਹ ਦਸਣ ਵਾਲੇ ਮਨਮਤੀਆਂ ਦੇ ਗੁਰੂ ਆਪਣੇ ਚੇਲਿਆਂ ਨੂੰ ਗੁਰਮੰਤਰ ਵਜੋਂ ਗੁਪਤ ਰੂਪ ਵਿਚ ਇਹ ਸ਼ਬਦ ਦਸਣ ਦਾ ਦਾਅਵਾ ਕਰਦੇ ਹਨ। *ਗੁਰੂ ਗ੍ਰੰਥ ਸਾਹਿਬ* ਦੀ ਸਾਰੀ ਬਾਣੀ ਕਲਿਆਣਕਾਰੀ ਹੈ। ਇਸ ਵਿਚੋਂ ਕੁਝ ਬਾਣੀਆਂ ਜਾਂ ਸ਼ਬਦਾਂ ਦਾ ਵਿਸ਼ੇਸ਼ ਲਾਭ ਮੰਨਦਿਆਂ ਜਾਪ ਜਾਂ ਪਾਠ ਕਰਨਾ, ਬਾਕੀ ਬਾਣੀ ਦਾ ਨਿਰਾਦਰ ਕਰਨ ਦੇ ਤੁਲ ਹੈ। ਬਾਣੀ ਮੰਤਰ ਨਹੀਂ। ਸਾਰੀ ਬਾਣੀ ਲਾਭ ਪਹੁੰਚਾਉਣ ਵਾਲੀ ਹੈ। ਇਸ ਲਈ ਕਿਸੇ ਵਿਸ਼ੇਸ਼ ਪੰਜ ਸ਼ਬਦਾਂ ਨੂੰ 'ਪੰਚ ਸ਼ਬਦ' ਦੇ ਅਰਥ ਵਿਚ ਲੈਣਾ ਅਯੋਗ ਹੈ।

6. ਆਤਮਾ

ਵੇਦਾਂਤ ਮਤ ਤੋਂ ਪ੍ਰਭਾਵਿਤ ਮਤ ਵਿਸ਼ਵਾਸ ਕਰਦੇ ਹਨ ਕਿ ਮਨੁੱਖ ਦੋ ਚੀਜ਼ਾਂ ਦਾ ਪੁਤਲਾ ਹੈ—ਸ਼ਰੀਰ ਅਤੇ ਆਤਮਾ। ਆਤਮਾ ਬਾਰੇ ਆਮ ਧਾਰਣਾ ਇਹ ਹੈ ਕਿ ਇਹ ਦਿਸਦੀ ਨਹੀਂ ਅਤੇ ਇਸਦਾ ਨਿਵਾਸ ਦਸਮ ਦੁਆਰ, ਹਿਰਦੇ ਜਾਂ ਮਨ ਵਿਚ ਹੈ।

ਹਾਲਾਂਕਿ ਮਨ ਦਾ ਨਿਵਾਸ ਕਿੱਥੇ ਹੈ, ਇਹ ਵੀ ਕਿਸੇ ਨੂੰ ਪਤਾ ਨਹੀਂ? ਕਈ ਮਨ ਤੇ ਆਤਮਾ ਨੂੰ ਇਕ ਹੀ ਚੀਜ਼ ਮੰਨਦੇ ਹਨ। ਹਿਰਦਾ ਤਾਂ ਸਾਡੇ ਸ਼ਰੀਰ ਨੂੰ ਖ਼ੂਨ ਦੇਣ ਵਾਲਾ ਇਕ ਪੰਪ ਹੈ। ਤਾਂ ਫਿਰ ਆਤਮਾ ਦਾ ਟਿਕਾਣਾ ਦਸਮ ਦੁਆਰ ਹੀ ਰਹਿ ਸਕਦਾ ਹੈ। ਈਸਾਈ ਮਤ ਵਿਚ ਦੈਵੀ-ਆਤਮਾ (Spirit) ਦਾ ਸੰਕਲਪ ਵੇਦਾਂਤਿਕ ਆਤਮਾ ਤੋਂ ਬਿਲਕੁਲ ਭਿੰਨ ਹੈ। ਸਿੱਖ ਗੁਰਬਾਣੀ ਦੀ ਸਮਝ ਨਾ ਹੋਣ ਕਰਕੇ, ਆਤਮਾ ਬਾਰੇ ਵੇਦਾਂਤ ਵਾਲੇ ਹੀ ਵਿਚਾਰਾਂ ਦੇ ਧਾਰਨੀ ਹਨ।

ਜਿਸ ਤਰ੍ਹਾਂ ਦੀ ਆਤਮਾ ਨੂੰ ਵੇਦਾਂਤ ਨੇ ਮੰਨਿਆ ਹੈ, ਉਸ ਵਿਚ ਬੁਧ ਮਤ, ਜੈਨ ਮਤ, ਈਸਾਈਅਤ ਅਤੇ ਇਸਲਾਮ ਦਾ ਕੋਈ ਵਿਸ਼ਵਾਸ ਨਹੀਂ। ਲਿਖਣ ਤੋਂ ਭਾਵ ਇਹ ਹੈ ਕਿ ਆਤਮਾ ਕੋਈ ਵਿਸ਼ਵਵਿਆਪਕ ਵਿਸ਼ਵਾਸ ਨਹੀਂ ਅਤੇ ਨਾ ਹੀ ਇਸ ਨੂੰ ਮੰਨਣਾ ਧਰਮ ਲਈ ਕੋਈ ਜ਼ਰੂਰੀ ਸ਼ਰਤ ਹੀ ਹੈ। ਵਿਗਿਆਨਕ ਯੁੱਗ ਵਿਚ ਆਤਮਾ ਨੂੰ ਪਰੰਪਰਾ ਅਨੁਸਾਰ ਮੰਨਣ ਦਾ ਕੋਈ ਆਧਾਰ ਨਹੀਂ। ਹਾਂ, ਗੁਰਬਾਣੀ ਨੇ ਜਿਸ ਅਰਥ ਵਿਚ ਆਤਮਾ ਦੀ ਗੱਲ ਕੀਤੀ ਹੈ, ਉਹ ਪ੍ਰਚਲਿਤ ਮੁਹਾਵਰਾ ਤਾਂ ਹੈ ਹੀ, ਸਗੋਂ ਇਸਨੂੰ ਮਨੁੱਖੀ ਚੇਤਨਾ ਦੇ ਅਰਥ ਵਿਚ ਹੀ ਲਿਆ

ਹੈ। ਇਸਨੂੰ ਅੰਗਰੇਜ਼ੀ ਵਿਚ Self ਵੀ ਕਿਹਾ ਹੈ। ਇਹ ਚੇਤਨਾ ਹੀ ਮਨੁੱਖ ਦਾ ਜੀਵਨ ਆਧਾਰ ਹੈ, ਇਸ ਚੇਤਨਾ ਬਿਨਾਂ ਮਨੁੱਖ ਨਹੀਂ ਰਹਿ ਸਕਦਾ। ਮਨੁੱਖ ਦੀ ਇਸ ਚੇਤਨਾ ਵਿਚ ਅਸੀਮ ਸ਼ਕਤੀ ਹੈ, ਜਿਸ ਦੁਆਰਾ ਉਹ ਸਾਧਾਰਣ ਮਨੁੱਖ ਤੋਂ ਪਰਮ-ਮਨੁੱਖ ਜਾਂ ਦੇਵਤਾ ਵੀ ਬਣ ਸਕਦਾ ਹੈ। ਮਨੁੱਖ ਆਪਣੇ ਜੀਵਨ ਵਿਚ ਇਸੇ ਚੇਤਨਾ ਕਰਕੇ ਉੱਚੇ ਤੋਂ ਉੱਚਾ ਉਠਣ ਲਈ ਯਤਨ ਕਰਦਾ ਰਹਿੰਦਾ ਹੈ। ਇਹ ਮਨੁੱਖ ਨੂੰ ਪ੍ਰਗਤੀਸ਼ੀਲ ਬਣਾਉਂਦਾ ਹੈ। ਇਹ ਚੇਤਨਤਾ ਸਾਨੂੰ ਜੀਵਨ ਭਰ ਆਪਣੇ ਜੀਵਨ-ਮਨੋਰਥ ਨੂੰ ਪ੍ਰਾਪਤ ਕਰਨ ਲਈ ਨਿਰੰਤਰ ਪ੍ਰੇਰਨਾ ਦਿੰਦੀ ਰਹਿੰਦੀ ਹੈ। ਇਸ ਨੂੰ 'ਜੋਤ ਸਰੂਪ' ਅਤੇ 'ਪਰਮਾਤਮਾ ਦੀ ਅੰਸ' ਇਸੇ ਕਰਕੇ ਕਿਹਾ ਹੈ ਕਿ ਇਹ ਨਿਰੰਤਰ ਅਸੀਮ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿਚ ਰਹਿੰਦੀ ਹੈ।

ਸੱਚੇ ਗਿਆਨ ਤੋਂ ਬਿਨਾਂ ਮਨੁੱਖ ਖ਼ੁਦ ਨੂੰ ਸ਼ਰੀਰ ਮੰਨ ਕੇ ਹੀ, ਝੁਰਦਾ ਰਹਿੰਦਾ ਹੈ। ਸ਼ਰੀਰ ਨਾਸ਼ਮਾਨ ਹੈ, ਸ਼ਰੀਰ ਰੋਗੀ ਹੋ ਸਕਦਾ ਹੈ, ਸ਼ਰੀਰ ਸੀਮਤ ਹੈ। ਜੋ ਸ਼ਰੀਰਕ ਸਤਹ ਉੱਪਰ ਜੀਉਂਦੇ ਹਨ ਉਹ ਸੁਆਰਥੀ, ਹਉਮੈ ਗ੍ਰਸਤ ਅਤੇ ਵਿਕਾਰਾਂ ਦੇ ਸ਼ਿਕਾਰ ਹੋ ਕੇ, ਆਪਣਾ ਜੀਵਨ ਹਾਰ ਬੈਠਦੇ ਹਨ। ਐਸੇ ਮਨੁੱਖਾਂ ਨੂੰ ਹੀ ਗੁਰਬਾਣੀ ਮਨਮੁਖ ਕਹਿੰਦੀ ਹੈ। ਇਸ ਤੋਂ ਉਲਟ ਗੁਰਮੁਖ ਉਸ ਮਨੁੱਖ ਨੂੰ ਕਿਹਾ ਹੈ ਕਿ ਜੋ ਹਉਮੈ ਦੀ ਥਾਂ ਹੁਕਮ ਵਿਚ ਜਿਊਂਦਾ ਹੈ, ਉਹ ਸੁਆਰਥ ਦੀ ਥਾਂ ਸਰਬੱਤ ਦੇ ਭਲੇ ਲਈ ਜਿਊਂਦਾ ਹੈ, ਉਹ ਆਪਣੇ ਅੰਦਰ ਛੁਪੀ ਅਸੀਮ ਸ਼ਕਤੀ ਦੀ ਪਛਾਣ ਕਰਕੇ, ਐਸੇ ਕਾਰਨਾਮੇ ਕਰ ਜਾਂਦਾ ਹੈ ਕਿ ਆਉਣ ਵਾਲੀਆਂ ਨਸਲਾਂ ਉਸਨੂੰ ਯਾਦ ਕਰਦੀਆਂ ਰਹਿੰਦੀਆਂ ਹਨ। ਉਹ ਸ਼ਰੀਰਕ ਬੰਧਨ ਤੋਂ ਮੁਕਤ ਹੋ ਕੇ ਸਭ ਲਈ ਜਿਊਣ ਦਾ ਮਨੋਰਥ ਬਣਾ ਕੇ, ਸਰਬਵਿਆਪਕ ਹੋ ਜਾਂਦਾ ਹੈ। ਉਸਨੂੰ ਅਮਰਤਾ ਦੀ ਪਦਵੀ ਪ੍ਰਾਪਤ ਹੋ ਜਾਂਦੀ ਹੈ।

7. ਅਨਹਦ/ਅਨਹਤ/ਅਨਾਹਤ

ਯੋਗ ਮਤ ਦੀ ਸਾਧਨਾ ਮੁਤਾਬਿਕ ਜਦੋਂ ਯੋਗੀ ਆਪਣੀ ਸੁਰਤ ਦਸਮ ਦੁਆਰ ਵਿਚ ਟਿਕਾਅ ਲੈਂਦਾ ਹੈ ਤਾਂ ਉਸ ਸਮੇਂ ਉਸਦੇ ਅੰਦਰੋਂ ਇਕ ਧੁਨੀ ਪੈਦਾ ਹੁੰਦੀ ਹੈ। ਇਸ ਧੁਨੀ ਨੂੰ ਸੁਣਨਾ ਯੋਗੀਆਂ ਲਈ ਇਕ ਪ੍ਰਾਪਤੀ ਮੰਨੀ ਜਾਂਦੀ ਰਹੀ ਹੈ। ਇਹ ਅਦਭੁਤ ਧੁਨੀ ਕਿਉਂ ਜੁ ਬਿਨਾਂ ਚੋਟ ਦੇ ਪੈਦਾ ਹੁੰਦੀ ਹੈ, ਇਸ ਲਈ ਇਸ ਨੂੰ 'ਅਨਹਦ'/'ਅਨਹਤ' ਜਾਂ 'ਅਨਾਹਤ' ਨਾਦ ਭੀ ਕਿਹਾ ਗਿਆ ਹੈ। ਇਹ ਨਾਦ ਕੰਨਾਂ ਦੁਆਰਾ ਸੁਣਾਈ ਨਹੀਂ ਦਿੰਦਾ, ਬਲਕਿ ਚਿੱਤ ਦੀ ਇਕਾਗਰਤਾ ਵਿਚ ਸੁਣਾਈ ਦਿੰਦਾ ਹੈ।

ਅਜਿਹਾ ਨਾਦ ਰਾਧਾਸੁਆਮੀ ਅਤੇ ਹੋਰ ਅਨਮਤੀਏ ਵੀ ਸੁਣਨ ਦਾ ਦਾਅਵਾ ਕਰਦੇ ਹਨ। ਅਸੀਂ ਇਸਦਾ ਖੰਡਨ ਨਾ ਕਰਕੇ, ਇਸਦੇ ਸੱਚ ਨੂੰ ਸਮਝਣ ਦੀ ਬੇਨਤੀ ਜ਼ਰੂਰ ਕਰਦੇ ਹਾਂ। ਨਿੱਜੀ ਅਨੁਭਵ ਅਤੇ ਹੋਰ ਗੁਰਮਤ ਪ੍ਰੇਮੀਆਂ ਦੀ ਸੰਗਤ ਕਰਕੇ,

ਮੈਂ ਇਸ ਨਤੀਜੇ ਉੱਪਰ ਪੁੱਜਾ ਹਾਂ ਕਿ ਇਸ ਤਰ੍ਹਾਂ ਦੇ ਅਧਿਆਤਮਵਾਦ ਦਾ ਕੋਈ ਮਹੱਤਵ ਨਹੀਂ। ਇਸਦਾ ਇਕੋ ਲਾਭ ਹੈ ਕਿ ਇਹ ਅਭਿਆਸ ਕਿਸੇ ਹੱਦ ਤੀਕ ਮਾਨਸਿਕ ਤਣਾਅ ਘਟਾ ਸਕਦਾ ਹੈ। ਨਉ ਦੁਆਰੇ (ਦੋ ਅੱਖਾਂ+ਦੋ ਕੰਨ+ਦੋ ਨਾਸਿਕਾਵਾਂ+ਇਕ ਮੂੰਹ+ਇਕ ਗੁਦਾ+ਇਕ ਲਿੰਗ) ਬੰਦ ਕਰਨ ਨਾਲ ਮਨੁੱਖ ਅੰਤਰਮੁਖੀ ਹੋ ਜਾਂਦਾ ਹੈ। ਬਾਹਰੀ ਆਵਾਜ਼ਾਂ ਬੰਦ ਹੋ ਜਾਣ ਨਾਲ ਸ਼ਰੀਰ ਅੰਦਰਲੀ ਕ੍ਰਿਆ (ਦਿਲ ਦੀ ਧੜਕਨ ਆਦਿ) ਅਤੇ ਸੁੰਨ ਵਿਚ ਅਜੀਬ ਸੰਗੀਤ ਸੁਣਨਾ ਕੋਈ ਅਚੰਭਾ ਨਹੀਂ। ਇਸ ਵਿਚ ਰੂਹਾਨੀਅਤ ਵੀ ਕੋਈ ਨਹੀਂ। ਅਜਿਹੇ ਅਭਿਆਸ ਦਾ ਕੋਈ ਲਾਭ ਨਹੀਂ।

ਫਿਰ ਪ੍ਰਸ਼ਨ ਉਠਦਾ ਹੈ ਕਿ ਗੁਰਬਾਣੀ ਵਿਚ ਅਜਿਹੀ ਸ਼ਬਦਾਵਲੀ ਦਾ ਕੀ ਪ੍ਰਯੋਜਨ ਹੈ? ਇਸਦਾ ਉੱਤਰ ਇਹੀ ਹੈ ਕਿ ਇਹ ਸ਼ਬਦਾਵਲੀ ਉਸ ਸਮੇਂ ਆਮ ਪ੍ਰਯੋਗ ਹੁੰਦੀ ਸੀ। ਗੁਰੂ ਸਾਹਿਬਾਨ ਨੇ ਪ੍ਰਤੀਕਾਤਮਕ ਤੌਰ 'ਤੇ ਹੀ, ਇਸ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਸਾਹਿਬ ਫ਼ੁਰਮਾ ਰਹੇ ਹਨ ਕਿ (ਜਿਸ) ਅਨਹਦ ਨਾਦ (ਨੂੰ ਸੁਣਨ ਲਈ ਯੋਗੀ ਕਈ ਜੁਗਤਾਂ ਲੜਾਉਂਦੇ ਹਨ, ਉਹ ਅਵਸਥਾ ਸਿੱਖ ਨੂੰ) ਸਿਮਰਨ ਦੁਆਰਾ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ।[13]

ਸੋ, ਐਸੀ ਸ਼ਬਦਾਵਲੀ ਸੰਜੋਗ-ਵਸ ਅਤੇ ਪ੍ਰਯੋਜਨ-ਵਸ ਪ੍ਰਯੋਗ ਕੀਤੀ ਗਈ ਹੈ। ਪਰ ਜਿਹੜੇ ਭਾਈ ਗੁਰਮਤ ਨਾਲੋਂ ਯੋਗ ਮਤ ਵਿਚ ਵਧੇਰੇ ਵਿਸ਼ਵਾਸ ਰੱਖਦੇ ਹੋਣ, ਉਹ ਦੱਸਣ ਕਿ ਸਿੱਖ ਜੀਵਨ ਜਾਚ, ਯੋਗੀਆਂ ਦੀ ਜੀਵਨ ਜਾਚ ਨਾਲੋਂ ਵਧੇਰੇ ਉਪਯੋਗੀ ਹੈ ਜਾਂ ਨਹੀਂ? ਅਖੌਤੀ ਨਾਦ ਸੁਣਨ ਵਾਲੇ ਅਭਿਆਸੀਆਂ ਨੇ ਲੋਟੂ ਟੋਲੇ ਦੀ ਮਦਦ ਕੀਤੀ ਹੈ ਜਾਂ ਸ਼ੋਸ਼ਿਤ ਵਰਗ ਦੀ? ਇਹ ਵਿਚਾਰ ਕਰਨ ਬਾਅਦ, ਸਾਡੇ ਦੁਆਰਾ ਪ੍ਰਸਤੁਤ ਮਤ ਦਾ ਵਿਰੋਧ ਕਰਨਾ ਮੁਸ਼ਕਲ ਹੋਵੇਗਾ।

ਕਈ ਯੋਗੀਆਂ ਦੇ ਇਸ ਅਖੌਤੀ ਨਾਦ ਨੂੰ ਸ਼ਬਦ ਦਸਦੇ ਹਨ, ਜੋ ਕਿ ਗੁਰਮਤ ਵਿਚ ਪ੍ਰਵਾਨ ਨਹੀਂ।

8. ਸ਼ਬਦ

ਗੁਰਮਤ ਵਿਚ ਸ਼ਬਦ ਦੀ ਚਰਚਾ ਕਈ ਅਰਥਾਂ ਵਿਚ ਕੀਤੀ ਮਿਲਦੀ ਹੈ। ਵਿਸ਼ੇਸ਼ ਕਰਕੇ ਰਾਧਾ ਸੁਆਮੀ ਮਤ ਵਾਲੇ ਸ਼ਬਦ ਦੀ ਬਹੁਤ ਗੁੰਝਲਦਾਰ ਵਿਆਖਿਆ ਕਰਕੇ, ਗੁਮਰਾਹ ਕਰ ਰਹੇ ਹਨ। ਗੁਰਮਤ ਵਿਚ ਇਸੇ ਸ਼ਬਦ ਨੂੰ ਗੁਰੂ ਕਿਹਾ ਗਿਆ ਹੈ।

ਸਿੱਖ ਸ਼ਬਦਾਵਲੀ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਪਦਿਆਂ ਨੂੰ ਵੀ 'ਸ਼ਬਦ' ਸੰਗਿਆ ਦਿੱਤੀ ਜਾਂਦੀ ਹੈ। ਇਉਂ ਗੁਰਬਾਣੀ ਹੀ ਸ਼ਬਦ ਹੈ। ਪਰ ਰਾਧਾ ਸੁਆਮੀ ਸ਼ਬਦ ਅਤੇ ਗੁਰਬਾਣੀ ਵਿਚ ਭੇਦ ਕਰਦੇ ਹਨ। ਉਨ੍ਹਾਂ ਨੂੰ ਸ਼ਬਦ ਦੀ ਸਮਝ ਨਹੀਂ। ਉਹ ਝੂਠੀ ਰੂਹਾਨੀਅਤ ਦੇ ਜਾਲ ਵਿਚ ਪੈ ਕੇ ਆਪਣਾ ਸਮਾ ਤਾਂ ਵਿਅਰਥ ਗੰਵਾ ਹੀ ਰਹੇ ਹਨ ਦੂਜਿਆਂ ਨੂੰ ਵੀ ਗ਼ਲਤ ਰਾਹ ਪਾ ਰਹੇ ਹਨ। ਗੁਰਮਤ ਦਾ ਸ਼ਬਦ

ਰਹੱਸ ਹੋ ਕੇ ਵੀ ਸਰਲ ਅਤੇ ਸਪੱਸ਼ਟ ਹੈ। 'ਸ਼ਬਦ' ਦਾ ਭਾਵ ਗੁਰੂ ਦਾ ਉਪਦੇਸ਼ ਹੈ।

ਗੁਰਮਤ ਦੇ ਪ੍ਰਕਾਸ਼ ਤੋਂ ਪਹਿਲਾਂ ਵੀ ਸ਼ਬਦ ਮੌਜੂਦ ਸੀ। ਸ਼ਬਦ ਅਤੇ ਪ੍ਰਭੂ ਵਿਚ ਕੋਈ ਭੇਦ ਨਹੀਂ ਹੈ। ਜਿਸ ਵੇਲੇ ਬ੍ਰਹਿਮੰਡ ਦੀ ਰਚਨਾ ਨਹੀਂ ਹੋਈ ਸੀ, ਸ਼ਬਦ ਉਸੇ ਵੇਲੇ ਵੀ ਮੌਜੂਦ ਸੀ। ਨਿਰਗੁਣ ਬ੍ਰਹਮ ਨੇ ਇਸੇ ਸ਼ਬਦ ਦੁਆਰਾ ਰਚਨਾ ਕੀਤੀ।[14]

ਸੋ ਸ਼ਬਦ, ਹੁਕਮ ਅਤੇ ਹੁਕਮੀ ਵਿਚ ਕੋਈ ਫ਼ਰਕ ਨਹੀਂ। ਸ਼ਬਦ ਪ੍ਰਭੂ ਦੀ ਸ਼ਕਤੀ ਦਾ ਨਾਂ ਹੈ। ਇਹ ਸ਼ਬਦ ਪ੍ਰਭੂ ਵਾਂਗ ਸਭ ਥਾਂ ਵਿਆਪਕ ਸੀ। ਇਹ ਸ਼ਬਦ ਨਿਰਗੁਣ ਰੂਪ ਵਿਚ ਗੁਪਤ ਸੀ। ਗੁਰੂ ਨਾਨਕ ਸਾਹਿਬ ਦੁਆਰਾ ਸ਼ਬਦ ਦੇਹਧਾਰੀ ਹੋ ਗਿਆ ਅਤੇ *ਗੁਰੂ ਗ੍ਰੰਥ ਸਾਹਿਬ* ਦੇ ਸਰੂਪ ਵਿਚ ਸਾਡੇ ਕੋਲ ਮੌਜੂਦ ਹੈ। ਇਸ ਬਿਨਾਂ ਹੋਰ ਕੋਈ ਸ਼ਬਦ ਨਹੀਂ। ਜਿਹੜੇ ਇਸ ਬਿਨਾਂ ਕੋਈ ਹੋਰ ਸ਼ਬਦ ਦੱਸਦੇ ਹਨ, ਉਨ੍ਹਾਂ ਨੂੰ *ਗੁਰੂ ਗ੍ਰੰਥ ਸਾਹਿਬ* ਦਾ ਸ਼ਰੀਕ ਸਮਝ ਲੈਣਾ ਚਾਹੀਦਾ ਹੈ। ਸਗੋਂ, ਬਾਣੀ ਬਿਨਾਂ ਸ਼ਬਦ ਦੀ ਸਮਝ ਆ ਹੀ ਨਹੀਂ ਸਕਦੀ। ਕਿਉਂਕਿ ਸ਼ਬਦ ਸੂਖ਼ਮ ਸੀ, ਜੋ ਬਾਣੀ ਰੂਪ ਵਿਚ ਸਥੂਲ ਹੋ ਗਿਆ।[15]

ਜਿਨ੍ਹਾਂ ਨੂੰ ਇਸ ਸ਼ਬਦ ਦੀ ਸਮਝ ਨਹੀਂ, ਉਨ੍ਹਾਂ ਪ੍ਰਥਾਇ ਹਜ਼ੂਰ ਦਾ ਬਚਨ ਹੈ ਕਿ ਉਨ੍ਹਾਂ ਦਾ ਜਨਮ ਵਿਅਰਥ ਚਲਾ ਜਾਂਦਾ ਹੈ।[16]

ਸਿੱਖੀ ਵਿਚ ਸੰਗਤ ਅਤੇ ਬਾਣੀ ਦਾ ਪਾਠ ਰੂਹਾਨੀਅਤ ਦੇ ਦੋ ਪ੍ਰਮੁੱਖ ਸਾਧਨ ਹਨ। ਇਸ ਬਾਰੇ ਭਾਈ ਗੁਰਦਾਸ ਨੇ ਦੱਸਿਆ ਹੈ ਕਿ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਪੁੱਛਿਆ ਕਿ ਉਨ੍ਹਾਂ ਨੇ ਕਿਸ ਕਰਾਮਾਤ ਕਰਕੇ, ਸਭ ਨੂੰ ਪ੍ਰਭਾਵਿਤ ਕੀਤਾ ਹੈ? ਤਾਂ, ਗੁਰੂ ਜੀ ਨੇ ਜਵਾਬ ਦਿੱਤਾ ਕਿ ਸੰਗਤ ਤੇ ਬਾਣੀ ਨਾਲ ਹੀ ਉਨ੍ਹਾਂ ਨੇ ਸਫ਼ਲਤਾ ਪ੍ਰਾਪਤ ਕੀਤੀ ਹੈ।[17]

ਭਾਵ ਕਿ ਗੁਰੂ-ਘਰ ਵਿਚ ਸੰਗਤ ਅਤੇ ਬਾਣੀ ਹੀ ਦੋ ਪ੍ਰਮੁੱਖ ਚੀਜ਼ਾਂ ਹਨ। ਪਰ ਸਾਧ ਮਤ ਦੇ ਪ੍ਰਭਾਵ ਕਰਕੇ ਗੁਰਬਾਣੀ ਉਪਦੇਸ਼ ਨੂੰ ਇਕ ਪਰਪੰਚ ਬਣਾ ਦਿੱਤਾ ਗਿਆ ਹੈ। ਸਿੱਖੀ ਦਾ ਮਾਰਗ ਨਿਆਰਾ ਹੈ। ਇਥੇ ਦਸਮ ਦੁਆਰ ਤੇ ਕੁੰਡਲਨੀ ਨੂੰ ਖੋਲ੍ਹਣ ਦੀ ਥਾਂ ਮਾਨਵਤਾ ਦੀ ਸੇਵਾ ਨੂੰ ਹੀ ਜੀਵਨ-ਮਨੋਰਥ ਦੱਸਿਆ ਗਿਆ ਹੈ।

ਇਥੇ ਸਪੱਸ਼ਟ ਕਰਦੇ ਚੱਲੀਏ ਕਿ ਗੁਰਮਤ ਵਿਚ ਸ਼ਬਦ, ਬਾਣੀ ਅਤੇ ਨਾਮ ਇਕ ਹੀ ਵਸਤੂ ਦੇ ਵੱਖ ਵੱਖ ਨਾਂ ਹਨ।

9. ਕਰਮ-ਸਿਧਾਂਤ

ਗੁਰਬਾਣੀ ਵਿਚ 'ਕਰਮ' ਸ਼ਬਦ ਦੋ ਅਰਥਾਂ ਵਿਚ ਪ੍ਰਯੋਗ ਹੋਇਆ ਹੈ। ਪਹਿਲਾ ਅਰਥ 'ਨਦਰ ਜਾਂ ਬਖਸ਼ਿਸ਼' ਹੈ। ਦੂਜਾ ਭਾਵ 'ਕੀਤੇ ਕੰਮ' ਹਨ। ਅਧਿਆਤਮਵਾਦ ਅਨੁਸਾਰ ਮਨੁੱਖ ਜੋ ਵੀ ਚੰਗੇ-ਮੰਦੇ ਕੰਮ ਕਰਦਾ ਹੈ, ਉਸ ਨੂੰ ਉਨ੍ਹਾਂ ਮੁਤਾਬਿਕ ਫਲ ਜਾਂ ਸਜ਼ਾ ਜ਼ਰੂਰ ਮਿਲਦੇ ਹਨ।

ਹਿੰਦੂ ਵਿਚਾਰਧਾਰਾ ਵਿਚ ਕਰਮ-ਸਿਧਾਂਤ ਬਹੁਤ ਵਿਆਪਕ ਰੂਪ ਵਿਚ ਪਸਰਿਆ ਪਿਆ ਹੈ। ਹਿੰਦੂ ਦਰਸ਼ਨ, ਹਰ ਮੁਸ਼ਕਲ ਦਾ ਹੱਲ ਕਰਮ-ਸਿਧਾਂਤ ਦੇ ਆਧਾਰ ਉੱਪਰ ਦੇ ਕੇ, ਭਾਂਜਵਾਦੀ ਰਵੱਈਆ ਅਪਣਾਉਂਦਾ ਹੈ। ਉਦਾਹਰਣ ਦੇ ਤੌਰ 'ਤੇ ਕੋਈ ਵਿਅਕਤੀ ਇਸ ਕਾਰਣ ਗਰੀਬ ਹੈ ਕਿ ਉਸਨੇ ਪਿਛਲੇ ਜਨਮ ਵਿਚ ਚੰਗੇ ਕੰਮ ਨਹੀਂ ਕੀਤੇ ਸਨ। ਇਸ ਲਈ ਗਰੀਬੀ ਦਾ ਕਾਰਣ ਆਰਥਿਕ ਨਾ-ਬਰਾਬਰੀ, ਬੇਰੁਜ਼ਗਾਰੀ ਨਹੀਂ। ਇਹ ਸਿਧਾਂਤ ਹਿੰਦੂ ਅਨੁਯਾਈਆਂ ਨੂੰ ਹਰ ਹਾਲ ਵਿਚ ਖੁਸ਼ ਰਹਿਣ ਦਾ ਪਾਠ ਪੜ੍ਹਾਉਂਦਾ ਹੈ। ਕਰਮ-ਸਿਧਾਂਤ ਨੂੰ ਮਨੁੱਖ ਦੀਆਂ ਸਭ ਘਾਟਾਂ ਜਾਂ ਪ੍ਰਾਪਤੀਆਂ ਲਈ ਜਿੰਮੇਵਾਰ ਦੱਸਿਆ ਜਾਂਦਾ ਹੈ। ਇਥੋਂ ਤੀਕ ਕਿ ਕਿਸੇ ਦਾ ਬ੍ਰਾਹਮਣ ਘਰ ਵਿਚ ਅਤੇ ਕਿਸੇ ਦਾ ਸ਼ੂਦਰ ਘਰ ਵਿਚ ਪੈਦਾ ਹੋਣਾ ਵੀ, ਕਰਮ-ਸਿਧਾਂਤ ਕਰਕੇ ਹੀ ਹੈ। ਜਮਾਂਦਰੂ ਬਿਮਾਰ ਲੋਕਾਂ ਦਾ ਜੁਆਬ ਵੀ ਇਹ ਕਰਮ-ਸਿਧਾਂਤ ਹੈ। ਇਉਂ ਇਹ ਸਿਧਾਂਤ ਪਿਛਾਂਹ-ਖਿੱਚੂ ਅਤੇ ਮਾਨਵਵਾਦ ਦਾ ਵੈਰੀ ਹੈ। ਇਹ ਸਿਧਾਂਤ ਲੋਟੂ ਟੋਲੇ ਦਾ ਇਕ ਜ਼ਬਰਦਸਤ ਹਥਿਆਰ ਹੈ, ਜੋ ਹਰ ਤਰ੍ਹਾਂ ਦੀ ਵਿਵਸਥਾ ਜਾਂ ਪ੍ਰਬੰਧ ਅੱਗੇ ਸਿਰ ਝੁਕਾਉਣ ਦਾ ਉਪਦੇਸ਼ ਦਿੰਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਬ੍ਰਾਹਮਣਵਾਦ ਦਾ ਇਹ ਸ਼ਕਤੀਸ਼ਾਲੀ ਸਿਧਾਂਤ ਬੁੱਧ ਅਤੇ ਜੈਨ ਮਤਾਂ ਵਿਚ ਵੀ ਪਾਇਆ ਜਾਂਦਾ ਹੈ। ਹਾਲਾਂਕਿ ਇਹ ਦੋਵੇਂ ਮਤ ਬ੍ਰਾਹਮਣਵਾਦ ਦੇ ਵਿਰੋਧੀ ਹਨ। ਇਹ ਮਤ ਪਰਮਾਤਮਾ ਵਿਚ ਵੀ ਵਿਸ਼ਵਾਸ ਨਹੀਂ ਰੱਖਦੇ ਤਾਂ ਇਥੇ ਕਰਮ-ਸਿਧਾਂਤ ਬਹੁਤ ਹੀ ਗੁੰਝਲਦਾਰ ਹੋ ਨਿਬੜਦਾ ਹੈ। ਇਕ ਨਾਸਤਿਕ ਲਈ ਕਰਮ-ਸਿਧਾਂਤ, ਆਵਾਗਉਣ ਜਾਂ ਮੁਕਤੀ ਦੇ ਸਿਧਾਂਤ ਦੇ ਅਰਥ ਕੀ ਹਨ? ਜੇ ਆਤਮਾ ਨਹੀਂ ਤਾਂ ਆਵਾਗਉਣ ਜਾਂ ਮੁਕਤੀ ਕਿਸਦੀ ਹੁੰਦੀ ਹੈ ਜਾਂ ਕਰਮ ਦਾ ਫਲ ਕਿਸਨੂੰ ਭੁਗਤਣਾ ਪੈਂਦਾ ਹੈ? ਇਸ ਪ੍ਰਸ਼ਨ ਦਾ ਸਿੱਧਾ 'ਤੇ ਸਪੱਸ਼ਟ ਜੁਆਬ ਪ੍ਰਾਪਤ ਕਰਨਾ ਅਸੰਭਵ ਹੈ।

ਤਾਂ ਇਹ ਪ੍ਰਸ਼ਨ ਕਿ ਸਿੱਖੀ ਵਿਚ ਕਰਮ-ਸਿਧਾਂਤ ਦੇ ਕੀ ਅਰਥ ਹਨ, ਬਿਲਕੁਲ ਨਿਰਮੂਲ ਹੁੰਦਾ ਹੋਇਆ ਵੀ, ਇਸਦਾ ਜੁਆਬ ਦੇਣਾ ਸੌਖਾ ਨਹੀਂ ਰਿਹਾ। ਅਸੀਂ ਬ੍ਰਾਹਮਣੀ ਪ੍ਰਭਾਵ ਹੇਠਾਂ ਹੋਈ ਗੁਰਬਾਣੀ ਵਿਆਖਿਆ ਦਾ ਖਮਿਆਜ਼ਾ ਭੁਗਤ ਰਹੇ ਹਾਂ। ਗੁਰਮਤ ਵਿਚ ਕਰਮ-ਸਿਧਾਂਤ ਦੋ ਵੱਖ-ਵੱਖ ਦ੍ਰਿਸ਼ਟੀਕੋਣਾਂ ਵਿਚ ਅਪਣਾਇਆ ਗਿਆ ਹੈ:

1. ਪਹਿਲਾ, ਕਿ ਹਰ ਕਰਮ (action) ਦਾ ਕੋਈ ਨਾ ਕੋਈ ਪ੍ਰਭਾਵ ਜ਼ਰੂਰ ਪੈਂਦਾ ਹੈ। ਇਹ ਪ੍ਰਭਾਵ ਚੰਗਾ ਜਾਂ ਬੁਰਾ ਵੀ ਹੋ ਸਕਦਾ ਹੈ। ਪ੍ਰਭਾਵ ਦੇ ਆਧਾਰ 'ਤੇ ਹੀ ਕਰਮ ਚੰਗਾ ਜਾਂ ਬੁਰਾ ਅਖਵਾਉਂਦਾ ਹੈ। ਇਹ ਇਕ ਕੁਦਰਤੀ ਅਤੇ ਸਰਲ ਨਿਯਮ ਹੈ। ਜਿਵੇਂ ਅੱਗ ਵਿਚ ਹੱਥ ਪਾਈਏ ਤਾਂ ਇਹ ਸੜਨਾ ਲਾਜ਼ਮੀ ਹੈ। ਸੋ, ਸਪੱਸ਼ਟ ਹੈ ਜਿਹੋ ਜਿਹਾ ਬੀਜਾਂਗੇ, ਉਹੋ ਜਿਹਾ ਵੱਢਣਾ ਪਵੇਗਾ। ਇਸ ਲਈ ਸਾਨੂੰ

ਹਰ ਕੰਮ ਕਰਨ ਤੋਂ ਪਹਿਲਾਂ ਉਸਦੇ ਸਿੱਟੇ ਦਾ ਖ਼ਿਆਲ ਰੱਖਣਾ ਚਾਹੀਦਾ ਹੈ। ਇਉਂ ਇਹ ਇਕ ਦੁਨਿਆਵੀ ਸਿਧਾਂਤ ਹੈ।

2. ਇਸ ਸਿਧਾਂਤ ਦਾ ਗੁਰਮਤ ਨੇ ਬ੍ਰਾਹਮਣਵਾਦੀ ਪੱਖ ਪ੍ਰਵਾਨ ਨਹੀਂ ਕੀਤਾ। ਬ੍ਰਾਹਮਣੀ ਕਰਮ-ਸਿਧਾਂਤ ਵਿਚ ਗੁੱਝੀ ਨਾਸਤਿਕਤਾ ਭਰੀ ਪਈ ਹੈ, ਇਹੀ ਕਾਰਣ ਹੈ ਕਿ ਬੁੱਧ ਮਤ ਨਾਸਤਿਕ ਹੁੰਦਾ ਹੋਇਆ ਵੀ ਕਰਮ-ਸਿਧਾਂਤ ਨਾਲ ਪੂਰਾ ਤਾਲਮੇਲ ਸਥਾਪਿਤ ਕਰ ਲੈਂਦਾ ਹੈ। ਨਾਸਤਿਕ ਇਸ ਲਈ ਕਿ ਕਰਮ-ਸਿਧਾਂਤ ਇਕ ਬੇਜ਼ਾਨ ਮਸ਼ੀਨ ਵਰਗਾ ਸਿਧਾਂਤ ਹੈ, ਜਿਸ ਵਿਚ ਤਰਸ, ਦਯਾ ਜਾਂ ਖ਼ਿਮਾ ਦਾ ਕੋਈ ਦਖ਼ਲ ਨਹੀਂ। ਰੱਬ ਤਾਂ ਇਸ ਵਿਚ ਕਿਧਰੇ ਦਿਸਦਾ ਹੀ ਨਹੀਂ। ਬ੍ਰਾਹਮਣੀ ਕਰਮ-ਸਿਧਾਂਤ ਪੂਰੀ ਤਰ੍ਹਾਂ ਅਬਦਲ ਹੈ ਅਤੇ ਨਿਸ਼ਚਤ ਹੈ। ਪਰ ਗੁਰਮਤ ਮਨੁੱਖ ਨੂੰ ਆਪਣੀ ਹੋਣੀ ਦਾ ਮਾਲਕ ਦੱਸ ਕੇ, ਚੰਗੇ ਕਰਮ ਕਰਨ ਦੀ ਵਕਾਲਤ ਕਰਦਿਆਂ, ਉਸਨੂੰ ਅਕਾਲਪੁਰਖ ਦੀ ਸਰਬਸ਼ਕਤੀਮਾਨਤਾ ਅਤੇ ਉਸਦੇ ਦਇਆਲੂ ਸੁਭਾਅ ਦੇ ਆਧਾਰ 'ਤੇ ਉਸਦੇ ਕਲਿਆਣ ਦੀ ਉਮੀਦ ਜਗਾ ਦਿੰਦੀ ਹੈ।

ਵਰਨਾ ਕਰਮ-ਸਿਧਾਂਤ ਅਜਿਹਾ ਮੱਕੜ-ਜਾਲ ਹੈ, ਜਿਸ ਵਿਚੋਂ ਕਿਸੇ ਦੇ ਨਿਕਲਣ ਦੀ ਕਲਪਨਾ ਕਰਨੀ ਵੀ ਅਸੰਭਵ ਹੈ। ਇਹੀ ਕਾਰਣ ਹੈ ਕਿ ਭਾਰਤੀਆਂ ਦੀ ਬਹੁਗਿਣਤੀ ਆਪਣੇ ਕੁਦਰਤੀ ਅਤੇ ਗ਼ੈਰ-ਕੁਦਰਤੀ ਦੋਸ਼ਾਂ ਲਈ ਖ਼ੁਦ ਨੂੰ ਹੀ ਕੋਸਦੀ ਰਹਿੰਦੀ ਹੈ। ਗੁਰੂ ਸਾਹਿਬਾਨ ਨੇ ਮਨੁੱਖ ਦੀ ਮੁਕਤੀ ਨੂੰ ਹਰ ਹਾਲ ਵਿਚ, ਸਾਕਾਰ ਹੋਣ ਦਾ ਸੁਫ਼ਨਾ ਲੈਂਦਿਆਂ, ਉਸਨੂੰ ਅਨਿਆਂ, ਅਸਮਾਨਤਾ ਆਦਿ ਵਿਰੁੱਧ ਸੰਘਰਸ਼ ਕਰਨ ਦਾ ਵਿਹਾਰਕ ਰਾਹ ਦਸਦਿਆਂ; ਸਿੱਖ ਸਮਾਜ ਦੀ ਅਗਵਾਈ ਕੀਤੀ। ਗੁਰਮਤ ਵਿਚਾਰਧਾਰਾ ਵਿਚ ਬ੍ਰਾਹਮਣੀ ਕਰਮ-ਸਿਧਾਂਤ ਵਾਲੀ ਬੇਬਸੀ ਜਾਂ ਮਜ਼ਬੂਰੀ ਨਹੀਂ।

ਇਥੇ ਭਾਂਜਵਾਦੀ ਦ੍ਰਿਸ਼ਟੀਕੋਣ ਦਾ ਕੋਈ ਸਥਾਨ ਨਹੀਂ। ਸਗੋਂ ਸਮੱਸਿਆਵਾਂ ਨੂੰ ਮੁਖ਼ਾਤਿਬ ਹੋ ਕੇ ਸ਼ਹੀਦੀ ਦੇਣੀ ਅਤੇ ਹਥਿਆਰਬੰਦ ਜੱਦੋ-ਜਹਿਦ ਨੂੰ ਧਰਮਯੁੱਧ ਦੀ ਸੰਗਿਆ ਦਿੱਤੀ ਗਈ ਹੈ।

10. ਮੁਕਤੀ

ਧਰਮ ਦਾ ਅੰਤਮ ਮਨੋਰਥ ਮੁਕਤੀ ਹੈ। ਮੁਕਤੀ ਤੋਂ ਭਾਵ 'ਛੁਟਕਾਰਾ' ਹੈ। ਇਹ ਮੰਨਿਆ ਜਾਂਦਾ ਹੈ ਕਿ ਜੀਵ ਅਗਿਆਨਤਾ ਕਾਰਣ ਵਿਸ਼ੇ-ਵਿਕਾਰਾਂ ਅਤੇ ਮਾਇਆ ਦੇ ਬੰਧਨ ਵਿਚ ਫਸ ਜਾਂਦਾ ਹੈ। ਇਹ ਬੰਧਨ ਹੀ ਮਨੁੱਖ ਦੀ ਅਸਲ ਸਮੱਸਿਆ ਹੈ। ਇਸ ਬੰਧਨ ਤੋਂ ਮੁਕਤ ਹੋ ਕੇ, ਜੀਵਨ ਮਨੋਰਥ ਨੂੰ ਪ੍ਰਾਪਤ ਕਰਨਾ ਹੈ।

ਗੁਰਮਤ ਵਿਚ ਬੰਦ ਖਲਾਸੀ, ਮੋਖ, ਪਰਮ ਪਦ, ਚੌਥਾ ਪਦ, ਨਿਰਭਉ ਪਦ, ਤੁਰੀਆ ਅਵਸਥਾ, ਅਮਰ ਪਦ, ਨਿਰਵਾਣ ਆਦਿ ਸਾਰੇ ਸ਼ਬਦ ਮੁਕਤੀ ਦੇ ਲਖਾਇਕ ਹਨ। ਅਮਰਤਾ ਗੁਰਮਤ ਦਾ ਆਦਰਸ਼ ਨਹੀਂ। ਮੌਤ ਦਾ ਭੈਅ ਸਿੱਖ ਨੂੰ

ਹੋ ਹੀ ਨਹੀਂ ਸਕਦਾ। ਆਵਾਗਉਣ ਅਤੇ ਨਰਕ-ਸੁਰਗ ਵੀ ਮੁਕਤੀ ਦੇ ਸਿੱਖ ਮਾਡਲ ਵਿਚ ਫਿੱਟ ਨਹੀਂ ਹੁੰਦੇ। ਤਾਂ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁਰਮਤ ਵਿਚ ਮੁਕਤੀ ਤੋਂ ਕੀ ਭਾਵ ਹੈ?

ਮੁਕਤੀ ਦੋ ਤਰ੍ਹਾਂ ਦੀ ਮੰਨੀ ਜਾਂਦੀ ਹੈ:

1. ਮੌਤ ਉਪਰੰਤ ਮੁਕਤੀ ਭਾਵ ਵਿਦੇਹ ਮੁਕਤੀ
2. ਜੀਵਨ ਦੌਰਾਨ ਮੁਕਤੀ ਭਾਵ ਜੀਵਨ-ਮੁਕਤੀ

ਗੁਰਬਾਣੀ ਵਿਚ ਇਨ੍ਹਾਂ ਦੋਹਾਂ ਹੀ ਤਰ੍ਹਾਂ ਦੀ ਮੁਕਤੀ ਦੇ ਹਵਾਲੇ ਮਿਲ ਜਾਂਦੇ ਹਨ। ਮੌਤ ਉਪਰੰਤ ਮੁਕਤੀ ਵਿਚ ਨਰਕ-ਸੁਰਗ ਅਤੇ ਆਵਾਗਉਣ ਦੀ ਚਰਚਾ ਹੋਈ ਹੈ। ਇਹ ਕੇਵਲ ਪ੍ਰਤੀਕ ਹਨ, ਆਦਰਸ਼ ਨਹੀਂ। ਸਗੋਂ ਇਸ ਤਰ੍ਹਾਂ ਦੀ ਮੁਕਤੀ ਦਾ ਖੰਡਨ, ਗੁਰੂ ਅਰਜਨ ਸਾਹਿਬ ਨੇ ਕੀਤਾ ਹੈ।[18]

ਗੁਰਮਤ ਨੇ ਪਰੰਪਰਾ ਵਿਚ ਜਿਸ ਮੁਕਤੀ ਦੀ ਗੱਲ ਹੈ, ਉਸ ਨੂੰ ਰੱਦ ਕੀਤਾ ਹੈ। ਇਸਦੀ ਥਾਂ ਪ੍ਰਭੂ ਨਾਲ ਅਭੇਦ ਹੋਣਾ ਹੀ ਸ੍ਰੇਸ਼ਠ ਮੰਨਿਆ ਹੈ।[19]

ਗੁਰਮਤ ਵਿਚ ਜਿਸ ਮੁਕਤੀ ਨੂੰ ਆਦਰਸ਼ ਬਣਾਇਆ ਹੈ, ਉਹ ਜੀਵਨ-ਮੁਕਤੀ ਹੈ। ਇਸ ਮੁਕਤੀ ਨੂੰ ਪ੍ਰਾਪਤ ਕਰਨ ਵਿਚ ਨਾਮ, ਸਿਮਰਨ, ਨੈਤਿਕਤਾ, ਸੰਗਤ, ਸੇਵਾ ਅਤੇ ਕੁਰਬਾਨੀ ਦਾ ਬਹੁਤ ਮਹੱਤਵ ਹੈ। ਗੁਰੂ ਦੇ ਦੱਸੇ ਰਾਹ ਉੱਪਰ ਚੱਲ ਕੇ ਪ੍ਰਭੂ ਨਾਲ ਅਭੇਦ ਹੋਣ ਨਾਲ, ਮਨੁੱਖ ਪਰਉਪਕਾਰ ਵਿਚ ਲੱਗ ਜਾਂਦਾ ਹੈ। ਗੁਰਮਤ ਵਿਚ ਨਿੱਜੀ ਮੁਕਤੀ ਨਹੀਂ ਸਵੀਕਾਰੀ ਗਈ। ਬਲਕਿ ਇਥੇ ਸਮੂਹਿਕ ਮੁਕਤੀ ਦੀ ਗੱਲ ਕੀਤੀ ਹੈ।[20]

ਆਪ ਮੁਕਤੀ ਪ੍ਰਾਪਤ ਕਰਕੇ, ਦੂਜਿਆਂ ਦੇ ਕਲਿਆਣ ਲਈ ਯਤਨ ਕਰਨਾ ਗੁਰਮਤ ਵਿਚ ਆਦਰਸ਼ ਹੈ। ਇਸ ਕਰਕੇ ਸਿੱਖ ਨੂੰ ਜੰਗਲਾਂ-ਪਹਾੜਾਂ ਵਿਚ ਜਾ ਕੇ ਭਗਤੀ ਕਰਨ ਦੀ ਲੋੜ ਨਹੀਂ, ਗ੍ਰਿਹਸਤ ਤਿਆਗਣ ਦੀ ਲੋੜ ਨਹੀਂ ਅਤੇ ਕਿਰਤ ਕਰਦਿਆਂ, ਗੁਰੂ ਦੇ ਸ਼ਬਦ ਅਨੁਸਾਰ ਜੀਵਨ ਗੁਜਾਰਨ ਲਈ ਕਿਹਾ ਹੈ।[21]

ਇਸ ਮੁਕਤੀ ਨੂੰ ਪ੍ਰਾਪਤ ਕਰਨ ਲਈ ਕਿਸੇ ਪ੍ਰਾਣਾਯਾਮ ਜਾਂ ਕੁੰਡਲਨੀ ਦੇ ਅਭਿਆਸ ਦੀ ਲੋੜ ਨਹੀਂ। ਇਹ ਸਿੱਖ ਨੂੰ ਸਹਿਜ ਪ੍ਰਾਪਤੀ ਹੁੰਦੀ ਹੈ। ਅਫ਼ਸੋਸ ਹੈ ਕਿ ਸਾਡੇ ਹਰ ਸੰਕਲਪ ਦੀ ਵਿਆਖਿਆ ਵੇਦਾਂਤ ਅਤੇ ਯੋਗ ਮਤ ਦੇ ਅਨੁਸਾਰ ਹੋਣ ਲੱਗ ਪਈ ਹੈ। ਅਸੀਂ ਗ਼ਲਤ ਧਾਰਨਾ ਬਣਾ ਲਈ ਹੈ ਕਿ ਵੇਦਾਂਤ ਹੀ ਗੁਰਮਤ ਦਾ ਮੂਲ ਹੈ। ਇਸ ਤਰ੍ਹਾਂ ਤਾਂ ਅਸੀਂ ਆਪ ਹੀ ਸਿੱਖੀ ਨੂੰ ਹਿੰਦੂ ਧਰਮ ਦੇ ਮਹਾਂ-ਬੋਹੜ ਦੀ ਇਕ ਸ਼ਾਖਾ ਸਿੱਧ ਕਰਦੇ ਜਾ ਰਹੇ ਹਾਂ। ਬ੍ਰਾਹਮਣਵਾਦ ਦੀਆਂ ਜੜ੍ਹਾਂ ਬਹੁਤ ਗਹਿਰੀਆਂ ਹੋਣ ਕਰਕੇ, ਗੁਰਬਾਣੀ ਵਿਆਖਿਆ ਨੂੰ ਇਸਦੇ ਪ੍ਰਭਾਵ ਤੋਂ ਮੁਕਤ ਕਰਨ ਲਈ ਅਜੇ ਕਾਫ਼ੀ ਸਮਾਂ ਲੱਗਣਾ ਹੈ।

11. ਜੀਵਨ ਮਨੋਰਥ

ਮਨੁੱਖ ਤੇ ਪਸ਼ੂ ਵਿਚ ਇਕ ਫ਼ਰਕ ਇਹ ਹੈ ਕਿ ਪਸ਼ੂ ਬਿਨਾਂ ਕਿਸੇ ਮਨੋਰਥ ਦੇ ਜੰਮਦੇ ਮਰਦੇ ਹਨ ਪਰ ਮਨੁੱਖ ਆਪਣੇ ਜੀਵਨ ਦਾ ਕੋਈ ਨਾ ਕੋਈ ਮਨੋਰਥ ਸਾਹਮਣੇ ਰੱਖ ਕੇ ਜੀਊਂਦਾ ਹੈ ਅਤੇ ਕਦੇ-ਕਦੇ ਉਹ ਆਪਣੇ ਮਨੋਰਥ ਲਈ ਮਰਦਾ ਵੀ ਹੈ। ਹਰ ਧਰਮ ਨੇ ਮਨੁੱਖੀ ਜੀਵਨ ਦਾ ਨਿਸ਼ਾਨਾ ਬਿਆਨ ਕੀਤਾ ਹੈ।

ਗੁਰਮਤ ਮਨੁੱਖਾ ਜੀਵਨ ਅਤੇ ਇਸਦੇ ਮਨੋਰਥ ਬਾਰੇ ਬੜੀ ਸਪੱਸ਼ਟਤਾ ਨਾਲ ਬਿਆਨ ਕਰਦੀ ਹੈ। ਅੰਤਮ ਨਿਸ਼ਾਨਾ ਮੁਕਤੀ ਹੈ। ਪਰ ਗੁਰਮਤ ਅਨੁਸਾਰ ਇਹ ਮੁਕਤੀ ਇਸ ਜੀਵਨ ਵਿਚ ਹੀ ਪ੍ਰਾਪਤ ਕਰਨੀ ਹੈ ਨਾ ਕਿ ਮੌਤ ਉਪਰੰਤ। ਇਹ ਮੁਕਤੀ ਦੀ ਧਾਰਨਾ ਬੜੀ ਮੌਲਿਕ ਹੈ। ਸਰਵੁੱਚ ਨਿਸ਼ਾਨੇ ਨੂੰ ਦੋ ਤਰ੍ਹਾਂ ਸਮਝਿਆ ਜਾ ਸਕਦਾ ਹੈ—ਪਹਿਲਾ ਢੰਗ ਗੁਰਬਾਣੀ ਦੇ ਪ੍ਰਸੰਗ ਵਿਚ ਜੀਵਨ ਮਨੋਰਥ ਨੂੰ ਸਮਝਣ ਦਾ ਹੈ ਜਦੋਂ ਕਿ ਦੂਜੇ ਢੰਗ ਵਿਚ ਗੁਰੂ ਸਾਹਿਬਾਨ ਦਾ ਜੀਵਨ-ਇਤਿਹਾਸ ਵੇਖ ਕੇ ਵੀ ਜੀਵਨ ਮਨੋਰਥ ਦੀ ਜਾਣਕਾਰੀ ਹੋ ਸਕਦੀ ਹੈ।

ਜਿਥੋਂ ਤੀਕ ਗੁਰਬਾਣੀ ਵਿਚੋਂ ਜੀਵਨ ਮਨੋਰਥ ਸੰਬੰਧੀ ਸੇਧ ਦਾ ਪ੍ਰਸ਼ਨ ਹੈ, ਉਹ ਇਹ ਹੈ ਕਿ ਇਸ ਜੀਵਨ ਵਿਚ ਪ੍ਰਭੂ ਨਾਲ ਅਭੇਦ ਹੋਣਾ ਹੀ, ਮਨੁੱਖਾ ਜ਼ਿੰਦਗੀ ਦਾ ਇਕੋ ਉਦੇਸ਼ ਹੈ। ਪਰ ਜੇ ਇਤਿਹਾਸ ਦੀ ਗੱਲ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਗੁਰੂ ਸਾਹਿਬਾਨ ਸਾਰਾ ਜੀਵਨ ਸਰਬੱਤ ਦੇ ਭਲੇ, ਦੱਬੇ-ਕੁਚਲੇ ਲੋਕਾਂ ਦੇ ਉਦਾਰ, ਜ਼ੁਲਮ ਵਿਰੁੱਧ ਨਿਰੰਤਰ ਸੰਘਰਸ਼ ਕਰਦਿਆਂ ਆਪਣਾ ਆਪ ਅਤੇ ਆਪਣੇ ਸਰਬੰਸ ਵੀ ਕੁਰਬਾਨ ਕਰ ਗਏ ਹਨ। ਹੋਰ ਦੇਖੋ, ਦਸਮ ਪਿਤਾ ਜੀ ਜੋਤੀ ਜੋਤ ਸਮਾਉਣ ਵੇਲੇ ਬੰਦਾ ਸਿੰਘ ਬਹਾਦਰ ਨੂੰ ਆਪਣਾ ਅੰਤਿਮ ਸੰਦੇਸ਼ ਕੀ ਦਿੰਦੇ ਹਨ ? ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਨੂੰ ਪੰਜ ਤੀਰ ਬਖ਼ਸ਼ਿਸ਼ ਕਰਕੇ, ਪੰਜਾਬ ਵਿਚੋਂ ਜ਼ੁਲਮ ਦੀ ਜੜ੍ਹ ਪੁੱਟ ਦੇਣ ਦਾ ਹੁਕਮ ਕੀਤਾ ਸੀ। ਸਿੱਖ ਲਹਿਰ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਦੀਵ ਕਾਲ ਲਈ ਜ਼ੁਲਮ ਵਿਰੁੱਧ ਜੂਝਦੀ ਰਹੇਗੀ।

ਪ੍ਰਸ਼ਨ ਉੱਠਦਾ ਹੈ ਕਿ ਕੀ ਉਪਰੋਕਤ ਦੋਵੇਂ ਜੀਵਨ-ਮਨੋਰਥ ਇਕ-ਦੂਜੇ ਦੇ ਵਿਰੋਧੀ ਹਨ ਜਾਂ ਇਨ੍ਹਾਂ ਵਿਚ ਕੋਈ ਸਾਂਝ ਹੈ। ਮੇਰਾ ਜੁਆਬ ਹੈ ਕਿ ਇਹ ਦੋਵੇਂ ਇਕ ਹੀ ਸਿੱਕੇ ਦੇ ਦੋ ਪਾਸੇ ਹਨ। ਇਹ ਵੱਖ-ਵੱਖ ਨਹੀਂ ਕਿਉਂਕਿ ਗੁਰਬਾਣੀ ਜਿਸ ਪ੍ਰਭੂ ਦੀ ਗੱਲ ਕਰਦੀ ਹੈ, ਉਸਦਾ ਸਰੂਪ ਬੜਾ ਸਪੱਸ਼ਟ ਹੈ:

"ਉਹ ਸੱਚ ਹੈ, ਉਹ ਕਰਤਾ ਹੈ, ਉਹ ਕਿਸੇ ਤੋਂ ਡਰਦਾ ਨਹੀਂ, ਉਹ ਕਿਸੇ ਨੂੰ ਡਰਾਉਂਦਾ ਵੀ ਨਹੀਂ, ਉਸਦੀ ਦੇਹ ਕੋਈ ਨਹੀਂ।"

ਐਸੇ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਕੀ ਅਰਥ ਹੋ ਸਕਦਾ ਹੈ ? ਐਸੇ ਪ੍ਰਭੂ ਨੂੰ ਪ੍ਰਾਪਤ ਕਰਨ ਵਾਲੀ ਸਿੱਖ ਕੌਮ ਦਾ ਇਤਿਹਾਸ ਇਸੇ ਲਈ ਤਾਂ ਵਿਲੱਖਣ ਹੈ:

ਸਿੱਖ ਸੱਚ ਲਈ ਹੀ ਜਿਉਂਦਾ ਹੈ, ਉਹ ਕਿਰਤੀ ਹੈ, ਉਹ ਜ਼ੁਲਮ ਤੋਂ ਡਰਦਾ

ਨਹੀਂ, ਕਿਸੇ ਨਾਲ ਬੁਰਾ ਕਰਦਾ ਨਹੀਂ, ਉਹ ਦੇਹ ਦੀ ਪੂਜਾ ਨਹੀਂ ਕਰਦਾ। ਸਿੱਖ ਦੀ ਸ਼ਖ਼ਸੀਅਤ ਗੁਰਬਾਣੀ ਵਿਚ ਢਲੀ ਹੋਈ ਹੈ। ਇਸ ਲਈ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚ ਕੋਈ ਵਿਰੋਧ ਹੋ ਹੀ ਨਹੀਂ ਸਕਦਾ। ਪਰ ਬਿਪਰਵਾਦ ਨੇ ਸਾਡੇ ਹਰ ਸਿਧਾਂਤ ਵਿਚ ਦਖ਼ਲ ਦੇ ਕੇ ਉਸਨੂੰ ਪ੍ਰਦੂਸ਼ਿਤ ਕੀਤਾ ਹੈ। ਉਸਨੇ ਸਿੱਖ ਤੋਂ ਉਸਦਾ ਜੀਵਨ ਮਨੋਰਥ ਖੋਹ ਕੇ ਸਿੱਖ ਨੂੰ ਪਸ਼ੂ ਵਰਗਾ ਬਣਾਉਣ ਦੀ ਕੁਚਾਲ ਚੱਲੀ ਹੈ। ਜਿਸ ਪ੍ਰਭੂ ਦਾ ਕੋਈ ਸ਼ਰੀਰ ਨਹੀਂ, ਉਸਨੂੰ ਮਿਲਣ ਦਾ ਸਾਧਨ ਇਹੀ ਹੈ ਕਿ ਉਸ ਪ੍ਰਭੂ ਦੇ ਗੁਣਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲਿਆ ਜਾਵੇ। ਇਹੀ ਪ੍ਰਭੂ ਵਿਚ ਅਭੇਦ ਹੋਣਾ ਹੈ।

12. ਪ੍ਰਭੂ/ਰੱਬ/ਪਰਮਾਤਮਾ/ਅਕਾਲ ਪੁਰਖ

ਇਕ ਐਸੀ ਹਸਤੀ ਹੈ ਜੋ ਮਨੁੱਖ ਦਾ ਸਰਵੁੱਚ ਆਦਰਸ਼ ਹੈ, ਇਸ ਨੂੰ ਬ੍ਰਹਮ, ਈਸ਼ਵਰ, ਅੱਲ੍ਹਾ ਆਦਿ ਵੀ ਕਿਹਾ ਜਾਂਦਾ ਹੈ। ਹਰ ਧਰਮ ਵਿਚ ਪਰਮਾਤਮਾ ਦੇ ਸਰੂਪ ਨੂੰ ਵੱਖਰੀ ਤਰ੍ਹਾਂ ਬਿਆਨ ਕੀਤਾ ਗਿਆ ਹੈ।

ਕੁਝ ਧਰਮ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ। ਉਹ ਸ੍ਰਿਸ਼ਟੀ ਨੂੰ ਅਨਾਦੀ ਮੰਨਦੇ ਹਨ। ਪਰ ਗੁਰਮਤ ਨੇ ਪਰਮਾਤਮਾ ਵਿਚ ਵਿਸ਼ਵਾਸ ਵਿਅਕਤ ਕੀਤਾ ਹੈ। ਇਥੇ ਪਰਮਾਤਮਾ ਦਾ ਜੋ ਸਰੂਪ ਬਿਆਨ ਕੀਤਾ ਹੈ, ਉਹ ਇਸ ਤਰ੍ਹਾਂ ਹੈ:

1. ਪਰਮਾਤਮਾ ਇਕ ਹੈ—ਦੇਵੀ-ਦੇਵਤਿਆਂ, ਸ਼ੈਤਾਨ, ਈਸਾਈ ਤ੍ਰੈ-ਮੂਰਤੀ ਨੂੰ ਇਥੇ ਕੋਈ ਸਵੀਕ੍ਰਿਤੀ ਨਹੀਂ ਦਿੱਤੀ ਗਈ।

2. ਉਸਦੀ ਮੂਰਤੀ ਨਹੀਂ ਹੋ ਸਕਦੀ—ਉਸਦਾ ਕੋਈ ਸ਼ਰੀਰ, ਜਾਂ ਭੌਤਿਕ ਸਰੂਪ ਨਹੀਂ, ਉਸਦਾ ਟਿਕਾਣਾ ਕੋਈ ਨਹੀਂ, ਉਸਦਾ ਮਾਂ-ਬਾਪ, ਔਲਾਦ ਜਾਂ ਸ਼ਰੀਕ ਵੀ ਕੋਈ ਨਹੀਂ।

3. ਉਹ ਬ੍ਰਹਿਮੰਡ ਦਾ ਕਰਤਾ ਹੈ—ਉਹ ਕਰਤਾ ਵੀ ਹੈ, ਪਾਲਕ ਵੀ ਹੈ ਅਤੇ ਘਾਲਕ ਵੀ ਹੈ। ਉਹ ਆਪਣੀ ਸਿਰਜਨਾ ਉੱਪਰ ਸੰਤੁਸ਼ਟ ਹੈ। ਧਰਤੀ ਦੀ ਸਾਜਨਾ ਦਾ ਉਦੇਸ਼ ਮਨੁੱਖ ਨੂੰ ਪਰਮ-ਲਕਸ਼ ਉੱਪਰ ਪਹੁੰਚਾਉਣਾ ਹੈ।

4. ਉਹ ਸਰਬਵਿਆਪਕ ਹੈ—ਉਹ ਸਤਵੇਂ ਅਸਮਾਨ ਉੱਪਰ ਨਹੀਂ ਬੈਠਾ, ਸਗੋਂ ਸਾਡੇ ਅੰਦਰ ਹੀ ਹੈ। ਸਾਡੀ ਆਤਮਾ ਉਸੇ ਦਾ ਅੰਸ਼ ਹੈ।

5. ਉਹ ਸਰਬਸ਼ਕਤੀਮਾਨ ਹੈ—ਵਾਹਿਗੁਰੂ ਤੋਂ ਸਮਰੱਥ ਕੋਈ ਹੋਰ ਨਹੀਂ। ਜੋ ਉਹ ਕਰਦਾ ਹੈ, ਉਹੀ ਹੁੰਦਾ ਹੈ। ਉਸਦਾ ਹੁਕਮ ਅਟੱਲ ਹੈ।

6. ਉਹ ਪ੍ਰੇਮ ਤੇ ਦਯਾ ਦਾ ਸਾਗਰ ਹੈ—ਉਹ ਸਭ ਮਨੁੱਖਾਂ ਨਾਲ ਇਕੋ ਜਿਹਾ ਵਿਹਾਰ ਕਰਦਾ ਹੈ। ਉਹ ਸਭ ਦੀ ਕਲਿਆਣ ਜਾਂ ਮੁਕਤੀ ਚਾਹੁੰਦਾ ਹੈ। ਉਹ ਕਿਸੇ ਨਾਲ ਵੈਰ-ਵਿਰੋਧ ਨਹੀਂ ਰੱਖਦਾ।

7. ਕਾਦਰ ਕੁਦਰਤ ਤੋਂ ਭਿੰਨ ਨਹੀਂ—ਕੁਦਰਤ ਰਾਹੀਂ ਹੀ ਕਾਦਰ ਪ੍ਰਗਟ ਹੋ

ਰਿਹਾ ਹੈ। ਉਸਨੂੰ ਕੁਦਰਤ ਵਿਚ ਅਨੁਭਵ ਕੀਤਾ ਜਾ ਸਕਦਾ ਹੈ। ਇਹ ਕੁਦਰਤ ਜਿਸ ਨਿਯਮ ਅਧੀਨ ਵਿਚਰਦੀ ਹੈ, ਉਸ ਨਿਯਮ ਦਾ ਨਾਂ ਪਰਮਾਤਮਾ ਹੈ। ਇਸ ਨਿਯਮ ਦੇ ਅਧੀਨ ਹੀ ਕਰਮ-ਸਿਧਾਂਤ ਅਨੁਸਾਰ ਜੀਵ ਸੁੱਖ-ਦੁੱਖ ਪਾਉਂਦੇ ਹਨ।

8. ਉਸਦੀ ਪ੍ਰਾਪਤੀ ਨਹੀਂ ਹੁੰਦੀ ਪਰ ਸੋਝੀ ਹੋ ਸਕਦੀ ਹੈ—ਉਸਦੀ ਪ੍ਰਾਪਤੀ ਦਾ ਹੱਠ ਕਰਨ ਵਾਲੇ ਜਪ-ਤਪ ਕਰਦੇ ਹਨ, ਵਰਤ ਰੱਖਦੇ ਹਨ, ਕਰਮ-ਕਾਂਡ ਕਰਦੇ ਹਨ, ਗ੍ਰੰਥਾਂ ਦੇ ਪਾਠ ਆਦਿ ਕਰਦੇ ਹਨ—ਪਰ ਇਨ੍ਹਾਂ ਦਾ ਕੋਈ ਲਾਭ ਨਹੀਂ ਹੁੰਦਾ। ਉਸਦਾ ਜਦੋਂ ਭੌਤਿਕ ਸ਼ਰੀਰ ਹੈ ਹੀ ਨਹੀਂ ਤਾਂ ਉਸਦੀ ਪ੍ਰਾਪਤੀ ਵੀ ਸੰਭਵ ਨਹੀਂ। ਹਾਂ, ਉਸਦੀ ਸੋਝੀ ਹੋ ਸਕਦੀ ਹੈ। ਇਹ ਸੋਝੀ ਵੀ ਕਿਸੇ ਯਤਨ ਜਾਂ ਚਤੁਰਾਈ ਦੁਆਰਾ ਨਹੀਂ, ਸਗੋਂ ਅਚਨਚੇਤ ਤੇ ਸਹਿਜ ਵਿਚ ਹੀ ਹੁੰਦੀ ਹੈ। ਮਹਾਤਮਾ ਬੁਧ ਪਰਮਾਤਮਾ ਨੂੰ ਲੱਭਣ ਦੇ ਯਤਨਾਂ ਵਿਚ ਹੱਡਾਂ ਦੀ ਮੁੱਠ ਬਣ ਕੇ ਰਹਿ ਗਿਆ ਸੀ। ਫਿਰ ਗਯਾ ਦੇ ਬੋਹੜ ਹੇਠਾਂ ਉਸਨੂੰ ਅਚਨਚੇਤ ਉਸਨੂੰ ਸੋਝੀ ਹੋ ਗਈ। ਸਾਡੀ ਚੇਤਨਾ ਜਦੋਂ ਅਸੀਮ ਚੇਤਨਾ ਦਾ ਹਿੱਸਾ ਬਣ ਜਾਂਦੀ ਹੈ ਤਾਂ ਇਸੇ ਨੂੰ ਕਈ ਪ੍ਰਤੀਕਾਂ ਦੁਆਰਾ ਗੁਰਬਾਣੀ ਨੇ ਬਿਆਨ ਕੀਤਾ ਹੈ। ਜਿਵੇਂ ਆਤਮਾ-ਪਰਮਾਤਮਾ ਦਾ ਮੇਲ, ਸੂਰਜ-ਕਿਰਨ ਦਾ ਮੇਲ, ਜਲ ਦਾ ਜਲ ਵਿਚ ਮਿਲਣਾ, ਚੌਥਾ ਪਦ, ਦਸਮ ਦੁਆਰ ਖੁਲ੍ਹਣਾ, ਕੁੰਡਲਨੀ ਖੁਲ੍ਹਣੀ, ਗਿਆਨ ਹੋਣਾ, ਆਨੰਦ ਪ੍ਰਾਪਤ ਹੋ ਜਾਣਾ...ਆਦਿ।

13. ਰੂਹਾਨੀਅਤ/ਅਧਿਆਤਮਵਾਦ

ਧਰਮ ਦੀ ਛਿੱਲੜ ਮਜ਼੍ਹਬ ਹੈ ਅਤੇ ਗਿਰੀ ਰੂਹਾਨੀਅਤ ਹੈ। ਮਜ਼੍ਹਬ ਵੱਖ-ਵੱਖ ਹਨ, ਰੂਹਾਨੀਅਤ ਇਕ ਹੈ। ਰੂਹਾਨੀਅਤ ਨੂੰ ਅਧਿਆਤਮਵਾਦ ਵੀ ਕਿਹਾ ਜਾਂਦਾ ਹੈ। ਰੂਹਾਨੀਅਤ ਦਾ ਸੰਬੰਧ ਰੂਹ ਨਾਲ ਹੈ। ਸਪੱਸ਼ਟ ਹੈ ਕਿ ਰੂਹਾਨੀ ਮੰਡਲ ਜਾਂ ਅਧਿਆਤਮਕ ਜਗਤ ਸਾਡੇ ਅੰਦਰ ਸਥਿਤ ਹੈ।

ਵੱਖ-ਵੱਖ ਅਧਿਆਤਮਕ ਮਹਾਂਪੁਰਸ਼ ਜਿਸ ਰੂਹਾਨੀਅਤ ਦਾ ਜ਼ਿਕਰ ਕਰਦੇ ਹਨ, ਉਹ ਵੇਦਾਂਤ ਜਾਂ ਯੋਗ ਮਤ ਤੋਂ ਹੀ ਪ੍ਰਭਾਵਿਤ ਹੁੰਦੇ ਹਨ। ਇਸ ਮਾਰਗ ਦੇ ਪਾਂਧੀ ਖ਼ੁਦ ਨੂੰ ਰਾਜ-ਯੋਗੀ ਸਦਾਉਂਦੇ ਹਨ। ਇਸ ਮਾਰਗ ਦੇ ਪਾਂਧੀਆਂ ਲਈ ਤਿੰਨ ਨਾੜੀਆਂ, ਕੁੰਡਲਨੀ, ਊਂਧਾ ਕਮਲ, ਦਸਮ ਦੁਆਰ, ਅਨਾਹਦ, ਚੌਥਾ ਪਦ ਜਾਣੀਆਂ-ਪਛਾਣੀਆਂ ਚੀਜ਼ਾਂ ਹਨ। ਗੁਰਬਾਣੀ ਵਿਚ ਇਨ੍ਹਾਂ ਸਭ ਪ੍ਰਤੀਕਾਂ ਨੂੰ ਨਵੇਂ ਅਰਥ ਦਿੱਤੇ ਗਏ ਹਨ।

ਗੁਰਮਤ ਜ਼ਿਸ ਰੂਹਾਨੀਅਤ ਦੀ ਗੱਲ ਕਰਦੀ ਹੈ, ਉਸ ਦੀਆਂ ਕਈ ਵਿਸ਼ੇਸ਼ਤਾਵਾਂ ਹਨ। ਇਹ ਵਿਸ਼ੇਸ਼ਤਾਵਾਂ ਗੁਰਮਤ ਨੂੰ ਹੋਰਨਾਂ ਮਤਾਂ ਤੋਂ ਵੱਖ ਕਰਦੀਆਂ ਹਨ।

1. ਗੁਰਮਤ ਦਾ ਪਾਂਧੀ ਗ੍ਰਿਹਸਤੀ ਤੇ ਕਿਰਤੀ ਹੁੰਦਾ ਹੈ।

2. ਇਸ ਸਾਧਨਾ ਵਿਚ ਪ੍ਰਾਣਾਯਾਮ ਦਾ ਕੋਈ ਮਹੱਤਵ ਨਹੀਂ।
3. ਇਥੇ ਅੰਤਰਮੁਖਤਾ ਦੀ ਥਾਂ ਬਾਹਰਮੁਖਤਾ ਨੂੰ ਤਰਜ਼ੀਹ ਦਿੰਦਿਆਂ, ਸਮਾਜਿਕ ਕ੍ਰਿਆਵਾਂ ਵਿਚ ਹਿੱਸਾ ਲਿਆ ਜਾਂਦਾ ਹੈ।
4. ਗੁਰਮਤ ਵਿਚ ਨਿੱਜੀ ਮੁਕਤੀ ਦੀ ਥਾਂ ਸਮਾਜਿਕ ਮੁਕਤੀ ਅਤੇ ਪਰਲੋਕ ਦੀ ਥਾਂ ਲੋਕ ਦੀ ਚਿੰਤਾ ਵਧੇਰੇ ਹੈ।
5. ਇਥੇ ਮੌਤ ਉਪਰੰਤ ਕਿਸੇ ਮੁਕਤੀ ਦੀ ਇੱਛਾ ਨਾਲੋਂ ਜੀਵਨ-ਮੁਕਤੀ ਨੂੰ ਆਦਰਸ਼ ਬਣਾਇਆ ਗਿਆ ਹੈ।
6. ਇਥੇ ਸੇਵਾ ਅਤੇ ਕੁਰਬਾਨੀ ਦਾ ਵਿਸ਼ੇਸ਼ ਮਹੱਤਵ ਹੈ।

ਇਹ ਵਿਸ਼ੇਸ਼ਤਾਵਾਂ ਸਾਨੂੰ ਹੋਰ ਕਿਸੇ ਮਤ ਵਿਚ ਨਜ਼ਰ ਨਹੀਂ ਆਉਂਦੀਆਂ।

ਅੱਜ ਕੱਲ੍ਹ ਲੋਕ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਨੂੰ ਕੁਝ ਚਿਰ ਦੀ ਸ਼ਾਂਤੀ ਦੇਣ ਦੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ। ਆਮ ਲੋਕ ਇਨ੍ਹਾਂ ਦੁਕਾਨਾਂ ਦੇ ਪ੍ਰਚਾਰ (ਇਸ਼ਤਿਹਾਰਬਾਜ਼ੀ) ਤੋਂ ਗੁਮਰਾਹ ਹੋ ਕੇ, ਇਨ੍ਹਾਂ ਨੂੰ ਦੇਵ-ਪੁਰਸ਼ (God-man) ਸਮਝ ਬੈਠਦੇ ਹਨ। ਦਰਅਸਲ ਇਹ ਜੋ ਵੀ ਧਿਆਨ (Meditation) ਦੀ ਵਿਧੀ ਦੱਸਦੇ ਹਨ। ਉਸ ਨਾਲ ਇਹ ਮਨੁੱਖ ਨੂੰ ਅੰਤਰਮੁਖੀ ਕਰਕੇ, ਕੁਝ ਸਮੇਂ ਲਈ ਦੁਨਿਆਵੀ ਸਮੱਸਿਆਵਾਂ ਤੋਂ ਮੁਕਤ ਕਰਦੇ ਹਨ; ਪਰ ਜਦੋਂ ਤਕ ਮਨੁੱਖ ਜਿੰਦਾ ਹੈ, ਉਸਦਾ ਖਹਿੜਾ ਦੁਨਿਆਵੀ ਸਮੱਸਿਆਵਾਂ ਤੋਂ ਛੁੱਟ ਨਹੀਂ ਸਕਦਾ। ਇਨ੍ਹਾਂ ਸਮੱਸਿਆਵਾਂ ਨੂੰ ਕੁਝ ਦੇਰ ਲਈ ਭੁਲਾਇਆ ਜਾ ਸਕਦਾ ਹੈ, ਪਰ ਸਦੀਵੀ ਮੁਕਤੀ ਇਨ੍ਹਾਂ ਤੋਂ ਨਹੀਂ ਮਿਲਦੀ। ਗੁਰਮਤ ਸਾਨੂੰ ਸਮੱਸਿਆਵਾਂ ਨੂੰ ਸਮਝ ਕੇ, ਉਨ੍ਹਾਂ ਨੂੰ ਮੁਖ਼ਾਤਬ ਹੋਣ ਨੂੰ ਕਹਿੰਦੀ ਹੈ। ਸਮੱਸਿਆਵਾਂ ਵੱਲ ਪਿੱਠ ਕਰਨ ਨਾਲ ਕੋਈ ਲਾਭ ਨਹੀਂ ਹੁੰਦਾ।

ਲੋੜਾਂ-ਥੋੜਾਂ ਦੇ ਸ਼ਿਕਾਰ ਕਮਜ਼ੋਰ ਮਨੁੱਖ ਨਿਰਾਸ਼ਤਾ ਵਿਚ ਟੁੱਟ ਜਾਂਦੇ ਹਨ। ਇਹ ਟੁੱਟੇ ਮਨੁੱਖ ਆਪਣੇ ਜਾਂ ਸਮਾਜ ਲਈ ਕੁਝ ਸਾਰਥਿਕ ਕੰਮ ਕਰਨ ਦੀ ਥਾਂ ਭਾਜਵਾਦ ਦੇ ਰਾਹ ਪੈ ਕੇ ਰੂਹਾਨੀ ਤਜ਼ਰਬੇ ਕਰਦਿਆਂ ਆਪਣਾ ਜੀਵਨ ਵਿਅਰਥ ਗਵਾ ਲੈਂਦੇ ਹਨ। ਉਹ ਅੰਤਰਮੁਖੀ ਹੋ ਕੇ ਕਾਲਪਨਿਕ ਜਗਤ ਵਿਚ ਗੁਆਚ ਜਾਂਦੇ ਹਨ। ਬਿਲਕੁਲ ਨਸ਼ਿਆਂ ਦੇ ਗ਼ੁਲਾਮ ਵਿਅਕਤੀ ਵਾਂਗ। ਜਿਵੇਂ ਨਸ਼ਾ ਖ਼ਤਮ ਹੋਣ ਬਾਅਦ ਨਸ਼ਈ ਦਾ ਸਾਰਾ ਆਨੰਦ ਖ਼ਤਮ ਹੋ ਜਾਂਦਾ ਹੈ, ਉਸੇ ਤਰ੍ਹਾਂ ਅਖੌਤੀ ਰੂਹਾਨੀ-ਮਾਰਗ ਦੇ ਪਾਂਧੀ ਜਦੋਂ ਨਕਲੀ ਧਿਆਨ ਵਿਚੋਂ ਬਾਹਰ ਆਉਂਦੇ ਹਨ ਤਾਂ ਸੱਖਣੇ ਜਿਹੇ ਨਜ਼ਰ ਆਉਂਦੇ ਹਨ। ਸਿੱਖੀ ਭਾਂਜਵਾਦ ਨਹੀਂ ਸਿਖਾਉਂਦੀ। ਗੁਰੂ ਸਾਹਿਬਾਨ ਨੇ ਲੋੜ ਪੈਣ ਉੱਪਰ ਹਥਿਆਰਬੰਦ ਯੁੱਧ ਵੀ ਕੀਤੇ ਅਤੇ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ। ਪਰ ਅਜੋਕੀ ਰੂਹਾਨੀਅਤ ਦੀਆਂ ਦੁਕਾਨਾਂ ਸਾਨੂੰ ਰਾਜਨੀਤੀ ਅਤੇ ਦੇਸ਼-ਸਮਾਜ ਦੀਆਂ ਸਮੱਸਿਆਵਾਂ ਤੋਂ ਬਚਣ ਦੀ ਸਲਾਹ ਦਿੰਦੀਆਂ ਹਨ।

ਸਾਡੇ ਇਕ ਮਿੱਤਰ ਜੋ ਰਾਧਾ ਸੁਆਮੀ ਬਣ ਕੇ ਰੁਹਾਨੀਅਤ ਦੇ ਪ੍ਰਯੋਗ ਵਿਚ ਪੈ ਗਏ ਹਨ, ਉਹ ਇਸ ਡਰ ਕਾਰਨ ਅਖ਼ਬਾਰ ਨਹੀਂ ਪੜ੍ਹਦੇ ਕਿ ਇਸ ਨਾਲ ਉਨ੍ਹਾਂ ਦੀ ਸ਼ਾਂਤੀ ਖਰਾਬ ਹੁੰਦੀ ਹੈ। ਮੈਂ ਉਨ੍ਹਾਂ ਨੂੰ ਕਿਹਾ ਕਰਦਾ ਹਾਂ ਕਿ ਤੁਹਾਡੀ ਸ਼ਾਂਤੀ ਕੱਚ ਦੇ ਬਰਤਨ ਵਰਗੀ ਜਾਂ ਪਾਣੀ ਦੇ ਬੁਲਬੁਲੇ ਵਾਂਗ ਹੈ।

ਦੂਜਾ ਨੁਕਤਾ, ਰੁਹਾਨੀਅਤ ਦੇ ਸੰਬੰਧ ਵਿਚ ਇਹ ਸਮਝਣ ਵਾਲਾ ਹੈ ਕਿ ਮੰਨ ਲਉ ਕਿ ਕੋਈ ਸਾਧਕ ਆਪਣੇ ਅੰਦਰ ਅੰਮ੍ਰਿਤ ਦਾ ਝਰਨਾ ਮਹਿਸੂਸ ਕਰਦਾ ਹੈ, ਕੋਈ ਪੰਚ ਸ਼ਬਦ ਸੁਣਦਾ ਹੈ, ਰੁਹਾਨੀ ਨਜ਼ਾਰੇ ਲੈਂਦਾ ਹੈ ਆਦਿ; ਕੀ ਉਸ ਨਾਲ ਉਸ ਵਿਅਕਤੀ, ਸਮਾਜ, ਦੇਸ਼ ਜਾਂ ਦੁਨੀਆਂ ਦਾ ਕੋਈ ਲਾਭ ਹੁੰਦਾ ਹੈ? ਨਹੀਂ। ਇਸ ਤਰ੍ਹਾਂ ਦੀ ਕੂਰ-ਕ੍ਰਿਆ ਵਿਚ ਕੁਝ ਹਾਸਿਲ ਨਹੀਂ ਹੁੰਦਾ। ਜੇ ਹੁੰਦਾ ਤਾਂ ਪੰਜਾਬ, ਭਾਰਤ ਜਾਂ ਵਿਸ਼ਵ ਵਿਚ ਹਜ਼ਾਰਾਂ ਰੁਹਾਨੀਅਤ ਦੀਆਂ ਦੁਕਾਨਾਂ ਕਾਰਣ ਕੋਈ ਸਮੱਸਿਆ ਰਹਿੰਦੀ ਹੀ ਨਾ। ਗੁਰਮਤ ਦੀ ਰੁਹਾਨੀਅਤ ਸਾਨੂੰ ਸਮਾਜ ਦੀਆਂ ਬੁਰਾਈਆਂ ਵਿਰੁੱਧ ਸੰਘਰਸ਼ ਲਈ ਪ੍ਰੇਰਨਾ ਦਿੰਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥
(ਗਉੜੀ ਮ: ੫, ਪੰਨਾ ੨੮੪)
2. ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ ਪਾਇਆ॥
(ਵਡਹੰਸ ਮ: ੩, ਪੰਨਾ ੫੬੫)
3. ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥ *(ਜਪੁ, ਪੰਨਾ ੭)*
4. ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥ *(ਗਉੜੀ ਮ: ੫, ਪੰਨਾ ੨੬੨)*
5. ਗੁਰੂ ਗ੍ਰੰਥ ਵਿਸ਼ਵਕੋਸ਼, ਪੰਨਾ
6. ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ॥
(ਮਾਰੂ ਮ: ੧, ਪੰਨਾ ੧੦੩੧)
7. ਦਰਸਨੁ ਦੇਖਤ ਦੋਖ ਨਸੇ॥ *(ਬਿਲਾਵਲ ਮ. ੫, ਪੰਨਾ ੮੨੬)*
8. ਦਰਸਨ ਕੀ ਪਿਆਸ ਜਿਸੁ ਨਰ ਹੋਇ॥
ਏਕਤੁ ਰਾਚੈ ਪਰਹਰਿ ਦੋਇ॥ *(ਬਸੰਤ ਮ. ੧, ਪੰਨਾ ੧੧੮੮)*
9. ਦਰਸਨੁ ਦੇਖਿ ਭਈ ਮਤਿ ਪੂਰੀ॥ *(ਗਉੜੀ ਮ. ੧, ਪੰਨਾ ੨੨੪)*
10. ਡਿਠੈ ਮੁਕਤ ਨ ਹੋਵਈ ਜਿਚਰ ਸ਼ਬਦ ਨ ਕਰੇਇ ਵੀਚਾਰ॥
11. ਗੁਰੂ ਗ੍ਰੰਥ ਵਿਸ਼ਵਕੋਸ਼, ਪੰਨਾ

12. ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥
(ਸੂਹੀ ਮ: ੧, ਪੰਨਾ ੭੬੪)

ਹੋਰ ਦੇਖੋ,
ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
(ਰਾਮਕਲੀ ਮ: ੩, ਪੰਨਾ ੬੧੭)

13. ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥
ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥ (ਗਉੜੀ ਸੁਖਮਨੀ ਮ: ੫, ਪੰਨਾ ੨੬੩)

14. ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
(ਪ੍ਰਭਾਤੀ ਮ: ੩, ਪੰਨਾ ੧੩੩੪)

15. ਸਚੈ ਸਬਦਿ ਸਚੁ ਕਮਾਵੈ ॥ ਸਚੀ ਬਾਣੀ ਹਰਿ ਗੁਣ ਗਾਵੈ ॥
(ਪ੍ਰਭਾਤੀ ਮ: ੧, ਪੰਨਾ ੧੩੪੨)

16. ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥
(ਸੋਰਠ ਮ: ੩, ਪੰਨਾ ੬੦੧)

17. ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ ॥
(ਵਾਰਾਂ ਭਾਈ ਗੁਰਦਾਸ, ਪੰਨਾ ੧.੪੨)

18. ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥
(ਦੇਵਗੰਧਾਰੀ ਮ: ੫, ਪੰਨਾ ੫੩੪)

19. ਚਾਰਿ ਮੁਕਤਿ ਚਾਰੈ ਸਿਧਿ ਮਿਲ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥
ਮੁਕਤਿ ਭਇਓ ਚਉਹੂੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ ॥
(ਮਾਰੂ ਨਾਮਦੇਉ, ਪੰਨਾ ੧੨੦੫)

20. ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ (ਗਉੜੀ ਮ: ੫, ਪੰਨਾ ੨੯੫)
ਗੁਰੂ ਨਾਨਕ ਸਾਹਿਬ ਨੇ ਵੀ ਕਿਹਾ ਸੀ :
ਮੰਨੈ ਤਰੈ ਤਾਰੇ ਗੁਰੁ ਸਿਖ ॥ (ਜਪੁ, ਪੰਨਾ ੩)

21. ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖੁ ਦੁਆਰੁ ॥
(ਰਾਮਕਲੀ ਮ:੧, ੯੪੨)

4 ਬਾਣੀ ਕ੍ਰਮ

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਗਿਆਨਕ ਲੀਹਾਂ ਉਪਰ ਕੀਤੀ ਗਈ ਹੈ। ਬਾਣੀ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ:

ੳ. ਨਿੱਤਨੇਮ ਦੀਆਂ ਬਾਣੀਆਂ - ਪੰਨਾ ੧ ਤੋਂ ੧੩ ਤੀਕ

ਅ. ਰਾਗ-ਬੱਧ ਬਾਣੀ (31 ਮੁੱਖ ਰਾਗ) - ਪੰਨਾ ੧੪ ਤੋਂ ਪੰਨਾ ੧੩੫੩

ੲ. ਰਾਗ-ਮੁਕਤ ਬਾਣੀ - ਪੰਨਾ ੧੩੫੩ ਤੋਂ ੧੪੩੦

ਰਚਨਾਕਾਰ ਦਾ ਨਾਂ ਸਪੱਸ਼ਟ ਕਰਨ ਲਈ ਹੇਠ ਲਿਖੀ ਵਿਧੀ ਅਪਣਾਈ ਹੈ:

1. ਗੁਰੂਆਂ ਦੇ ਨਾਂ ਦੇਣ ਦੀ ਥਾਂ 'ਮਹੱਲਾ' ਸੰਕੇਤ ਦਿੱਤਾ ਹੈ, ਜੋ ਕਿ ਇਸ ਤਰ੍ਹਾਂ ਹੈ:

ਗੁਰੂ ਨਾਨਕ ਜੀ	ਮਹਲਾ ੧ ਜਾਂ ਮ : ੧ (ਮਹੱਲਾ ਪਹਿਲਾ)
ਗੁਰੂ ਅੰਗਦ ਜੀ	ਮਹਲਾ ੨ ਜਾਂ ਮ : ੨ (ਮਹੱਲਾ ਦੂਜਾ)
ਗੁਰੂ ਅਮਰਦਾਸ ਜੀ	ਮਹਲਾ ੩ ਜਾਂ ਮ : ੩ (ਮਹੱਲਾ ਤੀਜਾ)
ਗੁਰੂ ਰਾਮਦਾਸ ਜੀ	ਮਹਲਾ ੪ ਜਾਂ ਮ : ੪ (ਮਹੱਲਾ ਚੌਥਾ)
ਗੁਰੂ ਅਰਜਨ ਜੀ	ਮਹਲਾ ੫ ਜਾਂ ਮ : ੫ (ਮਹੱਲਾ ਪੰਜਵਾਂ)
ਗੁਰੂ ਤੇਗ ਬਹਾਦਰ ਜੀ	ਮਹਲਾ ੯ ਜਾਂ ਮ : ੯ (ਮਹੱਲਾ ਨੌਵਾਂ)

2. ਭਗਤਾਂ ਦੇ ਨਾਂ ਉਨ੍ਹਾਂ ਦੀ ਰਚਨਾ ਉਪਰ ਸਪੱਸ਼ਟ ਦਿੱਤੇ ਹਨ। ਕੇਵਲ ਸੂਰਦਾਸ ਜੀ ਦੀ ਪੰਕਤੀ ਦੇਣ ਵੇਲੇ ਇਹ ਨਿਯਮ ਨਹੀਂ ਅਪਣਾਇਆ ਗਿਆ।

3. ਸਤਾ-ਬਲਵੰਡ ਦੀ *ਵਾਰ* ਅਤੇ ਸੁੰਦਰ ਜੀ ਦੀ *ਸਦ* ਵਿਚ ਵੀ ਰਚਨਾਕਾਰਾਂ ਦਾ ਸਪੱਸ਼ਟ ਸੰਕੇਤ ਹੈ।

4. ਭੱਟਾਂ ਦੇ ਨਾਂ ਰਚਨਾ ਦੇ ਅਖ਼ੀਰ ਵਿਚ ਹੀ ਦੇ ਦਿੱਤੇ ਹਨ। ਇਸ ਕਾਰਣ ਕੁਝ ਮੁਸ਼ਕਲ ਵੀ ਪੈਦਾ ਹੁੰਦੀ ਹੈ।

ਮ: ੧ ਦੀ ਬਾਣੀ

ਜਪੁ	: ਮੰਗਲ (ਮੂਲਮੰਤਰ), 2 ਸਲੋਕ, 38 ਪਉੜੀਆਂ
ਸਿਰੀ ਰਾਗ	: 33 ਸ਼ਬਦ, 17 ਅਸ਼ਟਪਦੀਆਂ, 2 ਪਹਰੇ, ਵਾਰ (7 ਸਲੋਕ)
ਮਾਝ ਰਾਗ	: 1 ਅਸ਼ਟਪਦੀ, ਵਾਰ (27 ਪਉੜੀਆਂ+45 ਸਲੋਕ)
ਗਉੜੀ ਰਾਗ	: 20 ਸ਼ਬਦ, 18 ਅਸ਼ਟਪਦੀਆਂ, 2 ਛੰਤ
ਆਸਾ ਰਾਗ	: 41 ਸ਼ਬਦ, 22 ਅਸ਼ਟਪਦੀਆਂ, ਪਟੀ (35 ਪਉੜੀਆਂ), 5 ਛੰਤ, ਵਾਰ (24 ਪਉੜੀਆਂ+45 ਸਲੋਕ)
ਗੂਜਰੀ ਰਾਗ	: 2 ਸ਼ਬਦ, 5 ਅਸ਼ਟਪਦੀਆਂ
ਬਿਹਾਗੜਾ ਰਾਗ	: ਵਾਰ (5 ਸਲੋਕ)
ਵਡਹੰਸ ਰਾਗ	: 3 ਸ਼ਬਦ, 2 ਛੰਤ, 5 ਅਲਾਹਣੀਆਂ
ਸੋਰਠ ਰਾਗ	: 12 ਸ਼ਬਦ, 4 ਅਸ਼ਟਪਦੀਆਂ, ਵਾਰ (2 ਸਲੋਕ)
ਧਨਾਸਰੀ ਰਾਗ	: 9 ਸ਼ਬਦ, 2 ਅਸ਼ਟਪਦੀਆਂ, 3 ਛੰਤ
ਤਿਲੰਗ ਰਾਗ	: 5 ਸ਼ਬਦ, 1 ਅਸ਼ਟਪਦੀ
ਸੂਹੀ ਰਾਗ	: 9 ਸ਼ਬਦ, 5 ਅਸ਼ਟਪਦੀਆਂ, ਕੁਚਜੀ (ਇਕ ਸ਼ਬਦ), ਸੁਚਜੀ (ਇਕ ਸ਼ਬਦ), 5 ਛੰਤ, ਵਾਰ (21 ਸਲੋਕ)
ਬਿਲਾਵਲ ਰਾਗ	: 4 ਸ਼ਬਦ, 2 ਅਸ਼ਟਪਦੀਆਂ, ਥਿਤੀ, 2 ਛੰਤ, ਵਾਰ (2 ਸਲੋਕ)
ਰਾਮਕਲੀ ਰਾਗ	: 11 ਸ਼ਬਦ, 9 ਅਸ਼ਟਪਦੀਆਂ, ਓਅੰਕਾਰ (54 ਪਉੜੀਆਂ), ਸਿਧ ਗੋਸਟ (73 ਪਉੜੀਆਂ), ਵਾਰ (17 ਸਲੋਕ)
ਮਾਰੂ ਰਾਗ	: 12 ਸ਼ਬਦ, 11 ਅਸ਼ਟਪਦੀਆਂ, 22 ਸੋਲਹੇ, ਵਾਰ (18 ਸਲੋਕ)
ਤੁਖਾਰੀ ਰਾਗ	: 6 ਛੰਤ (ਬਾਰਹਮਾਹਾ ਛੰਤ-17 ਪਉੜੀਆਂ+5 ਛੰਤ)
ਭੈਰਉ ਰਾਗ	: 8 ਸ਼ਬਦ, ਇਕ ਅਸ਼ਟਪਦੀ
ਬਸੰਤ ਰਾਗ	: 10 ਸ਼ਬਦ, 8 ਅਸ਼ਪਦੀਆਂ
ਸਾਰੰਗ ਰਾਗ	: 3 ਸ਼ਬਦ, 2 ਅਸ਼ਟਪਦੀਆਂ, ਵਾਰ (33 ਸਲੋਕ)
ਮਲਾਰ ਰਾਗ	: 9 ਸ਼ਬਦ, 5 ਅਸ਼ਟਪਦੀਆਂ, ਵਾਰ (28 ਪਉੜੀਆਂ+24 ਸਲੋਕ)
ਪਰਭਾਤੀ ਬਿਭਾਸ	: 17 ਸ਼ਬਦ, 7 ਅਸ਼ਟਪਦੀਆਂ
ਸਲੋਕ ਸਹਸਕ੍ਰਿਤੀ	: 4
ਸਲੋਕ ਵਾਰਾਂ ਤੋਂ ਵਧੀਕ	: 32

ਮ : ੨ ਦੀ ਬਾਣੀ

ਸਿਰੀ ਰਾਗ : ਵਾਰ (2 ਸਲੋਕ)
ਮਾਝ ਰਾਗ : ਵਾਰ (12 ਸਲੋਕ)
ਆਸਾ ਰਾਗ : ਵਾਰ (15 ਸਲੋਕ)
ਸੋਰਠ ਰਾਗ : ਵਾਰ (ਇਕ ਸਲੋਕ ਪੰਨਾ 653 ਉਪਰ)
ਸੂਹੀ ਰਾਗ : ਵਾਰ (11 ਸਲੋਕ)
ਰਾਮਕਲੀ ਰਾਗ : ਵਾਰ (7 ਸਲੋਕ)
ਮਾਰੂ ਰਾਗ : ਵਾਰ (ਇਕ ਸਲੋਕ)
ਸਾਰਗ ਰਾਗ : ਵਾਰ (9 ਸਲੋਕ)
ਮਲਾਰ ਰਾਗ : ਵਾਰ (5 ਸਲੋਕ)

ਮ : ੩ ਦੀ ਬਾਣੀ

ਸਿਰੀ ਰਾਗ : 31 ਸ਼ਬਦ, 8 ਅਸ਼ਟਪਦੀਆਂ, ਵਾਰ (33 ਸਲੋਕ)
ਮਾਝ ਰਾਗ : 32 ਅਸ਼ਟਪਦੀਆਂ, ਵਾਰ (3 ਸਲੋਕ)
ਗਉੜੀ ਰਾਗ : 18 ਸ਼ਬਦ, 9 ਅਸ਼ਟਪਦੀਆਂ, 5 ਛੰਤ, ਵਾਰ (7 ਸਲੋਕ)
ਆਸਾ ਰਾਗ : 13 ਸ਼ਬਦ, 15 ਅਸ਼ਟਪਦੀਆਂ, ਪਟੀ (18 ਪਉੜੀਆਂ), 2 ਛੰਤ
ਗੂਜਰੀ ਰਾਗ : 7 ਸ਼ਬਦ, ਇਕ ਅਸ਼ਟਪਦੀ, ਵਾਰ (22 ਪਉੜੀਆਂ+ 43 ਸਲੋਕ)
ਬਿਹਾਗੜਾ ਰਾਗ : ਵਾਰ (33 ਸਲੋਕ)
ਵਡਹੰਸ ਰਾਗ : 9 ਸ਼ਬਦ, 2 ਅਸ਼ਟਪਦੀਆਂ, 6 ਛੰਤ, 4 ਅਲਾਹਣੀਆਂ ਵਾਰ (40 ਸਲੋਕ)
ਸੋਰਠ ਰਾਗ : 12 ਸ਼ਬਦ, 3 ਅਸ਼ਟਪਦੀਆਂ, ਵਾਰ (48 ਸਲੋਕ)
ਧਨਾਸਰੀ ਰਾਗ : 9 ਸ਼ਬਦ
ਸੂਹੀ ਰਾਗ : 4 ਅਸ਼ਟਪਦੀਆਂ, 7 ਛੰਤ, ਵਾਰ (20 ਪਉੜੀਆਂ+ 15 ਸਲੋਕ)
ਬਿਲਾਵਲ ਰਾਗ : 6 ਸ਼ਬਦ, ਇਕ ਅਸ਼ਟਪਦੀ, ਵਾਰ ਸਤ (10 ਪਉੜੀਆਂ), ਵਾਰ (24 ਸਲੋਕ)
ਰਾਮਕਲੀ ਰਾਗ : ਇਕ ਸ਼ਬਦ, 5 ਅਸ਼ਟਪਦੀ, ਆਨੰਦ (40 ਪਉੜੀਆਂ), ਵਾਰ (21 ਪਉੜੀਆਂ+24 ਸਲੋਕ)
ਮਾਰੂ ਰਾਗ : 5 ਸ਼ਬਦ, ਇਕ ਅਸ਼ਟਪਦੀ, 24 ਸੋਲਹੇ, ਵਾਰ (22 ਪਉੜੀਆਂ+23 ਸਲੋਕ)

ਭੈਰਉ ਰਾਗ	:	21 ਸ਼ਬਦ, 2 ਅਸ਼ਟਪਦੀਆਂ
ਬਸੰਤ ਰਾਗ	:	20 ਸ਼ਬਦ
ਸਾਰੰਗ ਰਾਗ	:	3 ਅਸ਼ਟਪਦੀਆਂ, ਵਾਰ (23 ਸਲੋਕ)
ਮਲਾਰ ਰਾਗ	:	13 ਸ਼ਬਦ, 3 ਅਸ਼ਟਪਦੀਆਂ, ਵਾਰ (27 ਸਲੋਕ)
ਪ੍ਰਭਾਤੀ ਰਾਗ	:	7 ਸ਼ਬਦ, 2 ਅਸ਼ਟਪਦੀਆਂ
ਸਲੋਕ ਵਾਰਾਂ ਤੇ ਵਧੀਕ	:	68

ਕਬੀਰ ਦੇ ਸਲੋਕਾਂ ਵਿਚੋਂ 220ਵਾਂ ਮ: ੩ ਦਾ ਹੈ।

ਮ: ੪ ਦੀ ਬਾਣੀ

ਸਿਰੀ ਰਾਗ	:	6 ਸ਼ਬਦ, ਇਕ ਪਹਰਾ, ਇਕ ਛੰਤ, ਵਣਜਾਰਾ, ਵਾਰ (21 ਪਉੜੀਆਂ)
ਮਾਝ ਰਾਗ	:	6 ਸ਼ਬਦ, ਇਕ ਅਸ਼ਟਪਦੀ, ਵਾਰ (2 ਸਲੋਕ)
ਗਉੜੀ ਰਾਗ	:	30 ਸ਼ਬਦ, ਦੋ ਕਰਹਲੇ, ਵਾਰ (28 ਪਉੜੀਆਂ+55 ਸਲੋਕ)
ਆਸਾ ਰਾਗ	:	13 ਸ਼ਬਦ, ਆਸਾਵਰੀ ਦੋ ਸ਼ਬਦ, 14 ਛੰਤ
ਗੁਜਰੀ ਰਾਗ	:	7 ਸ਼ਬਦ, ਇਕ ਅਸ਼ਟਪਦੀ
ਦੇਵਗੰਧਾਰੀ	:	6 ਸ਼ਬਦ
ਬਿਹਾਗੜਾ	:	6 ਛੰਤ, ਵਾਰ (21 ਪਉੜੀਆਂ+2 ਸਲੋਕ)
ਵਡਹੰਸ ਰਾਗ	:	3 ਸ਼ਬਦ, 4 ਛੰਤ,2 ਘੋੜੀਆਂ, ਵਾਰ (21 ਪਉੜੀਆਂ)
ਸੋਰਠ ਰਾਗ	:	9 ਸ਼ਬਦ, ਵਾਰ (29 ਪਉੜੀਆਂ+7 ਸਲੋਕ)
ਧਨਾਸਰੀ ਰਾਗ	:	13 ਸ਼ਬਦ, ਇਕ ਛੰਤ
ਜੈਤਸਰੀ ਰਾਗ	:	11 ਸ਼ਬਦ
ਟੋਡੀ ਰਾਗ	:	ਇਕ ਸ਼ਬਦ
ਬੈਰਾੜੀ ਰਾਗ	:	ਛੇ ਸ਼ਬਦ
ਤਿਲੰਗ ਰਾਗ	:	ਦੋ ਸ਼ਬਦ, ਇਕ ਅਸ਼ਟਪਦੀ
ਸੂਹੀ ਰਾਗ	:	15 ਸ਼ਬਦ, 2 ਅਸ਼ਟਪਦੀਆਂ, 6 ਛੰਤ (ਲਾਵਾਂ ਦੂਜੇ ਛੰਤ ਵਿਚ ਹਨ)
ਬਿਲਾਵਲ ਰਾਗ	:	7 ਸ਼ਬਦ, 6 ਅਸ਼ਟਪਦੀਆਂ, 2 ਛੰਤ, ਵਾਰ (13 ਪਉੜੀਆਂ+ਇਕ ਸਲੋਕ)
ਗੋਂਡ ਰਾਗ	:	6 ਸ਼ਬਦ
ਰਾਮਕਲੀ ਰਾਗ	:	6 ਸ਼ਬਦ
ਨਟ ਨਾਰਾਇਨ	:	9 ਸ਼ਬਦ, 6 ਅਸ਼ਟਪਦੀਆਂ

ਮਾਲੀ ਗਉੜਾ : 6 ਸ਼ਬਦ
ਮਾਰੂ ਰਾਗ : 8 ਸ਼ਬਦ, 2 ਸੋਲਹੇ, ਵਾਰ (3 ਸਲੋਕ)
ਤੁਖਾਰੀ ਰਾਗ : 4 ਛੰਤ
ਕੇਦਾਰਾ ਰਾਗ : 2 ਸ਼ਬਦ
ਭੈਰਉ ਰਾਗ : 7 ਸ਼ਬਦ
ਬਸੰਤ ਹਿੰਡੋਲ : 7 ਸ਼ਬਦ, ਇਕ ਅਸ਼ਟਪਦੀ
ਸਾਰੰਗ ਰਾਗ : 13 ਸ਼ਬਦ, ਵਾਰ (35 ਪਉੜੀਆਂ+6 ਸਲੋਕ)
ਮਲਾਰ ਰਾਗ : 9 ਸ਼ਬਦ, (ਦੋ ਪੜਤਾਲਾਂ ਸਮੇਤ)
ਕਾਨੜਾ ਰਾਗ : 12 ਸ਼ਬਦ, 6 ਅਸ਼ਟਪਦੀਆਂ,
ਵਾਰ (15 ਪਉੜੀਆਂ+30 ਸਲੋਕ)
ਕਲਿਆਨ ਰਾਗ : 7 ਸ਼ਬਦ, 6 ਅਸ਼ਟਪਦੀਆਂ
ਪ੍ਰਭਾਤੀ ਬਿਭਾਸ : 7 ਸ਼ਬਦ (ਇਕ ਪੜਤਾਲ ਸਮੇਤ)
ਸਲੋਕ ਵਾਰਾਂ
ਤੇ ਵਧੀਕ : 30

ਮ: ੫ ਦੀ ਬਾਣੀ

ਸਿਰੀ ਰਾਗ : 30 ਸ਼ਬਦ, 3 ਅਸ਼ਟਪਦੀਆਂ, ਇਕ ਪਹਿਰਾ,
ਇਕ ਛੰਤ, ਇਕ ਛੰਤ ਡਖਣਾ, ਵਾਰ (ਇਕ ਸਲੋਕ)
ਮਾਝ ਰਾਗ : 43 ਸ਼ਬਦ, 5 ਅਸ਼ਟਪਦੀਆਂ, ਬਾਰਹਮਾਹ
(14 ਪਉੜੀਆਂ), ਦਿਨ ਰੈਣਿ (ਇਕ ਸ਼ਬਦ)
ਗਉੜੀ ਰਾਗ : 169 ਸ਼ਬਦ, 14 ਅਸਟਪਦੀਆਂ, 5 ਛੰਤ,
ਇਕ ਸਲੋਕ (248 ਪੰਨੇ ਉਪਰ), ਬਾਵਨ ਅੱਖਰੀ
(57 ਪਉੜੀਆਂ), ਸੁਖਮਨੀ ਸਾਹਿਬ
(24 ਅਸ਼ਟਪਦੀਆਂ=24×8=192 ਪਉੜੀਆਂ
ਅਤੇ 24 ਸਲੋਕ), ਥਿਤੀ (17 ਸਲੋਕ+17
ਪਉੜੀਆਂ), ਵਾਰ (8 ਸਲੋਕ+5 ਪਉੜੀਆਂ),
ਵਾਰ (21 ਪਉੜੀਆਂ+42 ਸਲੋਕ),
ਇਕ ਹੋਰ ਸ਼ਬਦ ਪੰਨਾ 326 ਉਪਰ।
ਆਸਾ ਰਾਗ : 157 ਸ਼ਬਦ (ਇਕ ਸ਼ਬਦ ਪੰਨਾ 487 ਉਪਰ ਵੀ ਹੈ),
ਆਸਾਵਰੀ ਦੇ 7 ਸ਼ਬਦ, ਦੋ ਅਸ਼ਟਪਦੀਆਂ,
3 ਬਿਰਹੜੇ, 14 ਛੰਤ
ਗੂਜਰੀ ਰਾਗ : 32 ਸ਼ਬਦ, ਦੋ ਅਸ਼ਟਪਦੀਆਂ,
ਵਾਰ (21 ਪਉੜੀਆਂ+42 ਸਲੋਕ)

ਦੇਵਗੰਧਾਰੀ ਰਾਗ: 38 ਸ਼ਬਦ

ਬਿਹਾਗੜਾ ਰਾਗ : ਇਕ ਸ਼ਬਦ, 9 ਛੰਤ, 2 ਸਲੋਕ ਵਾਰ ਵਿਚ

ਵਡਹੰਸ ਰਾਗ : 9 ਸ਼ਬਦ, 3 ਛੰਤ, 4 ਸਲੋਕ ਛੰਤਾਂ ਨਾਲ

ਸੋਰਠ ਰਾਗ : 94 ਸ਼ਬਦ, 3 ਅਸ਼ਟਪਦੀਆਂ

ਧਨਾਸਰੀ ਰਾਗ : 58 ਸ਼ਬਦ, ਇਕ ਅਸ਼ਟਪਦੀ, ਇਕ ਛੰਤ

ਜੈਤਸਰੀ ਰਾਗ : 13 ਸ਼ਬਦ, 3 ਛੰਤ, 5 ਸਲੋਕ,
ਵਾਰ (20 ਪਉੜੀਆਂ+40 ਸਲੋਕ)

ਟੋਡੀ ਰਾਗ : 30 ਸ਼ਬਦ

ਬੈਰਾੜੀ ਰਾਗ : ਇਕ ਸ਼ਬਦ

ਤਿਲੰਗ ਰਾਗ : 5 ਸ਼ਬਦ

ਸੂਹੀ ਰਾਗ : 58 ਸ਼ਬਦ, 5 ਅਸ਼ਟਪਦੀਆਂ,
ਗੁਣਵੰਤੀ (ਇਕ ਸ਼ਬਦ), 11 ਛੰਤ

ਬਿਲਾਵਲ ਰਾਗ : 129 ਸ਼ਬਦ (ਦੋ ਪੜਤਾਲਾਂ ਸਮੇਤ),
2 ਅਸ਼ਟਪਦੀਆਂ, 5 ਛੰਤ, ਇਕ ਸਲੋਕ

ਗੌਂਡ ਰਾਗ : 22 ਸ਼ਬਦ, ਇਕ ਅਸ਼ਟਪਦੀ

ਰਾਮਕਲੀ ਰਾਗ : 60 ਸ਼ਬਦ (ਦੋ ਪੜਤਾਲਾਂ ਸਮੇਤ), 8 ਅਸ਼ਟਪਦੀਆਂ,
4 ਛੰਤ (ਪੰਜਵਾਂ ਅਧੂਰਾ ਬਿਨਾਂ ਅੰਕ ਪੰਨਾ ੯੨੭ ਉਪਰ ਹੈ), 4 ਸਲੋਕ ਛੰਤਾਂ ਨਾਲ, ਰੁਤੀ (8 ਛੰਤ+16 ਸਲੋਕ), ਵਾਰ (22 ਪਉੜੀਆਂ+44 ਸਲੋਕ)

ਨਟ ਨਾਰਾਇਨ : 10 ਸ਼ਬਦ (ਇਕ ਪੜਤਾਲ ਸਮੇਤ)

ਮਾਲੀ ਗਉੜਾ : 8 ਸ਼ਬਦ

ਮਾਰੂ ਰਾਗ : ਇਕ ਸਲੋਕ (ਪੰਨਾ ੯੨੯ ਉਪਰ ਹੈ ਜੋ ਪਹਿਲਾਂ ਪੰਨਾ ੫੧੮ ਉਪਰ ਵੀ ਆ ਚੁੱਕਾ ਹੈ), 32 ਸ਼ਬਦ,
8 ਅਸ਼ਟਪਦੀਆਂ, 14 ਸੋਲਹੇ, ਮ: ੩ ਵਾਰ
(2 ਸਲੋਕ), ਮ: ੫ ਵਾਰ (23 ਪਉੜੀਆਂ+69 ਸਲੋਕ)

ਤੁਖਾਰੀ ਰਾਗ : ਇਕ ਛੰਤ

ਕੇਦਾਰਾ ਰਾਗ : 15 ਸ਼ਬਦ, ਇਕ ਛੰਤ

ਭੈਰਉ ਰਾਗ : 58 ਸ਼ਬਦ (ਇਕ ਸ਼ਬਦ, ਪੰਨਾ ੧੧੬੦ ਉਪਰ, ਸਮੇਤ ਇਕ ਪੜਤਾਲ), 3 ਅਸ਼ਟਪਦੀਆਂ

ਬਸੰਤ ਰਾਗ : 21 ਸ਼ਬਦ, 2 ਅਸ਼ਟਪਦੀਆਂ, ਵਾਰ (3 ਪਉੜੀਆਂ)

ਸਾਰੰਗ ਰਾਗ : 129 ਸ਼ਬਦ, 10 ਪੜਤਾਲਾਂ, 2 ਅਸ਼ਟਪਦੀਆਂ,
ਇਕ ਛੰਤ, ਵਾਰ (ਇਕ ਪਉੜੀ+4 ਸਲੋਕ), ਇਕ ਸ਼ਬਦ 'ਸੂਰਦਾਸ' ਸਿਰਲੇਖ ਹੇਠਾਂ ਪੰਨਾ ੧੨੫੩ ਉਪਰ

ਮਲਾਰ ਰਾਗ : 30 ਸ਼ਬਦ (8 ਪੜਤਾਲਾਂ ਸਮੇਤ), ਇਕ ਛੰਤ, ਵਾਰ (ਇਕ ਪਉੜੀ+ਦੋ ਸਲੋਕ)

ਕਾਨੜਾ ਰਾਗ : 50 ਸ਼ਬਦ, ਇਕ ਅਸ਼ਟਪਦੀ

ਕਲਿਆਨ ਰਾਗ : 10 ਸ਼ਬਦ

ਪ੍ਰਭਾਤੀ ਬਿਭਾਸ : 15 ਸ਼ਬਦ (2 ਪੜਤਾਲਾਂ ਸਮੇਤ), 3 ਅਸ਼ਟਪਦੀਆਂ

ਸਲੋਕ ਸਹਸਕ੍ਰਿਤੀ: 67 ਸਲੋਕ, ਗਾਥਾ : 24, ਫੁਨਹੇ : 23, ਚਉਬੋਲੇ : 11, ਸਵਯੇ : 20, ਸਲੋਕ ਵਾਰਾਂ ਤੇ ਵਧੀਕ : 22, ਕਬੀਰ ਜੀ ਦੇ ਸਲੋਕਾਂ ਵਿਚ 209-214, 221ਵਾਂ ਭਾਵ 7 ਸਲੋਕ ਮ : ੫ ਦੇ ਹਨ। ਮੁੰਦਾਵਣੀ, ਸਲੋਕ (ਤੇਰਾ ਕੀਤਾ ਜਾਤੋ ਨਾਹੀ...)

ਮ : ੯ ਦੀ ਬਾਣੀ

ਗਉੜੀ ਰਾਗ : 9 ਸ਼ਬਦ

ਆਸਾ ਰਾਗ : ਇਕ ਸ਼ਬਦ

ਦੇਵਗੰਧਾਰੀ : 3 ਸ਼ਬਦ

ਬਿਹਾਗੜਾ ਰਾਗ : ਇਕ ਸ਼ਬਦ

ਸੋਰਠ ਰਾਗ : 12 ਸ਼ਬਦ

ਧਨਾਸਰੀ ਰਾਗ : 4 ਸ਼ਬਦ

ਜੈਤਸਰੀ ਰਾਗ : ਤਿੰਨ ਸ਼ਬਦ

ਟੋਡੀ ਰਾਗ : ਇਕ ਸ਼ਬਦ

ਤਿਲੰਗ ਰਾਗ : 3 ਸ਼ਬਦ

ਬਿਲਾਵਲ ਰਾਗ : ਤਿੰਨ ਸ਼ਬਦ

ਰਾਮਕਲੀ ਰਾਗ : ਤਿੰਨ ਸ਼ਬਦ

ਮਾਰੂ ਰਾਗ : 3 ਸ਼ਬਦ

ਬਸੰਤ ਹਿੰਡੋਲ : ਪੰਜ ਸ਼ਬਦ

ਸਾਰੰਗ ਰਾਗ : 4 ਸ਼ਬਦ

ਜੈਜਾਵੰਤੀ ਰਾਗ : 4 ਸ਼ਬਦ

57 ਸਲੋਕ (ਭੋਗ ਦੇ) - 53ਵਾਂ 'ਦੋਹਰਾ' ਹੈ।

ਇਨ੍ਹਾਂ ਸਲੋਕਾਂ ਵਿਚੋਂ ੫੩ ਵੇਂ ਸਲੋਕ ਦਾ ਕ੍ਰਿਤਿਤਵ ਸੰਦਿਗਧ ਹੈ। ਕੁਝ ਹੱਥ-ਲਿਖਤਾਂ ਵਿਚ ਇਹ ਮ : ੧੦ ਦਾ ਦੱਸਿਆ ਹੈ।

ਭਗਤ ਕਬੀਰ ਦੀ ਬਾਣੀ

ਸਿਰੀ ਰਾਗ : 2 ਸ਼ਬਦ,

ਗਉੜੀ ਰਾਗ : 73 ਸ਼ਬਦ, ਬਾਵਨ ਅੱਖਰੀ (45 ਪਉੜੀਆਂ), ਥਿਤੀ (1 ਸਲੋਕ+16 ਪਉੜੀਆਂ), ਵਾਰ ਸਤ

ਆਸਾ ਰਾਗ : 37 ਸ਼ਬਦ,

ਗੂਜਰੀ ਰਾਗ : ਵਾਰ ਮ : ੩ (ਇਕ ਸਲੋਕ), ਦੋ ਸ਼ਬਦ

ਬਿਹਾਗੜਾ ਰਾਗ : ਵਾਰ ਮ : ੪ (ਇਕ ਸਲੋਕ),

ਸੋਰਠ ਰਾਗ : 11 ਸ਼ਬਦ

ਧਨਾਸਰੀ ਰਾਗ : 5 ਸ਼ਬਦ,

ਤਿਲੰਗ ਰਾਗ : ਇਕ ਸ਼ਬਦ,
ਸੂਹੀ ਰਾਗ : 5 ਸ਼ਬਦ,
ਬਿਲਾਵਲ ਰਾਗ : 12 ਸ਼ਬਦ,
ਗੌਂਡ ਰਾਗ : 11 ਸ਼ਬਦ,
ਰਾਮਕਲੀ ਰਾਗ : ਵਾਰ ਮ: ੩ (2 ਸਲੋਕ), 12 ਸ਼ਬਦ,
ਮਾਰੂ ਰਾਗ : 12 ਸ਼ਬਦ, ਦੋ ਸਲੋਕ
ਕੇਦਾਰਾ ਰਾਗ : 6 ਸ਼ਬਦ, ਭੈਰਉ ਰਾਗ : 17 ਸ਼ਬਦ, 2 ਅਸ਼ਟਪਦੀਆਂ
ਬਸੰਤ ਰਾਗ : 7 ਸ਼ਬਦ, ਬਸੰਤ ਹਿੰਡੋਲ ਰਾਗ : ਇਕ ਸ਼ਬਦ
ਸਾਰੰਗ ਰਾਗ : 3 ਸ਼ਬਦ (1 ਸ਼ਬਦ ਮ: ੪ ਦੇ 'ਸੂਰਦਾਸ' ਤੋਂ ਬਾਅਦ ਸਮੇਤ)
ਪ੍ਰਭਾਤੀ ਬਿਭਾਸ : 5 ਸ਼ਬਦ

ਕਬੀਰ ਜੀ ਦੇ 243 ਸਲੋਕ *ਗੁਰੂ ਗ੍ਰੰਥ ਸਾਹਿਬ* ਦੇ ਪੰਨਾ ੧੩੬੪- ੧੩੭੭ ਤੀਕ ਦਰਜ ਹਨ:

1. ਇਨ੍ਹਾਂ ਵਿਚੋਂ 29ਵਾਂ (੫੫੫ ਪੰਨੇ 'ਤੇ), 32ਵਾਂ ਅਤੇ 33ਵਾਂ (੯੪੮ ਪੰਨੇ 'ਤੇ), 65ਵਾਂ (੯੪੭ ਪੰਨੇ 'ਤੇ), 214ਵਾਂ (੯੬੫ ਪੰਨੇ 'ਤੇ) ਪਹਿਲਾਂ ਆ ਚੁੱਕੇ ਹਨ।
2. ਇਨ੍ਹਾਂ ਵਿਚੋਂ 209-214 ਅਤੇ 221ਵਾਂ ਭਾਵ 7 ਸਲੋਕ ਮ: ੫ ਦੇ ਹਨ।
3. ਇਨ੍ਹਾਂ ਵਿਚੋਂ 220ਵਾਂ ਸਲੋਕ ਮ: ੩ ਦਾ ਹੈ।
4. ਇਸੇ ਤਰ੍ਹਾਂ 241ਵੇਂ ਅਤੇ 242ਵੇਂ ਸਲੋਕਾਂ ਦਾ ਕ੍ਰਤਿਤਵ ਵੀ ਸੰਦਿਗਧ ਹੈ।
ਸੋ ਕਬੀਰ ਜੀ ਦੇ ਇਨ੍ਹਾਂ ਸਲੋਕਾਂ ਦੀ ਕੁਲ ਗਿਣਤੀ 233 ਸਿੱਧ ਹੋਈ ਹੈ।

ਨਾਮਦੇਵ ਜੀ ਦੀ ਬਾਣੀ

ਗਉੜੀ ਰਾਗ : ਇਕ ਸ਼ਬਦ	ਗੌਂਡ ਰਾਗ : 7 ਸ਼ਬਦ
ਆਸਾ ਰਾਗ : 5 ਸ਼ਬਦ	ਰਾਮਕਲੀ ਰਾਗ : 4 ਸ਼ਬਦ
ਗੂਜਰੀ ਰਾਗ : 2 ਸ਼ਬਦ	ਮਾਲੀ ਗਉੜਾ : 3 ਸ਼ਬਦ
ਸੋਰਠ ਰਾਗ : 3 ਸ਼ਬਦ	ਮਾਰੂ ਰਾਗ : 1 ਸ਼ਬਦ
ਧਨਾਸਰੀ ਰਾਗ : 5 ਸ਼ਬਦ	ਭੈਰਉ ਰਾਗ : 11 ਸ਼ਬਦ
ਟੋਡੀ ਰਾਗ : 3 ਸ਼ਬਦ	ਬਸੰਤ ਰਾਗ : 3 ਸ਼ਬਦ
ਜੈਤਸਰੀ ਰਾਗ : ਇਕ ਸ਼ਬਦ	ਸਾਰੰਗ ਰਾਗ : 3 ਸ਼ਬਦ
ਤਿਲੰਗ ਰਾਗ : ਦੋ ਸ਼ਬਦ	ਮਲਾਰ ਰਾਗ : 2 ਸ਼ਬਦ
ਬਿਲਾਵਲ ਰਾਗ : 1 ਸ਼ਬਦ	ਕਾਨੜਾ ਰਾਗ : 1 ਸ਼ਬਦ
	ਪ੍ਰਭਾਤੀ ਰਾਗ : 3 ਸ਼ਬਦ

ਰਵਿਦਾਸ ਜੀ ਦੀ ਬਾਣੀ

ਸ੍ਰੀ ਰਾਗ	: ਇਕ ਸ਼ਬਦ	ਬਿਲਾਵਲ ਰਾਗ	: 2 ਸ਼ਬਦ
ਗਉੜੀ ਰਾਗ	: 5 ਸ਼ਬਦ	ਗੋਂਡ ਰਾਗ	: 2 ਸ਼ਬਦ
ਆਸਾ ਰਾਗ	: 6 ਸ਼ਬਦ	ਰਾਮਕਲੀ ਰਾਗ	: ਇਕ ਸ਼ਬਦ
ਗੂਜਰੀ ਰਾਗ	: ਇਕ ਸ਼ਬਦ	ਮਾਰੂ ਰਾਗ	: 2 ਸ਼ਬਦ
ਸੋਰਠ ਰਾਗ	: 7 ਸ਼ਬਦ	ਕੇਦਾਰਾ ਰਾਗ	: ਇਕ ਸ਼ਬਦ
ਧਨਾਸਰੀ ਰਾਗ	: 3 ਸ਼ਬਦ	ਭੈਰਉ ਰਾਗ	: ਇਕ ਸ਼ਬਦ
ਜੈਤਸਰੀ ਰਾਗ	: ਇਕ ਸ਼ਬਦ	ਬਸੰਤ ਰਾਗ	: ਇਕ ਸ਼ਬਦ
ਸੂਹੀ ਰਾਗ	: ਤਿੰਨ ਸ਼ਬਦ	ਮਲਾਰ ਰਾਗ	: ਤਿੰਨ ਸ਼ਬਦ

ਫ਼ਰੀਦ ਜੀ ਦੀ ਬਾਣੀ

ਆਸਾ ਰਾਗ : 2 ਸ਼ਬਦ, ਸੂਹੀ ਰਾਗ: 2 ਸ਼ਬਦ

ਕੁਲ ਸਲੋਕ 130 ਹਨ-ਇਨ੍ਹਾਂ ਵਿਚੋਂ 52ਵਾਂ, 104 ਥਾ ਮ: ੩ ਦੇ ਅਤੇ 82ਵਾਂ, 83ਵਾਂ, 105ਵਾਂ, 108ਵਾਂ, 109ਵਾਂ, 110ਵਾਂ ਅਤੇ 111ਵਾਂ ਮ: ੫ ਦੇ ਹਨ। ਇਉਂ ਫ਼ਰੀਦ ਜੀ ਦੇ ਸਲੋਕਾਂ ਦੀ ਗਿਣਤੀ 121 ਹੀ ਬਣਦੀ ਹੈ। ਵੈਸੇ ਕੁਝ ਹੋਰ ਸਲੋਕਾਂ ਦਾ ਕ੍ਰਿਤਿਤਵ ਵੀ ਸੰਦਿਗਧ ਜਾਪਦਾ ਹੈ।

ਸਧਨਾ ਜੀ ਦਾ ਇਕ ਸ਼ਬਦ ਬਿਲਾਵਲ ਰਾਗ ਵਿਚ ਹੈ।

ਸੈਣ ਜੀ ਦਾ ਇਕ ਸ਼ਬਦ ਰਾਗ ਧਨਾਸਰੀ ਵਿਚ ਹੈ।

ਰਾਮਾਨੰਦ ਜੀ ਦਾ ਰਾਗ ਬਸੰਤ ਵਿਚ ਉਚਾਰਿਆ ਕੇਵਲ ਇਕੋ ਸ਼ਬਦ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਹੈ।

ਪੀਪਾ ਜੀ ਦਾ ਵੀ ਇਕੋ ਸ਼ਬਦ ਹੈ, ਜੋ ਰਾਗ ਧਨਾਸਰੀ ਵਿਚ ਹੈ। ਸਾਰੰਗ ਰਾਗ ਵਿਚ ਭਗਤ ਪਰਮਾਨੰਦ ਜੀ ਦਾ ਇਕੋ ਇਕ ਸ਼ਬਦ ਹੈ। ਇਸੇ ਤਰ੍ਹਾਂ ਭਗਤ ਤ੍ਰਿਲੋਚਨ ਜੀ ਦੇ ਸਿਰੀ ਰਾਗ ਵਿਚ ਇਕ, ਗੂਜਰੀ ਰਾਗ ਵਿਚ ਦੋ, ਧਨਾਸਰੀ ਰਾਗ ਵਿਚ ਇਕ ਸ਼ਬਦ (ਕੁਲ ਚਾਰ ਸ਼ਬਦ) ਹੈ। ਭਗਤ ਜੈ ਦੇਵ ਜੀ ਦਾ ਗੂਜਰੀ ਅਤੇ ਮਾਰੂ ਰਾਗ ਵਿਚ ਇਕ-ਇਕ ਸ਼ਬਦ ਹੈ।

ਭਗਤ ਧੰਨਾ ਜੀ ਦੇ ਆਸਾ ਰਾਗ ਵਿਚ ਦੋ ਅਤੇ ਧਨਾਸਰੀ ਰਾਗ ਵਿਚ ਇਕ ਸ਼ਬਦ ਹੈ।

ਭੀਖਣ ਜੀ ਦੇ ਰਾਗ ਸੋਰਠ ਵਿਚ ਦੋ ਸ਼ਬਦ ਹਨ।

ਭਗਤ ਬੇਣੀ ਜੀ ਦਾ ਸਿਰੀ, ਰਾਮਕਲੀ, ਪ੍ਰਭਾਤੀ ਰਾਗ ਵਿਚ ਇਕ-ਇਕ ਸ਼ਬਦ (ਕੁਲ ਤਿੰਨ ਸ਼ਬਦ) ਹੈ।

ਭਗਤ ਸੂਰਦਾਸ ਜੀ ਦੀ ਇਕੋ ਪੰਕਤੀ ਬਿਨਾਂ ਭਗਤ ਜੀ ਦੇ ਨਾਂ ਦੇ *ਗੁਰੂ ਗ੍ਰੰਥ ਸਾਹਿਬ* ਜੀ ਦੇ ਪੰਨਾ ੧੨੫੩ ਉਪਰ ਹੈ। ਜਿਵੇਂ ਕਿ ਪਹਿਲਾਂ ਦਸਿਆ ਜਾ

ਚੁੱਕਾ ਹੈ ਕਿ ਹੱਥ-ਲਿਖਤਾਂ ਵਿਚ ਸੂਰਦਾਸ ਜੀ ਦਾ ਪੂਰਾ ਸ਼ਬਦ ਪ੍ਰਾਪਤ ਹੁੰਦਾ ਹੈ। ਛਾਪੇ ਦੀ ਪ੍ਰਚੱਲਿਤ ਬੀੜ ਵਿਚ ਇਸ ਥਾਂ ਅੰਕ ਵਿਧਾਨ ਵੀ ਗੜਬੜਾ ਗਿਆ ਹੈ। ਇਸ ਪੰਕਤੀ ਤੋਂ ਪਹਿਲਾਂ ਸਮਾਪਤ ਹੋਏ ਸ਼ਬਦ ਬਾਅਦ ਅੰਕ ॥੬॥ ਹੈ ਅਤੇ ਇਸ ਪੰਕਤੀ ਤੋਂ ਅਗਲੇ ਮ: ੫ ਦੇ ਸ਼ਬਦ ਦੀ ਸਮਾਪਤੀ ਉਪਰ ਅੰਕ ॥੮॥ ਹੈ। ਸਪੱਸ਼ਟ ਹੈ ਕਿ ਅੰਕ ॥੭॥ ਗਾਇਬ ਹੈ ਜੋ ਕਿ ਸੂਰਦਾਸ ਜੀ ਦੇ ਸੰਪੂਰਣ ਸ਼ਬਦ ਤੋਂ ਬਾਅਦ ਹੀ ਆਉਣਾ ਸੀ।

ਭੱਟਾਂ ਦੀ ਬਾਣੀ

ਸਵਈਏ: ਮਹਲੇ ਪਹਿਲੇ ਕੇ-10, ਮਹਲੇ ਦੂਜੇ ਕੇ-10, ਮਹਲੇ ਤੀਜੇ ਕੇ-22, ਮਹਲੇ ਚਉਥੇ ਕੇ-60, ਮਹਲੇ ਪੰਜਵੇਂ ਕੇ-21 (ਤਿੰਨ ਸੋਰਠਿਆਂ ਸਮੇਤ)

ਸੁੰਦਰ ਜੀ ਦੀ ਰਾਮਕਲੀ ਸਦ ਦੀਆਂ 6 ਪਉੜੀਆਂ ਹਨ।

ਰਾਇ ਬਲਵੰਡ ਤੇ ਸੱਤੇ ਡੂਮ ਦੀ ਵਾਰ ਦੀਆਂ 8 ਪਉੜੀਆਂ ਹਨ। ਇਹ ਵਾਰ ਰਾਗ ਰਾਮਕਲੀ ਵਿਚ ਹੈ। ਕੁਝ ਹੱਥ-ਲਿਖਤ ਬੀੜਾਂ ਵਿਚ ਇਸ ਵਾਰ ਦੀਆਂ 10 ਪਉੜੀਆਂ ਵੀ ਪ੍ਰਾਪਤ ਹੁੰਦੀਆਂ ਹਨ।

ਭਾਗ ਦੂਜਾ

ਪ੍ਰਚਾਰ ਤੇ ਪ੍ਰਸਾਰ



ਮਜਾਰਾਜਾ ਰਣਜੀਤ ਸਿੰਘ ਰਾਜਾ ਹੀਰਾ ਸਿੰਘ ਨਾਲ ਹੀਰਾ ਸਿੰਘ ਨਾਲ
ਮਹਾਰਾਜੇ ਦੇ ਸੰਬੰਧ ਦੰਦਕਥਾ ਬਣੇ ਹੋਏ ਹਨ (ਫ਼ੋਟੋ : ਓਸਬੋਰਨ ਡਬਲਿਊ.ਜੀ. ਦੀ ਕਿਤਾਬ ਚੋਂ)

5 ਗੁਰੂ ਗ੍ਰੰਥ ਸਾਹਿਬ ਦਾ ਪ੍ਰਸਾਰ

ਆਧੁਨਿਕਤਾ ਦੇ ਦੌਰ ਵਿਚ ਵਿਗਿਆਨ ਦੇ ਸਦਕਾ ਭਾਵੇਂ ਮਨੁੱਖਤਾ ਨੇ ਬਹੁਤ ਸਾਰੀਆਂ ਮੁਸੀਬਤਾਂ ਸਹੇੜ ਲਈਆਂ ਹਨ, ਪਰ ਅਸੀਂ ਵਿਗਿਆਨ ਦੇ ਇਸ ਗੱਲ ਕਰਕੇ ਮਸ਼ਕੂਰ ਵੀ ਹਾਂ ਕਿ ਇਸਨੇ ਸਾਡੀਆਂ ਬਹੁਤ ਸਾਰੀਆਂ ਮੁਸ਼ਕਲਾਂ ਨੂੰ ਆਸਾਨ ਵੀ ਕਰ ਦਿੱਤਾ ਹੈ। ਇਥੋਂ ਤੀਕ ਕਿ ਧਰਮ ਪ੍ਰਚਾਰ ਦੇ ਖੇਤਰ ਵਿਚ ਵੀ ਵਿਗਿਆਨ ਨੇ ਬਹੁਤ ਸੇਵਾ ਕੀਤੀ ਹੈ। ਇਹ ਗੱਲ *ਗੁਰੂ ਗ੍ਰੰਥ ਸਾਹਿਬ* ਦੇ ਬਾਰੇ ਵੀ ਠੀਕ ਹੈ ਕਿ ਆਧੁਨਿਕ ਤਕਨੀਕਾਂ ਦੇ ਅਪਣਾਉਣ ਕਰਕੇ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਚਾਰ ਤੇਜ਼ੀ ਨਾਲ ਫੈਲਦਾ ਨਜ਼ਰ ਆ ਰਿਹਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਪ੍ਰਚਾਰ ਤੋਂ ਭਾਵ ਇਸਦੇ ਪਾਠ ਦੀ ਉਪਲੱਭਦਤਾ ਹੈ। ਪਾਠ ਦੋ ਢੰਗਾਂ ਦੁਆਰਾ ਉਪਲੱਭਦ ਹੋ ਰਿਹਾ ਹੈ - ਲਿਖਤ ਰੂਪ ਵਿਚ ਅਤੇ ਸ੍ਰਵਣ ਕਰਕੇ। ਸਾਡੇ ਦੇਸ਼ ਵਿਚ ਪ੍ਰਿੰਟਿੰਗ ਪ੍ਰੈੱਸ ਉਨ੍ਹੀਵੀਂ ਸਦੀ ਵਿਚ ਆਈ। ਹਾਲਾਂਕਿ ਯੂਰਪ ਵਿਚ *ਬਾਈਬਲ* ਪੰਦਰਵੀਂ ਸਦੀ ਤੋਂ ਬਕਾਇਦਾ ਛੱਪ ਰਹੀ ਸੀ। ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਨਾਲ, ਉਨ੍ਹਾਂ ਦੀਆਂ ਉਪਲੱਭਦੀਆਂ ਵੀ ਭਾਰਤ ਵਿਚ ਆ ਰਹੀਆਂ ਸਨ। ਕੋਈ ਸ਼ੱਕ ਨਹੀਂ ਕਿ ਅੰਗਰੇਜ਼ਾਂ ਨੇ ਈਸਾਈਅਤ ਅਤੇ *ਬਾਈਬਲ* ਦੇ ਪ੍ਰਚਾਰ ਲਈ ਹੀ ਪ੍ਰਿੰਟਿੰਗ ਪ੍ਰੈੱਸ ਭਾਰਤ ਵਿਚ ਲਿਆਂਦੀ ਸੀ। ਈਸਾਈ ਮਿਸ਼ਨਰੀ ਵਿਲੀਅਮ ਕੈਰੀ ਨੇ ਭਾਰਤ ਦੀਆਂ ਕਈ ਬੋਲੀਆਂ ਸਿੱਖਣ ਬਾਅਦ *ਬਾਈਬਲ* ਦੇ ਅਨੁਵਾਦ ਭਾਰਤੀ ਭਾਸ਼ਾਵਾਂ ਵਿਚ ਕਰਕੇ ਛਪਵਾਏ। ਪੰਜਾਬੀ ਭਾਸ਼ਾ ਨੂੰ ਅਮੀਰ ਕਰਨ ਵਿਚ ਵਿਲੀਅਮ ਕੈਰੀ ਦਾ ਵੱਡਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ। ਸਾਡੇ ਪਾਠਕ ਇਹ ਪੜ੍ਹ ਕੇ ਹੈਰਾਨ ਹੋਣਗੇ ਕਿ ਗੁਰਮੁਖੀ ਅੱਖਰਾਂ ਵਿਚ ਪਹਿਲੀ ਪੋਥੀ ਜੋ ਪ੍ਰਿੰਟਿੰਗ ਪ੍ਰੈੱਸ 'ਤੇ ਛਪੀ ਉਹ ਗੁਰਬਾਣੀ ਦੀ ਪੋਥੀ ਨਹੀਂ, ਸਗੋਂ *ਬਾਈਬਲ* ਹੀ ਸੀ। ਇਹ ਗੱਲ ਸੰਨ 1811 ਦੀ ਹੈ। ਦੇਖੋ, ਸਿੱਖਾਂ ਨੂੰ ਫਿਰ ਵੀ ਪ੍ਰਿੰਟਿੰਗ ਪ੍ਰੈੱਸ ਦੇ ਪ੍ਰਯੋਗ ਦੀ ਸੋਝੀ ਨਹੀਂ ਹੋਈ। ਸੰਨ 1864 ਵਿਚ ਲਾਹੌਰ ਦੇ ਲਾਲਾ ਹਰਿਸੁੱਖ ਰਾਇ ਨੇ ਪੱਥਰ ਛਾਪੇ ਦੀ *ਗੁਰੂ ਗ੍ਰੰਥ ਸਾਹਿਬ* ਦੀ ਪਹਿਲੀ ਬੀੜ ਛਾਪੀ। ਹਰਿਸੁੱਖ ਰਾਇ ਦੀ ਪ੍ਰੈੱਸ ਦਾ ਨਾਂ ਕੋਹਿਨੂਰ ਯੰਤ੍ਰਾਲਯ ਸੀ। ਇਹ ਉਹ ਸਮਾਂ ਸੀ ਜਦੋਂ ਸਿੱਖ ਕੌਮ ਆਪਣਾ ਰਾਜ-ਭਾਗ ਗੰਵਾ ਲੈਣ ਬਾਅਦ ਧਾਰਮਿਕ ਪਤਨ ਦੀ ਵੀ ਸ਼ਿਕਾਰ ਹੋ ਚੁੱਕੀ ਸੀ। ਸਿੱਖਾਂ ਦੀ ਕੋਈ ਪੰਥਕ ਸੰਸਥਾ ਜਾਂ ਸ਼ਖ਼ਸੀਅਤ ਨਹੀਂ ਸੀ। *ਗੁਰੂ*

ਗ੍ਰੰਥ ਸਾਹਿਬ ਦੀ ਛਪਾਈ ਵਿਚ ਦੂਜਾ ਯਤਨ ਮੁਨਸ਼ੀ ਹੀਰਾਨੰਦ ਨੇ ਕੀਤਾ। ਉਸਦ ਛਾਪੇਖਾਨੇ ਦਾ ਨਾਂ ਵਿਦਿਆ ਪ੍ਰਕਾਸ਼ ਪ੍ਰੈੱਸ ਸੀ ਅਤੇ ਇਹ ਵੀ ਲਾਹੌਰ ਦਾ ਇਕ ਵਪਾਰੀ ਸੀ। ਉਸਨੇ ਬਾਅਦ ਵਿਚ ਸੰਨ 1893 ਵਿਚ 1430 ਸਫ਼ੇ ਵਾਲੀ ਬੀੜ ਛਾਪੀ। ਹੁਣ ਤੀਕ ਸਫ਼ਿਆਂ ਦੀ ਇਹ ਗਿਣਤੀ ਮਿਆਰ ਬਣੀ ਹੋਈ ਹੈ।

ਛਾਪੇਖਾਨੇ ਤੋਂ ਪਹਿਲਾਂ *ਗੁਰੂ ਗ੍ਰੰਥ ਸਾਹਿਬ* ਦੀਆਂ ਬੀੜਾਂ ਲਿਖਾਰੀ ਆਪਣੇ ਹੱਥਾਂ ਦੁਆਰਾ ਲਿਖ ਕੇ ਤਿਆਰ ਕਰਦੇ ਸਨ। ਇਉਂ *ਗੁਰੂ ਗ੍ਰੰਥ ਸਾਹਿਬ* ਦੀਆਂ ਨਕਲਾਂ ਦੀਆਂ ਨਕਲਾਂ ਤਿਆਰ ਹੁੰਦੀਆਂ ਰਹੀਆਂ। ਕਈ ਵੇਰ ਸ਼ਰਧਾਲੂ ਅਤੇ ਹੋਰ ਲੋਕ ਵੀ ਮਨਮਰਜ਼ੀ ਮੁਤਾਬਿਕ ਪੋਥੀਆਂ ਤਿਆਰ ਕਰ ਲੈਂਦੇ ਸਨ। ਹੋਰਨਾਂ ਲੋਕਾਂ ਵਿਚ ਗੁਰੂ-ਘਰ ਦੇ ਵਿਰੋਧੀ, ਉਦਾਸੀ, ਮੀਣੇ ਆਦਿ ਸ਼ਾਮਿਲ ਹੁੰਦੇ ਸਨ। ਇਹ ਲੋਕ ਗੁਰੂਆਂ ਦੇ ਨਾਂ ਉਪਰ ਪ੍ਰਚਲਿਤ ਗੈਰ-ਪ੍ਰਮਾਣਿਕ ਬਾਣੀ ਨੂੰ ਵੀ ਪੋਥੀ ਵਿਚ ਸ਼ਾਮਲ ਕਰਨ ਤੋਂ ਇਲਾਵਾ ਪ੍ਰਮਾਣਿਕ ਬਾਣੀ ਨੂੰ ਜਿਵੇਂ ਸੁਣਿਆ ਹੁੰਦਾ, ਤਿਵੇਂ ਲਿਖ ਲੈਂਦੇ ਸਨ। ਇਉਂ ਸੁਭਾਵਿਕ ਸੀ ਕਿ ਪ੍ਰਮਾਣਿਕ ਬਾਣੀ ਵਿਚ ਵੀ ਵਾਧਾ-ਘਾਟਾ ਹੋ ਜਾਂਦਾ ਸੀ। ਅੱਜ ਅਜਿਹੀਆਂ ਪੋਥੀਆਂ ਵੱਡੀ ਗਿਣਤੀ ਵਿਚ ਮੌਜੂਦ ਹਨ ਅਤੇ ਪੰਥ ਨੇ ਇਨ੍ਹਾਂ ਨੂੰ 'ਕੱਚੀ ਬਾਣੀ' ਕਹਿ ਕੇ ਰੱਦ ਕੀਤਾ ਹੋਇਆ ਹੈ।

ਗੁਰੂ ਅਰਜਨ ਦੇਵ ਜੀ ਨੇ ਜਿਹੜੀ ਪਹਿਲੀ ਬੀੜ ਸੰਨ 1604 ਵਿਚ ਭਾਈ ਗੁਰਦਾਸ ਜੀ ਤੋਂ ਲਿਖਵਾਈ ਸੀ, ਉਸ ਬਾਰੇ ਰਵਾਇਤ ਹੈ ਕਿ ਉਸਦੀ ਪਹਿਲੀ ਨਕਲ ਭਾਈ ਬੰਨੋ ਨੇ ਕਰਵਾਈ ਸੀ ਜਦੋਂ ਉਹ ਅਸਲ ਬੀੜ ਨੂੰ ਜਿਲਦ ਚੜ੍ਹਾਉਣ ਲਈ ਲਾਹੌਰ ਲੈ ਕੇ ਗਿਆ ਸੀ। ਆਮ ਤੌਰ 'ਤੇ ਨਕਲ ਕਰਨ ਵਾਲੇ ਲਿਖਾਰੀ ਮੁਸਲਮਾਨ ਹੁੰਦੇ ਸਨ, ਜਿਨ੍ਹਾਂ ਨੂੰ 'ਕਾਤਿਬ' ਕਿਹਾ ਜਾਂਦਾ ਸੀ। ਕਾਤਿਬਾਂ ਦਾ ਧੰਦਾ ਹੀ ਇਹ ਸੀ ਕਿ ਉਹ ਪੁਸਤਕਾਂ ਦੀਆਂ ਨਕਲਾਂ ਕਰਦੇ ਸਨ। ਇਹ ਕੰਮ ਬਹੁਤ ਹੀ ਮਿਹਨਤ ਵਾਲਾ ਸੀ। ਕਾਤਿਬ ਗ੍ਰਾਹਕ ਦੀ ਮਰਜ਼ੀ ਅਤੇ ਉਸ ਵੱਲੋਂ ਦਿੱਤੀ ਉਜਰਤ ਦੇ ਹਿਸਾਬ ਨਾਲ ਪੋਥੀਆਂ ਨੂੰ ਸ਼ਿੰਗਾਰਦੇ ਸਨ। ਮੁਗਲਕਾਲ ਵਿਚ ਲਿਖਾਈ ਕਲਾ ਬਹੁਤ ਵਿਕਸਤ ਹੋਈ। ਕਾਗਜ਼ ਕਸ਼ਮੀਰ ਅਤੇ ਸਿਆਲਕੋਟ ਵਿਚ ਬਣਦਾ ਸੀ। ਕਸ਼ਮੀਰੀ ਕਾਗਜ਼ ਬਰੀਕ ਅਤੇ ਚਮਕਦਾਰ ਹੋਣ ਕਰਕੇ ਵਧੇਰੇ ਵਧੀਆ ਮੰਨਿਆ ਜਾਂਦਾ ਸੀ। ਇਸ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਅਨੁਮਾਨ ਲਗਾ ਸਕਦੇ ਹਾਂ ਕਿ *ਗੁਰੂ ਗ੍ਰੰਥ* ਦੇ ਹੱਥ-ਲਿਖਤ ਸਰੂਪ ਹਰ ਥਾਂ ਅਤੇ ਹਰੇਕ ਲਈ ਉਪਲੱਭਦ ਨਹੀਂ ਸਨ। ਇਹ ਕਾਫ਼ੀ ਮਹਿੰਗਾ ਕੰਮ ਸੀ ਅਤੇ ਸ਼ਾਇਦ ਆਮ ਸਿੱਖਾਂ ਲਈ ਇਤਨੇ ਪੈਸੇ ਖਰਚਣੇ ਸੰਭਵ ਨਹੀਂ ਸੀ। ਜਾਪਦਾ ਇਹੀ ਹੈ ਕਿ ਗੁਰੂ-ਕਾਲ (1604-1708 ਈ.) ਵਿਚ *ਆਦਿ ਬੀੜ* ਦੀਆਂ ਪ੍ਰਮਾਣਿਕ ਕਾਪੀਆਂ ਦੀ ਗਿਣਤੀ ਬਹੁਤੀ ਨਹੀਂ ਸੀ। ਇਸ ਗੱਲ ਦੇ ਪ੍ਰਮਾਣ ਵੀ ਨਹੀਂ ਮਿਲਦੇ ਕਿ ਕਿਸੇ ਗੁਰੂ ਨੇ ਲਿਖਾਰੀਆਂ ਦੀ ਸੇਵਾ ਲੈ ਕੇ *ਆਦਿ ਬੀੜ* ਨੂੰ ਥਾਂ-ਥਾਂ ਪਹੁੰਚਾਉਣ ਦਾ ਯਤਨ ਕੀਤਾ ਹੋਵੇ। ਇਸਦੇ ਕੁਝ ਕਾਰਨ ਹੇਠ ਲਿਖੇ ਹੋ ਸਕਦੇ ਹਨ:

1. ਗੁਰਬਾਣੀ ਸਿੱਖਾਂ ਲਈ ਸਭ ਤੋਂ ਪਵਿੱਤਰ ਚੀਜ਼ ਸੀ। ਇਸ ਲਈ ਖਦਸ਼ਾ ਸੀ ਕਿ *ਆਦਿ ਬੀੜ* ਨੂੰ ਆਮ ਬਣਾ ਦੇਣ ਨਾਲ, ਇਸਦੀ ਕਦਰ ਘੱਟ ਨਾ ਹੋ ਜਾਵੇ।
2. ਇਹ ਵੀ ਡਰ ਸੀ ਕਿ ਕੋਈ ਸਿੱਖ-ਵਿਰੋਧੀ ਬੀੜ ਦੇ ਸਹਾਰੇ ਭੋਲੀਆਂ ਸੰਗਤਾਂ ਨੂੰ ਗੁੰਮਰਾਹ ਕਰਕੇ ਆਪਣੇ ਪਿੱਛੇ ਨਾ ਲਗਾ ਲਵੇ। ਕਿਉਂਕਿ ਧੀਰਮੱਲ ਬੀੜ ਦੇ ਆਸਰੇ ਹੀ ਖ਼ੁਦ ਨੂੰ 'ਗੁਰੂ' ਅਖਵਾ ਰਿਹਾ ਸੀ।

ਇਸ ਸਮੇਂ ਸਿੱਖ ਸੰਗਤ ਵਿਚ ਹੀ ਬਾਣੀ ਅਤੇ ਬਾਣੀ ਦਾ ਉਪਦੇਸ਼ ਸੁਣਦੇ ਸਨ। ਹੌਲੀ-ਹੌਲੀ ਬਾਣੀ ਕੰਠ ਹੋ ਜਾਂਦੀ ਅਤੇ ਇਕ ਸਿੱਖ ਦੂਜੇ ਨੂੰ ਬਾਣੀ ਸਿਖਾ ਦਿੰਦਾ ਸੀ। ਇਸ ਗੱਲ ਦੀ ਗਵਾਹੀ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਮਿਲ ਜਾਂਦੀ ਹੈ।[1]

ਇਸ ਗੱਲ ਬਾਰੇ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਪ੍ਰਮਾਣ ਮਿਲਦਾ ਹੈ ਕਿ ਸੰਗਤਾਂ ਨੂੰ ਬਾਣੀ ਨੂੰ ਪੜ੍ਹਨ ਤੋਂ ਵੀ ਵਧੇਰੇ ਗਾਉਣ ਦਾ ਉਪਦੇਸ਼ ਦਿੱਤਾ ਜਾਂਦਾ ਸੀ।[2] ਕੀਰਤਨੀ ਬਾਣੀ ਗਾਉਂਦੇ ਸਨ ਅਤੇ ਸੰਗਤ ਨਾਲ ਮਿਲ ਕੇ ਗਾਉਂਦੀ ਸੀ। ਇਉਂ ਗੁਰਬਾਣੀ ਸੌਖਿਆਂ ਹੀ ਯਾਦ ਹੋ ਜਾਂਦੀ ਸੀ। ਸਿੱਖਾਂ ਵਿਚ ਬਾਣੀ ਨੂੰ ਕੰਠ ਕਰਨ ਦਾ ਬਹੁਤ ਮਹੱਤਵ ਰਿਹਾ ਹੈ। 'ਪੈਸਾ ਗੰਠ-ਬਾਣੀ ਕੰਠ' ਦਾ ਮੁਹਾਵਰਾ ਸਿੱਖ ਆਮ ਹੀ ਵਰਤਦੇ ਹਨ। ਇਹੀ ਕਾਰਨ ਸੀ ਕਿ ਕਿਹਾ ਗਿਆ ਕਿ ਗਾਵਤੇ ਉਧਰਹਿ ਸੁਣਤੇ ਭੀ ਉਧਰਹਿ।[3] ਬਾਣੀ ਪੜ੍ਹਨ ਦੀ ਗੱਲ ਘੱਟ ਹੈ, ਕਿਉਂਕਿ ਪੋਥੀਆਂ ਦੀ ਘਾਟ ਸੀ। ਜ਼ੁਬਾਨੀ ਯਾਦ ਕੀਤੀ ਬਾਣੀ ਦਾ ਹੀ ਪਾਠ ਕੀਤਾ ਜਾਂਦਾ ਸੀ। ਜੇ ਕਿਧਰੇ ਬਾਣੀ ਦੀ ਪੋਥੀ ਹੁੰਦੀ ਤਾਂ ਸਿੱਖ ਸੰਗਤਾਂ ਲਈ ਇਹ ਬਹੁਤ ਹੀ ਵਿਸ਼ੇਸ਼ ਸਮਾਂ ਹੁੰਦਾ ਸੀ। ਪੋਥੀ ਤੋਂ ਰੁਮਾਲ ਚੁੱਕ ਕੇ ਬਾਣੀ ਦੇ ਦਰਸ਼ਨ ਕਰਨ ਦਾ ਰਿਵਾਜ਼ ਇਸੇ ਕਰਕੇ ਪਿਆ, ਜਿਸਦੀ ਮਨਾਹੀ ਬਾਅਦ ਵਿਚ 'ਸਿੱਖ ਰਹਿਤ ਮਰਯਾਦਾ' ਨੇ ਕੀਤੀ। ਅਜੋਕੇ ਸਿੱਖਾਂ ਲਈ ਗੁਰਬਾਣੀ ਦੁਰਲੱਭ ਨਹੀਂ ਰਹੀ ਅਤੇ ਉਹ ਸਿਧਾਂਤਕ ਤੌਰ 'ਤੇ ਵਧੇਰੇ ਜਾਗਰੂਕ ਹਨ। ਪਰ ਗੁਰੂ-ਕਾਲ ਅਤੇ ਅਠਾਰਵੀਂ ਸਦੀ ਵਿਚ ਗੁਰਬਾਣੀ ਦੀ ਪੋਥੀ ਦੇ ਦਰਸ਼ਨ ਕਰ ਲੈਣੇ, ਵੱਡੇ ਭਾਗਾਂ ਦੀ ਨਿਸ਼ਾਨੀ ਮੰਨੀ ਜਾਂਦੀ ਸੀ। ਇਥੋਂ ਤੀਕ ਕਿ ਜਦੋਂ ਅਸੀਂ ਛੋਟੇ ਸਾਂ ਭਾਵ 1960-70 ਦੇ ਸਮੇਂ ਵਿਚ ਵੀ ਜਦੋਂ ਕਿਤੇ *ਗੁਰੂ ਗ੍ਰੰਥ ਸਾਹਿਬ* ਦਾ ਅਖੰਡ ਪਾਠ ਹੁੰਦਾ ਸੀ ਤਾਂ ਲੋਕ ਕੁਝ ਸਮਾਂ ਕੱਢ ਕੇ ਉਚੇਚਾ ਪਾਠ ਸੁਣਨ ਜਾਂਦੇ ਸਨ। ਇਸ ਸਮੇਂ ਕੋਈ ਇਹ ਖ਼ਿਆਲ ਨਹੀਂ ਕਰਦਾ ਸੀ ਕਿ ਸਾਨੂੰ ਸੱਦਾ ਦਿੱਤਾ ਗਿਆ ਹੈ ਜਾਂ ਨਹੀਂ।

ਸੰਨ 1708 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਹੀ *ਗੁਰੂ ਗ੍ਰੰਥ ਸਾਹਿਬ* ਦੀਆਂ ਵਧੇਰੇ ਹੱਥ-ਲਿਖਤਾਂ ਹੋਂਦ ਵਿਚ ਆਈਆਂ। ਵਿਸ਼ੇਸ਼ ਕਰਕੇ ਸਿੱਖ ਰਾਜ ਦੇ ਦੌਰ ਵਿਚ *ਗੁਰੂ ਗ੍ਰੰਥ ਸਾਹਿਬ* ਦੀਆਂ ਹੱਥ-ਲਿਖਤਾਂ ਤਿਆਰ ਕਰਕੇ, ਸਿੱਖ ਸਰਦਾਰਾਂ ਤੋਂ ਇਨਾਮ ਵੀ ਲਏ ਜਾਂਦੇ ਸਨ ਅਤੇ ਉਨ੍ਹਾਂ ਦੀ ਖ਼ੁਸ਼ੀ ਵੀ। ਇਸ ਦੌਰ ਵਿਚ ਸਥਾਪਿਤ ਡੇਰਿਆਂ ਨੇ ਵੀ ਅਜਿਹੀਆਂ ਹੱਥ-ਲਿਖਤ ਬੀੜਾਂ

ਤਿਆਰ ਕਰਵਾ ਕੇ, ਡੇਰਿਆਂ ਵਿਚ ਪ੍ਰਕਾਸ਼ ਕਰਕੇ ਭੋਲੇ ਸਿੱਖਾਂ ਨੂੰ ਆਪਣੇ ਪਿੱਛੇ ਲਾਉਣ ਵਿਚ ਸਫ਼ਲਤਾ ਪ੍ਰਾਪਤ ਕਰ ਲਈ। ਸਿੱਖ ਸਰਦਾਰ ਲੰਬੇ ਸੰਘਰਸ਼ ਤੋਂ ਅੱਕੇ-ਥੱਕੇ, ਧਰਮ ਤੋਂ ਬੇਪਰਵਾਹ ਹੋ ਕੇ ਐਸ਼-ਪ੍ਰਸਤੀ ਅਤੇ ਰੰਗ-ਰਲੀਆਂ ਵਿਚ ਮਸਤ ਹੋ ਗਏ। ਡੇਰੇਦਾਰਾਂ ਨੇ ਇਸ ਢਿੱਲੇਪਣ ਦਾ ਪੂਰਾ ਲਾਭ ਉਠਾਉਂਦਿਆਂ ਗੁਰਬਾਣੀ ਦੀਆਂ ਪੋਥੀਆਂ ਦੇ ਵੱਖ-ਵੱਖ ਖਰੜੇ ਅਤੇ ਬ੍ਰਾਹਮਣੀ ਵਿਆਖਿਆ ਨੂੰ ਧੜੱਲੇ ਨਾਲ ਪ੍ਰਚਲਿਤ ਕਰ ਦਿੱਤਾ।

ਉਨ੍ਹੀਵੀਂ ਸਦੀ ਦੇ ਆਖ਼ਰੀ ਦੌਰ ਵਿਚ ਪ੍ਰੈੱਸ ਤਕਨੀਕ ਦੇ ਮਾਧਿਅਮ ਨਾਲ *ਗੁਰੂ ਗ੍ਰੰਥ ਸਾਹਿਬ*, ਬਾਣੀ ਦੀਆਂ ਪੋਥੀਆਂ ਅਤੇ ਗੁਟਕੇ ਮਿਲਣੇ ਆਮ ਗੱਲ ਹੋ ਗਈ। ਭਾਵੇਂ ਕਿ ਸ਼ੁਰੂ ਵਿਚ ਇਹ ਸਾਰਾ ਕੰਮ ਨਿਰੋਲ ਵਾਪਾਰਕ ਦ੍ਰਿਸ਼ਟੀ ਤੋਂ ਹੀ ਕੀਤਾ ਜਾ ਰਿਹਾ ਸੀ, ਪਰ ਮੁੱਢਲੇ ਪ੍ਰਕਾਸ਼ਕਾਂ ਨੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਹੋਇਆਂ, ਕਈ ਤਰ੍ਹਾਂ ਦੀਆਂ ਸਾਵਧਾਨੀਆਂ ਅਪਣਾਅ ਕੇ *ਗੁਰੂ ਗ੍ਰੰਥ ਸਾਹਿਬ* ਦੀ ਬੀੜ ਛਾਪੀ। ਹਰ ਪ੍ਰਕਾਸ਼ਕ ਦਾਅਵਾ ਕਰਦਾ ਸੀ ਕਿ ਉਸਨੇ ਆਪਣੇ ਕੰਮ ਲਈ *ਕਰਤਾਰਪੁਰੀ ਬੀੜ* ਨੂੰ ਆਧਾਰ ਬਣਾਇਆ ਹੈ। ਉਨ੍ਹਾਂ ਦਿਨਾਂ ਵਿਚ *ਕਰਤਾਰਪੁਰੀ ਬੀੜ* ਦੇ ਦਰਸ਼ਨ-ਦੀਦਾਰੇ ਕਰ ਸਕਣਾ, ਬਹੁਤਾ ਮੁਸ਼ਕਲ ਨਹੀਂ ਸੀ। ਪਰ ਇਸ ਗੱਲ ਦੀ ਸਪੱਸ਼ਟ ਜਾਣਕਾਰੀ ਨਹੀਂ ਮਿਲਦੀ ਕਿ ਉਹ ਕਿਹੜੇ ਸਿੱਖ ਪ੍ਰਤੀਨਿਧੀ ਸਨ, ਜਿਨ੍ਹਾਂ ਨੇ ਇਸ ਕਾਰਜ ਨੂੰ ਸੰਪੂਰਨ ਕੀਤਾ ਸੀ। ਇਸ ਗੱਲ ਦੀ ਠੀਕ ਠੀਕ ਜਾਣਕਾਰੀ ਉਪਲੱਬਦ ਨਹੀਂ ਹੁੰਦੀ ਕਿ *ਦਮਦਮੀ ਬੀੜ* ਦੀ ਪ੍ਰਤੀਨਿੱਧਤਾ ਕਰਨ ਵਾਲੀ ਕਿਹੜੀ ਵਿਸ਼ੇਸ਼ ਬੀੜ ਰਹੀ ਹੋਵੇਗੀ? ਇਸ ਛਪਾਈ ਬਾਰੇ ਸਿੱਖਾਂ ਦੇ ਇਕ ਵਰਗ ਵਿਚ ਬੇਚੈਨੀ ਪਾਈ ਜਾਂਦੀ ਸੀ। ਪੰਚ ਖਾਲਸਾ ਦੀਵਾਨ ਭਸੌੜ ਦੇ ਸੰਨ 1919 ਦੇ ਇਕ ਗੁਰਮਤੇ ਨੂੰ ਦੇਖੋ:

"ਜਦ ਹਿੰਦੂਆਂ ਦੇ ਵੇਦਾਂ, ਮੁਸਲਮਾਨਾਂ ਦੇ ਕੁਰਾਨ ਸ਼ਰੀਫ਼ ਅਤੇ ਈਸਾਈਆਂ ਦੀ ਇੰਜੀਲ ਆਦਿ ਦੀ ਛਪਾਈ ਵੱਲ ਦੇਖਦੇ ਹਾਂ ਤਾਂ ਉਨ੍ਹਾਂ ਦੀ ਛਪਾਈ ਦਾ ਪ੍ਰਬੰਧ ਉਹਨਾਂ ਦੀਆਂ ਆਪੋ-ਆਪਣੀਆਂ ਧਾਰਮਿਕ ਸੁਸਾਇਟੀਆਂ ਦੇ ਪੂਰਨ ਅਧਿਕਾਰ ਵਿਚ ਹੈ, ਕੀ ਮਜ਼ਾਲ ਜੋ ਉਕਤ ਸੁਸਾਇਟੀਆਂ ਦੀ ਖ਼ਾਸ ਨਿਗਰਾਨੀ ਤੋਂ ਬਿਨਾਂ ਕੋਈ ਵੀ ਛਾਪ ਸਕੇ।

ਅਤੇ ਨਾ ਇਹਨਾਂ ਮਜ਼ਹਬੀ ਪੁਸਤਕਾਂ ਨੂੰ ਦੁਕਾਨਦਾਰ ਕੇਵਲ ਨਫ਼ੇ ਦੇ ਖ਼ਿਆਲ ਨਾਲ ਛਾਪਦੇ ਦੇਖੀਦੇ ਹਨ, ਪ੍ਰੰਤੂ ਹਾਇ ਅਫ਼ਸੋਸ ਸਾਡੇ ਗੁਰੂ ਗ੍ਰੰਥ ਸਾਹਿਬ ਜੀ ਅਥਵਾ ਗੁਰਬਾਣੀ ਨੂੰ ਜੋ ਚਾਹੇ ਸੋ ਛਾਪਦਾ ਦਿਸਦਾ ਹੈ ਅਤੇ ਉਹਨਾਂ ਦੀ ਗਲਤ-ਮਲਤ ਛਪਾਈ ਦੀ ਪਰਵਿਰਤੀ ਨੂੰ ਰੋਕਣ ਦਾ ਕੋਈ ਵੀ ਪ੍ਰਬੰਧ ਨਹੀਂ ਕੀਤਾ ਜਾਂਦਾ, ਬਾਹਲਾ ਕੀ ਆਖਣਾ ਹੈ ਕਈ ਕੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤੁਕਾਂ ਦੀਆਂ ਤੁਕਾਂ ਹੀ ਗਲਤ ਛਪ ਚੁੱਕੀਆਂ ਹਨ ਅਤੇ ਸਬੂਤ ਵੀ ਹੋ ਚੁੱਕਾ ਹੈ, ਪ੍ਰੰਤੂ ਦੁਕਾਨਦਾਰੀ ਖਯਾਲ ਨਾਲ ਵਿਕਰੀ ਜਿਉਂ ਦੀ ਤਿਉਂ ਹੀ ਹੋ ਰਹੀ ਹੈ, ਅਨਮਤੀ ਮੁਸਲਮਾਨ

ਆਦਿ ਗੁਰਬਾਣੀ ਦੀਆਂ ਪੁਸਤਕਾਂ ਰੱਦੀ ਤੇ ਨਿਕੰਮੇ ਕਾਗਜ਼ਾਂ ਪਰ ਤੇ ਅਸ਼ੁੱਧ ਛਾਪ ਕੇ ਸਸਤੇ ਭਾਓ ਵੇਚਦੇ ਹਨ, ਉਨ੍ਹਾਂ ਦੀ ਰੋਕ ਟੋਕ ਵੱਲ ਸਾਡਾ ਉੱਕਾ ਹੀ ਧਿਆਨ ਨਹੀਂ।"[4]

ਕਿਉਂਕਿ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਸੰਸਥਾ ਹੋਂਦ ਵਿਚ ਨਹੀਂ ਆਈ ਸੀ। ਅਤੇ ਚੀਫ਼ ਖਾਲਸਾ ਦੀਵਾਨ ਵਰਗੀ ਸੰਸਥਾ ਇਸ ਵੱਡੇ ਕੰਮ ਲਈ ਤਿਆਰ ਨਹੀਂ ਸੀ। ਸ਼੍ਰੋਮਣੀ ਕਮੇਟੀ ਬਣ ਜਾਣ ਬਾਅਦ ਵੀ *ਗੁਰੂ ਗ੍ਰੰਥ ਸਾਹਿਬ* ਦੀ ਛਪਾਈ ਦੇ ਕੰਮ ਵਿਚ ਪ੍ਰਾਈਵੇਟ ਵਾਪਾਰਕ ਪਬਲਿਸ਼ਰਜ਼ ਦਾ ਹਿੱਸਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀ ਆਪਣੀ ਅਤੀ-ਆਧੁਨਿਕ ਤਕਨੀਕ ਵਾਲੀ ਗੋਲਡਨ ਆਫ਼ਸੈੱਟ ਪ੍ਰੈੱਸ, ਆਪਣੇ ਆਪ ਵਿਚ ਸਿੱਖ ਪੰਥ ਦੀ ਗੁਰਬਾਣੀ ਦੀ ਲੋੜ ਨੂੰ ਪੂਰਾ ਕਰਨ ਦੇ ਸਮਰੱਥ ਨਹੀਂ ਹੋ ਸਕੀ। *ਗੁਰੂ ਗ੍ਰੰਥ ਸਾਹਿਬ* ਦੇ ਕਈ ਤਰ੍ਹਾਂ ਦੇ ਸਰੂਪ ਛਾਪਣ ਦੀ ਲੋੜ ਪੈਂਦੀ ਹੈ। ਮੁਕੰਮਲ ਸਰੂਪਾਂ (1430 ਪੰਨੇ) ਤੋਂ ਇਲਾਵਾ ਕਈ ਪ੍ਰਕਾਰ ਦੇ ਛੋਟੇ-ਵੱਡੇ ਗੁਟਕੇ ਛਾਪ ਕੇ, ਸੰਗਤਾਂ ਦੀ ਲੋੜ ਪੂਰੀ ਕਰਨ ਲਈ ਵਪਾਰਕ ਅਦਾਰੇ ਕੰਮ ਕਰ ਰਹੇ ਹਨ। ਭਾਵੇਂ ਕਿ ਤਖ਼ਤਾਂ ਦੇ ਪੁਜਾਰੀਆਂ ਨੇ ਵਪਾਰਕ ਦ੍ਰਿਸ਼ਟੀ ਤੋਂ ਗੁਰਬਾਣੀ ਛਾਪਣ ਵਿਰੁੱਧ ਹੁਕਮਨਾਮੇ ਵੀ ਜਾਰੀ ਕੀਤੇ ਹਨ, ਪਰ ਇਨ੍ਹਾਂ ਹੁਕਮਨਾਮਿਆਂ ਨੂੰ ਲਾਗੂ ਕਰਵਾਉਣਾ ਸੰਭਵ ਨਹੀਂ। ਇਹ ਹੈਰਾਨੀ ਦੀ ਗੱਲ ਹੈ ਕਿ *ਗੁਰੂ ਗ੍ਰੰਥ ਸਾਹਿਬ* ਦੇ ਮੁਕੰਮਲ ਸਰੂਪਾਂ, ਸੈਂਚੀਆਂ, ਪੋਥੀਆਂ ਅਤੇ ਗੁਰਬਾਣੀ ਦੇ ਗੁਟਕਿਆਂ ਦੀ ਵੱਡੀ ਮੰਗ ਲਗਾਤਾਰ ਬਰਕਰਾਰ ਹੈ। ਪੰਝੀ-ਤੀਹ ਹਜ਼ਾਰ ਗੁਰਦੁਆਰਿਆਂ ਤੋਂ ਇਲਾਵਾ ਬਹੁਤ ਸਾਰੇ ਗੁਰਸਿੱਖਾਂ ਨੇ ਆਪਣੇ ਘਰਾਂ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਸਰੂਪ ਰੱਖੇ ਹੋਏ ਹਨ। ਇਕ ਅੰਦਾਜ਼ੇ ਮੁਤਾਬਿਕ ਢਾਈ ਕੁ ਕਰੋੜ ਆਬਾਦੀ ਵਾਲੇ ਸਿੱਖਾਂ ਕੋਲ ਦੋ ਕੁ ਲੱਖ *ਗੁਰੂ ਗ੍ਰੰਥ ਸਾਹਿਬ* ਦੇ ਸਰੂਪ ਮੌਜੂਦ ਹਨ।

ਇੰਟਰਨੈੱਟ ਦੇ ਪ੍ਰਚਲਿਤ ਹੋਣ ਕਾਰਨ *ਗੁਰੂ ਗ੍ਰੰਥ ਸਾਹਿਬ* ਦੀ ਪ੍ਰਿੰਟ ਮੀਡੀਏ ਉਪਰ ਨਿਰਭਰਤਾ ਘੱਟ ਹੋਣ ਦੀ ਸੰਭਾਵਨਾ ਹੈ। ਹੁਣ ਕੰਪਿਊਟਰ ਦੇ ਮੋਨੀਟਰ ਉਪਰ *ਗੁਰੂ ਗ੍ਰੰਥ ਸਾਹਿਬ* ਦਾ ਪਾਠ ਪ੍ਰਾਪਤ ਹੋ ਸਕਦਾ ਹੈ। ਅਮਰੀਕਾ ਨਿਵਾਸੀ ਕੁਲਬੀਰ ਸਿੰਘ ਥਿੰਦ ਨੇ ਸੀ.ਡੀ. ਉਪਰ ਮੁਕੰਮਲ *ਗੁਰੂ ਗ੍ਰੰਥ ਸਾਹਿਬ* ਦਾ ਮੂਲ-ਪਾਠ ਅੰਗਰੇਜ਼ੀ, ਪੰਜਾਬੀ ਟੀਕਿਆਂ ਸਮੇਤ ਮੁਹੱਈਆ ਕਰਵਾ ਕੇ, ਬਾਣੀ ਪ੍ਰੇਮੀਆਂ ਨੂੰ ਕਿਤਾਬੀ ਬੋਝ ਤੋਂ ਮੁਕਤ ਕਰ ਦਿੱਤਾ ਹੈ। ਵਿਸ਼ੇਸ਼ ਕਰਕੇ ਵਿਦੇਸ਼ਾਂ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਪ੍ਰਸਾਰ ਵਿਚ ਇੰਟਰਨੈੱਟ ਬਹੁਤ ਸਹਾਈ ਹੋ ਰਿਹਾ ਹੈ। ਪਰ ਭਾਰਤ ਅਤੇ ਪੰਜਾਬ ਵਿਚ ਹਾਲੇ ਵੀ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਸਾਰ ਰਵਾਇਤੀ ਢੰਗ ਨਾਲ ਹੀ ਹੋ ਰਿਹਾ ਹੈ। ਰੇਡੀਓ, ਗ੍ਰਾਮੋਫੋਨ, ਟੇਪ ਰਿਕਾਰਡਰ ਅਤੇ ਟੀ.ਵੀ. ਤੋਂ ਬਿਨਾਂ ਵੀ.ਸੀ.ਆਰ. ਅਤੇ ਸੀ.ਡੀ. ਪਲੇਅਰ ਨੇ ਵੀ ਗੁਰਬਾਣੀ ਪ੍ਰਚਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਹਰ ਸਾਲ ਗੁਰਬਾਣੀ, ਕੀਰਤਨ ਅਤੇ ਕਥਾ ਦੀਆਂ ਪੰਦਰਾਂ-ਵੀਹ ਲੱਖ ਕੈਸੇਟਸ ਅਤੇ ਸੀ.ਡੀਜ਼ ਵਿਕ ਜਾਂਦੀਆਂ ਹਨ।

ਹਾਲਾਂਕਿ ਸਿੱਖਾਂ ਕੋਲ ਮਦਰੱਸੇ ਵਰਗੀ ਕੋਈ ਸੰਸਥਾ ਨਹੀਂ। ਪਰ ਕਈ ਡੇਰਿਆਂ ਅਤੇ ਟਕਸਾਲਾਂ ਵਿਚ ਬਾਣੀ ਸੰਥਿਆ ਦੀਆਂ ਕਲਾਸਾਂ ਲੱਗਦੀਆਂ ਹਨ। ਬਾਣੀ ਉਚਾਰਣ ਅਤੇ ਬਾਣੀ ਵਿਆਖਿਆ ਇਥੋਂ ਦੇ ਸਿਲੇਬਸ ਵਿਚ ਸ਼ਾਮਲ ਹੁੰਦੇ ਹਨ। ਇਹ ਡੇਰੇ ਇਕ ਕਿਸਮ ਦੇ ਰਿਹਾਇਸ਼ੀ ਸਕੂਲ ਹਨ, ਜਿਥੋਂ ਪੜ੍ਹੇ ਵਿਦਿਆਰਥੀ ਬਾਅਦ ਵਿਚ ਗੁਰਬਾਣੀ ਪ੍ਰਚਾਰ ਦੇ ਮਿਸ਼ਨ ਵਿਚ ਲੱਗ ਜਾਂਦੇ ਹਨ।

ਵੀਹਵੀਂ ਸਦੀ ਵਿਚ ਮਿਸ਼ਨਰੀ ਕਾਲਜ ਜਾਂ ਗੁਰਮਤਿ ਵਿਦਿਆਲੇ ਖੋਲ੍ਹੇ ਗਏ ਹਨ। ਇਨ੍ਹਾਂ ਸੰਸਥਾਵਾਂ ਵਿਚ ਡੇਰਿਆਂ ਤੋਂ ਉਲਟ ਗੁਰਬਾਣੀ ਨੂੰ ਆਧੁਨਿਕ ਲੋੜਾਂ ਮੁਤਾਬਿਕ ਪੜ੍ਹਾਇਆ ਜਾਂਦਾ ਹੈ। ਇਨ੍ਹਾਂ ਦੇ ਸਿਲੇਬਸ ਇਸ ਗੱਲ ਨੂੰ ਸਾਹਮਣੇ ਰੱਖ ਕੇ ਬਣਾਇਆ ਜਾਂਦਾ ਹੈ ਕਿ ਇਹ ਪੜ੍ਹੇ-ਲਿਖੇ ਵਰਗ ਨੂੰ ਸੰਤੁਸ਼ਟ ਕਰ ਸਕੇ। ਇਥੋਂ ਦੇ ਪੜ੍ਹੇ ਵਿਦਿਆਰਥੀ ਖ਼ੁਦ ਨੂੰ ਬ੍ਰਾਹਮਣੀ ਪ੍ਰਭਾਵ ਤੋਂ ਮੁਕਤ ਅਤੇ ਅਗਾਂਹਵਧੂ ਦੱਸ ਕੇ ਸੰਤੁਸ਼ਟ ਹੁੰਦੇ ਹਨ। ਇਕ ਅੰਦਾਜ਼ੇ ਮੁਤਾਬਿਕ *ਗੁਰੂ ਗ੍ਰੰਥ ਸਾਹਿਬ* ਦੇ ਪ੍ਰਸਾਰ ਨੂੰ ਸਮਰਪਿਤ, ਫੁੱਲ ਟਾਈਮ ਇਕ ਲੱਖ ਵਿਅਕਤੀ ਲੱਗੇ ਹੋਏ ਹਨ।

ਗਿਣਾਤਮਕ ਪੱਖ ਤੋਂ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਚਾਰ ਬਹੁਤ ਤਸੱਲੀਬਖ਼ਸ਼ ਦਿਸਦਾ ਹੈ। ਪਰ ਗੁਣਾਤਮਕ ਪੱਖ ਤੋਂ ਸ਼ਾਇਦ ਅਜਿਹਾ ਨਹੀਂ ਹੈ। ਗੁਰਬਾਣੀ ਉਚਾਰਣ ਨੂੰ ਲੈ ਕੇ ਮਤਭੇਦ ਇਸ ਹੱਦ ਤੀਕ ਹਨ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪ੍ਰਮੁੱਖ ਗ੍ਰੰਥੀ ਵੀ ਇਕ ਨਿਯਮ ਮੁਤਾਬਿਕ ਪਾਠ ਉਚਾਰਣ ਨਹੀਂ ਕਰਦੇ। ਵਿਆਖਿਆ ਬਾਰੇ ਵੀ ਮਤਭੇਦ ਕੁਦਰਤੀ ਹਨ। ਇਕ ਹੀ ਸਟੇਜ ਤੋਂ, ਇਕ ਹੀ ਵਿਸ਼ੇ ਬਾਰੇ ਵਿਰੋਧੀ ਵਿਚਾਰ ਸੁਣਨ ਨੂੰ ਆਮ ਮਿਲ ਜਾਂਦੇ ਹਨ। ਕੁਝ ਸਿਧਾਂਤਾਂ ਬਾਰੇ ਬੜੀ ਅਸਪੱਸ਼ਟਤਾ ਵੇਖਣ ਨੂੰ ਮਿਲਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,
   ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।
   (ਕਬਿੱਤ ਭਾਈ ਗੁਰਦਾਸ, 673)
2. ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
   (ਗੁਰੂ ਗ੍ਰੰਥ ਸਾਹਿਬ, ਪੰਨਾ ੯੨੦)
3. ਉਹੀ, ਪੰਨਾ ੮੦੨
4. ਤੇਜਾ ਸਿੰਘ, *(ਗੁਰਮਤੇ) ਖਾਲਸਾ ਰਹਿਤ ਪ੍ਰਕਾਸ਼ਕ ਸੇਵਕਾਂ*, ਪੰਨਾ 151, ਕਸ਼ਟ ਨੰ: 22

6 ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ

ਸਾਰੇ ਧਰਮ ਗ੍ਰੰਥ, ਸਮੇਂ ਸਮੇਂ ਕੀਤੀ ਵੱਖ ਵੱਖ ਵਿਆਖਿਆ ਕਰਕੇ ਜ਼ਿੰਦਾ ਰਹਿੰਦੇ ਹਨ। ਵਿਆਖਿਆ ਸਮੇਂ ਅਤੇ ਸਥਾਨ ਅਨੁਸਾਰ ਬਦਲ ਜਾਂਦੀ ਹੈ। ਇਸ ਲਈ ਧਰਮ ਗ੍ਰੰਥਾਂ ਨੂੰ ਸਮੇਂ ਦੇ ਬਦਲਣ ਅਤੇ ਵੱਖ ਵੱਖ ਸੱਭਿਆਚਾਰਾਂ ਵਿਚ, ਵੱਖ-ਵੱਖ ਵਿਆਖਿਆਵਾਂ ਦੀ ਲੋੜ ਪੈਂਦੀ ਹੈ। ਸਪੱਸ਼ਟ ਹੈ ਕਿ ਜੇ ਧਰਮ ਗ੍ਰੰਥਾਂ ਨੂੰ ਸ਼ੁਭਚਿੰਤਕ ਅਤੇ ਸੁਹਿਰਦ ਵਿਆਖਿਆਕਾਰ ਨਾ ਮਿਲਣ ਤਾਂ ਧਰਮ ਗ੍ਰੰਥ ਬੇਲੋੜੇ, ਗ਼ੈਰ-ਸਾਰਥਿਕ ਅਤੇ ਨਾ-ਸਮਝੇ ਜਾ ਸਕਣ ਵਾਲੇ ਬਣ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਰਚਨਾ ਰਾਗਬੱਧ ਹੋਣ ਦੇ ਨਾਲ ਕਾਵਿ ਰੂਪ ਵਿਚ ਹੈ। ਵਾਰਤਕ ਤੋਂ ਉਲਟ ਕਾਵਿ ਨੂੰ ਸਮਝਣਾ ਹਮੇਸ਼ਾਂ ਕਠਿਨ ਹੁੰਦਾ ਹੈ। ਪਰ ਸੂਖ਼ਮ ਭਾਵਾਂ ਦਾ ਪ੍ਰਗਟਾਵਾ ਕਰਨ ਲਈ ਕਾਵਿ ਹੀ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਮੰਨਿਆ ਜਾਂਦਾ ਹੈ। ਕਈ ਪ੍ਰਤੀਕਾਂ, ਬਿੰਬਾਂ ਅਤੇ ਕਾਵਿ ਰਸਾਂ ਦੀ ਵਰਤੋਂ ਕਰਕੇ ਆਪਣੇ ਮਨੋਭਾਵਾਂ ਨੂੰ ਕਵੀ ਸਹਿਜ ਹੀ ਪ੍ਰਗਟਾਅ ਦਿੰਦਾ ਹੈ। ਕਾਵਿ, ਕਵੀ ਦਾ ਸਹਾਇਕ ਹੁੰਦਾ ਹੈ ਪਰ ਆਮ ਪਾਠਕ ਲਈ ਇਸਨੂੰ ਸਮਝਣਾ ਮੁਸ਼ਕਲ ਹੁੰਦਾ ਹੈ। ਕਵਿਤਾ ਦੀਆਂ ਚਾਰ ਪੰਕਤੀਆਂ ਦੇ ਦਸ ਵਿਅਕਤੀ ਦਸ ਅਰਥ ਕਰ ਸਕਦੇ ਹਨ। ਕੋਈ ਇਸਨੂੰ ਕਵਿਤਾ ਦੀ ਸ਼ਕਤੀ ਵੀ ਕਹਿ ਸਕਦਾ ਹੈ। ਇਸ ਤਰ੍ਹਾਂ ਕੋਈ ਵਿਅਕਤੀ ਗੁਰਬਾਣੀ ਦੇ ਅੰਤਮ ਅਰਥ ਕਰਨ ਦਾ ਦਾਅਵਾ ਨਹੀਂ ਕਰ ਸਕਦਾ। ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਵਿਆਖਿਆ ਦਾ ਜੋ ਨਿਯਮ ਘੜਿਆ ਸੀ (ਜਿਸ ਅਨੁਸਾਰ ਗੁਰਬਾਣੀ ਦਾ ਇਕ ਹੀ ਅਰਥ ਹੋ ਸਕਦਾ ਹੈ), ਗੁਰਬਾਣੀ ਨੂੰ ਸੀਮਤ ਕਰਨ ਕਰਕੇ ਦੋਸ਼-ਪੂਰਣ ਹੈ। ਗੁਰਬਾਣੀ ਸਮੇਤ ਸਾਰੇ ਧਰਮ ਗ੍ਰੰਥਾਂ ਦੀ ਵਿਆਖਿਆ ਬਦਲਦੀ ਰਹਿੰਦੀ ਹੈ।

ਵਿਆਖਿਆ ਦੇ ਸੰਬੰਧ ਵਿਚ ਡਾ. ਅਮਰਜੀਤ ਗਰੇਵਾਲ ਦੀ ਇਹ ਗੱਲ ਵੀ ਬੜੀ ਯੋਗ ਲਗਦੀ ਹੈ ਕਿ, "ਕਿਸੇ ਵੀ ਸ਼ਬਦ ਦੇ ਅਰਥ ਉਸ ਸ਼ਬਦ ਦੇ ਅੰਦਰ ਨਹੀਂ, ਬਾਹਰ ਲੋਕਾਂ ਵਿਚ ਹੁੰਦੇ ਹਨ। ਉਹ ਸ਼ਬਦ ਬੋਲਣ ਵਾਲੇ ਲੋਕ, ਉਸ ਸ਼ਬਦ ਦੀ ਕਿਵੇਂ ਵਰਤੋਂ ਕਰਦੇ ਹਨ, ਇਸ ਵਰਤੋਂ ਰਾਹੀਂ ਹੀ ਅਰਥਾਂ ਦਾ ਨਿਰਣਾ ਹੁੰਦਾ ਹੈ। ਲੋਕਾਂ ਦੇ ਤਜ਼ਰਬਿਆਂ, ਪ੍ਰਸਥਿਤੀਆਂ ਆਦਿ ਅਨੁਸਾਰ ਸ਼ਬਦਾਂ ਦੀ ਵਰਤੋਂ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ।"[1] ਵਿਆਖਿਆ ਸਥਿਰ ਨਹੀਂ ਹੁੰਦੀ। ਇਹ ਨਿਰੰਤਰ ਚੱਲਣ ਵਾਲੀ ਸਿਰਜਣਾ ਹੈ। ਵਿਆਖਿਆ

ਆਪਣੇ ਆਪ ਵਿਚ ਮੌਲਿਕ ਸਿਰਜਨਾ ਹੁੰਦੀ ਹੈ। ਪਰ ਹਰ ਵਿਆਖਿਆ ਸੀਮਤ ਹੁੰਦੀ ਹੈ। ਗੁਰਬਾਣੀ ਉਪਰ ਸਮੇਂ ਤੇ ਸਥਾਨ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਜਦੋਂਕਿ ਗੁਰਬਾਣੀ ਵਿਆਖਿਆ ਸਮੇਂ ਦੇ ਨਾਲ ਪੁਰਾਣੀ ਪੈ ਜਾਂਦੀ ਹੈ ਅਤੇ ਸਾਨੂੰ ਆਪਣੀ ਜ਼ਰੂਰਤ ਮੁਤਾਬਿਕ ਨਵੀਂ ਵਿਆਖਿਆ ਸਿਰਜਣੀ ਪੈਂਦੀ ਹੈ। ਵਿਆਖਿਆਕਾਰ ਆਪਣੀ ਨਿੱਜੀ ਵਿਚਾਰਧਾਰਾ ਦਾ ਪ੍ਰਚਾਰ ਹੀ ਵਿਆਖਿਆ ਰਾਹੀਂ ਕਰ ਰਿਹਾ ਹੁੰਦਾ ਹੈ। ਸੋ ਇਸ ਦ੍ਰਿਸ਼ਟੀ ਤੋਂ ਲੋਕ ਗੁਰਬਾਣੀ ਦੇ ਨਹੀਂ ਸਗੋਂ ਵਿਆਖਿਆ/ ਵਿਆਖਿਆਕਾਰ ਦੇ ਪੈਰੋਕਾਰ ਹੀ ਬਣਦੇ ਹਨ। ਇਹੀ ਕਾਰਣ ਹੈ ਕਿ ਸਿੱਖਾਂ ਵਿਚ ਵੱਖ-ਵੱਖ ਸੰਪਰਦਾਵਾਂ ਵਿਕਸਤ ਹੋ ਗਈਆਂ ਹਨ। ਇਸੇ ਲਈ ਡਾ. ਅਮਰਜੀਤ ਗਰੇਵਾਲ ਦਾ ਇਹ ਕਥਨ ਬੜਾ ਢੁੱਕਵਾਂ ਪ੍ਰਤੀਤ ਹੁੰਦਾ ਹੈ ਕਿ, "ਵਿਆਖਿਆ ਉਹ ਵਿਧੀ ਹੈ ਜਿਸ ਰਾਹੀਂ ਕੋਈ ਧਿਰ ਸਮੁੱਚੇ ਸਿੱਖ ਭਾਈਚਾਰੇ ਉਪਰ ਆਪਣੀ ਚੌਧਰ ਸਥਾਪਿਤ ਕਰਦੀ ਹੈ।"[2]

ਸਦੀਆਂ ਪਹਿਲਾਂ ਦੀ ਕਿਸੇ ਕਾਵਿ ਰਚਨਾ ਦੇ ਠੀਕ ਠੀਕ ਅਰਥ ਕਰ ਸਕਣੇ, ਬਹੁਤ ਹੀ ਟੇਢੀ ਖੀਰ ਹੈ। ਡਾ. ਹਰਿਭਜਨ ਸਿੰਘ ਦਾ ਕਥਨ ਮਹੱਤਵਪੂਰਣ ਹੈ, "ਕਾਵਿ-ਕਿਰਤ ਅਤੇ ਵਾਸਤਵਿਕਤਾ ਵਿਚਕਾਰ ਵੀ ਸਹਿਜ ਨਿਰੰਤਰਤਾ ਦਾ ਸੰਬੰਧ ਨਹੀਂ।.....ਕਾਵਿ ਸੰਸਾਰ ਵਿਚ ਸਾਡੀ ਜਾਣੀ-ਪਛਾਣੀ ਵਸਤੂ-ਸਾਮਗ੍ਰੀ ਸਾਨੂੰ ਕੁਝ ਵੱਖਰੀ ਜੇਹੀ ਵੀ ਪ੍ਰਤੀਤ ਹੁੰਦੀ ਹੈ। ਕਵਿਤਾ ਵਿਚ ਅਸੀਂ ਤੇਜ਼ੀ ਨਾਲ ਅਗਾਂਹ ਨਹੀਂ ਵਧਦੇ, ਗਹੁ ਨਾਲ ਨਜ਼ਰ ਟਿਕਾ ਕੇ ਅਸੀਂ ਵਸਤੂ ਨਾਲ ਅਪਣੱਤ ਥਾਪਦੇ ਹਾਂ ਅਤੇ ਪਛਾਣ ਦੇ ਬਾਅਦ ਵੀ ਪਿਛਾਂਹ ਝਾਕਦੇ ਹਾਂ। ਸੁਨੇਹਾ ਪ੍ਰਾਪਤ ਕਰਨ ਬਾਅਦ ਉਕਤੀ ਬਿਰਥਾ ਨਹੀਂ ਹੁੰਦੀ।"[3] ਅਜੋਕੇ ਪਾਠਕ ਦੀ ਇਹ ਸਮੱਸਿਆ ਹੈ ਕਿ ਉਸਨੂੰ ਗੁਰਬਾਣੀ ਦੀ ਸਮਝ ਨਹੀਂ ਆ ਰਹੀ। ਹਾਲਾਂਕਿ ਕਿਹਾ ਜਾਂਦਾ ਹੈ ਕਿ ਗੁਰਬਾਣੀ ਨੂੰ ਲੋਕ-ਭਾਸ਼ਾ ਵਿਚ ਪ੍ਰਸਤੁੱਤ ਕੀਤਾ ਗਿਆ ਹੈ। ਪਰ ਅਜੋਕੇ ਆਮ ਪਾਠਕ ਦੀ ਗੱਲ ਪਾਸੇ ਰੱਖਦਿਆਂ ਜੇ ਪੰਜਾਬੀ ਵਿਚ ਪਾਸ ਪੋਸਟ ਗਰੈਜੂਏਟਸ ਦੀ ਗੱਲ ਕਰੀਏ ਤਾਂ ਉਹ ਵੀ ਪੰਜਾਹ ਪ੍ਰਤੀਸ਼ਤ ਤੋਂ ਵੱਧ ਬਾਣੀ ਨੂੰ ਸਮਝ ਨਹੀਂ ਸਕਦੇ। ਇਸੇ ਮੁਸ਼ਕਲ ਕਰਕੇ ਵਧੇਰੇ ਸਿੱਖ ਨਿੱਤਨੇਮ ਦੇ ਪਾਠ ਕਰਨ ਨੂੰ ਨਿਭਾਅ ਨਹੀਂ ਰਹੇ।

ਡਾ. ਤਾਰਨ ਸਿੰਘ ਨੇ ਆਪਣੀ ਪ੍ਰਸਿੱਧ ਪੁਸਤਕ *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* ਵਿਚ ਹੁਣ ਤੀਕ ਹੋਈ ਵਿਆਖਿਆ ਦਾ ਵਿਸਥਾਰਪੂਰਣ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਅਨੁਸਾਰ ਸਭ ਤੋਂ ਪਹਿਲੀ ਵਿਆਖਿਆ 'ਸਹਿਜ ਵਿਆਖਿਆ' ਹੈ। ਉਨ੍ਹਾਂ ਅਨੁਸਾਰ ਬਾਣੀ ਆਪਣੀ ਵਿਆਖਿਆ ਆਪ ਕਰ ਰਹੀ ਹੈ। ਬਹੁਤ ਸਾਰੇ ਵਿਦਵਾਨ ਇਹ ਕਹਿੰਦੇ ਵੀ ਸੁਣੇ ਹਨ ਕਿ ਮੰਗਲਾਚਰਣ (ਮੂਲਮੰਤਰ?) ਵਿਚ ਆਏ '੧' ਦੀ ਵਿਆਖਿਆ ਸਾਰੇ ਮੂਲਮੰਤਰ ਵਿਚ ਹੈ, ਮੂਲਮੰਤਰ ਦੀ ਵਿਆਖਿਆ *ਜਪੁ* ਵਿਚ ਹੈ ਅਤੇ *ਜਪੁ* ਦੀ ਵਿਆਖਿਆ ਸਾਰੇ *ਗੁਰੂ ਗ੍ਰੰਥ ਸਾਹਿਬ*

ਵਿਚ ਹੋਈ ਹੈ। ਆਪਦੇ (ਗੁਰੂ ਨਾਨਕ ਜੀ ਦੇ) ਉਤਰਾਧਿਕਾਰੀ ਗੁਰੂ-ਸਾਹਿਬਾਨ ਨੇ ਆਪਦੀ ਰਚੀ ਬਾਣੀ ਦੀ ਵਿਆਖਿਆ ਆਪਣੀ ਬਾਣੀ ਵਿਚ ਕੀਤੀ।[4] ਕੀ ਉਪਰ ਦਿੱਤੇ ਗਏ ਦੋਵੇਂ ਕਥਨ ਉਚਿੱਤ ਕਹੇ ਜਾ ਸਕਦੇ ਹਨ ? ਕੀ ਇਨ੍ਹਾਂ ਕਥਨਾਂ ਦਾ ਅਰਥ ਇਹ ਨਹੀਂ ਨਿਕਲਦਾ ਕਿ ਗੁਰਬਾਣੀ ਵਿਆਖਿਆ ਸਾਹਿਤ ਹੈ ? ਕੀ ਅਜਿਹਾ ਕਹਿ ਕੇ ਅਸੀਂ ਗੁਰਬਾਣੀ ਦਾ ਮਾਣ-ਸਤਿਕਾਰ ਘਟਾ ਤਾਂ ਨਹੀਂ ਰਹੇ? ਗੁਰਬਾਣੀ ਨੂੰ ਪਹਿਲੀ ਵਾਰ ਅੰਗਰੇਜ਼ੀ ਵਿਚ ਅਨੁਵਾਦਿਤ ਕਰਨ ਵਾਲੇ ਜਰਮਨ ਮਿਸ਼ਨਰੀ ਅਰਨਸਟ ਟਰੰਪ ਦੇ ਸ਼ਬਦ ਦੇਖੋ :

"In the first four *Rags* the most important matter was collected and they are therefore also comparatively of the largest compass; the following minor *Rags* seem to be a second gathering or gleaning, as materials offered themselves, no attention being paid to the contents, but only to the bulky size of the Granth."[5]

ਇਨ੍ਹਾਂ ਸ਼ਬਦਾਂ ਨੂੰ *ਗੁਰੂ ਗ੍ਰੰਥ ਸਾਹਿਬ* ਦੀ 'ਬੇਅਦਬੀ' ਮੰਨ ਕੇ, ਟਰੰਪ ਦੇ ਕੀਤੇ ਇਤਿਹਾਸਕ ਕੰਮ ਦੀ ਸਿੱਖ ਜਗਤ ਨੇ ਭਰਪੂਰ ਨਿੰਦਾ ਕੀਤੀ ਸੀ। ਹਾਲਾਂਕਿ ਟਰੰਪ ਅਜਿਹਾ ਪਹਿਲਾ ਵਿਦਵਾਨ ਸੀ ਜਿਸਨੇ *ਗੁਰੂ ਗ੍ਰੰਥ ਸਾਹਿਬ* ਦੀ ਲਿਖਤੀ ਵਿਆਖਿਆ ਕੀਤੀ ਸੀ। ਇਸ ਤੋਂ ਪਹਿਲਾਂ ਕਿਸੇ ਸਿੱਖ ਵਿਦਵਾਨ ਨੇ ਗੁਰਬਾਣੀ ਦਾ ਸੰਪੂਰਣ ਟੀਕਾ ਕਰਨ ਦਾ ਸੁਫ਼ਨਾ ਵੀ ਨਹੀਂ ਲਿਆ ਸੀ। ਅਸੀਂ ਇਥੇ ਇਹ ਵੀ ਦਸਦੇ ਚਲੀਏ ਕਿ ਗੁਰਬਾਣੀ ਵਿਆਖਿਆ ਦੇ ਜਿਤਨੇ ਵੀ ਅਹਿਮ ਯਤਨ ਹੋਏ, ਉਹ ਸਿੱਖ-ਵਿਰੋਧੀ ਸੰਪਰਦਾਵਾਂ ਨੇ ਹੀ ਕੀਤੇ ਸਨ। ਮੀਣੇ ਅਤੇ ਉਦਾਸੀ ਸਿੱਖ-ਵਿਆਖਿਆ ਵਿਚ ਮੂਹਰੈਲ ਬਣੇ। ਇਹੀ ਕਾਰਣ ਹੈ ਕਿ ਵੀਹਵੀਂ ਸਦੀ ਵਿਚ ਵੀ ਗੁਰਬਾਣੀ ਵਿਆਖਿਆ ਮੀਣਿਆਂ ਤੇ ਉਦਾਸੀਆਂ ਦੇ ਵਿਚਾਰਧਾਰਕ ਪ੍ਰਭਾਵ ਤੋਂ ਆਜ਼ਾਦ ਨਹੀਂ ਹੋ ਸਕੀ। ਖ਼ੈਰ! ਅਸੀਂ ਆਪਣੇ ਅਸਲ ਨੁਕਤੇ ਵਲ ਪਰਤਦੇ ਹਾਂ। ਉਪਰੋਕਤ ਦੋਵੇਂ ਸਿੱਖ ਕਥਨ, ਟਰੰਪ ਦੀ ਗੱਲ ਨੂੰ ਥੋੜ੍ਹੇ ਵੱਖਰੇ ਅੰਦਾਜ਼ ਵਿਚ ਪ੍ਰਸਤੁਤ ਕਰਦੇ ਪ੍ਰਤੀਤ ਹੋ ਰਹੇ ਹਨ।

ਗੁਰਬਾਣੀ ਵਿਆਖਿਆ ਦੋ ਤਰ੍ਹਾਂ ਦੀ ਹੈ : ੳ) ਮੌਖਿਕ, ਅ) ਲਿਖਤੀ।

ਮੌਖਿਕ ਗੁਰਬਾਣੀ ਵਿਆਖਿਆ ਗੁਰਦੁਆਰਿਆਂ ਜਾਂ ਡੇਰਿਆਂ ਉਪਰ ਹੁੰਦੀ ਆ ਰਹੀ ਹੈ। ਅਜਿਹੀ ਵਿਆਖਿਆ ਨੂੰ 'ਕਥਾ' ਕਿਹਾ ਜਾਂਦਾ ਹੈ। ਕਥਾ ਕਰਨ ਵਾਲੇ 'ਕਥਾਵਾਚਕ' ਆਮ ਤੌਰ 'ਤੇ ਡੇਰਿਆਂ ਤੋਂ ਜਾਂ ਮਿਸ਼ਨਰੀ ਕਾਲਜਾਂ ਤੋਂ ਪੜ੍ਹੇ ਹੋਏ ਹਨ। ਡੇਰਿਆਂ ਅਤੇ ਕਾਲਜਾਂ ਤੋਂ ਸਿੱਖਿਅਤ ਕਥਾਵਾਚਕਾਂ ਵਿਚ ਫ਼ਰਕ ਇਹ ਹੈ ਕਿ ਕਾਲਜਾਂ ਦੇ ਤਿਆਰ ਕੀਤੇ ਕਥਾਵਾਚਕ ਪ੍ਰੋ. ਸਾਹਿਬ ਸਿੰਘ ਤੋਂ ਪ੍ਰਭਾਵਿਤ ਹਨ ; ਜਦੋਂ ਕਿ ਡੇਰਾ ਸੱਭਿਆਚਾਰ ਦੇ ਕਥਾਵਾਚਕ ਪਰੰਪਰਾਗਤ ਵਿਆਖਿਆ ਦੇ ਅਨੁਸਾਰੀ ਹਨ। ਗੁਰਬਾਣੀ ਵਿਆਖਿਆ ਦੇ ਪਰੰਪਰਾਵਾਦੀ ਸਕੂਲਾਂ ਨੂੰ

'ਟਕਸਾਲ' ਕਿਹਾ ਜਾਂਦਾ ਹੈ। ਪ੍ਰਮੁੱਖ ਟਕਸਾਲਾਂ ਬਾਰੇ ਇਹ ਵਿਸ਼ਵਾਸ ਹੈ ਕਿ ਇਨ੍ਹਾਂ
ਦੇ ਮੁੱਖੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਦੇ ਅਰਥ ਸਿਖਾਏ ਸਨ।
ਹਾਲਾਂਕਿ ਇਨ੍ਹਾਂ ਟਕਸਾਲਾਂ ਦਾ ਸੰਬੰਧ ਇਤਿਹਾਸਕ ਤੌਰ 'ਤੇ ਗੁਰੂ ਗੋਬਿੰਦ ਸਿੰਘ
ਜੀ ਨਾਲ ਜੋੜਨਾ ਸੰਭਵ ਨਹੀਂ, ਪਰ ਪਰੰਪਰਾ ਅਨੁਸਾਰ ਪ੍ਰਮੁੱਖ ਟਕਸਾਲਾਂ ਹੇਠ
ਲਿਖੀਆਂ ਹਨ:

1. ਬਾਬਾ ਦੀਪ ਸਿੰਘ ਦੀ ਦਮਦਮੀ ਟਕਸਾਲ
2. ਭਾਈ ਮਨੀ ਸਿੰਘ (ਸੱਤੋ ਦੀ ਗਲੀ ਅੰਮ੍ਰਿਤਸਰ ਵਾਲੀ) ਦੀ ਟਕਸਾਲ

ਇਨ੍ਹਾਂ ਟਕਸਾਲਾਂ ਤੋਂ ਇਲਾਵਾ ਨਿਰਮਲੇ ਸਾਧ ਅਤੇ ਉਦਾਸੀ ਸਾਧ ਵੀ ਭਾਰਤ ਦੇ ਦੂਰ-ਦੁਰਾਡੇ ਸਥਾਨਾਂ ਵਿਚ ਸਥਾਪਿਤ ਹੋ ਕੇ ਗੁਰਬਾਣੀ ਦੀ ਵਿਆਖਿਆ ਕਰਦੇ ਆ ਰਹੇ ਹਨ। ਇਨ੍ਹਾਂ ਸਭਨਾਂ ਦੀ ਵਿਆਖਿਆ ਉਪਰ ਵੇਦਾਂਤ ਦਾ ਪ੍ਰਭਾਵ ਬੜਾ ਸਪਸ਼ਟ ਹੈ। ਭਾਰਤੀ ਲੋਕਾਂ ਨੂੰ ਵੇਦਾਂਤ ਦੇ ਮੁਹਾਵਰੇ ਵਿਚ ਗੁਰਬਾਣੀ ਦਾ ਉਪਦੇਸ਼ ਸੁਣਾਉਣਾ, ਦੋਸ਼ ਨਾਲੋਂ ਲੋੜ ਵਧੇਰੇ ਜਾਪਦੀ ਹੈ। ਇਨ੍ਹਾਂ ਮੁਤਾਬਿਕ ਗੁਰਬਾਣੀ 'ਪੰਜਵਾਂ ਵੇਦ' ਜਾਂ 'ਪੰਜਾਬੀ ਵੇਦ' ਹੈ ਅਤੇ ਗੁਰਬਾਣੀ ਵੇਦ ਅਨੁਸਾਰੀ ਹੈ।

ਗੁਰਬਾਣੀ ਪ੍ਰਚਾਰ ਦਾ ਇਹ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਇਸਦੀਆਂ ਕਈ ਕਿਸਮਾਂ ਹਨ। ਪ੍ਰਮੁੱਖ ਰੂਪ ਵਿਚ ਗੁਰਬਾਣੀ ਦੇ ਪਾਠ ਕੇ ਸਰਲ-ਅਰਥ ਸਪਸ਼ਟ ਕਰਦਿਆਂ ਸਾਖੀਆਂ, ਘਟਨਾਵਾਂ ਅਤੇ ਬਾਣੀ ਦੇ ਹਵਾਲੇ ਸੁਣਾਏ ਜਾਂਦੇ ਹਨ। ਕਥਾਵਾਚਕ ਜਾਂ ਤਾਂ *ਗੁਰੂ ਗ੍ਰੰਥ ਸਾਹਿਬ* ਦੀ ਲੜੀਵਾਰ ਕਥਾ ਕਰਦੇ ਹਨ ਜਾਂ ਸਵੇਰੇ ਆਏ ਹੁਕਮ (ਵਾਕ) ਦੀ ਵਿਆਖਿਆ ਕੀਤੀ ਜਾਂਦੀ ਹੈ। ਗਿ. ਸੰਤ ਸਿੰਘ ਮਸਕੀਨ ਇਸ ਸਦੀ ਦੇ ਪ੍ਰਸਿੱਧ ਕਥਾਵਾਚਕ ਸਨ। ਗਿ. ਸੰਤ ਸਿੰਘ ਜੀ ਨੇ ਕਥਾ ਨੂੰ ਕਲਾ ਵਾਂਗ ਪੇਸ਼ ਕੀਤਾ ਹੈ। ਇਸ ਕਥਾ ਦਾ ਮਨੋਰਥ ਬਹੁਤੀ ਵੇਰ ਕਲਾ ਨੂੰ ਮਾਣਨਾ ਹੈ। ਸਰੋਤੇ ਉਨ੍ਹਾਂ ਦੀ ਪ੍ਰਭਾਵਸ਼ਾਲੀ ਆਵਾਜ਼, ਰਵਾਨਗੀ, ਘਟਨਾਵਾਂ ਦੇ ਬਿਆਨਣ ਦੇ ਅੰਦਾਜ਼, ਢੁਕਵੀਂ ਤੁਲਨਾ ਅਤੇ ਰੌਚਕ ਜਾਣਕਾਰੀ ਕਰਕੇ ਐਸੇ ਮੰਤਰ-ਮੁਗਧ ਹੋ ਜਾਂਦੇ ਕਿ ਉਨ੍ਹਾਂ ਨੂੰ ਗੁਰਬਾਣੀ ਦਾ ਸਟੀਕ ਸੰਦੇਸ਼ ਪ੍ਰਾਪਤ ਕਰਨ ਦਾ ਅਵਸਰ ਹੀ ਨਾ ਮਿਲਦਾ। ਕਥਾਵਾਚਕ ਅਤੇ ਸਰੋਤਾ ਦੋਵੇਂ ਕਥਾ-ਕਲਾ ਵਿਚ ਗੁਆਚ ਜਿਹੇ ਜਾਂਦੇ—ਇਸੇ ਨੂੰ ਕੋਈ 'ਵਿਸਮਾਦ' ਕਹਿ ਕੇ ਵਡਿਆਉਂਦਾ ਅਤੇ ਕੋਈ ਇਸਨੂੰ 'ਅਫ਼ੀਮ' ਦਸ ਕੇ ਨਿੰਦਦਾ ਵੀ ਰਿਹਾ ਹੈ। ਪਰ ਸੱਚ ਇਹੀ ਹੈ ਕਿ 'ਸੰਗਤ' ਨੂੰ ਇਹੀ ਕੁਝ ਮਾਫ਼ਕ ਆਉਂਦਾ ਹੈ। ਗੁਰਬਾਣੀ ਦੀ ਠੇਠ ਵਿਆਖਿਆ ਕਰਨ ਵਾਲੇ ਕਥਾਵਾਚਕ, ਆਮ ਸੰਗਤ ਵਿਚ ਪ੍ਰਵਾਨ ਨਹੀਂ ਚੜ੍ਹਦੇ।

ਮੌਖਿਕ ਵਿਆਖਿਆ ਇਕ ਕਠਿਨ ਤਪੱਸਿਆ ਹੈ। ਲਿਖਾਰੀ ਪਾਠਕ ਤੋਂ ਦੂਰ ਰਹਿੰਦਾ ਹੈ, ਜਦੋਂ ਕਿ ਕਥਾਵਾਚਕ ਸੰਗਤ ਨੂੰ ਹਰ ਵੇਲੇ ਜੁਆਬਦੇਹ ਹੁੰਦਾ ਹੈ। ਜਗਿਆਸੂ, ਹੋਰ ਸਪੱਸ਼ਟਤਾ ਅਤੇ ਸ਼ੰਕੇ ਨਵਿਰਤ ਕਰਨ ਲਈ, ਕਥਾਵਾਚਕ

ਨੂੰ ਤੁਰੰਤ ਆ ਘੇਰਦੇ ਹਨ। ਕਥਾਵਾਚਕ ਨੂੰ ਮੌਕੇ 'ਤੇ ਹੀ ਜਗਿਆਸੂਆਂ ਨੂੰ ਸੰਤੁਸ਼ਟ ਕਰਨਾ ਪੈਂਦਾ ਹੈ। ਇਹ ਬੜਾ ਕਠਿਨ ਕੰਮ ਹੈ। ਇਹੀ ਗੱਲ ਕਥਾਵਾਚਕ ਨੂੰ ਡਰੂ ਅਤੇ ਦੱਬੂ ਬਣਾ ਦਿੰਦੀ ਹੈ। ਇਸ ਤੱਥ ਨੂੰ ਵਧੇਰੇ ਸਪੱਸ਼ਟ ਕਰਨ ਲਈ ਇਕ ਗੁਰਦੁਆਰੇ ਵਿਚ ਵਾਪਰੀ ਇਕ ਘਟਨਾ ਲਿਖਦਾ ਹਾਂ। ਗੁਰਦੁਆਰੇ ਵਿਚ *ਗੁਰੂ ਗ੍ਰੰਥ ਸਾਹਿਬ* ਦੀ ਲੜੀਵਾਰ ਕਥਾ ਹੋ ਰਹੀ ਸੀ। ਇਕ ਦਿਨ ਕਥਾ ਹੈੱਡ-ਗ੍ਰੰਥੀ ਕਰਦਾ ਤਾਂ ਦੂਜੇ ਦਿਨ ਇਕ ਹੋਰ ਵਿਦਵਾਨ ਸੱਜਣ ਇਹ ਡਿਊਟੀ ਨਿਭਾ ਰਹੇ ਸਨ। ਕਥਾਵਾਚਕ ਬੜੀ ਸੋਹਣੀ ਡਿਊਟੀ ਨਿਭਾਅ ਰਹੇ ਸਨ। ਹੈੱਡ-ਗ੍ਰੰਥੀ ਜੀ ਨੇ ਚਾਰ ਦਿਨ ਪਹਿਲਾਂ ਇਕ ਦਿਨ ਦੀ ਛੁੱਟੀ ਲਈ ਅਰਜ਼ੀ ਪ੍ਰਬੰਧਕਾਂ ਨੂੰ ਦੇ ਦਿੱਤੀ। ਸਪੱਸ਼ਟ ਹੈ ਕਿ ਉਨ੍ਹਾਂ ਦੇ ਛੁੱਟੀ ਉਪਰ ਜਾਣ 'ਤੇ ਕਥਾ ਦੂਜੇ ਸਿੰਘ ਨੇ ਹੀ ਕਰਨੀ ਸੀ। ਪਰ ਅਗਲੇ ਦਿਨ ਦੂਜੇ ਸਿੰਘ ਨੇ ਵੀ ਉਸੇ ਦਿਨ ਦੀ ਛੁੱਟੀ ਦੀ ਦਰਖ਼ਾਸਤ ਦੇ ਦਿੱਤੀ, ਜਿਸ ਦਿਨ ਦੀ ਛੁੱਟੀ ਹੈੱਡ-ਗ੍ਰੰਥੀ ਨੇ ਲਈ ਸੀ। ਪ੍ਰਬੰਧਕਾਂ ਨੇ ਦੋਹਾਂ ਦੇ ਛੁੱਟੀ ਉਪਰ ਚਲੇ ਜਾਣ 'ਤੇ ਕਿਸੇ ਹੋਰ ਤੀਜੇ ਕਥਾਵਾਚਕ ਨੂੰ ਬੇਨਤੀ ਕੀਤੀ ਕਿ ਉਸ ਦਿਨ ਕਥਾ ਦੀ ਡਿਊਟੀ ਉਹ ਨਿਭਾਅ ਦੇਵੇ। ਉਸ ਤੀਸਰੇ ਕਥਾਵਾਚਕ ਨੇ ਇਕ ਦਿਨ ਪਹਿਲਾਂ ਪੁੱਛ-ਗਿੱਛ ਕਰਕੇ ਜਾਣਨਾ ਚਾਹਿਆ ਕਿ ਉਸਨੇ ਅਗਲੇ ਦਿਨ ਕਿਹੜੇ ਸ਼ਬਦ ਦੀ ਵਿਆਖਿਆ ਕਰਨੀ ਹੈ। ਜਦੋਂ ਉਸਨੂੰ ਦਸਿਆ ਕਿ ਉਸਦੇ ਹਿੱਸੇ 'ਮਾਸ ਮਾਸ ਕਰ ਮੂਰਖ ਝਗੜੇ ਗਿਆਨ ਧਿਆਨ ਨਹੀ....' ਸ਼ਬਦ ਆਉਣਾ ਹੈ, ਤਾਂ ਉਸਨੇ ਵੀ ਟੈਲੀਫ਼ੋਨ ਕਰਕੇ ਪ੍ਰਬੰਧਕਾਂ ਤੋਂ ਮਾਫ਼ੀ ਮੰਗ ਲਈ। ਸਭ ਨੇ ਇਸ ਸ਼ਬਦ ਦੀ ਵਿਆਖਿਆ ਪਿੱਛੋਂ ਨਿਕਲਣ ਵਾਲੇ 'ਸਿੱਟੇ' ਸਮਝ ਲਏ ਸਨ। ਇਸੇ ਕਰਕੇ ਪਹਿਲੇ ਦੋਵੇਂ ਕਥਾਵਾਚਕ ਛੁੱਟੀ 'ਤੇ ਚਲੇ ਗਏ ਸਨ। ਗੁਰਦੁਆਰੇ ਵਿਚ ਹੀ ਗੁਰਬਾਣੀ ਦੀ ਵਿਆਖਿਆ ਕਰਦਿਆਂ, ਕਥਾਵਾਚਕ ਨੂੰ ਭਾਰੀ 'ਜ਼ੋਖ਼ਿਮ' ਉਠਾਉਣ ਲਈ ਤਿਆਰ ਰਹਿਣਾ ਪੈਂਦਾ ਹੈ। ਕਥਾਕਾਰ ਉਹ ਸੁਣਾਉਂਦਾ ਹੈ, ਜੋ ਸੰਗਤ ਸੁਣਨਾ ਚਾਹੁੰਦੀ ਹੈ। ਸਾਡੇ ਕਥਾਵਾਚਕ ਵਿਸ਼ੇਸ਼ ਕਰਕੇ ਵਿਦੇਸ਼ਾਂ ਵਿਚ ਕਥਾ ਕਰਦਿਆਂ ਕੇਸ ਰਖਣ ਅਤੇ ਸ਼ਰਾਬ ਨਾ ਪੀਣ ਦਾ ਉਪਦੇਸ਼ ਜ਼ੋਰ ਦੇ ਕੇ ਨਹੀਂ ਦਿੰਦੇ। ਪੰਜਾਬੋਂ ਬਾਹਰ ਹਿੰਦੂ ਬਹੁਗਿਣਤੀ ਨੂੰ ਵੇਖਦਿਆਂ, ਉਥੇ ਹਿੰਦੂ ਧਰਮ ਵਿਰੁੱਧ ਟਿੱਪਣੀ ਤੋਂ ਬਚਿਆ ਜਾਂਦਾ ਹੈ। ਉਥੇ ਸਾਡੇ ਕਥਾਵਾਚਕ ਗੁਰਬਾਣੀ ਦੇ ਕੁਝ ਹਵਾਲੇ ਦੇਣ ਤੋਂ ਅਕਸਰ ਦੌੜ ਜਾਂਦੇ ਹਨ। ਐਸੇ ਹਵਾਲੇ ਦੇਖੋ :

ੳ. ਹਿੰਦੂ ਅੰਨਾ ਤੁਰਕੂ ਕਾਣਾ...

ਅ. ਪਾਂਡੇ ਤੁਮਰਾ ਰਾਮ ਚੰਦ ਸੋ ਭੀ ਆਵਤ ਦੇਖਿਆ ਥਾ....ਆਦਿ।

ਸਮਝਿਆ ਜਾ ਸਕਦਾ ਹੈ ਕਿ ਸਾਡੇ ਕਥਾਵਾਚਕਾਂ ਨੇ ਅਸਿੱਧੇ ਤੌਰ 'ਤੇ *ਗੁਰੂ ਗ੍ਰੰਥ ਸਾਹਿਬ* ਦੀ ਕੁਝ ਰਚਨਾ ਨੂੰ 'ਬੇਲੋੜਾ' ਜਾਂ 'ਵਾਧੂ' ਮੰਨ ਲਿਆ ਹੈ। ਕੀ ਇਹ ਬਾਣੀ ਨਾਲ ਨਿਆਂ ਹੈ ? ਸ਼ੋਹਰਤ ਅਤੇ ਪੈਸਾ ਕਮਾਉਣ ਦੀ ਦੌੜ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਕੁਝ ਸ਼ਬਦਾਂ ਨੂੰ ਪ੍ਰਵਾਨ ਕਰਨ ਤੋਂ ਬਚਿਆ ਜਾ ਰਿਹਾ

ਹੈ। ਸਾਡੇ ਕੁਝ ਭਾਈ ਜੋ ਦਸਮ ਗ੍ਰੰਥ ਦੇ ਕੱਟੜ-ਵਿਰੋਧੀ ਹਨ, ਅਕਸਰ ਕਹਿੰਦੇ ਸੁਣੇ ਜਾਂਦੇ ਹਨ ਕਿ 'ਚਰਿਤ੍ਰੋ ਪਖਯਾਨ' ਦੀ ਕਥਾ ਸੰਗਤ ਵਿਚ ਨਹੀਂ ਹੋ ਸਕਦੀ। ਉਹ ਭੋਲੇ ਨਹੀਂ ਜਾਣਦੇ ਕਿ ਹੁਣ ਗੁਰੂ ਗ੍ਰੰਥ ਸਾਹਿਬ ਬਾਰੇ ਵੀ ਇਹੀ ਗੱਲ ਸਥਾਪਿਤ ਹੋ ਚੁੱਕੀ ਹੈ। ਮੁਸਲਿਮ ਦੇਸ਼ਾਂ ਵਿਚ ਕਬੀਰ ਜੀ ਦੇ ਉਨ੍ਹਾਂ ਸਲੋਕਾਂ ਦੀ ਜਨਤਕ ਤੌਰ 'ਤੇ ਵਿਆਖਿਆ ਨਹੀਂ ਕੀਤੀ ਜਾ ਸਕਦੀ ਜਿਨ੍ਹਾਂ ਵਿਚ ਹੱਜ, ਸੁੰਨਤ ਅਤੇ ਬਾਂਗ ਦਾ ਮਜ਼ਾਕ ਉਡਾਇਆ ਗਿਆ ਹੈ। ਅਸੀਂ ਦੇਖ ਸਕਦੇ ਹਾਂ ਕਿ ਗੁਰਬਾਣੀ ਦੀ ਸੱਚਾਈ ਦੀ ਥਾਂ, ਕਥਾਵਾਚਕ ਆਪਣਾ ਸੁਆਰਥ ਅਤੇ ਸਰੋਤਿਆਂ ਦੀ ਖੁਸ਼ੀ ਨੂੰ ਮੂਹਰੇ ਰਖਦਾ ਹੈ।

ਜਦੋਂ ਸਿੰਘ ਸਭਾ ਲਹਿਰ ਨੇ 19ਵੀਂ ਸਦੀ ਵਿਚ ਸਿੱਖਾਂ ਦੀ ਵੱਖਰੀ ਅਤੇ ਨਿਆਰੀ ਹਸਤੀ ਨੂੰ ਉਭਾਰਿਆ ਤਾਂ ਇਸ ਮਾਹੌਲ ਵਿਚ ਗੁਰਬਾਣੀ ਨੂੰ ਵੇਦਾਦਿ ਗ੍ਰੰਥਾਂ ਤੋਂ ਭਿੰਨ ਦੱਸਣ ਦਾ ਰੁਝਾਨ ਵੱਧ ਗਿਆ। ਇਸ ਸਮੇਂ ਭਾਈ ਕਾਨ੍ਹ ਸਿੰਘ ਨਾਭੇ ਦੀ ਪੁਸਤਕ 'ਹਮ ਹਿੰਦੂ ਨਹੀਂ' ਨੇ ਚੰਗਾ ਯੋਗਦਾਨ ਪਾਇਆ। ਭਾਈ ਕਾਨ੍ਹ ਸਿੰਘ ਦੇ ਕੰਮ ਨੂੰ ਅਗਾਂਹ ਤੋਰਨ ਵਾਲੇ ਕਿਸੇ ਹੋਰ ਵਿਦਵਾਨ ਦੀ ਘਾਟ ਹੀ ਰਹੀ ਹੈ। ਹਾਂ, ਪ੍ਰੋਫੈਸਰ ਸਾਹਿਬ ਸਿੰਘ ਅਤੇ ਭਾਈ ਵੀਰ ਸਿੰਘ ਹੁਰਾਂ ਨੇ ਗੁਰਬਾਣੀ ਵਿਆਖਿਆ ਨੂੰ ਵਿਗਿਆਨਕ ਲੀਹਾਂ ਉਪਰ ਪਾ ਦਿੱਤਾ। ਵੀਹਵੀਂ ਸਦੀ ਵਿਚ ਆਈ ਇਹ ਤਬਦੀਲੀ, ਲੋਕਾਂ ਦੇ ਪੜ੍ਹ-ਲਿਖ ਜਾਣ ਕਾਰਨ ਸੀ। ਭਾਵੇਂ ਕਿ ਇਨ੍ਹਾਂ ਦੋਹਾਂ ਦਾ ਕੋਈ ਉਤਰਾਧਿਕਾਰੀ ਨਹੀਂ ਹੈ। ਪਰ ਗੁਰਬਾਣੀ ਵਿਆਖਿਆ ਰੁਕੀ ਨਹੀਂ। ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਪੰਜਾਬ ਵਿਚ ਕਮਿਊਨਿਸਟ/ਨਕਸਲੀ ਉਭਾਰ ਦੇ ਮਾਹੌਲ ਵਿਚ ਪੰਜਾਬੀ ਦੇ ਵਿਦਵਾਨ ਗੁਰਬਾਣੀ ਦਾ ਅਧਿਐਨ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਕਰਨ ਵੱਲ ਰੁਚਿਤ ਹੋਏ। ਇਨ੍ਹਾਂ ਵਿਚ ਸੰਤ ਸਿੰਘ ਸੇਖੋਂ[6] ਅਤੇ ਪ੍ਰੋ. ਕਿਸ਼ਨ ਸਿੰਘ[7] ਤੋਂ ਇਲਾਵਾ ਗੁਰਬਖਸ਼ ਸਿੰਘ ਪ੍ਰੀਤਲੜੀ[8] ਨੇ ਵੀ ਸਿੱਖ ਵਿਆਖਿਆ ਤੋਂ ਪੁਰੋਹਿਤਵਾਦੀ ਜਾਲ ਹਟਾਉਣ ਦਾ ਯਤਨ ਕੀਤਾ। ਪਰ ਸਿੱਖ ਸੰਗਤਾਂ ਨੇ ਇਨ੍ਹਾਂ ਦੁਆਰਾ ਕੀਤੀ ਨਵ-ਵਿਆਖਿਆ ਨੂੰ ਕਬੂਲ ਨਹੀਂ ਕੀਤਾ ਸੀ। ਪਰ ਇਹ ਗੱਲ ਕਿਸੇ ਹੱਦ ਤੀਕ ਠੀਕ ਹੈ ਕਿ ਅਜੋਕੇ ਪੜ੍ਹੇ-ਲਿਖੇ ਸਿੱਖ ਗੁਰਬਾਣੀ ਦੀ ਰਵਾਇਤੀ ਵਿਆਖਿਆ ਤੋਂ ਸੰਤੁਸ਼ਟ ਨਹੀਂ ਹੋ ਰਹੇ। ਇਸ ਖਲਾਅ ਵਿਚ ਸਿੱਖ ਮਿਸ਼ਨਰੀ ਸਕੂਲ ਨੇ ਕੁਝ ਯਤਨ ਕੀਤੇ। ਉਨ੍ਹਾਂ ਦੀ ਦੁਬਿਧਾ ਇਹ ਰਹੀ ਹੈ ਕਿ ਉਹ ਇਕ ਪਾਸੇ ਖੁਦ ਨੂੰ ਮੂਲਵਾਦੀ ਸਿੱਧ ਕਰਨਾ ਚਾਹੁੰਦੇ ਸਨ ਅਤੇ ਦੂਜੇ ਪਾਸੇ ਖੁਦ ਨੂੰ ਅਗਾਂਹਵਧੂ ਸਿੱਧ ਕਰਦੇ ਸਨ। ਇਸ ਮਾਹੌਲ ਵਿਚ ਥੋੜ੍ਹੀ ਬਹੁਤ ਜੋ ਗੁਰਬਾਣੀ ਵਿਆਖਿਆ ਹੋਈ, ਉਹ ਅਜੋਕੇ ਪਾਠਕ ਨੂੰ ਪੂਰੀ ਤਰ੍ਹਾਂ ਜਚੀ ਨਹੀਂ। ਅਜੋਕੇ ਪੰਜਾਬ ਦੇ ਪੜ੍ਹੇ-ਲਿਖੇ ਵਰਗ ਨੂੰ ਪ੍ਰੋ. ਪੂਰਨ ਸਿੰਘ ਅਤੇ ਸਿਰਦਾਰ ਕਪੂਰ ਸਿੰਘ ਦੀ ਗੁਰਮਤ ਵਿਆਖਿਆ ਪਸੰਦ ਨਹੀਂ ਆਈ। ਪ੍ਰੋ. ਪੂਰਨ ਸਿੰਘ ਇਕ ਰਹੱਸਵਾਦੀ ਸਿੱਧ ਹੁੰਦਾ ਹੈ, ਜਦੋਂ ਕਿ ਕਪੂਰ ਸਿੰਘ ਸਿੱਖ ਮਤ ਦਾ ਰਾਜਸੀਕਰਨ

ਕਰ ਦਿੰਦਾ ਹੈ। ਸਿਰਦਾਰ ਕਪੂਰ ਸਿੰਘ ਨੇ ਜਿਸ ਵਿਚਾਰਧਾਰਾ ਨੂੰ ਅਪਣਾਇਆ, ਉਸਨੇ ਪੰਜਾਬ ਵਿਚ ਇਕ ਦਹਾਕੇ (1980-1990) ਤੀਕ ਇਤਿਹਾਸਕ ਪ੍ਰਭਾਵ ਪਾਇਆ। ਪਰ ਅਜੋਕੀਆਂ ਸਥਾਪਿਤ ਧਿਰਾਂ ਉਸਦੀ ਵਿਚਾਰਧਾਰਾ ਨੂੰ ਪ੍ਰਚਾਰਨ ਤੋਂ ਪਿੱਛੇ ਹਟ ਚੁੱਕੀਆਂ ਹਨ।

ਸਿੱਖ ਮਤ ਅਤੇ ਗੁਰਬਾਣੀ ਦੀ ਇੱਕੀਵੀਂ ਸਦੀ ਵਿਚ ਵਿਆਖਿਆ ਲਈ ਕੀ ਨਿਯਮ ਹੋਣਗੇ ? ਇਸਦਾ ਪੱਕਾ ਜੁਆਬ ਦੇ ਸਕਣਾ, ਸੰਭਵ ਨਹੀਂ। ਪਰ ਅੰਤਰ-ਰਾਸ਼ਟਰੀ ਪ੍ਰਸਥਿਤੀਆਂ ਨੂੰ ਸਾਹਮਣੇ ਰੱਖੀਏ ਤਾਂ ਕੁਝ ਕੁ ਧੁੰਦਲਾ ਜਿਹਾ ਦ੍ਰਿਸ਼ ਸਾਹਮਣੇ ਆਉਂਦਾ ਹੈ :

1. ਸਿੱਖ ਪੰਥ ਉਪਰ ਕਿਸੇ ਇਕ ਸੰਸਥਾ ਜਾਂ ਵਿਅਕਤੀ ਦਾ ਕੰਟਰੋਲ ਨਹੀਂ ਰਹੇਗਾ। ਇਸ ਹਾਲਤ ਵਿਚ ਗੁਰਬਾਣੀ ਦੀਆਂ ਵਿਭਿੰਨ ਵਿਆਖਿਆਵਾਂ ਪ੍ਰਚਲਿਤ ਹੋਣਗੀਆਂ।
2. ਗੁਰਬਾਣੀ ਵਿਆਖਿਆ ਕਰਦਿਆਂ ਇਹ ਗੱਲ ਵੀ ਪ੍ਰਭਾਵਿਤ ਕਰੇਗੀ ਕਿ ਸਿੱਖ ਸੰਸਾਰ ਦੇ ਸਾਰੇ ਖਿੱਤਿਆਂ ਵਿਚ ਫੈਲੇ ਹੋਏ ਹਨ। ਅਜਿਹੀ ਵਿਆਖਿਆ ਕੀਤੀ ਜਾਵੇਗੀ, ਜੋ ਵੱਖ-ਵੱਖ ਇਲਾਕਿਆਂ ਵਿਚ ਸਿੱਖਾਂ ਨੂੰ ਸਥਿਰਤਾ ਪ੍ਰਦਾਨ ਕਰ ਸਕੇ।
3. ਗੁਰਬਾਣੀ ਵਿਆਖਿਆ ਨੂੰ ਵਿਗਿਆਨਕ ਨਜ਼ਰੀਏ ਤੋਂ ਪ੍ਰਗਟ ਕੀਤਾ ਜਾਵੇਗਾ।
4. ਗੁਰਬਾਣੀ ਦੀ ਰੱਖਿਆਤਮਕ ਵਿਆਖਿਆ ਕਰਨ ਦੇ ਯਤਨ ਵੀ ਹੋਣਗੇ।

ਗੁਰ ਗ੍ਰੰਥ ਸਾਹਿਬ ਅਤੇ ਵਿਗਿਆਨਕ ਦ੍ਰਿਸ਼ਟੀਕੋਣ

ਸਿੱਖ ਜਗਤ ਦੇ ਕੁਝ ਗੁਰਬਾਣੀ ਵਿਆਖਿਆਕਾਰ ਇਸ ਪਾਸੇ ਧਿਆਨ ਦਿੰਦੇ ਰਹੇ ਹਨ ਕਿ ਵਿਗਿਆਨ ਨੇ ਕੁਦਰਤ ਦੇ ਜੋ ਭੇਤ ਦਿੱਤੇ ਹਨ, ਉਨ੍ਹਾਂ ਵਿਚੋਂ ਕੁਝ ਭੇਦ *ਗੁਰੂ ਗ੍ਰੰਥ ਸਾਹਿਬ* ਵਿਚ ਪਹਿਲਾਂ ਹੀ ਦਰਜ਼ ਹਨ। ਉਦਾਹਰਣ ਵਜੋਂ *ਜਪੁ* ਦੀ ਇਹ ਪੰਕਤੀ 'ਲਖ ਆਗਾਸਾ ਆਗਾਸ' ਦਿੱਤੀ ਜਾਂਦੀ ਹੈ ਕਿ ਅਣਗਿਣਤ ਧਰਤੀਆਂ ਅਤੇ ਆਕਾਸ਼ ਹਨ। ਅਜੋਕਾ ਵਿਗਿਆਨ ਇਸ ਨਾਲ ਸਹਿਮਤ ਹੈ। ਹੁਣੇ ਜਿਹੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੇ ਇਕ ਇੰਟਰਵਿਊ ਵਿਚ ਦੱਸਿਆ :

"ਗੁਰਬਾਣੀ ਵਿਗਿਆਨ ਦੀ ਕਸਵੱਟੀ 'ਤੇ ਖ਼ਰੀ ਉਤਰਦੀ ਹੈ। ਅੱਜ ਦਾ ਜੋ ਸਾਇੰਸ ਦਾ ਯੁੱਗ ਦੱਸ ਰਿਹਾ ਹੈ, ਗੁਰੂ ਨਾਨਕ ਸਾਹਿਬ ਨੇ 500 ਸਾਲ ਪਹਿਲਾਂ ਗੁਰਬਾਣੀ ਵਿਚ ਦੱਸ. ਦਿੱਤਾ ਸੀ। ਬ੍ਰਹਿਮੰਡ ਵਿਚ ਲੱਖਾਂ ਧਰਤੀਆਂ, ਆਕਾਸ਼, ਪਾਤਾਲ ਹਨ। ਗੁਰਬਾਣੀ ਵਿਚ ਇਸ ਗੱਲ ਬਾਰੇ ਵੀ ਜ਼ਿਕਰ ਹੈ ਕਿ ਚੰਦ੍ਰਮਾ ਦੀ ਆਪਣੀ ਰੌਸ਼ਨੀ ਨਹੀਂ ; ਚੰਦ, ਸੂਰਜ ਤੋਂ ਆਪਣੀ ਰੌਸ਼ਨੀ ਲੈ ਕੇ ਚਮਕਦਾ ਹੈ। ਗੁਰਬਾਣੀ ਦੀ ਇਸੇ ਸੱਚਾਈ ਬਾਰੇ ਗਲੈਲੀਓ ਨੇ ਸਤਾਰ੍ਹਵੀਂ ਸਦੀ ਵਿਚ ਦੱਸਿਆ।"[9]

ਪ੍ਰਸਿੱਧ ਭੌਤਿਕ ਵਿਗਿਆਨੀ ਪ੍ਰੋ. ਹਰਦੇਵ ਸਿੰਘ ਵਿਰਕ ਨੇ ਦਰਜਨਾਂ ਪੇਪਰ ਲਿਖ ਕੇ ਗੁਰਬਾਣੀ ਨੂੰ ਵਿਗਿਆਨ ਅਨੁਸਾਰੀ ਉਚਿੱਤ ਦਰਸਾਇਆ ਹੈ। ਉਸਦੇ ਸ਼ਬਦ ਹਨ:

"ਸ੍ਰਿਸ਼ਟੀ ਰਚਨਾ ਦੀ ਸਭ ਤੋਂ ਸੁੰਦਰ ਵਿਆਖਿਆ ਮਾਰੂ ਸੋਲਹੇ ਮ:੧ ਦੇ 15ਵੇਂ ਸੋਲਹੇ ਵਿਚ ਉਪਲਭਦ ਹੈ। ਜੇਕਰ ਇਸ ਬਾਣੀ ਨੂੰ ਆਧੁਨਿਕ ਬ੍ਰਹਿਮੰਡ ਵਿਗਿਆਨ ਅਰਥਾਤ ਕਾਸਮਾਲੋਜੀ ਦੀ ਪਥ-ਪ੍ਰਦਰਸ਼ਕ ਮੰਨ ਲਿਆ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ।"[10]

ਅਜਿਹਾ ਵਿਸ਼ਵਾਸ ਵੀ ਪ੍ਰਚਲਿਤ ਰਿਹਾ ਹੈ ਕਿ ਗੁਰਬਾਣੀ ਦੇ ਪਾਠ ਵਿਚ ਇਕ ਐਸੀ ਰਹੱਸਵਾਦੀ ਸ਼ਕਤੀ ਹੈ, ਜੋ ਰੋਗਾਂ ਨੂੰ ਖ਼ਤਮ ਕਰਦੀ ਹੈ। ਇਸ ਵਿਸ਼ਵਾਸ ਨੂੰ ਪ੍ਰਚਾਰਨ ਵਾਲੀ ਇਕ ਸੰਸਥਾ 'ਸਰਬ ਰੋਗ ਕਾ ਅਉਖਧ ਨਾਮ ਮਿਸ਼ਨ' ਦੀ ਸਥਾਪਨਾ ਪੰਜਾਬ ਸਰਕਾਰ ਦੇ ਇਕ ਸੀਨੀਅਰ ਸਕੱਤਰ ਨੇ 1980 ਦੇ ਨੇੜੇ ਕੀਤੀ ਸੀ। ਬਹੁਤ ਸਾਰੇ ਸੁਆਰਥੀ ਲੋਕ ਉਸ ਤੋਂ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਖ਼ਾਤਿਰ, ਉਸਦੀ ਸੰਸਥਾ ਦੇ ਮੈਂਬਰ ਬਣ ਗਏ ਸਨ। ਹੁਣ ਜਦੋਂ ਕਿ ਉਹ ਰਿਟਾਇਰ ਹੋ ਚੁੱਕਾ ਹੈ ਤਾਂ ਉਸਦੀ ਸੰਸਥਾ ਪ੍ਰਭਾਵਹੀਣ ਹੋ ਚੁੱਕੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ Journal of Sikh Studies ਵਿਚ ਇਕ ਪ੍ਰਸਿੱਧ ਚਕਿਤਸਕ ਦੇ ਲੇਖਾਂ ਵਿਚ ਸੁਖਮਨੀ ਸਾਹਿਬ ਦੇ ਪਾਠ ਦੁਆਰਾ ਖ਼ੂਨ ਦੇ ਦਬਾਅ ਦਾ ਇਲਾਜ ਕਰਨ ਦੀ ਗੱਲ ਛਪੀ ਸੀ।[11] ਇਹ ਗੱਲ ਸਰਬ ਪ੍ਰਵਾਣਿਤ ਹੈ ਕਿ ਧਿਆਨ ਲਗਾਉਣ ਨਾਲ ਮਾਨਸਿਕ ਰੋਗਾਂ ਦਾ ਇਲਾਜ ਸੰਭਵ ਹੈ। ਪਰ ਕੀ ਸ਼ਰੀਰਕ ਰੋਗ ਜਿਵੇਂ ਕੈਂਸਰ ਆਦਿ ਦਾ ਇਲਾਜ ਗੁਰਬਾਣੀ ਨਾਲ ਹੋ ਸਕਦਾ ਹੈ? ਪਿਛੇ ਜਿਹੇ ਬੰਗਲੌਰ ਦੇ ਰਹਿਣ ਵਾਲੇ ਇਕ ਅਖੌਤੀ ਵਿਗਿਆਨੀ ਵਾਸੂ ਭਾਰਦਵਾਜ ਨੇ ਅਜਿਹਾ ਦਾਅਵਾ ਰੱਖ ਕੇ, ਸਭ ਨੂੰ ਹੈਰਾਨ ਕਰ ਦਿੱਤਾ ਹੈ ਕਿ ਉਸਦਾ ਲਾ-ਇਲਾਜ ਦੱਸਿਆ ਗਿਆ ਕੈਂਸਰ ਦਾ ਰੋਗ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ *ਗੁਰੂ ਗ੍ਰੰਥ ਸਾਹਿਬ* ਦਾ ਪਾਠ ਸੁਣ ਕੇ ਬਿਲਕੁਲ ਖ਼ਤਮ ਹੋ ਚੁੱਕਾ ਹੈ।[12]

ਪਰ ਗੁਰਬਾਣੀ ਦੇ ਕੁਝ ਵਿਆਖਿਆਕਾਰ ਇਨ੍ਹਾਂ ਗੱਲਾਂ ਨਾਲ ਸਹਿਮਤ ਨਹੀਂ। ਉਨ੍ਹਾਂ ਅਨੁਸਾਰ ਬਾਣੀ ਜਿਸ ਉਦੇਸ਼ ਨੂੰ ਲੈ ਕੇ ਰਚੀ ਗਈ ਹੈ, ਉਸੇ ਸੰਦਰਭ ਵਿਚ ਬਾਣੀ ਦੀ ਮਹਿਮਾ-ਵਡਿਆਈ ਹੈ। ਬਾਣੀ ਦੀ ਵਰਤੋਂ ਜਾਦੂਈ ਮੰਤਰ ਵਜੋਂ ਕਰਨਾ ਯੋਗ ਨਹੀਂ। ਮੈਨੂੰ ਬਠਿੰਡੇ ਦੇ ਇਕ ਡਾਕਟਰ ਨੇ ਦੱਸਿਆ ਸੀ ਕਿ *ਜਪੁ* ਬਾਣੀ ਦਾ ਪਾਠ ਕਰਨ ਕਰਕੇ ਸਿਰ-ਦਰਦ ਤੋਂ ਛੁਟਕਾਰਾ ਮਿਲ ਜਾਂਦਾ ਹੈ। ਕੀ ਇਹ ਕਹਿਣ ਵਿਚ ਗੁਰਬਾਣੀ ਦਾ ਸਤਿਕਾਰ ਵੱਧ ਜਾਂਦਾ ਹੈ? ਨਹੀਂ। ਕਿਉਂਕਿ ਪੰਝੀ-ਤੀਹ ਪੈਸੇ ਦੀ ਗੋਲੀ ਵੀ ਸਿਰ-ਦਰਦ ਹਟਾ ਦਿੰਦੀ ਹੈ। ਸਾਨੂੰ ਇਸ ਪ੍ਰਸ਼ਨ ਦਾ ਵੀ ਉੱਤਰ ਲੱਭਣਾ ਪਵੇਗਾ ਕਿ ਗੁਰੂ ਸਾਹਿਬਾਨ ਨੂੰ ਸ਼ਰੀਰਕ ਰੋਗ ਕਿਉਂ ਲਗਦੇ ਰਹੇ?

ਗੁਰੂ ਸਾਹਿਬਾਨ ਬੁਨਿਆਦੀ ਤੌਰ 'ਤੇ ਸਮਾਜ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਦੇ ਇਛੁੱਕ ਸਨ। ਉਹ ਖੁਦ ਨੂੰ ਨਾ ਦਾਰਸ਼ਨਿਕ ਅਤੇ ਨਾ ਹੀ

ਵਿਗਿਆਨਕ ਦੇ ਤੌਰ 'ਤੇ ਪੇਸ਼ ਕਰਦੇ ਸਨ। ਇਹ ਅਸੀਂ ਹਾਂ ਕਿ ਕਦੇ ਉਨ੍ਹਾਂ ਨੂੰ ਵੱਡੇ ਦਾਰਸ਼ਨਿਕ ਅਤੇ ਕਦੇ ਵੱਡੇ ਵਿਗਿਆਨੀ ਸਿੱਧ ਕਰਨ ਦਾ ਯਤਨ ਕਰਦੇ ਹਾਂ। ਹਾਲਾਂਕਿ ਅਜਿਹੇ ਯਤਨ ਕਰਨ ਵਾਲੇ ਇਸ ਗੱਲ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕਰ ਜਾਂਦੇ ਹਨ:

ੳ) ਵਿਗਿਆਨ ਰੱਬ ਦੀ ਹੋਂਦ ਤੋਂ ਮੁਨਕਰ ਹੈ।

ਗੁਰਬਾਣੀ ਰੱਬ ਦੀ ਹੋਂਦ ਸਵੀਕਾਰਦੀ ਹੈ। ਗੁਰਬਾਣੀ ਅਨੁਸਾਰ ਰੱਬ ਨੇ ਹੀ ਬ੍ਰਹਿਮੰਡ ਸਾਜਿਆ ਹੈ। ਜਦੋਂ ਕਿ ਵਿਗਿਆਨ ਅਨੁਸਾਰ ਬ੍ਰਹਿਮੰਡ ਇਕ ਦੁਰਘਟਨਾ ਦਾ ਸਿੱਟਾ ਹੈ।

ਅ) ਵਿਗਿਆਨ ਪਰਲੋਕ ਜਾਂ ਮੌਤ ਉਪਰੰਤ ਜੀਵਨ ਵਿਚ ਵਿਸ਼ਵਾਸ ਨਹੀਂ ਕਰਦਾ।

ਗੁਰਬਾਣੀ ਕਿਸੇ ਨਾ ਕਿਸੇ ਰੂਪ 'ਚ ਵਿਗਿਆਨ ਦੇ ਇਸ ਮਤ ਦੀ ਹਾਮੀ ਨਹੀਂ।

ਇਹ ਦੋ ਨੁਕਤੇ ਹੀ ਗੁਰਬਾਣੀ ਨੂੰ ਵਿਗਿਆਨ ਵਿਰੋਧੀ ਦੱਸਣ ਲਈ ਕਾਫ਼ੀ ਹਨ। ਸੋ, ਗੁਰਬਾਣੀ ਦੀ ਐਸੀ ਵਿਆਖਿਆ ਕਰਨ ਵਿਚ ਭਾਰੀ ਜ਼ੋਖਿਮ ਹੈ। ਇਹ ਠੀਕ ਹੈ ਕਿ ਗੁਰਬਾਣੀ ਦਾ ਨਜ਼ਰੀਆ ਵਿਗਿਆਨਕ ਹੈ। ਪਰ ਇਸਨੂੰ ਵਿਗਿਆਨ ਦੀ 'ਟੈਕਸਟ ਬੁੱਕ' ਮੰਨ ਲੈਣਾ ਭੁੱਲ ਹੈ। ਸੋ, ਗੁਰਬਾਣੀ ਦੀ ਵਿਆਖਿਆ ਰਾਹੀਂ ਗੁਰਬਾਣੀ ਨੂੰ ਵਿਗਿਆਨ ਦੱਸਣਾ ਪੂਰੀ ਤਰ੍ਹਾਂ ਤੱਥਾਂ ਤੋਂ ਮੁਨਕਰ ਹੋਣਾ ਹੈ। ਇਹ ਗੁਰਬਾਣੀ ਦੀ ਫੋਕੀ ਅਤੇ ਦਮਗੱਜੇ ਮਾਰਨ ਵਾਲੀ ਗ਼ੈਰ-ਵਿਗਿਆਨਕ ਵਿਆਖਿਆ ਹੈ। ਗੁਰਬਾਣੀ ਦਾ ਮਹੱਤਵ ਜਾਂ ਗ਼ੈਰ-ਮਹੱਤਵ ਵਿਗਿਆਨਵਾਦੀ ਜਾਂ ਵਿਗਿਆਨ-ਵਿਰੋਧੀ ਹੋਣ ਵਿਚ ਨਹੀਂ। ਸਗੋਂ ਇਸਦੇ ਕਲਿਆਣਕਾਰੀ ਅਤੇ ਮਾਨਵਵਾਦੀ ਸੰਦੇਸ਼ ਵਿਚ ਹੀ ਗੁਰਬਾਣੀ ਦੀ ਸਾਰਥਿਕਤਾ ਬਰਕਰਾਰ ਰਹੇਗੀ।

ਦੂਜਿਆਂ ਦੇ ਧਰਮ ਦਾ ਸਤਿਕਾਰ ਕਰਨਾ

ਆਧੁਨਿਕ ਦੌਰ ਵਿਚ ਇਸ ਕਦਰ ਦਾ ਬਹੁਤ ਉੱਚਾ ਸਥਾਨ ਹੈ ਕਿ ਸਭ ਦੇ ਧਾਰਮਿਕ ਵਿਸ਼ਵਾਸ ਆਪਣੀ ਆਪਣੀ ਥਾਂ ਚੰਗੇ ਹਨ। ਜੇ ਕੋਈ ਆਪਣੇ ਧਰਮ ਨੂੰ ਉੱਚਾ ਅਤੇ ਦੂਜੇ ਧਰਮ ਦਾ ਮਜ਼ਾਕ ਬਣਾਵੇ ਜਾਂ ਹੀਣਾ ਦੱਸਣ ਦਾ ਯਤਨ ਕਰੇ ਤਾਂ ਉਸਦੀ ਨਿੰਦਾ ਕੀਤੀ ਜਾਂਦੀ ਹੈ। 4 ਅਪ੍ਰੈਲ 2005 ਨੂੰ ਦਿੱਲੀ ਦੇ ਗੁਰਦੁਆਰਾ ਭਾਈ ਜੋਗਾ ਸਿੰਘ ਵਿਖੇ ਇਕ ਸਿੱਖ ਨੌਜਵਾਨ ਨੇ ਡਾ. ਜਸਵੰਤ ਸਿੰਘ ਨੇਕੀ ਨੂੰ ਇਕ ਸੁਆਲ ਪੁੱਛਿਆ ਕਿ ਉਸਦੇ ਹਿੰਦੂ ਦੋਸਤ ਗੁਰਦੁਆਰੇ ਆ ਕੇ *ਗੁਰੂ ਗ੍ਰੰਥ ਸਾਹਿਬ* ਅੱਗੇ ਮੱਥਾ ਟੇਕਦੇ ਹਨ ਤਾਂ ਕੀ ਉਹ ਮੰਦਰ ਵਿਚ ਮੂਰਤੀ ਅੱਗੇ ਮੱਥਾ ਟੇਕੇ ਕਿ ਨਾ? ਸੁਆਲ ਸਾਡੇ ਸਮਾਜਕ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦਾ ਹੈ। ਡਾ. ਨੇਕੀ ਨੇ ਕਿਹਾ, "ਰੱਬ ਹਰ ਥਾਂ ਹੈ, ਮੂਰਤੀ ਵਿਚ ਵੀ ਹੈ–ਮੰਦਰ ਦੀ ਮੂਰਤੀ ਵਿਚ ਰੱਬ ਮੰਨ ਕੇ ਉਸ ਅੱਗੇ ਮੱਥਾ ਟੇਕਣ ਵਿਚ ਕੋਈ ਬੁਰਾਈ ਨਹੀਂ।" ਇਹ ਸਮਾਜਕ ਮਜ਼ਬੂਰੀ ਵਿਚੋਂ ਨਿਕਲੀ ਵਿਆਖਿਆ ਹੈ। ਵਰਨਾ, ਇਹ ਪੂਰੀ ਤਰ੍ਹਾਂ

ਸਿੱਖ ਸਿਧਾਂਤਾਂ ਦੇ ਵਿਰੁੱਧ ਹੈ। *ਗੁਰੂ ਗ੍ਰੰਥ ਸਾਹਿਬ* ਦੀ ਵਿਆਖਿਆ ਨੂੰ ਇਸ ਗੱਲ ਨੇ ਹਮੇਸ਼ਾਂ ਹੀ ਪ੍ਰਭਾਵਿਤ ਕੀਤਾ ਹੈ। ਗੁਰਬਾਣੀ ਨੂੰ ਸਾਂਝੀਵਾਲਤਾ ਅਤੇ ਵਿਸ਼ਵ ਭਾਈਚਾਰਾ ਵਧਾਉਣ ਵਾਲਾ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਅਜਿਹੇ ਕਈ ਪ੍ਰਮਾਣ ਪ੍ਰਾਪਤ ਹੁੰਦੇ ਹਨ।[13]

ਪਰ ਗੁਰਬਾਣੀ ਵਿਚ ਬਹੁਤ ਸਾਰੇ ਹਵਾਲੇ ਐਸੇ ਵੀ ਹਨ, ਜੋ ਜੈਨੀਆਂ[14], ਸ਼ਕਤੀ ਦੇ ਪੁਜਾਰੀ ਸਾਕਤਾਂ[15] ਅਤੇ ਹਿੰਦੂਆਂ ਦੇ ਅਵਤਾਰਾਂ ਦੇ ਵਿਰੁੱਧ ਹਨ।[16] ਮਨਮੁੱਖ ਨੂੰ ਵੀ ਕਾਫ਼ੀ ਭੰਡਿਆ ਗਿਆ ਹੈ।[17] ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਗੁਰੂ-ਘਰ ਦੇ ਦੋਖੀਆਂ ਲਈ ਬਹੁਤ ਹੀ ਨਫ਼ਰਤ ਭਰੀ ਸ਼ਬਦਾਵਲੀ ਦਾ ਪ੍ਰਯੋਗ ਦੇਖਿਆ ਜਾ ਸਕਦਾ ਹੈ।[18] ਕੀ ਇਨ੍ਹਾਂ ਹਵਾਲਿਆਂ ਦੇ ਹੁੰਦਿਆਂ ਇਹ ਕਿਹਾ ਜਾ ਸਕਦਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਵਿਚ ਸਭ ਧਰਮਾਂ ਅਤੇ ਮਾਰਗਾਂ ਦਾ ਸਨਮਾਨ ਹੈ? ਗੁਰੂ-ਕਾਲ ਵਿਚ ਇਹ ਪੱਕੀ ਧਾਰਨਾ ਦ੍ਰਿੜ੍ਹ ਕਰਾਈ ਜਾਂਦੀ ਸੀ ਕਿ ਸੱਚੇ ਗੁਰੂ ਤੋਂ ਬਿਨਾਂ ਕਿਸੇ ਵੀ ਹੋਰ ਮਾਰਗ ਦੁਆਰਾ ਮੁਕਤੀ ਸੰਭਵ ਨਹੀਂ।[19]

ਇਹ ਕਿਹਾ ਜਾ ਸਕਦਾ ਹੈ ਕਿ ਨਵੇਂ ਜ਼ਮਾਨੇ ਦੀਆਂ ਕਦਰਾਂ-ਕੀਮਤਾਂ ਨੇ ਹੋਰ ਧਰਮ ਗ੍ਰੰਥਾਂ ਵਾਂਗ *ਗੁਰੂ ਗ੍ਰੰਥ ਸਾਹਿਬ* ਦੀ ਵਿਆਖਿਆ ਨੂੰ ਵੀ ਆਪਣਾ ਰੰਗ ਦਿੱਤਾ ਹੈ। ਹੋਰ ਤਾਂ ਹੋਰ ਇਸ ਗੱਲ ਨੂੰ ਵੀ ਵਧਾਅ-ਚੜ੍ਹਾਅ ਕੇ ਕੀਤਾ ਜਾਂਦਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਵਿਚ ਹਿੰਦੂ ਅਤੇ ਮੁਸਲਿਮ ਸੰਤਾਂ ਦੀ ਬਾਣੀ ਨੂੰ ਇਕ ਥਾਂ ਇਕੱਠਾ ਕਰ ਦਿੱਤਾ ਗਿਆ ਹੈ। ਇਹ ਬਿਲਕੁਲ ਗ਼ਲਤ ਧਾਰਨਾ ਹੈ। ਜਿਹੜੇ ਸੰਤਾਂ/ਭਗਤਾਂ ਦੀ ਬਾਣੀ *ਗੁਰੂ ਗ੍ਰੰਥ ਸਾਹਿਬ* ਵਿਚ ਸ਼ਾਮਲ ਹੈ ਉਨ੍ਹਾਂ ਨੇ ਹਿੰਦੂ/ਮੁਸਲਮਾਨਾਂ ਦੇ ਬੰਧਨ ਤੋੜ ਦਿੱਤੇ ਸਨ। ਉਹ ਕੱਟੜਪੰਥੀਆਂ ਤੋਂ ਉਲਟ ਮਾਨਵਤਾਵਾਦੀ ਵਿਚਾਰਧਾਰਾ ਨੂੰ ਪ੍ਰਚਾਰਦੇ ਰਹੇ ਸਨ। ਇਹ ਵਿਚਾਰਧਾਰਾ ਗੁਰਬਾਣੀ ਦੀ ਵਿਚਾਰਧਾਰਾ ਦੇ ਕੁਝ ਕੁ ਨੇੜੇ ਹੋਣ ਕਰਕੇ, *ਗੁਰੂ ਗ੍ਰੰਥ ਸਾਹਿਬ* ਦਾ ਹਿੱਸਾ ਬਣ ਸਕੀ ਸੀ। ਵਰਨਾ, ਗੁਰੂ ਜੀ ਕੋਈ ਮਿਲਗੋਭਾ ਜਾਂ ਖਿੱਚੜੀ ਗ੍ਰੰਥ ਤਿਆਰ ਨਹੀਂ ਕਰ ਰਹੇ ਸਨ। *ਗੁਰੂ ਗ੍ਰੰਥ ਸਾਹਿਬ* ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਸਪੱਸ਼ਟ ਸੇਧ ਵਿਚ ਪ੍ਰਚਾਰਨ ਵਾਲਾ ਗ੍ਰੰਥ ਹੈ। ਨਿਰਸੰਦੇਹ, ਇਥੇ ਸਭ ਮਨੁੱਖਾਂ ਨੂੰ ਬਰਾਬਰ ਮੰਨਦਿਆਂ ਉਨ੍ਹਾਂ ਨੂੰ ਪਿਛਾਂਹ-ਖਿੱਚੂ ਅਤੇ ਅੰਧ-ਵਿਸ਼ਵਾਸ ਭਰਪੂਰ ਵਿਚਾਰਧਾਰਾ ਨੂੰ ਤਿਆਗਣ ਦੀ ਗੱਲ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ : ਧੁਰ ਕੀ ਬਾਣੀ ਕਿ ਸਾਹਿਤ

ਇਹ ਇਕ ਬੁਨਿਆਦੀ ਸੁਆਲ ਹੈ ਕਿ ਕੀ ਧਰਮ ਗ੍ਰੰਥ ਨੂੰ ਸਾਹਿਤ ਕਿਹਾ ਜਾਣਾ ਯੋਗ ਹੈ? ਇਹ ਪ੍ਰਸ਼ਨ *ਗੁਰੂ ਗ੍ਰੰਥ ਸਾਹਿਬ* ਬਾਰੇ ਵੀ ਕੀਤਾ ਜਾਂਦਾ ਹੈ। *ਗੁਰੂ ਗ੍ਰੰਥ ਸਾਹਿਬ* ਨੂੰ ਸਾਹਿਤ ਮੰਨ ਕੇ, ਉਸਦਾ ਸਾਹਿਤਕ ਅਧਿਐਨ ਕਰਨ ਦੀ ਅਮੀਰ ਪਰੰਪਰਾ ਦੇਖੀ ਜਾ ਸਕਦੀ ਹੈ। ਵਿਸ਼ੇਸ਼ ਕਰਕੇ ਯੂਨੀਵਰਸਿਟੀਆਂ ਵਿਚਲੇ ਪੰਜਾਬੀ ਅਤੇ ਹਿੰਦੀ ਭਾਸ਼ਾ ਨਾਲ ਸੰਬੰਧਿਤ ਵਿਭਾਗਾਂ ਵਿਚ *ਗੁਰੂ ਗ੍ਰੰਥ ਸਾਹਿਬ*

ਦੇ ਸਾਹਿਤਕ ਪੱਖਾਂ ਨੂੰ ਲੈ ਕੇ ਕਈ ਖੋਜ-ਪ੍ਰਬੰਧ ਲਿਖੇ ਜਾ ਚੁੱਕੇ ਹਨ। ਇਸਲਾਮੀ ਜਗਤ ਤੋਂ ਉਲਟ ਸਿੱਖ ਜਗਤ ਨੇ ਇਸ ਤਰ੍ਹਾਂ ਦੇ ਖੋਜ-ਕਾਰਜ ਨੂੰ ਕਦੇ 'ਕਾਫ਼ਰਾਨਾ' ਕੰਮ ਤਾਂ ਨਹੀਂ ਕਿਹਾ। ਭਾਵੇਂ ਕਿ ਗੁਰਬਾਣੀ ਵਿਚ ਕੁਝ ਹਵਾਲੇ ਬਾਣੀ ਨੂੰ 'ਇਲਹਾਮ' ਦੱਸਣ ਵਾਲੇ ਮੌਜੂਦ ਹਨ; ਪਰ ਗੁਰੂ ਨਾਨਕ ਸਾਹਿਬ ਖ਼ੁਦ ਨੂੰ 'ਸ਼ਾਇਰ' ਵੀ ਅਖਵਾਉਂਦੇ ਹਨ।[20] ਜੇ ਬਾਣੀ ਨੂੰ 'ਇਲਹਾਮ' ਦੇ ਰੂਪ ਵਿਚ ਹੀ ਸਵੀਕਾਰ ਕਰਨਾ ਹੋਵੇ ਤਾਂ ਇਸ ਨੂੰ *ਕੁਰਾਨ* ਵਰਗੇ ਜਾਂ *ਗੀਤਾ* ਵਰਗੇ ਇਲਹਾਮ ਤੋਂ ਵੱਖ ਕਰਨਾ ਪਵੇਗਾ। ਇਥੇ ਨਾ ਕੋਈ ਫ਼ਰਿਸ਼ਤਾ ਹੈ ਅਤੇ ਨਾ ਭਗਵਾਨ ਖ਼ੁਦ ਉਪਦੇਸ਼ ਦੇ ਰਹੇ ਹਨ। ਇਥੇ ਤਾਂ ਪੈਂਤੀ ਮਹਾਂਪੁਰਸ਼ ਸਰਬੱਤ ਦੇ ਭਲੇ ਦੀ ਗੱਲ ਕਰਦੇ ਹਨ। ਪਰ, ਗੁਰਬਾਣੀ ਦੀ ਇਸ ਪੰਕਤੀ:

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰੁ ॥[21]

ਨੂੰ ਆਧਾਰ ਬਣਾ ਕੇ, *ਗੁਰੂ ਗ੍ਰੰਥ ਸਾਹਿਬ* ਨੂੰ ਕੇਵਲ ਸਾਹਿਤਕ ਮਿਆਰਾਂ ਨਾਲ ਵਾਚਣ ਨੂੰ ਉਚਿਤ ਨਹੀਂ ਮੰਨਿਆ ਜਾ ਸਕਦਾ। ਕੀ ਗੁਰਬਾਣੀ ਵਿਚ ਸਾਹਿਤਕ ਮਿਆਰਾਂ ਦੀ ਪਾਲਣਾ ਕੀਤੀ ਗਈ ਹੈ? ਭਾਵੇਂ ਕਿ ਪੰਜਾਬੀ ਕਾਵਿ-ਰੂਪਾਂ ਦੀ ਹੋਈ ਵਰਤੋਂ ਕਾਰਨ ਗੁਰਬਾਣੀ ਨੂੰ ਵੀ 'ਗੁਰਮਤ ਕਾਵਿ' ਕਿਹਾ ਜਾਂਦਾ ਹੈ। ਪਰ ਸੱਚ ਇਹ ਹੈ ਕਿ ਗੁਰਬਾਣੀ ਕਿਸੇ ਵੀ ਸਾਹਿਤਕ ਨਿਯਮ ਦੀ ਗੁਲਾਮੀ ਸਵੀਕਾਰ ਨਹੀਂ ਕਰਦੀ। ਗੁਰਬਾਣੀ ਸਧਾਰਣ ਸਾਹਿਤ ਨਹੀਂ। ਉਦਾਹਰਣ ਵਜੋਂ ਪਰੰਪਰਾਗਤ ਪੰਜਾਬੀ ਵਾਰਾਂ ਵਿਚ ਕੇਵਲ ਪਉੜੀਆਂ ਹੀ ਹੁੰਦੀਆਂ ਹਨ। ਜਦੋਂ ਕਿ ਗੁਰਬਾਣੀ ਵਿਚ ਦਰਜ਼ ਵਾਰਾਂ ਵਿਚ ਪਉੜੀਆਂ ਦੇ ਨਾਲ ਸ਼ਲੋਕ ਵੀ ਜੋੜ ਦਿੱਤੇ ਗਏ ਹਨ। ਇਸੇ ਤਰ੍ਹਾਂ ਅਸ਼ਟਪਦੀ ਵਿਚ ਅੱਠ ਪਦੇ ਹੀ ਹੋਣੇ ਚਾਹੀਦੇ ਹਨ। ਪਰ ਗੁਰਬਾਣੀ ਵਿਚਲੀ ਇਕ ਅਸ਼ਟਪਦੀ ਵਿਚ ਚੌਂਤੀ ਪਦੇ ਵੀ ਹਨ।[22] ਸਪੱਸ਼ਟ ਹੈ ਕਿ ਗੁਰਬਾਣੀ ਸਾਹਿਤਕ ਨਿਯਮਾਂ ਦਾ ਅਨੁਸਰਨ ਨਹੀਂ ਕਰਦੀ। ਇਹੀ ਉਹ ਚੀਜ਼ ਹੈ ਜੋ ਗੁਰਬਾਣੀ ਨੂੰ ਸਾਹਿਤ ਨਾਲੋਂ ਨਿਖੇੜਦੀ ਪ੍ਰਤੀਤ ਹੁੰਦੀ ਹੈ। ਇਹੀ ਕਾਰਨ ਹੈ ਕਿ ਗੁਰਬਾਣੀ ਦਾ ਸਾਹਿਤਕ ਵਿਸ਼ਲੇਸ਼ਣ ਕਰਨਾ ਉਚਿੱਤ ਨਹੀਂ ਮੰਨਿਆ ਜਾਂਦਾ।

ਪਰ ਗੁਰਬਾਣੀ ਨੂੰ ਪਰਲੋਕ ਦੀ ਕੋਈ ਵਸਤੂ ਮੰਨ ਲੈਣਾ ਵੀ ਠੀਕ ਨਹੀਂ। ਆਖ਼ਿਰ! ਗੁਰਬਾਣੀ ਮਨੁੱਖ ਦੇ ਕਲਿਆਣ ਲਈ ਹੈ। ਇਹ ਮੌਤ ਉਪਰੰਤ ਕੰਮ ਤਾਂ ਪਤਾ ਨਹੀਂ ਆਉਂਦੀ ਹੈ ਕਿ ਨਹੀਂ, ਪਰ ਇਸ ਜੀਵਨ ਵਿਚ ਇਹ ਬਹੁਤ ਕੰਮ ਆਉਣ ਵਾਲੀ ਚੀਜ਼ ਹੈ।

ਪੰਜਾਬੀ ਦੇ ਕਈ ਟਟਪੂੰਜੀਏ ਵਿਦਵਾਨ ਗੁਰਬਾਣੀ ਅਧਿਐਨ ਦੇ ਮਾਪਦੰਡ ਅਤੇ ਮਾਡਲ ਸਿਰਜਣ ਲਈ ਤਰਲੋਮੱਛੀ ਹੁੰਦੇ ਆਏ ਹਨ। ਪਰ ਉਨ੍ਹਾਂ ਦੇ ਯਤਨ ਕੁਲ ਮਿਲਾ ਕੇ ਅਸਫਲ ਹੀ ਕਹੇ ਜਾਣਗੇ। ਉਹ ਕੋਈ ਵੀ ਸਰਬ-ਪ੍ਰਵਾਨਿਤ ਮਾਡਲ ਨਹੀਂ ਸਿਰਜ ਸਕੇ।

ਅਧਿਆਤਮਵਾਦ ਕਿ ਸਮਾਜਿਕ-ਨੈਤਿਕ ਵਿਚਾਰਧਾਰਾ

ਇਸ ਪ੍ਰਸ਼ਨ ਨੇ ਵੀ ਗੁਰਬਾਣੀ ਦੀ ਵਿਆਖਿਆ ਨੂੰ ਪ੍ਰਭਾਵਿਤ ਕਰਨਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਅਧਿਆਤਮਵਾਦੀ ਗ੍ਰੰਥ ਹੈ ਜਾਂ ਨੈਤਿਕ ਸਿੱਖਿਆਵਾਂ ਦਾ ਹੀ ਭੰਡਾਰ ਹੈ? ਅਜੋਕੇ ਪਾਠਕ ਲਈ ਇਹ ਵੱਖ-ਵੱਖ ਵਿਚਾਰ ਹੋ ਸਕਦੇ ਹਨ। ਅਧਿਆਤਮਵਾਦ ਪਾਰਲੌਕਿਕ ਹੁੰਦਾ ਹੈ। ਗੁਰਬਾਣੀ 'ਧੁਰ ਕੀ ਬਾਣੀ' ਹੈ, 'ਖਸਮ ਕੀ ਬਾਣੀ' ਹੈ ਤਾਂ ਇਸ ਵਿਚ ਰੱਬ ਦੀ, ਨਾਮ ਦੀ, ਮੁਕਤੀ ਭਾਵ ਰੱਬ ਨੂੰ ਮਿਲਣ ਦੀ ਹੀ ਗੱਲ ਕੀਤੀ ਗਈ ਹੈ। ਜਿਹੜਾ ਤਾਂ ਅਧਿਆਤਮਵਾਦੀ ਹੈ, ਉਸ ਲਈ ਤਾਂ ਇਹ ਅਮੁੱਲ ਸੌਗਾਤ ਹੈ, ਪਰ ਜਿਹੜਾ ਸੰਸਾਰੀ ਮਨੁੱਖ ਹੈ ਉਸ ਲਈ ਇਨ੍ਹਾਂ ਚੀਜ਼ਾਂ ਦਾ ਉਹ ਮਹੱਤਵ ਨਹੀਂ। ਦੁਨਿਆਵੀ ਮਨੁੱਖ ਲਈ ਸਮਾਜ, ਰਿਸ਼ਤੇਦਾਰ, ਪਰਿਵਾਰ, ਧਨ-ਜਾਇਦਾਦ, ਲਾਭ-ਹਾਣ ਦਾ ਮਹੱਤਵ ਵਧੇਰੇ ਹੁੰਦਾ ਹੈ। ਅਸੀਂ ਜਾਣਦੇ ਹਾਂ ਕਿ ਹਮੇਸ਼ਾਂ ਦੁਨਿਆਵੀ ਮਨੁੱਖਾਂ ਦੀ ਗਿਣਤੀ ਅਧਿਆਤਮਵਾਦੀਆਂ ਦੇ ਮੁਕਾਬਲੇ ਵਧੇਰੇ ਰਹੀ। ਇਹ ਵੀ ਵੇਖਿਆ ਗਿਆ ਹੈ ਕਿ ਵਧੇਰੇ ਅਧਿਆਤਮਵਾਦੀ ਵੀ ਅਖੀਰ 'ਸੁੱਖ' ਪ੍ਰਾਪਤ ਕਰਨ ਦੇ ਮਨੋਰਥ ਨਾਲ ਹੀ ਅਧਿਆਤਮਵਾਦ ਦੇ ਰਾਹ ਤੁਰਦੇ ਹਨ। ਮੈਂ ਅਜਿਹਾ ਕੋਈ ਅਧਿਆਤਮਵਾਦੀ ਨਹੀਂ ਦੇਖਿਆ ਜਿਸਨੇ ਦੁਨਿਆਵੀ ਮਹੱਤਵ ਦੀਆਂ ਚੀਜ਼ਾਂ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ ਹੋਵੇ। ਅਖ਼ੀਰ ਪਦਾਰਥ ਨੂੰ ਸੱਚ ਮੰਨਣਾ ਹੀ ਪੈਂਦਾ ਹੈ। ਗੁਰਮਤ ਨੇ ਅਧਿਆਤਮ ਅਤੇ ਜਗਤ ਨੂੰ ਵੱਖ ਵੱਖ ਕੀਤਾ ਹੀ ਨਹੀਂ। ਇਹ ਦੋਵੇਂ ਇਕ ਹੀ ਸਿੱਕੇ ਦੇ ਦੋ ਪਾਸੇ ਹਨ। ਗੁਰਬਾਣੀ ਨੂੰ ਨਿਰੋਲ ਅਧਿਆਤਮਵਾਦ ਮੰਨ ਲੈਣਾ ਪੂਰੀ ਤਰ੍ਹਾਂ ਗ਼ਲਤ ਹੈ। ਗੁਰਬਾਣੀ ਨੇ ਜਿਸ ਸਿੱਖ ਇਤਿਹਾਸ ਦੀ ਘਾੜਤ ਘੜੀ ਹੈ, ਉਸਨੂੰ ਸਾਹਮਣੇ ਰੱਖ ਕੇ ਕੀਤੀ ਗੁਰਬਾਣੀ ਵਿਆਖਿਆ ਹੀ ਸਹੀ ਹੋਵੇਗੀ। ਕੀ ਗੁਰੂ ਸਾਹਿਬਾਨ ਜੋ ਬਾਣੀ ਦੇ ਰਚਣਹਾਰੇ ਸਨ, ਨੇ ਆਪਣਾ ਜੀਵਨ ਸਮਾਜ ਦੇ ਭਲੇ ਲਈ, ਬੁਰਾਈ ਵਿਰੁੱਧ ਜੂਝਦਿਆਂ ਨਹੀਂ ਬਤੀਤ ਕੀਤਾ? ਸਿੱਖ ਰੂਹਾਨੀਅਤ ਵਿਚ ਸੰਘਰਸ਼, ਸ਼ਹੀਦੀ, ਜ਼ਾਲਮ ਨੂੰ ਸੋਧਣਾ ਉਹ ਵਿਲੱਖਣ ਲੱਛਣ ਹਨ ਜੋ ਉਸਨੂੰ ਝੂਠੀ ਰੂਹਾਨੀਅਤ ਤੋਂ ਨਿਖੇੜਦੇ ਹਨ।

ਗੁਰਬਾਣੀ ਹਰੇਕ ਵਿਅਕਤੀ ਤੋਂ ਆਸ ਕਰਦੀ ਹੈ ਕਿ ਉਹ ਨੇਕ ਇਨਸਾਨ ਬਣੇ। ਸਿੱਖੀ ਨੈਤਿਕਤਾ ਦਾ ਪਾਠ ਪੜ੍ਹਾਉਂਦੀ ਹੈ। ਗੁਰਬਾਣੀ ਅਨੁਸਾਰ ਸੱਚ, ਸੰਤੋਖ, ਦਯਾ, ਸੇਵਾ, ਪ੍ਰੇਮ, ਪਰਉਪਕਾਰ, ਕੁਰਬਾਨੀ, ਬਹਾਦਰੀ, ਕਿਰਤ ਕਰਨੀ, ਵੰਡ ਛਕਣ ਦੇ ਗੁਣ ਧਾਰਨ ਕਰਨੇ ਹਨ ਅਤੇ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ), ਈਰਖਾ, ਨਿੰਦਾ-ਚੁਗਲੀ, ਚੋਰੀ-ਯਾਰੀ, ਰਿਸ਼ਵਤਖ਼ੋਰੀ ਦੇ ਔਗੁਣਾਂ ਦਾ ਤਿਆਗ ਕਰਨਾ ਹੈ। ਸਦਾਚਾਰ ਤੋਂ ਬਿਨਾਂ ਕਿਸੇ ਮਨੁੱਖ ਨੂੰ ਧਰਮੀ ਤਾਂ ਦੂਰ ਦੀ ਗੱਲ, ਇਨਸਾਨ ਵੀ ਨਹੀਂ ਮੰਨਿਆ ਜਾ ਸਕਦਾ।[23] ਸਪੱਸ਼ਟ ਹੈ ਕਿ *ਗੁਰੂ ਗ੍ਰੰਥ ਸਾਹਿਬ* ਸਮਾਜ ਦੀ ਅਜਿਹੀ ਕਲਪਨਾ ਕਰ ਰਹੇ ਹਨ ਜਿਸ ਵਿਚ ਸਾਰੇ ਮਨੁੱਖ ਚੰਗੇ ਮਨੁੱਖ ਬਣ ਜਾਣ। ਇਹ ਐਸਾ ਸੰਦੇਸ਼ ਹੈ ਜਿਸਦੀ ਲੋੜ ਹਰੇਕ ਮਨੁੱਖ ਨੂੰ

ਹੈ। ਗੁਰਬਾਣੀ ਦਾ ਇਹ ਪੱਖ ਵਧੇਰੇ ਸਾਰਥਿਕ ਅਤੇ ਲਾਭਕਾਰੀ ਹੈ। ਇਸ ਪੱਖ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਇਹੀ ਪੱਖ ਬਹੁਤ ਸ਼ਕਤੀਸ਼ਾਲੀ ਹੈ।

ਗੁਰੂ ਗ੍ਰੰਥ ਸਾਹਿਬ : ਸਰਲ ਜੀਵਨ ਜਾਚ ਜਾਂ ਗੂੜ੍ਹ ਫਲਸਫ਼ਾ

ਕਈ ਲੋਕ *ਗੁਰੂ ਗ੍ਰੰਥ ਸਾਹਿਬ* ਦੀ 'ਗੂੜ੍ਹ' ਫਿਲਾਸਫ਼ੀ ਦੀ ਗੱਲ ਕਰਦੇ ਹਨ। ਉਨ੍ਹਾਂ ਅਨੁਸਾਰ *ਗੁਰੂ ਗ੍ਰੰਥ ਸਾਹਿਬ* ਦੀ ਮਹਾਨਤਾ ਇਸੇ ਵਿਚ ਹੈ ਕਿ ਇਹ ਗੂੜ੍ਹ ਫਲਸਫ਼ੇ ਉਪਰ ਆਧਾਰਿਤ ਹੈ। ਯੂਨੀਵਰਸਿਟੀਆਂ ਦੇ ਕੁਝ ਵਿਦਵਾਨ ਤਾਂ ਇਹ ਵੀ ਕਹਿੰਦੇ ਹਨ ਕਿ ਫਲਸਫ਼ੇ ਨੂੰ ਸਮਝੇ ਬਿਨਾਂ ਬਾਣੀ ਨੂੰ ਸਮਝਣਾ ਸੰਭਵ ਨਹੀਂ। ਫਲਸਫ਼ੇ ਤੋਂ ਭਾਵ ਭਾਰਤੀ ਅਤੇ ਪੱਛਮੀ ਦਰਸ਼ਨ ਹੈ। ਪਹਿਲਾਂ 10-20 ਸਾਲ ਫਲਸਫ਼ਾ ਪੜ੍ਹੋ ਅਤੇ ਫਿਰ ਗੁਰਬਾਣੀ ? ਇਉਂ ਕਹਿ ਕਿ ਉਹ ਆਪਣੀ ਦੁਕਾਨਦਾਰੀ ਹੀ ਵਧਾਉਂਦੇ ਹਨ। ਸੱਚ ਇਹ ਹੈ ਕਿ ਗੁਰਬਾਣੀ ਦੀ ਆਪਣੀ ਵਿਚਾਰਧਾਰਾ ਅਤੇ ਫਲਸਫ਼ਾ ਤਾਂ ਹੈ, ਪਰ ਇਹ ਕੋਈ ਦਰਸ਼ਨ-ਸ਼ਾਸਤਰ ਦੀ ਪੋਥੀ ਨਹੀਂ। ਬਲਕਿ ਗੁਰਬਾਣੀ 'ਚੁੰਚ ਗਿਆਨ', 'ਥੋਥੇ ਪੰਡਿਤ' ਅਤੇ 'ਕਿਤਾਬੀ ਕੀੜਿਆਂ', ਦੀ ਸਖ਼ਤ ਨਿੰਦਾ ਕਰਦੀ ਹੈ।[24] ਇਹ ਅਖੌਤੀ ਵਿਦਵਾਨਾਂ ਦੀ ਸ਼੍ਰੇਣੀ ਸਮਾਜ ਦੇ ਕਿਸੇ ਕੰਮ ਆਉਣ ਦੀ ਥਾਂ, ਵਾਲ ਦੀ ਖੱਲ ਲਾਹੁਣ ਤੀਕ ਹੀ ਸੀਮਤ ਰਹਿੰਦੀ ਹੈ। ਗਰਬਾਣੀ ਨੇ ਫਲਸਫ਼ੇ ਦੇ ਕੁਝ ਬੁਨਿਆਦੀ ਪ੍ਰਸ਼ਨਾਂ ਬਾਰੇ ਬਹੁਤ ਹੀ ਮੌਲਿਕ ਵਿਚਾਰਧਾਰਾ ਪੇਸ਼ ਕਰਕੇ, ਤਕਨੀਕੀ ਫਲਸਫ਼ੇ ਤੋਂ ਆਪਣਾ ਸੰਬੰਧ ਤੋੜ ਲਿਆ। ਉਦਾਹਰਣ ਲਈ ਸ੍ਰਿਸ਼ਟੀ ਰਚਨਾ ਬਾਰੇ ਗੁਰਬਾਣੀ ਦੇ ਵਿਚਾਰ ਪਰੰਪਰਾਵਾਦੀ ਫਲਸਫ਼ੇ ਤੋਂ ਇਸ ਕਰਕੇ ਵਿਲੱਖਣ ਹਨ ਕਿ ਗੁਰਬਾਣੀ ਇਸ ਵਿਸ਼ੇ ਨੂੰ 'ਫਜ਼ੂਲ' ਮੰਨਦੀ ਹੈ।[25] ਸ੍ਰਿਸ਼ਟੀ ਜਾਂ ਬ੍ਰਹਿਮੰਡ ਹੋਂਦ ਵਿਚ ਆ ਚੁੱਕੇ ਹਨ ਤਾਂ ਇਸ ਬਾਰੇ ਵਿਚਾਰ ਕਰਨਾ ਕਿ ਇਹ ਕਦੋਂ ਰਚੀ, ਕਿਵੇਂ ਰਚੀ ਗਈ ਦਾ ਕੋਈ ਲਾਭ ਨਹੀਂ। ਗੁਰਬਾਣੀ ਇਹ ਸੇਧ ਦਿੰਦੀ ਹੈ ਕਿ ਸਾਨੂੰ ਅਜਿਹੀ ਜੀਵਨ ਜਾਚ ਅਪਣਾਉਣੀ ਚਾਹੀਦੀ ਹੈ ਜਿਸ ਨਾਲ ਜੀਵਨ ਆਨੰਦਮਈ ਹੋ ਸਕੇ। ਫਜ਼ੂਲ ਦੇ ਵਿਸ਼ਿਆਂ ਵਿਚ ਦਾਰਸ਼ਨਿਕ ਅਤੇ ਵਿਗਿਆਨੀ ਵੀ ਸਮਾਂ ਅਤੇ ਧਨ ਜਾਇਆ ਕਰਦੇ ਰਹਿੰਦੇ ਹਨ। ਕੀ ਅਰਬਾਂ ਡਾਲਰ ਖਰਚ ਕੇ ਡਾਇਨਾਸੋਰਾਂ ਬਾਰੇ ਖੋਜ ਕਰਨ/ਕਰਾਉਣ ਨਾਲੋਂ ਬਿਹਤਰ ਇਹ ਨਹੀਂ ਹੈ ਕਿ ਇਸ ਪੈਸੇ ਨਾਲ ਬਿਮਾਰੀ, ਅਨਪੜ੍ਹਤਾ ਅਤੇ ਗ਼ਰੀਬੀ ਵਿਰੁੱਧ ਜੂਝਿਆ ਜਾਵੇ ? ਗੁਰਬਾਣੀ ਕੋਈ ਤਕਨੀਕੀ ਦਰਸ਼ਨ ਸ਼ਾਸਤਰ ਨਹੀਂ। ਪਰ ਇਸਦਾ ਬਹੁਤ ਹੀ ਸ਼ਕਤੀਸ਼ਾਲੀ ਦਰਸ਼ਨ ਹੈ।

ਦਰਸ਼ਨ ਦੀਆਂ ਅਨੇਕਾਂ ਸ਼ਾਖਾਵਾਂ ਹਨ। ਕਈ ਦਰਸ਼ਨ ਧਾਰਾਵਾਂ ਵਿਚ ਕੁਝ ਸਾਂਝਾਂ ਜਾਂ ਵਿਰੋਧ ਵੀ ਹਨ। ਪਰ ਹਰ ਦਰਸ਼ਨਧਾਰਾ ਆਪਣੇ ਦਾਇਰੇ ਵਿਚ ਕੁਝ ਵਿਸ਼ੇਸ਼ ਮਹੱਤਾ ਰੱਖਦੀ ਹੈ। ਸਿੱਖ ਦਰਸ਼ਨ ਭਾਰਤੀ ਹੁੰਦਾ ਹੋਇਆ ਵੀ, ਭਾਰਤੀ ਦਰਸ਼ਨ ਦਾ ਹਿੱਸਾ ਨਹੀਂ। ਸਿੱਖ ਦਰਸ਼ਨ ਅਤੇ ਭਾਰਤੀ ਦਰਸ਼ਨ ਦੀਆਂ ਕੁਝ ਭੁਲੇਖਾ ਪਾਊ ਅਤੇ ਸਤਹੀ ਸਾਂਝਾਂ ਵੇਖ ਕੇ ਇਹ ਸਿੱਟਾ ਕੱਢਣਾ ਯੋਗ ਨਹੀਂ ਕਿ ਸਿੱਖ

ਦਰਸ਼ਨ ਦਾ ਆਧਾਰ ਭਾਰਤੀ ਦਰਸ਼ਨ ਹੈ।

ਇਨ੍ਹਾਂ ਦੋਹਾਂ ਵਿਚ ਵੱਡਾ ਫ਼ਰਕ ਇਹ ਹੈ ਕਿ ਸਿੱਖ ਦਰਸ਼ਨ ਵਿਹਾਰ ਦਾ ਦਰਸ਼ਨ ਹੈ। ਇਥੇ ਨੈਤਿਕਤਾ ਅਤੇ ਕਦਰਾਂ-ਕੀਮਤਾਂ ਧਾਰਨ ਕਰਨ ਉਪਰ ਬਲ ਦਿੱਤਾ ਗਿਆ ਹੈ। ਇਥੇ ਰੱਬ, ਸ੍ਰਿਸ਼ਟੀ ਰਚਨਾ, ਕਰਮ-ਸਿਧਾਂਤ ਅਤੇ ਮੁਕਤੀ ਆਦਿ ਵਿਸ਼ਿਆਂ ਬਾਰੇ ਜੋ ਪਹੁੰਚ ਅਪਣਾਈ ਗਈ ਹੈ, ਉਹ ਬੜੀ ਸਾਰਥਿਕ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੁਰਬਾਣੀ ਦਰਸ਼ਨਧਾਰਾ ਅਨੁਭਵ ਵਿਚੋਂ ਪ੍ਰਕਾਸ਼ਿਤ ਹੋਈ ਹੈ। ਇਹ ਕੇਵਲ ਦਿਮਾਗੀ ਕਸਰਤ ਜਾਂ ਕਲਪਨਾ ਵਿਚੋਂ ਜ਼ਬਰਦਸਤੀ ਕੱਢੀ ਧਾਰਾ ਨਹੀਂ। ਇਸ ਲਈ ਗੁਰੂ ਸਾਹਿਬਾਨ ਨੇ ਖ਼ੁਦ ਨੂੰ 'ਦਾਸ' ਆਦਿ ਨਿਮਰ-ਭਾਵ ਵਾਲਾ ਦੱਸ ਕੇ ਹੀ ਗੁਰਬਾਣੀ ਸਾਡੇ ਸਾਹਮਣੇ ਉਪਦੇਸ਼ ਰੂਪ ਵਿਚ ਪ੍ਰਸਤੁੱਤ ਕੀਤੀ ਹੈ। ਸੋ ਗੁਰਬਾਣੀ ਗਿਆਨਾਤਮਕ ਹੁੰਦੀ ਹੋਈ ਵੀ ਉਪਦੇਸ਼ਾਤਮਕ ਵਧੇਰੇ ਹੈ।

ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਗੁਰਬਾਣੀ ਦਰਸ਼ਨ ਮਨੁੱਖ ਲਈ ਹੈ। ਗੁਰਬਾਣੀ ਦਰਸ਼ਨ ਮਨੁੱਖ ਨੂੰ ਸਮਰਪਿਤ ਹੈ। ਇਸਦਾ ਪ੍ਰਧਾਨ ਵਿਸ਼ਾ ਮਨੁੱਖੀ ਖੁਸ਼ਹਾਲੀ ਜਾਂ ਮੁਕਤੀ ਹੈ। ਸ਼ਾਂਤੀ, ਭਾਈਚਾਰਾ ਅਤੇ ਸਦਭਾਵਨਾ ਦੀ ਸਥਾਈ ਸਥਾਪਨਾ ਕਰਨਾ ਗੁਰਬਾਣੀ ਦਾ ਇਕੋ-ਇਕ ਉਦੇਸ਼ ਹੈ। ਗੁਰਬਾਣੀ ਉਸੇ ਆਦਰਸ਼ ਦੀ ਗੱਲ ਕਰਦੀ ਹੈ, ਜਿਸਨੂੰ ਹਰੇਕ ਮਨੁੱਖ ਪ੍ਰਾਪਤ ਕਰ ਸਕਦਾ ਹੈ।

ਗੁਰਬਾਣੀ ਵਿਚੋਂ ਜਿਸ ਮਨੁੱਖ, ਜੀਵਨ-ਜਾਚ ਜਾਂ ਆਦਰਸ਼ ਦਾ ਜਨਮ ਹੋਇਆ, ਉਸਦੇ ਲੱਛਣ ਇਹ ਹਨ:

ੳ. ਗੁਰਬਾਣੀ ਦਾ ਮਨੁੱਖ ਗ੍ਰਿਹਸਤੀ ਅਤੇ ਕਿਰਤੀ ਹੈ।

ਅ. ਗੁਰਬਾਣੀ ਸਾਧਨਾ ਵਿਚ ਪ੍ਰਾਣਾਯਾਮ, ਯੋਗਮਤ ਅਤੇ ਵੇਦਾਂਤ ਦਾ ਕੋਈ ਮਹੱਤਵ ਨਹੀਂ।

ੲ. ਗੁਰਬਾਣੀ ਦਾ ਮਨੁੱਖ ਅੰਤਰਮੁਖਤਾ ਦੀ ਥਾਂ ਬਾਹਰਮੁਖਤਾ ਨੂੰ ਤਰਜ਼ੀਹ ਦਿੰਦਿਆਂ, ਸਮਾਜਿਕ ਕ੍ਰਿਆਵਾਂ ਵਿਚ ਹਿੱਸਾ ਲੈਂਦਾ ਹੈ।

ਸ. ਧਰਮਯੁੱਧ ਦਾ ਚਾਅ, ਸ਼ਹਾਦਤ, ਸੰਘਰਸ਼ ਅਤੇ ਸੇਵਾ ਸਿੱਖ ਨੂੰ ਗੁਰਬਾਣੀ ਵਿਚੋਂ ਮਿਲੇ ਦਰਸ਼ਨ ਦਾ ਹੀ ਸਿੱਟਾ ਹੈ।

ਹ. ਗੁਰਬਾਣੀ ਨਿੱਜੀ ਮੁਕਤੀ ਦੀ ਥਾਂ ਸਮਾਜਿਕ ਮੁਕਤੀ ਅਤੇ ਪਰਲੋਕ ਦੀ ਥਾਂ ਲੋਕ ਦੀ ਚਿੰਤਾ ਕਰਦੀ ਹੈ।

ਸੰਪੂਰਨ *ਗੁਰੂ ਗ੍ਰੰਥ ਸਾਹਿਬ* ਦੀ ਵਿਆਖਿਆ ਦੇ ਯਤਨ ਬਹੁਤ ਹੀ ਘੱਟ ਹੋਏ ਹਨ। ਜੇ ਅੰਗਰੇਜ਼ੀ ਅਤੇ ਹਿੰਦੀ ਦੇ ਤਰਜ਼ਮੇ ਵੀ ਗਿਣੀਏ ਤਾਂ ਇਨ੍ਹਾਂ ਦੀ ਗਿਣਤੀ ਦਰਜਨ ਤੋਂ ਬਹੁਤੀ ਅੱਗੇ ਨਹੀਂ ਜਾਂਦੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਿਥੇ ਕਿ *ਗੁਰੂ ਗ੍ਰੰਥ ਸਾਹਿਬ* ਦੇ ਅਧਿਐਨ ਦੇ ਬਕਾਇਦਾ ਵਿਭਾਗ ਹਨ, ਕੋਲ *ਗੁਰੂ ਗ੍ਰੰਥ ਸਾਹਿਬ* ਦੇ ਮੁਕੰਮਲ ਟੀਕੇ ਦੀ ਕੋਈ ਯੋਜਨਾ ਨਹੀਂ। ਇਨ੍ਹਾਂ ਸੰਸਥਾਵਾਂ ਨੇ ਆਪਣੇ ਆਪ ਨੂੰ ਵਿਆਖਿਆ

ਲਈ ਹਵਾਲਾ ਪੁਸਤਕਾਂ ਤਿਆਰ ਕਰਨ ਤੀਕ ਹੀ ਸੀਮਤ ਰੱਖਿਆ ਹੋਇਆ ਹੈ। ਜੇ ਵਿਆਖਿਆ ਵਿਚ ਆਈ ਖੜੋਤ ਟੁੱਟੀ ਨਾ ਤਾਂ *ਗੁਰੂ ਗ੍ਰੰਥ ਸਾਹਿਬ* ਦੀ ਵਿਚਾਰਧਾਰਾ ਓਪਰੀ ਲੱਗਣ ਲੱਗ ਜਾਵੇਗੀ।

ਗੁਰਬਾਣੀ ਵਿਆਖਿਆ ਦਾ ਵਿਰੋਧ

ਗੁਰਬਾਣੀ ਕੇ ਟੀਕਾ ਕਰਨੇ ਕੀ ਇਛਿਆ ਵਾਲੇ ਪੁਰਸ਼ੋਂ ਕੀ ਦਸ਼ਾ ਦੇਖ (੧) ਭਾਈ ਮਨੀ ਸਿੰਘ ਜੀ ਕੇ ਬੰਦ ਬੰਦ ਜੁਦੇ ਕੀਏ (੨) ਭਾਈ ਸੰਤਾ ਸਿੰਘ ਦਿਲਵਾਲੀ ਪੰਡਿਤ ਸੰਸਕ੍ਰਿਤ ਅਰਬੀ ਫ਼ਾਰਸੀ ਥਾ, ਉਸਦੀ ਜ਼ਬਾਨ ਮੇਂ ਗਲੀ ਹੋ ਗਈ (੩) ਭਾਈ ਗੁਰਮੁਖ ਸਿੰਘ ਗਯਾਨੀ ਕੀ ਦਸ਼ਾ ਤਵਾਰੀਖੋਂ ਸੇ ਜ਼ਾਹਰ ਹੈ, ਰਾਜੇ ਹੀਰਾ ਸਿੰਘ ਨੇ ਕੈਸੀ ਦੁਰਦਸ਼ਾ ਕਰ ਮਾਰਿਆ (੪) ਭਾਈ ਸਮੁੰਦ ਸਿੰਘ ਗਯਾਨੀ ਕੁਸ਼ਟੀ ਭਯਾ (੫) ਪੰਡਿਤ ਤਾਰਾ ਸਿੰਘ ਜੀ ਪਾਂਚ ਮਹੀਨੇ ਅਤਿ ਕਸ਼ਟ ਪਾ ਕੇ ਗੁਜ਼ਰੇ (੬) ਕਵੀ ਰਾਮ ਸਿੰਘ ਕ੍ਰਿਮ ਪੜ ਕੇ ਮਰਾ, (੭) ਅਰ ਰਾਜਾ ਫਰੀਦਕੋਟੀਏ ਆਦਿਕ ਅਨੇਕ ਪੁਰਖ ਲੱਧਾ ਸਿੰਘ ਜੈਸ ਪਾਖੰਡੀ ਮੰਗਤੇ ਉਦਤ ਹੋ ਰਹੇ ਹੈਂ। ਏਕ ਮਨੀ ਸਿੰਘ ਜੀ ਤੇ ਬਿਨਾ ਹੋਰ ਸਭ ਹਮਨੇ ਅਪਨੇ ਨੇਤ੍ਰੋਂ ਸੇ ਦੇਖੇ ਹੈਂ, ਪਰ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਬਾਨੀ ਕਾ ਆਜ ਤਕ ਕਿਸੀ ਸੇ ਨਹੀਂ ਬਨਾ ਔਰ ਨਾ ਹੀ ਬਨੇਗਾ, ਕਿਉਂਕਿ ਟੀਕਾ ਸੋ ਕਰੇ, ਜੋ ਗੁਰੂ ਸਾਹਿਬੋਂ ਸੇ ਅਧਕ ਅਨੁਭਵ ਬਿਦਿਆ ਕਰਨੇ ਵਾਲਾ ਹੋ।

—ਗਿਆਨੀ ਗਿਆਨ ਸਿੰਘ

ਹਵਾਲੇ ਅਤੇ ਟਿੱਪਣੀਆਂ

1. ਮੁਹਿੰਦਰਜੀਤ ਸਿੰਘ : *ਅਰਥਾਂ ਦੀ ਰਾਜਨੀਤੀ*, ਪੰਨਾ 123.
2. ਉਹੀ, ਪੰਨਾ 105.
3. *ਸਾਹਿੱਤ ਅਧਿਐਨ*, ਪੰਨਾ 89.
4. ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 23.
5. Ernest Trumpp : *The Adi Granth*, p. CXX.
6. ਦੇਖੋ, ਸੰਤ ਸਿੰਘ ਸੇਖੋਂ ਰਚਿਤ *ਪੰਜਾਬੀ ਕਾਵਿ ਸ਼ਿਰੋਮਣੀ*.
7. ਦੇਖੋ, ਕਿਸ਼ਨ ਸਿੰਘ ਰਚਿਤ *ਗੁਰਬਾਣੀ ਦਾ ਸੱਚ*.
8. ਦੇਖੋ, ਗੁਰਬਖ਼ਸ਼ ਸਿੰਘ ਰਚਿਤ *ਪਰਮ ਮਨੁੱਖ*.
9. *ਪੰਜਾਬੀ ਟ੍ਰਿਬਿਊਨ*, 1 ਦਸੰਬਰ, 2004
10. (ੳ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ 14-15 ਫ਼ਰਵਰੀ 2003 ਨੂੰ ਕਰਵਾਏ *ਮਾਰੂ ਸੋਲਹੇ : ਬਹੁਪੱਖੀ ਅਧਿਐਨ* ਵਿਸ਼ੇ ਉਪਰ ਸੈਮੀਨਾਰ ਮੌਕੇ ਪੜ੍ਹਿਆ ਇਕ ਪਰਚਾ।

    (ਅ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 1995 ਈ. ਵਿਚ ਕਰਵਾਏ 'ਵਿਸ਼ਵ ਸਿੱਖ ਸੰਮੇਲਨ' ਦੇ ਮੌਕੇ ਰਿਲੀਜ਼ ਸੋਵੀਨਰ ਦਾ ਪੰਨਾ 88-91 ਪੜ੍ਹੋ।
11. 'The Sukhmani and High Blood Pressure : Findings of a Clinical

Enquiry' (by Harcharan Singh) in *Journal of Sikh Studies*, p.62, Vol. VI, No. 1.

12. ਦੇਖੋ, ਡਾ. ਮਦਨਜੀਤ ਕੌਰ ਦਾ ਲੇਖ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਸਿਹਤ ਸੰਭਾਲ, ਰੋਗਾਂ ਦਾ ਕਾਰਨ ਅਤੇ ਨਿਧਾਨ', ਪੰਨਾ 28, ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਗੁਰੂ ਗ੍ਰੰਥ ਸਾਹਿਬ ਬਾਰੇ ਕਰਵਾਈ ਚੌਥੀ ਅੰਤਰ-ਰਾਸ਼ਟਰੀ ਕਾਨਫ਼ਰੰਸ ਦੀ ਪ੍ਰੋਸੀਡਿੰਗ ਵਿਚ ਛਪਿਆ ਸੀ।
13. ਸਭ ਮਹਿ ਜੋਤਿ ਜੋਤਿ ਹੈ ਸੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬੩)
14. ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ॥ (ਉਹੀ, ਪੰਨਾ ੧੨੮੫)
15. ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ॥ (ਉਹੀ, ਪੰਨਾ ੧੩)
16. ਹਿੰਦੂ ਮੂਲੇ ਭੂਲੇ ਅਖੁਟੀ ਜਾਹੀ॥....
ਪਾਥਰੁ ਲੇ ਪੂਜਹਿ ਮੁਗਧ ਗਵਾਰ॥ (ਉਹੀ, ਪੰਨਾ ੫੫੬)
17. ਮਨਮੁਖ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ (ਉਹੀ, ਪੰਨਾ ੬੦੪)
18. ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤਿ ਵਿਚਿ ਹੋਵੈ
ਏਹੁ ਦੋਖੈ ਤਪਾ ਦਯਿ ਮਾਰਿਆ॥ (ਉਹੀ, ਪੰਨਾ ੩੧੫)
19. ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥ (ਉਹੀ, ਪੰਨਾ ੪੬੬)
20. ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥ (ਉਹੀ, ਪੰਨਾ ੬੬੦)
21. ਉਹੀ, ਪੰਨਾ ੩੩੫
22. ਦੇਖੋ, ਗੁਰੂ ਗ੍ਰੰਥ ਸਾਹਿਬ ਦੇ ਪੰਨਾ ੭੫੫ ਉਪਰ ਮ: ੩ ਦੀ ਅਸਟਪਦੀ।
23. ਸਚਹੁ ਓਰੈ ਸਭੁ ਕੋ ਊਪਰਿ ਸਚੁ ਆਚਾਰੁ॥ (ਉਹੀ, ਪੰਨਾ ੬੨)
24. ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹੁ ਪਿਆਰੁ॥
ਅੰਤਰਿ ਬ੍ਰਹਮੁ ਨ ਚੀਨਈ ਖਨਿ ਮੂਰਖੁ ਗਾਵਾਰੁ॥ (ਉਹੀ, ਪੰਨਾ ੮੬)
25. ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ (ਉਹੀ, ਪੰਨਾ ੪)

7 ਗੁਰਬਾਣੀ ਗਾਇਣ

ਗੁਰੂ ਗ੍ਰੰਥ ਸਾਹਿਬ ਦੀ ਬਹੁਤੀ ਬਾਣੀ ਰਾਗਾਂ ਵਿਚ ਬੱਝੀ ਹੋਈ ਹੈ। ਗੁਰਬਾਣੀ ਦਾ ਸੰਗੀਤ ਸ਼ਾਸਤਰ ਬਿਲਕੁਲ ਨਿਆਰਾ ਹੈ। ਗੁਰਬਾਣੀ-ਸੰਗੀਤ ਦੀਆਂ ਕੁਝ ਵਿਸ਼ੇਸ਼ਤਾਈਆਂ ਹੇਠ ਲਿਖੇ ਅਨੁਸਾਰ ਹਨ :

1. ਇਥੇ ਨ੍ਰਿਤ ਤੇ ਤਾੜੀ ਦਾ ਕੋਈ ਸਥਾਨ ਨਹੀਂ।
2. ਰਾਗਾਂ ਵਿਚੋਂ ਕੇਵਲ 31 ਰਾਗ ਹੀ ਚੁਣੇ ਗਏ ਹਨ।
3. ਕੀਰਤਨ ਵਿਚ ਸ਼ਬਦ ਪ੍ਰਧਾਨ ਹੈ, ਨਾ ਕਿ ਰਾਗ, ਅਲਾਪ ਜਾਂ ਤਾਨਾਂ।
4. ਇਥੇ ਰਾਗਣੀ ਕੋਈ ਨਹੀਂ, ਸਭ ਰਾਗ ਹਨ।
5. 'ਰਹਾਉ' ਦੀ ਪੰਕਤੀ ਨੂੰ ਸਥਾਈ ਬਣਾਇਆ ਜਾਂਦਾ ਹੈ। ਕਿਉਂਕਿ ਸ਼ਬਦ ਦਾ ਕੇਂਦਰੀ ਭਾਵ ਰਹਾਉ ਦੀ ਪੰਕਤੀ ਵਿਚ ਹੀ ਹੁੰਦਾ ਹੈ।
6. ਪੜਤਾਲ ਤੇ ਖ਼ਿਆਲ ਗੁਰੂ-ਘਰ ਦੀ ਸੰਗੀਤ ਨੂੰ ਮਹਾਨ ਮੌਲਿਕ ਦੇਣ ਹੈ।
7. ਰਾਗਾਂ ਦੀਆਂ ਉੱਤਰੀ ਅਤੇ ਦੱਖਣੀ ਪੱਧਤੀਆਂ ਦੇ ਸੁਮੇਲ ਤੋਂ ਇਲਾਵਾ ਹਿੰਦੂਆਂ, ਜੋਗੀਆਂ ਅਤੇ ਮੁਸਲਮਾਨਾਂ ਦੇ ਲੋਕਪ੍ਰਿਅ ਰਾਗਾਂ ਨੂੰ ਇਥੇ ਅਪਣਾਅ ਕੇ ਸੰਗੀਤ ਨੂੰ ਇਲਾਕਾਵਾਦ ਅਤੇ ਫ਼ਿਰਕਾਪ੍ਰਸਤੀ ਦੀ ਤੰਗ-ਦੀਵਾਰ ਵਿਚੋਂ ਬਾਹਰ ਕੱਢਿਆ ਗਿਆ ਹੈ।

ਗੁਰੂ ਨਾਨਕ ਸਾਹਿਬ ਨੇ ਰਬਾਬ ਵਜਾਉਣ ਵਾਲੇ ਭਾਈ ਮਰਦਾਨੇ ਨੂੰ ਆਪਣੇ ਨਾਲ ਰੱਖਿਆ ਸੀ। ਉਸ ਵੇਲੇ ਤੋਂ ਹੀ ਸਿੱਖਾਂ ਵਿਚ ਗੁਰਬਾਣੀ ਗਾਇਣ ਨੂੰ ਮਹੱਤਾ ਦਿੱਤੀ ਜਾ ਰਹੀ ਹੈ। ਸਿੱਖਾਂ ਦੇ ਧਾਰਮਿਕ ਪ੍ਰੋਗਰਾਮ ਵਿਚ ਕੀਰਤਨ ਨੂੰ ਅੱਸੀ ਪ੍ਰਤੀਸ਼ਤ ਹਿੱਸਾ ਦਿੱਤਾ ਜਾ ਰਿਹਾ ਹੈ। ਪਰ *ਗੁਰੂ ਗ੍ਰੰਥ ਸਾਹਿਬ* ਵਿਚਲੇ ਇਕੱਤੀ ਰਾਗ ਗਾਉਣ 'ਚ ਮਾਹਿਰ ਰਾਗੀ ਕੋਈ ਨਹੀਂ। ਰਾਗੀ ਆਮ ਤੌਰ 'ਤੇ ਕੀਰਤਨ ਦੇ ਨਾਂ 'ਤੇ ਆਮ ਸੰਗਤ ਦਾ ਸ਼ੋਸ਼ਣ ਕਰ ਰਹੇ ਹਨ। ਗੁਰੂ ਦੀ ਗੋਲਕ ਦਾ ਵੱਡਾ ਹਿੱਸਾ ਕਾਰ-ਸੇਵਾ ਵਾਲੇ ਬਾਬੇ ਅਤੇ ਰਾਗੀਆਂ ਦੁਆਰਾ ਹੀ ਖਰਚ ਹੋ ਰਿਹਾ ਹੈ।

ਕੀਰਤਨ ਕੇਵਲ ਰਾਗਾਂ ਵਿਚ ਗਾਉਣ ਦਾ ਨਾਂ ਨਹੀਂ। ਇਹ ਗੱਲ ਸਮਝਣ ਵਾਲੀ ਹੈ ਕਿ ਕੀਰਤਨ ਤੋਂ ਭਾਵ 'ਕੀਰਤੀ ਕਰਨਾ'

ਹੈ। ਸ਼ਬਦ ਵਿਚਾਰ ਜਾਂ ਕਥਾ ਦੁਆਰਾ ਵੀ ਕੀਰਤੀ ਸੰਭਵ ਹੈ। ਸਾਨੂੰ ਹੇਠ ਲਿਖੀਆਂ ਦੋਵੇਂ ਪੰਕਤੀਆਂ ਨੂੰ ਜੋੜਨਾ ਪਵੇਗਾ:

ੳ. ਕਲਜੁਗ ਮਹਿ ਕੀਰਤਨ ਪ੍ਰਧਾਨਾ॥

ਅ. ਸਭਸੇ ਊਪਰਿ ਸਬਦਿ ਵੀਚਾਰਿ॥

ਕੀ ਅਸੀਂ ਕੀਰਤਨ ਦੇ ਪਰੰਪਰਾਵਾਦੀ ਅਤੇ ਸੀਮਤ ਅਰਥ ਅਪਣਾਅ ਕੇ ਸਿੱਖਾਂ ਨੂੰ ਢੋਲਕੀ, ਛੈਣੇ ਅਤੇ ਵਾਜੇ ਵਜਾਉਣ ਵਾਲੇ ਬਣਾਉਣਾ ਚਾਹੁੰਦੇ ਹਾਂ? ਕਈ ਪਰੰਪਰਾਵਾਦੀ ਰਾਗਾਂ ਦੇ ਸ਼ਾਸਤਰੀ ਨਿਯਮਾਂ ਨੂੰ ਸਖ਼ਤੀ ਨਾਲ ਅਪਨਾਉਣ ਦੀ ਗੱਲ ਕਰਦੇ ਹਨ। ਪਰ ਉਹ ਭੋਲੇ ਨਹੀਂ ਜਾਣਦੇ ਕਿ ਬਾਣੀ ਸਮੇਂ ਜਾਂ ਸਥਾਨ ਦੀ ਗ਼ੁਲਾਮ ਨਹੀਂ। ਕੋਈ ਵੀ ਬਾਣੀ ਕਦੇ ਵੀ ਅਤੇ ਕਿਤੇ ਵੀ ਪੜ੍ਹੀ ਜਾਂ ਗਾਈ ਜਾ ਸਕਦੀ ਹੈ। ਇਹ ਕਹਿਣਾ ਕਿ ਰਾਗਾਂ ਦੇ ਗਾਉਣ ਦਾ ਸਮਾਂ ਨਿਰਧਾਰਤ ਹੈ, ਬਾਣੀ ਨੂੰ ਸਮੇਂ ਵਿਚ ਬੰਨ੍ਹਣ ਦਾ ਯਤਨ ਹੈ। ਗੁਰੂ ਦੇ ਉਪਦੇਸ਼ ਲਈ ਸਭ ਤੋਂ ਮਹੱਤਵਪੂਰਨ ਸਾਧਨ ਗੁਰਬਾਣੀ ਦੀ ਕਥਾ ਹੈ। ਕਥਾ ਦੁਆਰਾ ਜਨ-ਸਾਧਾਰਣ ਨੂੰ ਗੁਰਮਤ ਦੀ ਸੋਝੀ ਹੋ ਸਕਦੀ ਹੈ। ਪਰ ਅਖੌਤੀ ਰਾਗੀਆਂ ਦਾ ਗਾਇਣ ਕੇਵਲ ਕੰਨ-ਰਸ ਪ੍ਰਦਾਨ ਕਰ ਰਿਹਾ ਹੈ। ਗੁਰਬਾਣੀ ਗਾਇਣ, ਪ੍ਰਚਾਰ ਦਾ ਪ੍ਰਭਾਵਸ਼ਾਲੀ ਸਾਧਨ ਨਹੀਂ ਰਿਹਾ। ਕੀ ਅਸੀਂ ਦੇਖਦੇ ਨਹੀਂ ਕਿ ਮਲਵਈ ਸਾਧਾਂ ਨੇ ਬਾਣੀ ਨੂੰ ਤੋੜ-ਮੋੜ ਕੇ ਸਰਲ ਤੁਕ-ਬੰਦੀ ਗਾ ਗਾ ਕੇ, ਆਪਣੀ ਪੈਠ ਬਣਾ ਲਈ ਹੈ? ਭਾਵੇਂ ਕਿ ਪੰਥਕ ਜਥੇਬੰਦੀਆਂ ਇਨ੍ਹਾਂ ਦੀ ਜੰਮ ਕੇ ਨਿਖੇਧੀ ਕਰਦੀਆਂ ਹਨ, ਪਰ ਸੱਚ ਇਹ ਹੈ ਕਿ ਸ਼ਾਸਤਰੀ ਰਾਗਾਂ ਵਿਚ ਨਿਰੋਲ ਗੁਰਬਾਣੀ ਗਾਇਣ ਸੰਗਤ ਵਿਚ ਪ੍ਰਵਾਨ ਨਹੀਂ ਚੜ੍ਹ ਰਿਹਾ। ਸਾਨੂੰ ਗੁਰਮਤ ਸਮਾਗਮਾਂ ਵਿਚ ਕੀਰਤਨ ਦੀ ਥਾਂ ਗੁਰਮਤ ਅਤੇ ਗੁਰਬਾਣੀ ਵਿਚਾਰ ਨੂੰ ਵਧੇਰੇ ਸਮਾਂ ਦੇਣਾ ਪਵੇਗਾ। ਪੰਜਾਬ ਵਿਚ ਪਨਪ ਰਹੇ ਦੇਹਧਾਰੀ ਗੁਰੂਆਂ ਦੇ ਪ੍ਰਚਾਰ ਵਿਚ ਗਾਇਣ ਦੀ ਥਾਂ ਵਿਚਾਰ-ਚਰਚਾ ਹੀ ਪ੍ਰਧਾਨ ਹੈ। ਗੁਰਬਾਣੀ ਗਾਇਣ ਆਤਮਿਕ ਸ਼ਾਂਤੀ ਤਾਂ ਪ੍ਰਦਾਨ ਕਰਦਾ ਹੈ, ਪਰ ਇਸ ਦੁਆਰਾ ਗੁਰ ਉਪਦੇਸ਼ ਦਾ ਪ੍ਰਚਾਰ ਹੁੰਦਾ ਨਹੀਂ ਜਾਪਦਾ।

ਪੰਜਾਬ ਦੇ ਧਾਰਮਿਕ ਵਾਤਾਵਰਣ ਵਿਚ ਕੀਰਤਨ ਦਰਬਾਰਾਂ ਦਾ ਕਾਫ਼ੀ ਬੋਲਬਾਲਾ ਰਿਹਾ ਹੈ। ਪਰ ਸਿੱਖ ਜਗਤ ਵਿਚ ਕੀਰਤਨ ਦਰਬਾਰਾਂ ਦਾ ਪ੍ਰਚਲਨ ਵੀਹਵੀਂ ਸਦੀ ਦੇ ਸਤਵੇਂ ਦਹਾਕੇ ਤੋਂ ਹੀ ਆਰੰਭ ਹੋਇਆ। ਇਸ ਤੋਂ ਪਹਿਲਾਂ ਗੁਰਦੁਆਰਿਆਂ ਵਿਚ ਕਵੀ ਦਰਬਾਰ ਸਜਦੇ ਸਨ। ਕਵੀ ਦਰਬਾਰਾਂ ਰਾਹੀਂ ਗੁਰੂ-ਮਹਿਮਾ ਦੀ ਚਰਚਾ ਹੁੰਦੀ ਸੀ। ਢਾਡੀ ਜਥੇ ਅਤੇ ਕਵੀਸ਼ਰੀ ਜਥੇ ਗੁਰ-ਇਤਿਹਾਸ ਸਰਵਣ ਕਰਾਉਂਦੇ ਅਤੇ ਗੁਰੂ-ਸਿਧਾਂਤ ਦ੍ਰਿੜ ਕਰਾਉਂਦੇ ਸਨ। ਕੀ ਉਸ ਸਮੇਂ ਸਿੱਖ ਧਾਰਮਿਕ ਤੌਰ 'ਤੇ ਅਜੋਕੇ ਸਿੱਖਾਂ ਤੋਂ ਵਧੇਰੇ ਮਜ਼ਬੂਤ ਨਹੀਂ ਸਨ? ਕੀਰਤਨ ਦਰਬਾਰ ਕੁਝ ਰਾਗੀਆਂ ਨੂੰ ਕਰੋੜਾਂਪਤੀ ਤਾਂ ਬਣਾ ਰਹੇ ਹਨ, ਪਰ ਕੌਮ ਦਾ ਧਾਰਮਿਕ ਦਿਵਾਲਾ ਕੱਢਣ ਵਾਲੇ ਸਿੱਧ ਹੋਏ ਹਨ। ਕੌਮ ਨੂੰ ਪ੍ਰਚਾਰ ਦੇ ਖੇਤਰ ਵਿਚ ਹੋਈ ਇਸ ਭੁੱਲ ਨੂੰ ਦੂਰ ਕਰਨ ਬਾਰੇ ਪੁਨਰ ਵਿਚਾਰ ਦੀ ਲੋੜ ਹੈ।

8

ਗੁਰਬਾਣੀ ਦਾ ਲਿਪੀਅੰਤਰ

ਗੁਰੂ ਗ੍ਰੰਥ ਸਾਹਿਬ ਦੇ ਪਾਠ ਨੂੰ ਗ਼ੈਰ-ਪੰਜਾਬੀ ਭਾਸ਼ਾਈ ਲੋਕਾਂ ਲਈ ਉਪਲਬਧ ਕਰਾਉਣ ਦੇ ਦੋ ਢੰਗ ਹਨ—ਲਿਪੀਅੰਤਰ ਅਤੇ ਅਨੁਵਾਦ। ਜੇ *ਗੁਰੂ ਗ੍ਰੰਥ ਸਾਹਿਬ* ਦੀ ਵਿਚਾਰਧਾਰਾ ਨੂੰ ਦੁਨੀਆਂ ਦੇ ਕੋਨੇ-ਕੋਨੇ ਤੀਕ ਪਹੁੰਚਾਉਣ ਦੇ ਉਦੇਸ਼ ਨੂੰ ਪ੍ਰਾਪਤ ਕਰਨਾ ਹੋਵੇ ਤਾਂ ਸਾਨੂੰ *ਬਾਈਬਲ* ਵਾਂਗ, ਗੁਰਬਾਣੀ ਦੇ ਅਨੁਵਾਦ ਵੀ ਵੱਧ ਤੋਂ ਵੱਧ ਭਾਸ਼ਾਵਾਂ ਵਿਚ ਕਰਵਾ ਕੇ ਛਾਪਣੇ ਚਾਹੀਦੇ ਹਨ। ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਦਾ ਇਕ ਭੁਲੇਖਾ-ਪਾਊ ਬਿਆਨ ਛਪਿਆ ਹੈ, ਜਿਸ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਅਨੁਵਾਦ-ਕਾਰਜ ਉੱਪਰ ਪਾਬੰਦੀ ਦਾ ਜ਼ਿਕਰ ਹੈ। ਮੇਰਾ ਖ਼ਿਆਲ ਹੈ ਕਿ ਪ੍ਰਧਾਨ ਜੀ ਨੇ ਇਹ ਬਿਆਨ ਇਸ ਕਰਕੇ ਦਿੱਤਾ ਹੈ ਕਿ ਅਨੁਵਾਦ ਕਾਰਜ ਨਿੱਜੀ ਪੱਧਰ 'ਤੇ ਹੋਣ ਕਰਕੇ, ਇਸ ਗੱਲ ਦਾ ਖਦਸ਼ਾ ਹੈ ਕਿ ਕੋਈ ਵਿਅਕਤੀ ਜਾਣ-ਬੁਝ ਕੇ ਗੁਰਬਾਣੀ ਦਾ ਗ਼ਲਤ ਤਰਜ਼ਮਾ ਪੇਸ਼ ਕਰ ਸਕਦਾ ਹੈ। ਇਕ ਗੱਲ ਸਪਸ਼ਟ ਹੈ ਕਿ ਚਾਰ ਸੌ ਸਾਲ ਬਾਅਦ ਵੀ ਪੰਥ ਨੇ ਗੁਰਬਾਣੀ ਅਨੁਵਾਦ ਲਈ ਕਿਸੇ ਅਧਿਕਾਰਿਤ ਸੰਸਥਾ ਦੀ ਸਥਾਪਨਾ ਨਹੀਂ ਕੀਤੀ। ਇਕ ਐਸੀ ਸੰਸਥਾ ਖੋਲ੍ਹੀ ਜਾਵੇ, ਜਿਥੇ ਗੁਰਬਾਣੀ ਵਿਆਖਿਆ ਦੇ ਨਾਲ ਦੂਜੀਆਂ ਭਾਸ਼ਾਵਾਂ ਸਿੱਖਣ ਲਈ ਵਿਦਿਆਰਥੀ ਤਿਆਰ ਕੀਤੇ ਜਾਣ। ਇਸ ਪਾਸੇ ਢਿੱਲ ਦਿਖਾਉਣ ਤੋਂ ਬਚਣਾ ਚਾਹੀਦਾ ਹੈ। ਜਦੋਂ ਤੀਕ ਅਜਿਹੀ ਸੰਸਥਾ ਹੋਂਦ ਵਿਚ ਨਹੀਂ ਆਉਂਦੀ, ਉਸ ਵੇਲੇ ਤੀਕ ਨਿੱਜੀ ਯਤਨਾਂ ਨੂੰ ਬੰਦ ਕਰਨਾ ਉਚਿੱਤ ਨਹੀਂ। ਕੁਝ ਵੀ ਨਾ ਹੋਣ ਨਾਲੋਂ, ਥੋੜ੍ਹਾ ਹੀ ਹੋਵੇ—ਚੰਗਾ ਹੈ।

ਦੂਜਾ ਬੁਨਿਆਦੀ ਪ੍ਰਸ਼ਨ ਇਹ ਹੈ ਕਿ ਕੀ ਗ਼ੈਰ-ਸਿੱਖਾਂ ਲਈ ਗੁਰਬਾਣੀ ਦੇ ਮੂਲਪਾਠ ਕੋਈ ਮਹੱਤਵ ਰੱਖਦਾ ਹੈ ? ਭਾਵ ਕਿ ਕੀ ਗ਼ੈਰ- ਸਿੱਖਾਂ ਨੂੰ ਗੁਰਬਾਣੀ ਸੰਦੇਸ਼, ਉਨ੍ਹਾਂ ਦੀ ਹੀ ਬੋਲੀ ਵਿਚ ਦੇਣਾ ਕਾਫ਼ੀ ਨਹੀਂ ? ਮੇਰਾ ਖ਼ਿਆਲ ਹੈ ਕਿ ਉਨ੍ਹਾਂ ਲਈ ਅਨੁਵਾਦ ਹੀ ਕਾਫ਼ੀ ਹੈ। ਪਰ ਜਿਹੜੇ ਗ਼ੈਰ-ਸਿੱਖ ਪੰਜਾਬੀ ਨਹੀਂ ਜਾਣਦੇ, ਪਰ ਸਿੱਖ ਸਜ ਜਾਣ ਜਾਂ ਸਜਣ ਦੀ ਇੱਛਾ ਰੱਖਦੇ ਹੋਣ; ਭਾਵੇਂ ਕਿ ਪੰਜਾਬੀ ਸਿੱਖਣੀ ਉਨ੍ਹਾਂ ਲਈ ਜ਼ਰੂਰੀ ਕਰਾਰ ਨਹੀਂ ਦਿੱਤੀ ਜਾ ਸਕਦੀ, ਪਰ ਉਨ੍ਹਾਂ ਲਈ ਲਿਪੀਅੰਤਰ ਸਹਿਤ ਗੁਰਬਾਣੀ ਪਾਠ ਤਿਆਰ ਕਰਨ ਦੀ ਅਤਿਅੰਤ ਲੋੜ ਹੈ। ਗੁਰਬਾਣੀ ਪਾਠ ਦੀ 'ਪਵਿੱਤਰਤਾ' ਨੂੰ ਕਾਇਮ ਰਖਦਿਆਂ

ਲਿਪੀਅੰਤਰ ਦੇ ਨਿਯਮ ਨਿਰਧਾਰਿਤ ਕਰਨ ਦੇ ਪ੍ਰਸ਼ਨ ਉੱਪਰ ਵਿਦਵਾਨ ਵੱਖ-ਵੱਖ ਖ਼ਿਆਲ ਪ੍ਰਸਤੁਤ ਕਰਦੇ ਹਨ। ਕੁਝ ਵਿਦਵਾਨ ਤਾਂ ਕਹਿੰਦੇ ਹਨ ਕਿ ਲਿਪੀਅੰਤਰ ਕਰਦਿਆਂ, ਸਾਨੂੰ ਉਚਾਰਣ ਨੂੰ ਮੁਖ ਰੱਖਣਾ ਚਾਹੀਦਾ ਹੈ ਅਤੇ ਸਿਹਾਰੀ (ਿ) ਅਤੇ ਔਂਕੜ (ੁ) ਜਿਹੜੇ ਉਚਾਰਣ ਵਿਚ ਨਹੀਂ ਆਉਂਦੇ, ਲਿਪੀਅੰਤਰ ਵਿਚ ਦੇਣ ਦੀ ਲੋੜ ਨਹੀਂ। ਇਹ ਵਿਦਵਾਨ ਇਸ ਮਤ ਦੇ ਵੀ ਹਨ ਕਿ ਜਿਹੜੀ ਧੁਨੀ ਗ਼ੈਰ-ਪੰਜਾਬੀ ਭਾਸ਼ਾ ਵਿਚ ਉਪਲਬਧ ਨਾ ਹੋਵੇ, ਉਸਦਾ ਉਹੀ ਰੂਪ ਦੇਣਾ ਚਾਹੀਦਾ ਹੈ, ਜਿਹੜਾ ਉਸ ਭਾਸ਼ਾ ਵਿਚ ਹੋਵੇ। ਜਿਵੇਂ 'ਣ' ਅੰਗਰੇਜ਼ੀ ਵਿਚ ਉਪਲਬਧ ਨਹੀਂ ਤਾਂ ਉਥੇ 'n' ਨਾਲ ਕੰਮ ਚਲਾ ਲਿਆ ਜਾਵੇ। ਇਸੇ ਤਰ੍ਹਾਂ 'ਙ', 'ਞ', 'ੜ' ਵੀ ਅੰਗਰੇਜ਼ੀ ਭਾਸ਼ਾ ਵਿਚ ਉਪਲਬਧ ਨਾ ਹੋਣ ਕਰਕੇ, ਉਨ੍ਹਾਂ ਦੀ ਥਾਂ 'ng' 'jn' ਅਤੇ 'r' ਨਾਲ ਕੰਮ ਚਲਾ ਲਿਆ ਜਾਵੇ। ਪਰ ਕੁਝ ਵਿਦਵਾਨ ਗੁਰਬਾਣੀ ਪਾਠ ਨੂੰ ਹੂ-ਬ-ਹੂ ਦੇਣ ਦੀ ਵਕਾਲਤ ਕਰਨ ਲਈ ਕੁਝ ਨਵੇ ਚਿੰਨ੍ਹ, ਜਿਨ੍ਹਾਂ ਨੂੰ diacriticals ਕਿਹਾ ਜਾਂਦਾ ਹੈ, ਅਪਣਾਏ ਜਾਣ ਉੱਪਰ ਜ਼ੋਰ ਦਿੰਦੇ ਹਨ। ਅਸੀਂ ਪੰਜਾਬੀ ਸ਼ਬਦਾਂ ਦੇ ਅੰਗਰੇਜ਼ੀ ਲਿਪੀਅੰਤਰ ਲਈ ਸਾਰਣੀ ਦਿੰਦੇ ਹਾਂ :

ਗੁਰਮੁਖੀ	ਰੋਮਨ	ਗੁਰਮੁਖੀ	ਰੋਮਨ	ਗੁਰਮੁਖੀ	ਰੋਮਨ	ਗੁਰਮੁਖੀ	ਰੋਮਨ
ਕ	ka	ਤ	ta	ਅ	a	ਹ	ha
ਖ	kha	ਥ	tha	ਆ	a	ਰਿ (ऋ)	ri
ਗ	ga	ਦ	da	ਇ	i	ਕ਼	q
ਘ	gha	ਧ	dha	ਈ	i	ਫ਼	f
ਙ	n	ਨ	na	ਉ	u		
ਚ	cha/c	ਪ	pa	ਊ	u		
ਛ	chha	ਫ	pha	ਏ	e		
ਜ	ja	ਬ	ba	ਐ	ai/ae		
ਝ	jha	ਭ	bha	ਓ	o		
ਞ	n	ਮ	ma	ਔ	au		
ਟ	t	ਯ	ya	ਂ	m/n		
ਠ	tha	ਰ	ra	ੰ	n		
ਡ	da	ਲ	la	ਸ	s		
ਢ	dha	ਵ	va	ਸ਼	s		
ਣ	n	ੜ	ra	ष	sh/s		

ਗੁਰਬਾਣੀ ਦਾ ਹਿੰਦੀ ਜਾਂ ਦੇਵਨਾਗਰੀ ਭਾਸ਼ਾ ਵਿਚ ਲਿਪੀਅੰਤਰ ਕਰਨ ਲਈ ਕੀ ਢੰਗ ਅਪਣਾਇਆ ਜਾਵੇ ? ਕਿਉਂਕਿ ਹਿੰਦੀ ਜਾਣਨ ਵਾਲਾ ਪਾਠਕ ਇਹ ਗੱਲ ਸਮਝਣ ਤੋਂ ਅਸਮਰਥ ਹੁੰਦਾ ਹੈ ਕਿ ਗੁਰਬਾਣੀ ਵਿਚ ਵਰਤੀ ਸਿਹਾਰੀ (ਿ) ਅਤੇ ਔਂਕੜ (ੁ) ਕਿਉਂ ਨਹੀਂ ਬੋਲਣੇ ? ਜੇ ਪਾਠ ਦੀ ਪਵਿੱਤਰਤਾ ਨੂੰ ਭੰਗ ਨਾ ਕਰਨ ਦੀ ਸ਼ਰਤ ਨਿਭਾਉਣੀ ਹੋਵੇ ਤਾਂ ਸਾਨੂੰ ਗੁਰਬਾਣੀ ਦਾ ਦੇਵਨਾਗਰੀ ਵਿਚ ਪਾਠ ਦੇਣ ਵੇਲੇ ਕਈ ਮੁਸ਼ਕਲਾਂ ਆਉਂਦੀਆਂ ਹਨ। ਉਦਾਹਰਣ ਵਜੋਂ 'ਸਤਿਨਾਮੁ' ਦਾ ਲਿਪੀਅੰਤਰ ਦੋ ਢੰਗਾਂ ਨਾਲ ਹੋ ਸਕਦਾ ਹੈ—सतिनामु,सत्तिनामु

ਇਸੇ ਤਰ੍ਹਾਂ ਹੋਰ ਉਦਾਹਰਣਾਂ ਦੇਖੋ :

ਨਿਰਭਉ - निरभउ/निंभउ

ਨਿਰਵੈਰ - निरवैर/निर्वैर

ਸਚੁ - सचु/सच्चु

ਭੁਖ - भुख/भुक्ख

ਬੰਨਾ - बंना/बन्हा

ਇਕ - इक/इक्क/इकि

ਚਲੈ - चलै/चल्लै

ਨਾਇ - नाइ/नाइि


ਉਪਰੋਕਤ ਉਦਾਹਰਣਾਂ ਤੋਂ ਦੇਵਨਾਗਰੀ ਵਿਚ ਲਿਪੀਅੰਤਰ ਕਰਨ ਦੀ ਸਮੱਸਿਆ ਸਮਝ ਆ ਜਾਂਦੀ ਹੈ। ਇਸਦਾ ਕੋਈ ਸਰਬ ਪ੍ਰਵਾਣਿਤ ਨਿਯਮ ਬਣਾ ਸਕਣਾ ਮੁਸ਼ਕਲ ਹੈ। ਇਸ ਸੰਬੰਧੀ ਪ੍ਰੋ. ਪ੍ਰੀਤਮ ਸਿੰਘ ਹੁਰਾਂ ਨੇ ਇਕ ਲੇਖ ਦੁਆਰਾ ਚਰਚਾ ਕਰਕੇ, ਇਕ ਨਮੂਨਾ ਦਿੱਤਾ ਹੈ। ਉਨ੍ਹਾਂ ਦੇ ਨਮੂਨੇ ਵਿਚ ਸਭ ਤੋਂ ਵੱਡਾ ਨੁਕਸ ਇਹ ਹੈ ਕਿ ਉਹ ਬਿੰਦੀ (ਂ) ਅਤੇ ਅਰਧ-ਚੰਦ (ँ) ਮਾਤਰਾ ਤੋਂ ਇਲਾਵਾ ਅੱਖਰਾਂ ਦੇ ਅੱਧੇ ਰੂਪ क, प, च, ल ਆਪਣੇ ਕੋਲੋਂ ਵਰਤਦੇ ਹਨ; ਜੋ ਕਿ ਮੂਲਪਾਠ ਵਿਚ ਦਖ਼ਲਅੰਦਾਜੀ ਕਹੀ ਜਾਵੇਗੀ।

ਮੇਰੀ ਜਾਚੇ ਅਜੋਕੇ ਉਚਾਰਣ ਅਨੁਕੂਲ ਬਿੰਦੀ (ਂ) ਅਤੇ ਅਰਧ-ਚੰਦ (ँ) ਬਿਲਕੁਲ ਨਹੀਂ ਲਾਉਣੇ ਚਾਹੀਦੇ। ਪਰ ਜਿਥੇ ਕਿਤੇ ਲੋੜ ਲੱਗੇ ਅੱਖਰਾਂ ਦੇ ਅੱਧੇ ਰੂਪ ਵਰਤੇ ਜਾਣ ਵਿਚ ਕੋਈ ਬੁਰਾਈ ਨਹੀਂ। ਹਿੰਦੀ/ਦੇਵਨਾਗਰੀ ਵਿਚ ਗੁਰਬਾਣੀ ਪਾਠ ਨੂੰ ਤਿੰਨ ਰੰਗਾਂ ਦੀ ਸਿਆਹੀ ਵਿਚ ਛਾਪਿਆ ਜਾ ਸਕਦਾ ਹੈ। ਜਿਥੇ ਸਿਹਾਰੀ (ਿ) ਜਾਂ ਔਂਕੜ (ੁ) ਉਚਾਰਣ ਵਿਚ ਨਹੀਂ ਆਉਂਦੇ, ਉਥੇ ਇਹ ਮਾਤਰਾਵਾਂ ਲਾਲ ਸਿਆਹੀ ਵਿਚ ਵਿਖਾਈਆਂ ਜਾਣ। ਲਾਲ ਸਿਆਹੀ ਇਹ ਦਸੇਗੀ ਕਿ ਇਹ ਮਾਤਰਾ

ਮੂਲ-ਪਾਠ ਵਿਚ ਹੈ, ਪਰ ਉਹ ਉਚਾਰਣ ਵਿਚ ਨਹੀਂ ਆਉਣੀ। ਅੱਖਰਾਂ ਦੇ ਅੱਧੇ ਰੂਪ ਨੂੰ **ਹਰੀ** ਸਿਆਹੀ ਵਿਚ ਵਿਖਾਇਆ ਜਾਵੇ। ਇਸ ਤੋਂ ਪਾਠਕ ਨੂੰ ਸੋਧ ਮਿਲੇਗੀ ਕਿ ਹਰੀ ਸਿਆਹੀ ਵਾਲੇ ਅੱਖਰ ਮੂਲ-ਪਾਠ ਵਿਚ ਨਹੀਂ, ਸਗੋਂ ਪਾਠਕਾਂ ਦੀ ਉਚਾਰਣ-ਲੋੜ ਨੂੰ ਪੂਰਾ ਕਰਨ ਲਈ ਕੋਲੋਂ ਦਿੱਤੇ ਗਏ ਹਨ। ਇਉਂ ਮੂਲ-ਪਾਠ ਦੀ ਮੌਲਿਕਤਾ ਬਚੀ ਰਹੇਗੀ ਅਤੇ ਹਿੰਦੀ-ਭਾਸ਼ੀ ਲੋਕਾਂ ਦੇ ਉਚਾਰਣ ਦੀ ਸਮੱਸਿਆ ਵੀ ਹੱਲ ਹੋ ਜਾਵੇਗੀ। ਕਿਤੇ-ਕਿਤੇ ਉਚਾਰਣ-ਸੋਧ ਲਈ ਫੁੱਟ ਨੋਟ ਦਿੱਤੇ ਜਾ ਸਕਦੇ ਹਨ।

ਭਾਗ ਤੀਜਾ

ਸ਼ਰਧਾਲੂਆਂ ਦਾ ਗ੍ਰੰਥ



ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ
ਸੁਨਹਿਰੀ ਪਾਲਕੀ ਵਿਚ ਲੈ ਕੇ ਜਾਂਦੇ ਹੋਏ

9

ਪ੍ਰਗਟ ਗੁਰਾਂ ਕੀ ਦੇਹ

ਸਿੱਖ ਜਗਤ ਲਈ *ਗੁਰੂ ਗ੍ਰੰਥ ਸਾਹਿਬ* 'ਪ੍ਰਗਟ ਗੁਰਾਂ ਕੀ ਦੇਹ' ਹੈ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਕਿਸੇ ਵਿਅਕਤੀ ਨੂੰ 'ਗੁਰੂ' ਮੰਨਣ ਦੀ ਮਨਾਹੀ ਕੀਤੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 1708 ਈ. ਨੂੰ ਜੋਤੀ ਜੋਤ ਸਮਾਉਣ ਤੋਂ ਬਾਅਦ ਇਹ ਫੁਰਮਾਇਆ ਸੀ ਕਿ "ਮੇਰੇ ਤੋਂ ਬਾਅਦ ਜੋਤ ਗ੍ਰੰਥ ਵਿਚ ਅਤੇ ਜੁਗਤ ਪੰਥ ਕੋਲ ਰਹੇਗੀ।" *ਗੁਰ ਬਿਲਾਸ ਪਾਤਸ਼ਾਹੀ ਛੇਵੀਂ* ਵਿਚ ਇਸ ਬਾਰੇ ਇਹ ਸ਼ਬਦ ਦਰਜ ਹਨ:

ਗੁਰੂ ਗ੍ਰੰਥ ਕਲਜੁਗ ਭਯੋ ਸ੍ਰੀ ਗੁਰੂ ਰੂਪ ਮਹਾਨ॥
ਦਸ ਪਾਤਿਸਾਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ॥੪੧੨॥
ਗੁਰੂ ਦਰਸ ਜਿਹੁ ਦੇਖਨਾ ਸ੍ਰੀ ਗ੍ਰੰਥ ਦਰਸਾਇ॥
ਬਾਤ ਕਰਨਿ ਗੁਰ ਸੋਂ ਚਹੈ ਪੜੈ ਗ੍ਰੰਥ ਮਨ ਲਾਇ॥੪੧੩॥

ਸ੍ਰੀ ਗੁਰ ਸੋਭਾ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਇਕ ਕਵੀ ਦੀ ਸੰਨ 1711 ਵਿਚ ਰਚੀ ਮਹੱਤਵਪੂਰਣ ਰਚਨਾ ਹੈ। ਇਸ ਗ੍ਰੰਥ ਵਿਚ ਸਪੱਸ਼ਟ ਤੌਰ 'ਤੇ *ਗੁਰੂ ਗ੍ਰੰਥ ਸਾਹਿਬ* ਨੂੰ ਗੁਰਿਆਈ ਦੇਣ ਦੀ ਗੱਲ ਨਹੀਂ ਦਸੀ ਗਈ। ਗ੍ਰੰਥ ਦਾ ਕਵੀ ਸੈਨਾਪਤ ਗੁਰੂ ਗੋਬਿੰਦ ਸਿੰਘ ਜੀ ਬਾਰੇ ਬਿਆਨ ਕਰਦਾ ਹੈ:

ਸਤਿਗੁਰੂ ਹਮਾਰਾ ਅਪਰ ਅਪਾਰਾ ਸਬਦ ਬਿਚਾਰਾ ਅਜਰ ਜਰੰ॥
ਹਿਰਦੈ ਧਰ ਧਿਆਨੀ ਉਚਰੀ ਬਾਨੀ ਪਦ ਨਿਰਬਾਨੀ ਅਪਰਪਰੰ॥
ਗਤਿ ਮਿਤਿ ਅਪਾਰੰ ਬਹੁ ਬਿਸਥਾਰੰ ਵਾਰ ਨਾ ਪਾਰੰ ਕਿਆ ਕਥਨੰ॥
ਤਵ ਜੋਤਿ ਪ੍ਰਗਾਸੀ ਸਰਬ ਨਿਵਾਸੀ ਸਰਬ ਉਦਾਸੀ ਭਵ ਸਰਨੰ॥
੪੩॥੮੦੮॥

ਉਪਰੋਕਤ ਸ਼ਬਦ *ਗੁਰੂ ਗ੍ਰੰਥ ਸਾਹਿਬ* ਨੂੰ ਗੁਰਿਆਈ ਦੇਣ ਦਾ ਸੰਕੇਤ ਜ਼ਰੂਰ ਸਮਝੇ ਜਾ ਸਕਦੇ ਹਨ। ਇਸ ਗੱਲ ਦੀ ਪੁਸ਼ਟੀ ਭਾਈ ਨੰਦ ਲਾਲ ਜੀ ਦੀ ਰਚਨਾ ਵਿਚੋਂ ਵੀ ਹੋ ਜਾਂਦੀ ਹੈ। ਭਾਈ ਜੀ ਨੇ ਵੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨਾਲ ਹੋਏ ਪ੍ਰਸ਼ਨ-ਉਤਰਾਂ ਨੂੰ ਲਿਖਤੀ ਰੂਪ ਵਿਚ ਦਰਜ ਕੀਤਾ ਹੈ। ਗੁਰੂ ਜੀ ਨੂੰ ਪੁੱਛਿਆ ਗਿਆ ਕਿ ਜੇ ਗੁਰੂ ਜੀ ਚਲਾਣਾ ਕਰ ਜਾਣ ਤਾਂ ਉਨ੍ਹਾਂ ਦੇ ਦਰਸ਼ਨ ਕਿਵੇਂ ਹੋਣਗੇ ਤਾਂ ਗੁਰੂ ਜੀ ਨੇ ਫੁਰਮਾਇਆ ਸੀ:

ਦੂਸਰ ਰੂਪ ਗ੍ਰੰਥ ਜੀ ਜਾਨ॥
ਉਨ ਕੇ ਅੰਗ ਮੇਰੋ ਕਰ ਮਾਨ॥
ਜੋ ਸਿੱਖ ਗੁਰ ਦਰਸਨ ਕੀ ਚਾਹਿ॥
ਦਰਸਨ ਕਰੈ ਗ੍ਰੰਥ ਜੀ ਆਹਿ॥


ਪਰ ਕੁਝ ਸ੍ਰੋਤਾਂ ਨੇ ਗੁਰੂ ਗ੍ਰੰਥ ਦੀ ਥਾਂ 'ਗੁਰੂ ਗ੍ਰੰਥ-ਗੁਰੂ ਪੰਥ' ਦੀ ਗੱਲ ਕੀਤੀ ਹੈ। ਸ਼੍ਰੋਮਣੀ ਕਮੇਟੀ ਵਲੋਂ 1999 ਈ. ਨੂੰ ਖਾਲਸੇ ਦੇ ਸਾਜਨਾ ਦੀ 300ਵੀਂ ਵਰ੍ਹੇਗੰਢ ਦੇ ਮੌਕੇ ਪ੍ਰਕਾਸ਼ਿਤ ਇਕ ਸੱਜਰੀ ਪੁਸਤਕ ਦੇ ਸ਼ਬਦ ਦੇਖੋ:

"ਜਦ ਕਲਗੀਧਰ ਜੀ ਦੀ ਸ਼ਹੀਦੀ ਦਾ ਸਮਾਂ ਆਇਆ ਤਦੋਂ ਹਜ਼ੂਰ ਸਾਹਿਬ ਦੇ ਪਵਿੱਤਰ ਅਸਥਾਨ ਪਰ ਖ਼ਾਲਸੇ ਨੂੰ ਬਕਾਇਦਾ ਗੁਰਿਆਈ ਦੇਣ ਦੀ ਆਖ਼ਰੀ ਰਸਮ ਅਦਾ ਕੀਤੀ ਗਈ, ਜਿਸ ਨੂੰ ਗੁਰ ਪਰਤਾਪ ਸੂਰਜ, ਰੁਤ ੬, ਅਧਿਆਇ ੪੧ ਵਿਚ ਵੀ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਿਆ ਹੈ। ਹੋਰ ਸਿੱਖ ਇਤਿਹਾਸਕਾਰਾਂ ਤੇ ਮਿਸਟਰ ਮੈਕਾਲਫ਼ ਆਦਿ ਪ੍ਰਦੇਸੀ ਲਿਖਾਰੀਆਂ ਨੇ ਇਸ ਤੋਂ ਬਿਨਾਂ ਜਿੱਥੇ ਕਿਤੇ ਵੀ ਕਿਸੇ ਸਿਆਣੇ ਹਿੰਦੂ, ਮੁਸਲਮਾਨ ਆਦਿ ਲਿਖਾਰੀਆਂ ਨੇ ਇਹ ਮਜ਼ਮੂਨ ਲਿਖਿਆ ਹੈ ਓਥੇ ਸਭ ਨੇ ਹੀ ਇਸ ਸੱਚਾਈ ਨੂੰ ਮੰਨਿਆ ਹੈ। ਇਸ ਤੋਂ ਕਿਸੇ ਵੀ ਸਿਆਣੇ ਨੇ ਇਨਕਾਰ ਨਹੀਂ ਕੀਤਾ, ਇਸ ਲਈ ਇਹ ਸਿਧਾਂਤ ਸਰਬ ਤੰਤਰ ਸਿਧਾਂਤ ਹੈ। ਅਰਥਾਤ ਅਮਰ ਮਸੱਲਮਾ ਯਾ ਮੰਨੀ ਪ੍ਰਮੰਨੀ ਗੱਲ ਹੈ।"[1]

ਸੱਚਾਈ ਇਹ ਹੈ ਕਿ ਉਪਰੋਕਤ ਵਿਚਾਰਾਂ ਦੀ ਹੋਂਦ ਦੇ ਬਾਵਜੂਦ ਸਿੱਖ *ਗੁਰੂ ਗ੍ਰੰਥ ਸਾਹਿਬ* ਨੂੰ ਇਕ ਜ਼ਿੰਦਾ ਗੁਰੂ ਮੰਨਦੇ ਹਨ। ਇਹ ਗੱਲ ਗ਼ੈਰਸਿੱਖਾਂ ਲਈ ਸਮਝਣੀ ਬੜੀ ਮੁਸ਼ਕਲ ਹੈ। ਪਰ ਸਿੱਖ ਜਗਤ ਇਸ ਵਿਸ਼ਵਾਸ ਕਾਰਣ ਜੋ ਸਤਿਕਾਰ ਆਪਣੀ ਧਰਮ-ਪੋਥੀ ਨੂੰ ਦਿੰਦੇ ਹਨ, ਹੋਰ ਮਤਾਂ ਵਾਲੇ ਆਪਣੇ ਗ੍ਰੰਥਾਂ ਨੂੰ ਨਹੀਂ ਦਿੰਦੇ। ਅੰਗਰੇਜ਼ੀ ਫ਼ੌਜ ਦੇ ਸਿੱਖ ਸਿਪਾਹੀਆਂ ਦੀ ਭਰਤੀ ਸਮੇਂ ਉਨ੍ਹਾਂ ਨੂੰ ਅੰਮ੍ਰਿਤ ਛੱਕ ਕੇ *ਗੁਰੂ ਗ੍ਰੰਥ ਸਾਹਿਬ* ਅੱਗੇ ਪ੍ਰਣ ਲੈਣਾ ਪੈਂਦਾ ਸੀ। ਇਕ ਸਿਪਾਹੀ ਦੇ ਜੀਵਨ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਮੁਖ ਸਥਾਨ ਹੁੰਦਾ ਸੀ।[2]

ਆਦਿ ਗ੍ਰੰਥ ਸਾਹਿਬ ਨੂੰ ਮੁਢਲੇ ਦਿਨਾਂ ਵਿਚ ਭਾਵੇਂ 'ਪੋਥੀ' ਜਾਂ 'ਪੋਥੀ ਸਾਹਿਬ' ਕਹਿ ਲਿਆ ਜਾਂਦਾ ਸੀ, ਪਰ 1708 ਈ. ਤੋਂ ਬਾਅਦ *ਆਦਿ ਗ੍ਰੰਥ ਸਾਹਿਬ* ਨੂੰ 'ਪੋਥੀ' ਕਹਿਣਾ ਜਾਂ ਮੰਨਣਾ ਬੰਦ ਹੋ ਗਿਆ ਹੈ। ਹੁਣ ਇਸ ਲਈ 'ਸਰੂਪ', 'ਦੇਹ' ਅਤੇ 'ਮਹਾਰਾਜ' ਵਿਸ਼ੇਸ਼ਣ ਵਰਤੇ ਜਾਂਦੇ ਹਨ। ਇਹ ਤਿੰਨੋਂ ਵਿਸ਼ੇਸ਼ਣ ਕਿਸੇ ਜ਼ਿੰਦਾ ਵਿਅਕਤੀਤਵ ਦੇ ਲਖਾਇਕ ਹਨ।

ਹਰ ਗੁਰਦੁਆਰੇ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਗੁਰਦੁਆਰੇ ਦੇ ਪ੍ਰਮੁੱਖ ਅਸਥਾਨ ਉੱਪਰ ਇਕ ਵਿਸ਼ੇਸ਼ ਸਥਾਨ ਬਣਾਇਆ ਜਾਂਦਾ ਹੈ। ਆਮ ਤੌਰ 'ਤੇ ਇਹ ਅਸਥਾਨ 5' × 7' ਆਕਾਰ ਦਾ ਹੁੰਦਾ ਹੈ।



ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਜ਼ਮੀਨ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼-ਇਕ ਪੁਰਾਣੀ ਪੇਂਟਿੰਗ

ਭਾਵੇਂ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਕੁਝ ਹੋਰ ਇਤਿਹਾਸਕ ਅਸਥਾਨਾਂ ਵਿਖੇ ਜ਼ਮੀਨ 'ਤੇ ਹੀ ਪ੍ਰਕਾਸ਼ ਕੀਤਾ ਜਾਂਦਾ ਹੈ, ਪਰ ਨਵੇਂ ਉਸਰੇ ਗੁਰਦੁਆਰਿਆਂ ਵਿਚ ਡੇਢ-ਦੋ ਫੁੱਟ ਉੱਚੀ ਬਣੀ ਸਟੇਜ/ਪਲੇਟਫਾਰਮ 'ਤੇ ਪ੍ਰਕਾਸ਼ ਹੁੰਦਾ ਹੈ। ਨਵੇਂ ਉਸਰੇ ਗੁਰਧਾਮਾਂ ਦਾ ਪੁਰਾਣੇ ਗੁਰਧਾਮਾਂ ਤੋਂ ਫ਼ਰਕ ਇਹ ਵੀ ਹੈ ਕਿ ਨਵੇਂ ਉਸਰੇ ਗੁਰਧਾਮਾਂ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਪ੍ਰਕਾਸ਼ ਅਸਥਾਨ ਉੱਪਰ ਬੜੀ ਸੁੰਦਰ ਅਤੇ ਆਲੀਸ਼ਾਨ ਪਾਲਕੀ ਬਣਾਈ ਜਾਂਦੀ ਹੈ। ਪੁਰਾਣੇ ਗੁਰਧਾਮਾਂ ਵਿਚ ਪਾਲਕੀ ਵਰਗੀ ਵਿਸ਼ੇਸ਼ ਚੀਜ਼ ਵਿਚ ਪ੍ਰਕਾਸ਼ ਨਹੀਂ ਹੁੰਦਾ। ਕਿਉਂਕਿ ਬੁਨਿਆਦੀ ਤੌਰ 'ਤੇ ਪਾਲਕੀ ਸਵਾਰੀ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਇਕ ਥਾਂ ਤੋਂ ਦੂਜੇ ਥਾਂ ਲਿਜਾਣ ਲਈ ਪਾਲਕੀ ਦੀ ਵਰਤੋਂ ਦੀ ਸਮਝ ਤਾਂ ਆਉਂਦੀ ਹੈ ਪਰ ਪਾਲਕੀ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਕਰਨਾ ਅਯੋਗ ਹੀ ਭਾਸਦਾ ਹੈ। ਇਹੀ ਕਾਰਣ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਕਈ ਇਤਿਹਾਸਕ ਗੁਰ-ਅਸਥਾਨਾਂ ਵਿਖੇ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਪਾਲਕੀ ਵਿਚ ਨਹੀਂ ਕੀਤਾ ਜਾਂਦਾ।

ਸਿੱਖ ਜਗਤ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਸਤਿਕਾਰ ਵਜੋਂ ਇਹ ਮਰਯਾਦਾ ਵੀ ਪ੍ਰਚਲਿਤ ਹੈ ਕਿ *ਗੁਰੂ ਗ੍ਰੰਥ ਸਾਹਿਬ* ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣਾ ਹੋਵੇ ਤਾਂ ਘਟੋ ਘਟ ਪੰਜ ਗੁਰਸਿੱਖ ਨਾਲ ਚੱਲਣ। ਆਮ ਤੌਰ 'ਤੇ ਭਾਵੇਂ ਪਾਲਕੀ ਦੀ ਵਰਤੋਂ ਨਹੀਂ ਹੁੰਦੀ, ਪਰ ਪਾਲਕੀ ਪੁਰਾਣੇ ਸਮੇਂ ਦੀ ਸ਼ਾਹੀ ਸਵਾਰੀ ਹੋਣ ਕਰਕੇ ਹੀ ਕਿਤੇ ਕਿਤੇ ਇਸ ਦੀ ਵਰਤੋਂ ਇਸ ਵੇਲੇ ਵੀ ਕੀਤੀ ਜਾ ਰਹੀ ਹੈ। ਜਿਵੇਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਵੇਰੇ *ਗੁਰੂ ਗ੍ਰੰਥ ਸਾਹਿਬ* ਜੀ ਦਾ ਸਰੂਪ ਪਾਲਕੀ ਵਿਚ ਸੰਗਤਾਂ ਲੈ ਕੇ ਆਉਂਦੀਆਂ ਹਨ। ਹੁਣ ਕਈ ਥਾਂਵਾਂ 'ਤੇ ਤਾਂ ਕਾਰ ਆਦਿ ਦੀ ਵਰਤੋਂ ਵੀ ਇਸ ਕੰਮ ਲਈ ਕਰ ਲਈ ਜਾਂਦੀ ਹੈ। ਪਰ ਬਹੁਤੀ ਵੇਰ ਇਕ ਵਿਅਕਤੀ ਸਿਰ ਉੱਪਰ *ਗੁਰੂ ਗ੍ਰੰਥ ਸਾਹਿਬ* ਨੂੰ ਟਿਕਾਅ ਕੇ ਪੈਦਲ ਹੀ ਇਕ ਥਾਂ ਤੋਂ ਦੂਜੀ ਥਾਂ ਲੈ ਜਾਂਦਾ ਹੈ। ਦੂਜਾ ਵਿਅਕਤੀ ਚੌਰ ਕਰਦਾ ਜਾਂਦਾ ਹੈ ਅਤੇ ਤੀਜਾ ਵਿਅਕਤੀ ਅੱਗੇ ਜਲ ਤਰੌਂਕਦਾ ਜਾਂਦਾ ਹੈ। ਬਾਕੀ ਦੋ ਜਾਂ ਹੋਰ ਸੱਜਣ ਪਿੱਛੇ ਚਲਦੇ ਸਤਿਨਾਮ-ਵਾਹਿਗੁਰੂ ਦਾ ਜਾਂ ਬਾਣੀ ਦੇ ਸ਼ਬਦਾਂ ਦਾ ਜਾਪ ਕਰਦੇ ਜਾਂਦੇ ਹਨ। ਕਈ ਥਾਂਵਾਂ ਉੱਪਰ ਇਕ ਵਿਅਕਤੀ ਸ਼ੰਖ ਪੂਰਦਾ ਜਾਂ ਘੰਟਾ ਵਜਾਉਂਦਾ ਵੀ ਦੇਖਿਆ ਜਾਂਦਾ ਹੈ। ਅਜਿਹਾ ਰਾਹਗੀਰਾਂ ਨੂੰ ਸੁਚੇਤ ਕਰਨ ਲਈ ਕੀਤਾ ਜਾਂਦਾ ਹੈ ਕਿ ਗੁਰੂ ਮਹਾਰਾਜ ਦੀ ਸਵਾਰੀ ਆ ਰਹੀ ਹੈ। ਹਾਲਾਂਕਿ ਪੰਜਾਬ ਦੇ ਪਿੰਡਾਂ ਵਿਚ ਅਰਥੀ ਨੂੰ ਸ਼ਮਸ਼ਾਨ ਵਿਚ ਲਿਜਾਣ ਸਮੇਂ ਵੀ ਘੰਟਾ ਵਜਾਉਣ ਦਾ ਰਿਵਾਜ਼ ਪ੍ਰਚਲਿਤ ਹੈ। ਇਸ ਲਈ *ਗੁਰੂ ਗ੍ਰੰਥ ਸਾਹਿਬ* ਅੱਗੇ ਵੀ ਘੰਟਾ ਵਜਾਉਣਾ ਮੈਨੂੰ ਤਾਂ ਪੂਰੀ ਤਰ੍ਹਾਂ ਗ਼ਲਤ ਹੀ ਲਗਦਾ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਵੇਰੇ *ਗੁਰੂ ਗ੍ਰੰਥ ਸਾਹਿਬ* ਦੇ ਅੱਗੇ ਨਰਸਿੰਘੇ ਵੱਜਦੇ ਹਨ, ਜੋ ਕਿ ਉਦਾਸੀ

ਮਹੰਤਾਂ ਦੀ ਤੋਰੀ ਗੀਤ ਹੈ। ਸ਼ੰਖ ਪੂਰਨੇ ਹਿੰਦੂ ਸਭਿਆਚਾਰ ਦਾ ਪ੍ਰਤੀਕ ਬਣ ਚੁੱਕਾ ਹੈ। *ਗੁਰੂ ਗ੍ਰੰਥ ਸਾਹਿਬ* ਦੇ ਮੂਹਰੇ ਨਗਾਰਾ ਵਜਾਉਣਾ ਹੀ ਯੋਗ ਸਤਿਕਾਰ ਹੋ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਅੱਗੇ ਪਾਣੀ (ਜਲ) ਤਰੌਂਕਣ ਦਾ ਇਕ ਹੀ ਭਾਵ ਹੈ ਕਿ ਰਸਤੇ ਦੀ ਮਿੱਟੀ ਨੂੰ ਉੱਡਣ ਤੋਂ ਰੋਕਣਾ। ਪਰ ਜਿਸ ਤਰ੍ਹਾਂ ਇਕ ਗੜਵੀ/ਡੋਲ/ਜੱਗ ਵਿਚ ਪਾਣੀ ਭਰਕੇ, ਬੂੰਦ-ਬੂੰਦ ਪਾਣੀ ਤਰੌਂਕਿਆ ਜਾਂਦਾ ਹੈ, ਉਹ ਉੱਕਾ ਹੀ ਅਣਲੋੜੀਂਦਾ ਹੈ। *ਗੁਰੂ ਗ੍ਰੰਥ ਸਾਹਿਬ* ਦਾ ਸਰੂਪ ਇਕ ਥਾਂ ਤੋਂ ਦੂਜੀ ਥਾਂ 'ਤੇ ਲਿਜਾਣ ਤੋਂ ਪਹਿਲਾਂ ਸੰਖੇਪ ਅਰਦਾਸ ਕਰਨ ਦੀ ਮਰਯਦਾ ਹੈ। ਇਸ ਅਰਦਾਸ ਵਿਚ *ਗੁਰੂ ਗ੍ਰੰਥ ਸਾਹਿਬ* ਤੋਂ ਰਾਹ ਵਿਚ ਸਹਾਈ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਰਸਤੇ ਵਿਚ ਜੋ ਜੋ ਸਿੱਖ ਆਉਂਦਾ ਹੈ, ਉਹ ਸਿਰ ਢੱਕ ਕੇ ਸਵਾਰੀ ਤੋਂ ਉਤਰ ਕੇ, *ਗੁਰੂ ਗ੍ਰੰਥ ਸਾਹਿਬ* ਨੂੰ ਨਮਸਕਾਰ ਕਰਨਾ ਭੁਲਦਾ ਨਹੀਂ। 'ਸਿਰ ਢੱਕਣਾ' ਪੰਜਾਬੀ ਸਭਿਆਚਾਰ ਵਿਚ ਸਤਿਕਾਰ ਦੇਣ ਦਾ ਇਕ ਢੰਗ ਹੈ। ਸਹੁਰੇ ਨੂੰ ਵੇਖ ਕੇ ਨੂੰਹਾਂ ਸਿਰ ਉੱਪਰ ਕੱਪੜਾ ਰੱਖ ਲੈਂਦੀਆਂ ਹਨ। ਇਸੇ ਭਾਵਨਾ ਤਹਿਤ *ਗੁਰੂ ਗ੍ਰੰਥ ਸਾਹਿਬ* ਦੀ ਹਜ਼ੂਰੀ ਵਿਚ ਨੰਗੇ ਸਿਰ ਜਾਣ ਦੀ ਮਨਾਹੀ ਹੈ। ਵੀਹਵੀਂ ਸਦੀ ਦੇ ਮਹਾਨ ਚਿੰਤਕ ਓਸ਼ੋ ਨੇ ਆਪਣੇ ਪੁਸਤਕ *੧ਓ ਸਤਿਨਾਮ* ਵਿਚ ਸਿਰ ਢੱਕਣ ਦੀ ਮਰਯਾਦਾ ਦਾ ਮਜ਼ਾਕ ਉਡਾਇਆ ਹੈ। ਉਸਨੂੰ ਸਾਡੇ ਸਭਿਆਚਾਰ ਦੀ ਸੋਝੀ ਨਾ ਹੋਣ ਕਰਕੇ ਹੀ ਉਸਨੇ ਐਸੀ ਗ਼ਲਤੀ ਕੀਤੀ ਹੈ। ਉਸਨੂੰ ਨਹੀਂ ਪਤਾ ਕਿ ਸਿੱਖ ਘਰਾਂ ਵਿਚ ਵੀ ਨੰਗੇ ਸਿਰ ਨਹੀਂ ਵਿਚਰਦੇ। ਗੁਰਦੁਆਰਿਆਂ ਵਿਚ ਗ਼ੈਰ-ਸਿੱਖਾਂ ਜਾਂ ਮੋਨਿਆਂ ਦੇ ਸਿਰ ਢੱਕਣ ਲਈ ਰੁਮਾਲ/ਸਕਾਰਫ਼ ਦਿੱਤੇ ਜਾਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਖ਼ੈਰ! ਜਦੋਂ *ਗੁਰੂ ਗ੍ਰੰਥ ਸਾਹਿਬ* ਦੀ ਸਵਾਰੀ ਆਪਣੀ ਮੰਜ਼ਿਲ 'ਤੇ ਪਹੁੰਚ ਜਾਂਦੀ ਹੈ ਤਾਂ ਫਿਰ ਧੰਨਵਾਦ ਦੀ ਅਰਦਾਸ ਕੀਤੀ ਜਾਂਦੀ ਹੈ।

ਉਚਿੱਤ ਅਤੇ ਸਾਫ਼-ਸੁਥਰੇ ਸਥਾਨ 'ਤੇ ਚੰਦੋਆ ਤਾਣ ਕੇ, ਹੇਠਾਂ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਕੀਤਾ ਜਾਂਦਾ ਹੈ। *ਗੁਰੂ ਗ੍ਰੰਥ ਸਾਹਿਬ* ਦਾ ਅਚਨਚੇਤ ਜਿਹੜਾ ਪੰਨਾ ਖੁਲ੍ਹ ਜਾਵੇ, ਖੱਬੇ ਪੰਨੇ ਦਾ ਸਭ ਤੋਂ ਉਪਰਲਾ ਸ਼ਬਦ ਪੜ੍ਹਿਆ ਜਾਂਦਾ ਹੈ। ਜੇ ਇਹ ਸ਼ਬਦ ਪਿਛਲੇ ਪੰਨੇ ਤੋਂ ਸ਼ੁਰੂ ਹੋਇਆ ਹੋਵੇ ਤਾਂ ਇਸਨੂੰ ਪਿਛੋਂ ਪੜ੍ਹ ਲਿਆ ਜਾਂਦਾ ਹੈ। ਇਸ ਮਰਯਾਦਾ ਨੂੰ 'ਵਾਕ ਲੈਣਾ' ਜਾਂ 'ਹੁਕਮਨਾਮਾ' ਵੀ ਕਿਹਾ ਜਾਂਦਾ ਹੈ। ਹਾਲਾਂਕਿ ਇਸ ਮਰਯਾਦਾ ਬਾਰੇ ਕਿੰਤੂ-ਪ੍ਰੰਤੂ ਹੋ ਸਕਦਾ ਹੈ, ਪਰ ਇਹ ਪੱਕੀ ਗੱਲ ਹੈ ਕਿ ਸਿੱਖ ਜਗਤ ਵਿਚ ਸਵੇਰੇ ਲਏ ਗਏ, *ਗੁਰੂ ਗ੍ਰੰਥ ਸਾਹਿਬ* ਦੇ ਹੁਕਮਨਾਮੇ ਪ੍ਰਤੀ ਅਥਾਹ ਸ਼ਰਧਾ ਅਤੇ ਵਿਸ਼ਵਾਸ ਜੁੜਿਆ ਹੋਇਆ ਹੈ। ਮੰਨਿਆ ਜਾਂਦਾ ਹੈ ਕਿ ਗੁਰੂ, ਇਸ ਵਾਕ ਰਾਹੀਂ ਸਾਰੇ ਸਿੱਖਾਂ ਦੀ, ਰੋਜ਼ਾਨਾ ਅਗਵਾਈ ਕਰਦਾ ਹੈ। ਜਦੋਂ ਤੋਂ ਸ੍ਰੀ ਦਰਬਾਰ ਸਾਹਿਬ ਤੋਂ ਅਜਿਹੇ ਵਾਕ ਦਾ ਸਿੱਧਾ ਪ੍ਰਸਾਰਣ (ਰੇਡੀਓ,

ਟੀ.ਵੀ. ਅਤੇ ਇੰਟਰਨੈਟ ਦੁਆਰਾ) ਮੁਹੱਈਆ ਹੋ ਗਿਆ ਹੈ, ਉਸ ਵੇਲੇ ਤੋਂ ਸ੍ਰੀ ਦਰਬਾਰ ਸਾਹਿਬ ਤੋਂ ਲਏ ਵਾਕ ਨੂੰ ਸਿੱਖ ਵਿਸ਼ੇਸ਼ ਤੌਰ 'ਤੇ ਮਹੱਤਤਾ ਦੇ ਰਹੇ ਹਨ। ਕੁਝ ਧਰਮ-ਸ਼ਾਸਤਰੀ ਇਸ ਤਬਦੀਲੀ ਨੂੰ ਚੰਗਾ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਸੰਗਤਾਂ ਵਿਚ ਇਹ ਗੱਲ ਪ੍ਰਚਲਿਤ ਹੋ ਰਹੀ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਚਲਾ *ਗੁਰੂ ਗ੍ਰੰਥ ਸਾਹਿਬ* ਵਧੇਰੇ ਪਵਿੱਤਰ ਹੈ। ਜਦੋਂ ਕਿ ਹਰੇਕ *ਗੁਰੂ ਗ੍ਰੰਥ ਸਾਹਿਬ* ਇਕੋ ਜਿੰਨਾ ਪਵਿੱਤਰ ਅਤੇ ਸਤਿਕਾਰਿਤ ਹੈ। ਪਰ ਅਸੀਂ ਦੇਖਦੇ ਹਾਂ ਕਿ ਸਿੱਖ ਜੋ ਸਤਿਕਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ *ਗੁਰੂ ਗ੍ਰੰਥ ਸਾਹਿਬ* ਨੂੰ ਦਿੰਦੇ ਹਨ, ਉਹ ਹੋਰ ਥਾਂਈਂ ਨਜ਼ਰ ਨਹੀਂ ਆਉਂਦਾ। ਇਸ ਵਿਤਕਰੇ ਦਾ ਕਾਰਣ ਅਗਿਆਨਤਾ ਹੈ। ਹਰ ਗੁਰਦੁਆਰਾ ਚਾਹੇ ਉਹ ਛੋਟੇ ਤੋਂ ਛੋਟਾ, ਕਿਸੇ ਪਿੰਡ ਦਾ ਹੀ ਗੁਰਦੁਆਰਾ ਹੀ ਕਿਉਂ ਨਾ ਹੋਵੇ, ਉਥੇ *ਗੁਰੂ ਗ੍ਰੰਥ ਸਾਹਿਬ* ਦਾ ਸਤਿਕਾਰ ਹੋਣਾ ਚਾਹੀਦਾ ਹੈ। ਪਰ ਕਈ ਗੁਰਦੁਆਰਿਆਂ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਰੁਮਾਲੇ ਬੜੇ ਗੰਦੇ ਅਤੇ ਵੱਟੋ-ਵੱਟ ਹੁੰਦੇ ਹਨ। ਕੀ ਪਿੰਡਾਂ ਦੇ ਗੁਰਦੁਆਰਿਆਂ ਵਿਚਲੇ *ਗੁਰੂ ਗ੍ਰੰਥ ਸਾਹਿਬ* 'ਪ੍ਰਗਟ ਗੁਰਾਂ ਕੀ ਦੇਹ' ਨਹੀਂ ਹਨ ? ਕੀ ਇਸ ਦੇ ਕੁਝ ਕਾਰਣ ਹੋਰ ਵੀ ਹਨ ? ਹਾਂ, ਗੁਰਦੁਆਰੇ ਖੋਲ੍ਹਣ ਦੀ ਕਿਤੋਂ ਵੀ ਆਗਿਆ ਨਹੀਂ ਲੈਣੀ ਪੈਂਦੀ। ਕੋਈ ਵੀ, ਕਿਤੇ ਵੀ ਗੁਰਦੁਆਰਾ ਖੋਲ੍ਹ ਕੇ ਬੈਠ ਜਾਂਦਾ ਹੈ। ਜਦੋਂ ਵੀ ਕਿਸੇ ਚੀਜ਼ ਦੀ ਬਹੁਤਾਤ ਹੋ ਜਾਂਦੀ ਹੈ, ਉਸ ਪ੍ਰਤੀ ਖਿੱਚ ਘਟ ਜਾਂਦੀ ਹੈ—ਇਹ ਕੁਦਰਤ ਦਾ ਨਿਯਮ ਹੈ। ਨਵੇਂ ਗੁਰਦੁਆਰਿਆਂ ਦੀ ਉਸਾਰੀ ਨੂੰ ਰੋਕਣ ਦੀ ਲੋੜ ਹੈ। ਸੰਗਠਨ ਅਤੇ ਤਾਲਮੇਲ ਦੀ ਘਾਟ ਕਾਰਣ, ਬਹੁਤੇ ਗੁਰਦੁਆਰਿਆਂ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਸਤਿਕਾਰ ਉਚਿਤ ਢੰਗ ਨਾਲ ਨਹੀਂ ਹੋ ਰਿਹਾ।

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਾਣ ਦਾ ਇਕ ਜ਼ਰੂਰੀ ਨਿਯਮ ਇਹ ਹੈ ਕਿ ਜੁੱਤੀਆਂ ਬਾਹਰ ਉਤਾਰ ਕੇ ਜਾਇਆ ਜਾਵੇ। ਨੰਗੇ ਪੈਰ ਜਾਣ ਪਿੱਛੇ, ਗੁਰਦੁਆਰੇ ਦੀ ਪਵਿੱਤਰਤਾ ਬਣਾਈ ਰੱਖਣਾ ਮੰਤਵ ਹੈ। ਨਹੀਂ ਤਾਂ ਅੰਦਰ ਮਿੱਟੀ, ਚਿੱਕੜ ਅਤੇ ਹੋਰ ਗੰਦ-ਮੰਦ ਜਾ ਸਕਦਾ ਹੈ। ਹਿੰਦੂ ਮੰਦਰਾਂ ਅਤੇ ਮਸਜਿਦਾਂ ਵਿਚ ਵੀ ਇਹ ਨਿਯਮ ਲਾਗੂ ਹੈ। ਪਰ ਗਿਰਜੇ ਘਰਾਂ ਵਿਚ, ਹਰ ਥਾਂ ਇਸ ਨਿਯਮ ਨੂੰ ਪੂਰੀ ਤਰ੍ਹਾਂ ਨਹੀਂ ਨਿਭਾਇਆ ਜਾਂਦਾ। ਹੁਣ ਗਹੁ ਨਾਲ ਦੇਖੀਏ ਤਾਂ ਇਸ ਨਿਯਮ ਪਿੱਛੇ ਵੀ ਸਥਾਨਕ ਰੀਤੀ-ਰਿਵਾਜ਼ ਹੀ ਕੰਮ ਕਰਦਾ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੋਈ ਵੀ ਵਿਅਕਤੀ ਜ਼ੁਰਾਬਾਂ ਦਾ ਪ੍ਰਯੋਗ ਨਹੀਂ ਕਰ ਸਕਦਾ। ਹਰ ਵਿਅਕਤੀ ਨੂੰ ਪੈਰ ਧੋ ਕੇ, ਨੰਗੇ ਪੈਰੀਂ ਹੀ ਜਾਣ ਦੀ ਆਗਿਆ ਹੁੰਦੀ ਹੈ। ਪਰ ਇਸ ਮਰਯਾਦਾ ਨੂੰ ਇੰਗਲੈਂਡ ਦੀ ਮਹਾਰਾਣੀ ਲਈ ਤੋੜਿਆ ਗਿਆ ਸੀ। ਇਸ ਉੱਪਰ ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ। ਇਸੇ ਤਰ੍ਹਾਂ ਹੋਰ ਕਈ ਗੁਰਦੁਆਰਿਆਂ ਵਿਚ ਕੋਈ ਚਾਹੇ ਤਾਂ ਜ਼ੁਰਾਬਾਂ ਪਹਿਨ ਕੇ ਅੰਦਰ ਦਾਖ਼ਲ ਹੋ ਸਕਦਾ ਹੈ। ਪਰ ਸ਼ਰਧਾਲੂਆਂ ਨੂੰ ਇਹ ਖੁਲ੍ਹ ਲੈਣ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ



ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ 20 ਅਕਤੂਬਰ 1997 ਨੂੰ
ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਜੁਰਾਬਾਂ ਸਮੇਤ

ਹੈ ਕਿ ਕੀ ਉਨ੍ਹਾਂ ਦੀਆਂ ਜ਼ੁਰਾਬਾਂ ਗੰਦੀਆਂ ਜਾਂ ਬਦਬੂਦਾਰ ਤਾਂ ਨਹੀਂ? ਬਦਬੂਦਾਰ ਪੈਰਾਂ ਕਾਰਣ ਗੁਰਦੁਆਰੇ ਦਾ ਵਾਤਾਵਰਣ ਦੂਸ਼ਿਤ ਹੋ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨਾਲ ਜੁੜੀ ਇਕ ਗੱਲ ਇਹ ਵੀ ਰਹੀ ਹੈ ਕਿ ਕੀ *ਗੁਰੂ ਗ੍ਰੰਥ ਸਾਹਿਬ* ਦੇ ਬਰਾਬਰ ਕੋਈ ਵਿਅਕਤੀ ਬੈਠ ਸਕਦਾ ਹੈ? ਆਮ ਤੌਰ 'ਤੇ ਜੁਆਬ ਹੁੰਦਾ ਹੈ ਕਿ 'ਨਹੀਂ'। ਪਰ ਜੇ ਦੇਖੀਏ ਤਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਆਦਿ ਸਥਾਨਾਂ ਵਿਚ *ਗੁਰੂ ਗ੍ਰੰਥ ਸਾਹਿਬ* ਅਤੇ ਸੰਗਤ ਇਕ ਹੀ ਲੈਵਲ ਉੱਪਰ ਹੁੰਦੇ ਹਨ। ਪੰਥ ਵਿਚ ਇਹ ਪ੍ਰਸ਼ਨ ਉਠਿਆ ਸੀ ਕਿ ਕੀ ਗੁਰਦੁਆਰੇ ਵਿਚ ਕੁਰਸੀਆਂ ਦੀ ਵਿਵਸਥਾ ਹੋ ਸਕਦੀ ਹੈ? ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪਿਆ ਜਾਂਦਾ ਗ੍ਰੰਥ *ਗੁਰਮਤ ਮਾਰਤੰਡ*, ਇਸਦੀ ਆਗਿਆ ਦਿੰਦਾ ਹੈ। ਇਸ ਪੁਸਤਕ ਦੇ ਲਿਖਾਰੀ ਭਾਈ ਕਾਨ੍ਹ ਸਿੰਘ ਦੇ ਸ਼ਬਦ ਪੜ੍ਹੋ : "ਅਸਾਡੇ ਵਿਚ ਵਿਚਾਰ ਸ਼ਕਤਿ ਬਹੁਤ ਘੱਟ ਹੈ, ਬਿਨਾਂ ਸਿਧਾਂਤ ਸੋਚੇ ਹੀ ਤੁੱਛ ਬਾਤ ਤੇ ਵਿਤੰਡਾਵਾਦ ਕਰਨ ਲੱਗ ਜਾਨੇ ਹਾਂ।...ਗੁਰੂ ਗ੍ਰੰਥ ਸਾਹਿਬ ਦਾ ਸਿੰਘਾਸਨ ਉੱਚਾ ਰੱਖ ਕੇ ਗੁਰਦੁਆਰਾ ਬਣਾਨਾ ਅਤੇ ਕੁਰਸੀਆਂ ਤੇ ਬੈਠਣਾ ਨਾ-ਮੁਨਾਸਿਬ ਨਹੀਂ...ਜੇ ਗੁਰੂ ਅਰਜਨ ਦੇਵ ਜੀ ਹਰਿਮੰਦਿਰ ਆਪ ਨਾ ਬਣਾ ਜਾਂਦੇ, ਤਾਂ ਉਪਰਲੀ ਛੱਤ ਅਤੇ ਗੈਲਰੀਆਂ ਵਿਚ ਬੈਠਣ ਵਾਲਿਆਂ ਦੀ ਕਪਾਲ ਕ੍ਰਿਯਾ, ਬਿਨਾ ਸੰਸੇ ਹੋ ਜਾਂਦੀ।"[3] ਅਜੋਕੇ ਦੌਰ ਵਿਚ ਕੁਝ ਸਰੀਰਕ ਬਿਮਾਰੀਆਂ ਕਾਰਣ, ਕੁਝ ਲੋਕ ਜ਼ਮੀਨ ਉੱਪਰ ਚੌਂਕੜੀ ਲਗਾ ਕੇ ਨਹੀਂ ਬੈਠ ਸਕਦੇ। ਵੱਡੇ ਸ਼ਹਿਰਾਂ ਵਿਚ ਅਜਿਹੇ ਲੋਕਾਂ ਲਈ ਕੁਰਸੀਆਂ/ਬੈਂਚਾਂ ਦੀ ਵਿਵਸਥਾ ਕਰ ਦਿੱਤੀ ਗਈ ਹੈ। ਹੁਣ ਤਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੀ ਅੰਗਹੀਣ ਲੋਕਾਂ ਨੂੰ ਵੀਲ੍ਹ-ਚੇਅਰ ਵਰਤਣ ਦੀ ਆਗਿਆ ਦਿੱਤੀ ਗਈ ਹੈ। ਇਹ ਸਾਰਾ ਵਰਤਾਰਾ ਸਮੇਂ ਦੇ ਨਾਲ ਚੱਲਣ ਦੀ ਮਜ਼ਬੂਰੀ ਵਾਲਾ ਹੈ। ਆਸ ਹੈ ਕਿ ਭਵਿੱਖ ਵਿਚ ਗੁਰਦੁਆਰਿਆਂ ਵਿਚ ਚਰਚ ਵਾਂਗ ਹੀ ਸੀਟਾਂ ਦੀ ਵਿਵਸਥਾ ਹੋ ਜਾਵੇ। ਇਸ ਵਿਚ ਕੁਝ ਬੁਰਾ ਵੀ ਨਹੀਂ।

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਤਾਂ ਤਾਬਿਆ ਕੋਈ ਸਿੰਘ/ਸਿੰਘਣੀ ਜ਼ਰੂਰ ਰਹੇ। ਪਰ ਸਿੱਖਾਂ ਵਿਚ ਔਰਤ ਨੂੰ ਗ੍ਰੰਥੀ ਸਵੀਕਾਰ ਕਰਨ ਵਿਚ ਭਾਵੇਂ ਸਿੱਧਾਂਤਕ ਅੜਚਨ ਕੋਈ ਨਹੀਂ, ਪਰ ਕੱਟੜਪੰਥੀ ਅਜਿਹਾ ਨਹੀਂ ਹੋਣ ਦਿੰਦੇ। ਇਸ ਪੱਖ ਤੋਂ ਸਾਰੇ ਧਰਮਾਂ ਦੇ ਮੂਲਵਾਦੀ ਇਕ ਮਤ ਦਿਸਦੇ ਹਨ। ਖ਼ੈਰ! ਤਾਬਿਆ ਬੈਠਾ ਸਿੰਘ/ਸਿੰਘਣੀ ਚੌਰ ਕਰਦੇ ਰਹਿਣ। 'ਚੌਰ' ਸ਼ਾਹੀ ਚਿੰਨ੍ਹ ਹੈ। ਇਸੇ ਤਰ੍ਹਾਂ 'ਚੰਦੋਆ' ਵੀ ਦੁਨਿਆਵੀ ਪਾਤਸ਼ਾਹੀ ਦਾ ਚਿੰਨ੍ਹ ਹੈ। ਜਦੋਂ ਗੁਰਦੁਆਰੇ ਵਿਚ ਕਿਸੇ ਦੇ ਆਉਣ ਦੀ ਸੰਭਾਵਨਾ ਨਹੀਂ ਹੁੰਦੀ ਤਾਂ ਆਮ ਤੌਰ 'ਤੇ *ਗੁਰੂ ਗ੍ਰੰਥ ਸਾਹਿਬ* ਨੂੰ ਸੰਤੋਖਣਾ ਉਚਿੱਤ ਮੰਨਿਆ ਜਾਂਦਾ ਹੈ। ਆਮ ਤੌਰ 'ਤੇ ਗੁਰਦੁਆਰਿਆਂ ਵਿਚ ਸ਼ਾਮ/ਰਾਤ ਦੇ ਦੀਵਾਨ ਦੀ ਸਮਾਪਤੀ ਬਾਅਦ *ਸੋਹਿਲਾ* ਦਾ ਪਾਠ ਕਰਕੇ *ਗੁਰੂ*

ਗ੍ਰੰਥ ਸਾਹਿਬ ਨੂੰ ਸੰਤੋਖ ਕੇ, ਇਕ ਵਿਸ਼ੇਸ਼ ਸਥਾਨ 'ਤੇ ਬਣੇ ਵਿਸ਼ੇਸ਼ ਪਲੰਗ 'ਤੇ ਉਸੇ ਤਰ੍ਹਾਂ ਟਿਕਾਅ ਦਿੱਤਾ ਜਾਂਦਾ ਹੈ ਜਿਵੇਂ ਕਿਸੇ ਦੇਹਧਾਰੀ ਨੂੰ। ਕਈ ਲੋਕ ਸਰਦੀਆਂ ਵਿਚ *ਗੁਰੂ ਗ੍ਰੰਥ ਸਾਹਿਬ* ਨੂੰ 'ਪ੍ਰਗਟ ਦੇਹ' ਸਮਝ ਕੇ ਉਸ ਉੱਪਰ ਕੰਬਲ ਆਦਿ ਵੀ ਪਾਉਂਦੇ ਹਨ ਅਤੇ ਉਸ ਕਮਰੇ ਵਿਚ ਹੀਟਰ ਆਦਿ ਚਲਾਉਂਦੇ ਹਨ। ਇਸੇ ਤਰ੍ਹਾਂ ਗਰਮੀਆਂ ਵਿਚ ਸੁਖਆਸਣ ਅਸਥਾਨ 'ਤੇ ਪੱਖਾ/ਕੂਲਰ/ਏ.ਸੀ. ਚਲਾਉਂਦੇ ਹਨ। ਹਾਲਾਂਕਿ ਪੜ੍ਹੇ-ਲਿਖੇ ਸਿੱਖ ਇਸ ਨੂੰ ਅਗਿਆਨਤਾ ਹੀ ਦੱਸਦੇ ਹਨ। ਕਈ ਵੇਰ ਬਿਜਲੀ ਕਾਰਣ ਗੁਰੂ ਗ੍ਰੰਥ ਸਾਹਿਬ ਨੂੰ ਅੱਗ ਵੀ ਲਗ ਜਾਂਦੀ ਰਹੀ ਹੈ।

ਸੋ ਉਪਰੋਕਤ ਸਾਰੀ ਚਰਚਾ ਤੋਂ ਇਕ ਗੱਲ ਸਪਸ਼ਟ ਹੈ ਕਿ ਪਰੰਪਰਾਵਾਦੀ ਅਤੇ ਪੜ੍ਹੇ-ਲਿਖੇ ਸਿੱਖਾਂ ਵਿਚ *ਗੁਰੂ ਗ੍ਰੰਥ ਸਾਹਿਬ* ਨੂੰ 'ਪ੍ਰਗਟ ਗੁਰਾਂ ਕੀ ਦੇਹ' ਮੰਨਣ ਦੇ ਪ੍ਰਸ਼ਨ ਉੱਪਰ ਮਤਭੇਦ ਹਨ। ਯੂਨੀਵਰਸਿਟੀਆਂ ਵਿਚ ਸਿੱਖ ਅਧਿਐਨ ਨਾਲ ਜੁੜੇ ਖੋਜੀ *ਗੁਰੂ ਗ੍ਰੰਥ ਸਾਹਿਬ* ਦਾ ਉਸ ਪ੍ਰਕਾਰ ਦਾ ਸਤਿਕਾਰ ਨਹੀਂ ਕਰ ਸਕਦੇ। ਗੁਰਬਾਣੀ ਦੀਆਂ ਪੋਥੀਆਂ ਉਨ੍ਹਾਂ ਦੇ ਟੇਬਲਾਂ ਅਤੇ ਸ਼ੈਲਫ਼ਾਂ ਵਿਚ ਉਸੇ ਤਰ੍ਹਾਂ ਪਈਆਂ ਹੁੰਦੀਆਂ ਹਨ, ਜਿਵੇਂ ਹੋਰ ਦੂਜੀਆਂ ਪੁਸਤਕਾਂ ਪਈਆਂ ਹੋਣ। ਹੁਣ ਟੀ.ਵੀ. ਉੱਪਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਵੇਲੇ, ਆਮ ਵਿਅਕਤੀ ਸੁਚੇਤ ਨਹੀਂ ਹੁੰਦਾ। ਅਸੀਂ ਸੁਣਿਆ ਹੈ ਕਿ ਸੰਨ 1970 ਦੇ ਨੇੜੇ ਜਦੋਂ 'ਨਾਨਕ ਨਾਮ ਜਹਾਜ਼ ਹੈ' ਫ਼ਿਲਮ ਪਹਿਲੇ ਦਿਨ ਅੰਮ੍ਰਿਤਸਰ ਦੇ ਕਿਸੇ ਸਿਨੇਮੇ ਵਿਚ ਵਿਖਾਈ ਗਈ ਸੀ ਤਾਂ ਫ਼ਿਲਮ ਵੇਖਣ ਵਾਲੇ ਬਹੁਤੇ ਦਰਸ਼ਕ ਜੁੱਤੀਆਂ ਸਿਨੇਮੇ ਦੇ ਬਾਹਰ ਉਤਾਰ ਕੇ ਹੀ ਅੰਦਰ ਗਏ ਸਨ।

ਗ੍ਰੰਥੀ ਸਿੰਘ ਤੇ ਪ੍ਰਬੰਧਕ ਕਮੇਟੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਤੇ ਸੇਵਾ-ਸੰਭਾਲ ਵੱਲ ਧਿਆਨ ਦੇਣ : ਸਕੱਤਰ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ ਅਤੇ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਗੁਰਦੁਆਰਾ ਸਾਹਿਬ ਵਿਖੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ, ਅਦਬ ਸਤਿਕਾਰ ਤੇ ਸੇਵਾ ਸੰਭਾਲ ਵੱਲ ਨਿੱਜੀ ਤੇ ਵਿਸ਼ੇਸ਼ ਧਿਆਨ ਦੇਣ। ਇਥੋਂ ਜਾਰੀ ਇਕ ਬਿਆਨ ਵਿਚ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਇਕ ਬਹੁਤ ਹੀ ਸਤਿਕਾਰਯੋਗ ਅਤੇ ਮਹੱਤਵਪੂਰਨ ਹਨ, ਦਸ ਗੁਰੂ ਸਾਹਿਬਾਨ ਦੀ ਜਾਗਦੀ ਜੋਤ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਕਈ ਵਾਰ ਲਾਪਰਵਾਹੀ ਜਾਂ ਮਾਮੂਲੀ ਗਲਤੀ ਕਾਰਨ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਗਨ ਭੇਟ ਹੋਣ ਦੀ ਦੁਖਦਾਈ ਘਟਨਾ ਵਾਪਰ ਜਾਂਦੀ ਹੈ, ਜਿਸ ਨਾਲ ਸਿੱਖ ਹਿਰਦੇ ਵਲੂੰਧਰੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸ਼ਰਧਾ ਵਸ ਜਦ ਪਾਲਕੀ ਸਾਹਿਬ ਜਾਂ ਸੁਖਆਸਨ ਸਥਾਨ ਪਲੰਘ ਸਾਹਿਬ ਨਾਲ ਬਿਜਲੀ ਦੇ ਬਲਬ ਜਾਂ ਪੱਖੇ ਲਗਾ ਦਿੰਦੇ ਹਨ ਜੋ ਰਾਤ ਨੂੰ ਚਲਦੇ ਰਹਿੰਦੇ ਹਨ ਜਾਂ ਗਰਮੀ ਦੇ ਮੌਸਮ ਵਿਚ ਕਈ ਤਾਪਮਾਨ ਵਧ ਜਾਣ ਤੇ ਹਨੇਰੀਆਂ ਆਦਿ ਦੌਰਾਨ ਬਿਜਲੀ ਦੇ ਸ਼ਾਟ ਸਰਕਟ ਕਾਰਨ ਗੁਰਦੁਆਰਾ ਸਾਹਿਬ ਦੇ ਅੰਦਰ ਅੱਗ ਲੱਗਣ ਦੀ ਘਟਨਾ ਵਾਪਰ ਜਾਂਦੀ ਹੈ, ਜਿਸ ਨਾਲ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋ ਜਾਂਦੀ ਹੈ। ਅਜਿਹੀਆਂ ਘਟਨਾਵਾਂ ਰੋਕਣ ਲਈ ਜ਼ਰੂਰੀ ਹੈ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਤੇ ਦੂਸਰਾ ਸਟਾਫ਼ ਅਤੇ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਸਾਹਿਬਾਨ ਆਪਣੀ ਨਿੱਜੀ ਦਿਲਚਸਪੀ ਨਾਲ ਸੇਵਾ ਸੰਭਾਲ ਕਰਨ ਵੱਲ ਧਿਆਨ ਦੇਣ। ਉਨ੍ਹਾਂ ਕਿਹਾ ਜੇਕਰ ਕਿਸੇ ਗੁਰਦੁਆਰਾ ਸਾਹਿਬ ਅੰਦਰ ਅਜਿਹੀ ਕੋਈ ਦੁਖਦਾਈ ਘਟਨਾ ਵਾਪਰਦੀ ਹੈ ਤਾਂ ਗ੍ਰੰਥੀ, ਦੂਸਰਾ ਸਟਾਫ਼ ਤੇ ਪ੍ਰਬੰਧਕ ਕਮੇਟੀਆਂ ਖੁਦ ਜ਼ਿੰਮੇਵਾਰ ਹੋਣਗੀਆਂ। (ਗੁਰਦੁਆਰ ਗਜ਼ਟ, ਜੂਨ 2004 ਵਿਚੋਂ ਧੰਨਵਾਦ ਸਹਿਤ)

ਗੁਰੂ ਗ੍ਰੰਥ ਸਾਹਿਬ ਨੂੰ ਜੁਰਿਸਟਿਕ ਪੁਰਖ ਵਜੋਂ ਮਾਨਤਾ

ਜੁਰਿਸਟਿਕ ਪੁਰਖ ਤੋਂ ਭਾਵ ਉਸ ਵਸਤੂ ਤੋਂ ਹੈ ਜਿਸਦੀ ਅਭਾਸੀ (fictitious) ਸ਼ਖ਼ਸੀਅਤ ਮੰਨੀ ਜਾਂਦੀ ਹੈ। ਭਾਰਤ ਦੀ ਸੁਪਰੀਮ ਕੋਰਟ ਨੇ ਕਾਨੂੰਨੀ ਤੌਰ 'ਤੇ 29 ਮਾਰਚ, 2000 ਨੂੰ *ਗੁਰੂ ਗ੍ਰੰਥ ਸਾਹਿਬ* ਨੂੰ ਜੁਰਿਸਟਿਕ ਪੁਰਖ ਵਜੋਂ ਮਾਨਤਾ ਦਿੱਤੀ ਸੀ।[4] ਕਾਨੂੰਨੀ ਮਾਹਿਰ ਦੱਸਦੇ ਹਨ ਕਿ ਇਸ ਰੁਤਬੇ ਨਾਲ *ਗੁਰੂ ਗ੍ਰੰਥ ਸਾਹਿਬ* ਨੂੰ ਮਾਲਕਾਨਾ ਹਕੂਕ ਮਿਲ ਗਏ ਹਨ।[5] ਇਸ ਤੋਂ ਵੱਧ ਇਸਦਾ ਕੋਈ ਮਹੱਤਵ ਨਹੀਂ। ਕਿਉਂਕਿ ਮੰਦਰ ਦੀ ਮੂਰਤੀ, ਮੱਠ ਤੇ ਮਸਜਿਦ ਨੂੰ ਵੀ ਅਜਿਹੇ ਕਾਨੂੰਨੀ ਅਧਿਕਾਰ ਮਿਲੇ ਹੋਏ ਹਨ।

ਤਾਂ ਅਜੋਕੀਆਂ ਪ੍ਰਸਥਿਤੀਆਂ ਵਿਚ 'ਪ੍ਰਗਟ ਗੁਰਾਂ ਕੀ ਦੇਹ' ਦੇ ਕੀ ਅਰਥ ਲਏ ਜਾਣ ? ਸਥੂਲ ਰੂਪ ਵਿਚ ਮੂਰਤੀ ਪੂਜਕ ਲਈ ਮੂਰਤੀ/ਪੱਥਰ ਨਿਰਜਿੰਦ ਨਹੀਂ ਹੁੰਦੀ। ਮੂਰਤੀ ਪੂਜਕ ਦਾ ਵਿਸ਼ਵਾਸ ਹੁੰਦਾ ਹੈ ਕਿ ਮੂਰਤੀ ਉਸਦੀ ਅਰਦਾਸ ਨੂੰ ਸੁਣਦੀ ਹੈ ਅਤੇ ਸੰਕਟ ਦੂਰ ਕਰਦੀ ਹੈ। ਪਰ ਗੁਰਬਾਣੀ ਇਸਦੇ ਬਾਵਜੂਦ, ਮੂਰਤੀ ਪੂਜਾ ਨੂੰ ਰੱਦ ਕਰਦੀ ਹੈ :[6]

ਭਾਈ ਰਣਧੀਰ ਸਿੰਘ ਜੀ ਨੇ ਇਕ ਪੁਸਤਕ *ਕੀ ਸ੍ਰੀ ਗੁਰੂ ਗ੍ਰੰਥ ਸਾਹਿਬ*

ਜੀ ਦੀ ਪੂਜਾ ਬੁੱਤ ਪ੍ਰਸਤੀ ਹੈ ? ਲਿਖੀ ਸੀ। ਉਹ ਇਸ ਵਿਸ਼ੇ ਦਾ ਖੁਲਾਸਾ ਕਰਦਿਆਂ ਲਿਖਦੇ ਹਨ :

"ਅਕਾਲਪੁਰਖ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਭਿੰਨ ਨਹੀਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਟਾ ਕੇਵਲ ਅਕਾਲਪੁਰਖ ਦੀ ਹੀ ਪ੍ਰਸਤਸ਼ ਹੈ।"[7]

ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ ਇਕ ਰਸਮ ਅਤੇ ਕਰਮ-ਕਾਂਡ ਬਣ ਚੁੱਕਾ ਹੈ। ਵੇਖਾ-ਵੇਖੀ ਮੱਥਾ ਟੇਕ ਕੇ ਸਮਝਿਆ ਜਾ ਰਿਹਾ ਹੈ ਕਿ ਬੜਾ 'ਪੁੰਨ' ਦਾ ਕੰਮ ਕਰ ਲਿਆ ਹੈ। ਭਾਈ ਰਣਧੀਰ ਸਿੰਘ ਜੀ ਲਿਖਦੇ ਹਨ :

"ਫਰਜ਼ ਕੀਤਾ ਜੇ ਸਿੱਖਾਂ ਦੀ ਭੀ ਅਜੇਹੀ ਭੇਡਾ ਚਾਲ ਹੈ ਤਦ ਜ਼ਰੂਰ ਉਹ ਭੀ ਬੁਤ ਪ੍ਰਸਤੀ ਕਰਦੇ ਹਨ, ਪ੍ਰੰਤੂ ਵਾਸਤਵ ਵਿਚ ਸਿੱਖਾਂ ਦਾ ਅਜਿਹਾ ਵਤੀਰਾ ਹੈ ਨਹੀਂ, ਕਿਉਂਕਿ ਕੋਈ ਪ੍ਰਾਣੀ ਉਦੋਂ ਤੀਕਰ ਸਿੱਖ ਬਣ ਹੀ ਨਹੀਂ ਸਕਦਾ, ਜਦ ਤੀਕਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਚੀ ਸਿਖਿਆ ਨੂੰ ਧਾਰਨ ਨਾ ਕਰ ਲਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਚੀ ਸਿਖਿਆਮਈ ਅਮੁਲ ਅਤੇ ਅਪਾਰ ਗੁਣਾਂ ਦਾ ਖ਼ਜ਼ਾਨਾ ਨਾ ਨਿਸ਼ਚਤ ਕਰ ਲਵੇ ਅਤੇ ਇਸ ਬਿਧ ਨਿਸਚਤ ਕਰਦਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਗੁਰੂ ਤਸਲੀਮ ਨਾ ਕਰ ਲਵੇ।"[8]

ਜਿਹੜਾ ਮਾਪਦੰਡ ਭਾਈ ਰਣਧੀਰ ਸਿੰਘ ਜੀ ਨੇ ਰੱਖਿਆ ਹੈ, ਉਹ ਠੀਕ ਹੈ। ਪਰ ਉਸ ਅਨੁਸਾਰ *ਗੁਰੂ ਗ੍ਰੰਥ ਸਾਹਿਬ* ਨੂੰ ਮੱਥਾ ਟੇਕਣ ਵਾਲੇ ਕਿੰਨੇ ਕੁ ਸਿੱਖ ਹਨ ? ਬਹੁਗਿਣਤੀ ਤਾਂ *ਗੁਰੂ ਗ੍ਰੰਥ ਸਾਹਿਬ* ਨੂੰ ਵੀ ਮੂਰਤੀ ਵਾਂਗ ਹੀ ਮੱਥੇ ਟੇਕ ਰਹੀ ਹੈ। ਇਹੀ ਕਾਰਣ ਹੈ ਕਿ ਮੱਥੇ ਟੇਕਣ ਵਾਲਿਆਂ ਦੇ ਜੀਵਨ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਸਗੋਂ ਕਈ ਵੇਰ ਤਾਂ ਉਨ੍ਹਾਂ ਦਾ ਜੀਵਨ ਗੁਰਮਤ ਤੋਂ ਪੂਰੀ ਤਰ੍ਹਾਂ ਸਖਣਾ ਨਜ਼ਰ ਆਉਂਦਾ ਹੈ। ਇਸ਼ਟ ਨੂੰ ਝੂਠੇ ਮੱਥੇ ਟੇਕ ਕੇ ਕੁਝ ਵੀ ਪ੍ਰਾਪਤੀ ਨਹੀਂ ਹੁੰਦੀ।[9]

ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਪੜ੍ਹਨ, ਸੁਣਨ, ਗਾਉਣ, ਵਿਚਾਰਨ ਅਤੇ ਉਸ ਅਨੁਸਾਰ ਜੀਵਨ ਬਤੀਤ ਕਰਨ ਦੀ ਗੱਲ ਤਾਂ ਵਾਰ-ਵਾਰ ਕੀਤੀ ਗਈ ਹੈ ਪਰ ਗੁਰਬਾਣੀ ਨੂੰ ਪੂਜਣ ਦਾ ਇਕ ਵੀ ਹਵਾਲਾ ਪ੍ਰਾਪਤ ਨਹੀਂ ਹੁੰਦਾ। ਵੈਸੇ, ਪੁਰਾਤਨ ਗ੍ਰੰਥਾਂ ਵਿਚ ਪਾਠ-ਭੇਦ ਵੀ ਮਿਲਦਾ ਹੈ। ਜੋ ਇਸ ਤਰ੍ਹਾਂ ਹੈ :

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥
ਗੁਰੂ ਪੰਥ ਜੀ ਮਾਨੀਏ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕਉ ਮਿਲਬੋ ਚਹੈ ਖੋਜ ਸਬਦ ਮਹਿ ਲੇਹ॥

ਭਾਵ ਅਕਾਲ ਪੁਰਖ ਦੇ ਹੁਕਮ ਅਨੁਸਾਰ ਖ਼ਾਲਸਾ ਪੰਥ ਦੀ ਸਾਜਨਾ ਹੋਈ ਹੈ। ਸਾਰੇ ਸਿੱਖਾਂ ਨੂੰ (ਮੇਰੀ) ਤਾਕੀਦ ਹੈ ਕਿ ਉਹ ਅੱਗੇ ਤੋਂ ਗ੍ਰੰਥ ਸਾਹਿਬ ਨੂੰ ਹੀ ਗੁਰੂ

ਮੰਨਣ। ਖ਼ਾਲਸਾ ਪੰਥ ਨੂੰ ਉਸੇ ਗੁਰੂ ਦਾ ਪ੍ਰਗਟ ਸਰੂਪ ਕਰਕੇ, ਗੁਰੂ ਹੀ ਜਾਣਨਾ। ਜਿਹੜਾ ਕੋਈ ਅਧਿਆਤਮ ਦੇ ਰਾਹ ਪੈਣਾ ਚਾਹੇ ਉਹ ਗੁਰ-ਸ਼ਬਦ ਦੀ ਵੀਚਾਰ ਕਰ ਲਵੇ।

ਸਪਸ਼ਟ ਹੈ ਕਿ ਗੁਰਬਾਣੀ ਦਾ ਮਹਾਨ ਖ਼ਜ਼ਾਨਾ ਹੁੰਦਿਆਂ, ਹੁਣ ਸਿੱਖਾਂ ਨੂੰ ਕਿਸੇ ਦੇਹਧਾਰੀ ਗੁਰੂ ਦੀ ਉੱਕਾ ਹੀ ਲੋੜ ਨਹੀਂ ਰਹੀ।

Ripley's Believe it or not ਦੀ ਗ਼ਲਤ-ਬਿਆਨੀ

The most revered book in the World is the Granth Sahib (literally 'Mr. Book'). It is the holy book of the Sikhs, a religious sect of India. This book is treated as though it were a living oriented King. It has a retinue of servants who fan it all day with golden handed fans of peacock feathers. An orchestra plays sweet music before it to banish boredom. Sweats are offered to it, continuously for its sustenance. The famous Golden temple of Amritsar, centre of Sikh religious worship, was built for the express purpose of housing this book. The temple is of marble encased in heavily gild copper and cost (£) 40,000,000 to build it. It is the costliest book cover in the world.

ਹਵਾਲੇ ਅਤੇ ਟਿੱਪਣੀਆਂ

1. ਗਿ. ਸ਼ੇਰ ਸਿੰਘ : *ਸ੍ਰੀ ਗੁਰੂ ਗ੍ਰੰਥ ਤੇ ਪੰਥ*, ਪੰਨਾ ੬੮.
2. Amandeep Singh Madra & Parmjit Singh, *Warrior Saints*, p. 126.
3. ਭਾਈ ਕਾਨ੍ਹ ਸਿੰਘ : *ਗੁਰਮਤ ਮਾਰਤੰਡ*, ਪੰਨਾ ਭ-ਮ.
4. AIR 2000 SC 1421.
5. Dr. Kashmir Singh : 'Guru Granth Sahib : A Juristic Person' in *Studies on Guru Granth Sahib*, (Ed. Dr. Balwant Singh Dhillon), pp. 120-135.
6. ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥
(*ਗੁਰੂ ਗ੍ਰੰਥ ਸਾਹਿਬ*, ਪੰਨਾ ੧੧੬੦)
7. *ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤਪ੍ਰਸਤੀ ਹੈ ?*, ਪੰਨਾ ੩੮.
8. *ਉਹੀ*, ਪੰਨਾ ੧੮
9. ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ (*ਉਹੀ*, ਪੰਨਾ ੪੭੪)

10 ਦਸਾਂ ਗੁਰੂਆਂ ਦੀ ਜੋਤ

ਸਿੱਖ ਧਰਮ ਨੂੰ 'ਗੁਰਮਤ' ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬਾਨ ਨੇ ਜੋ ਮਾਰਗ-ਦਰਸ਼ਨ ਕੀਤਾ, ਉਹੀ ਸਿੱਖੀ ਹੈ। ਇਸ ਲਈ ਸਿੱਖੀ ਵਿਚ 'ਗੁਰੂ' ਨੂੰ ਕੇਂਦਰੀ ਸਥਾਨ ਪ੍ਰਾਪਤ ਰਿਹਾ ਹੈ। ਉਹ ਜੁਗਤ ਜੋ ਜੀਵ ਦੇ ਮਨ ਵਿਚੋਂ ਅਗਿਆਨਤਾ ਰੂਪੀ ਹਨ੍ਹੇਰਾ ਦੂਰ ਕਰਕੇ, ਗਿਆਨ ਰੂਪੀ ਚਾਨਣ ਕਰ ਦਿੰਦੀ ਹੈ ਨੂੰ ਗੁਰੂ ਕਿਹਾ ਜਾਂਦਾ ਹੈ।[1] ਸਿੱਖੀ ਵਿਚ ਗੁਰੂ ਦੇ ਚਾਰ ਆਯਾਮ ਹਨ :

ੳ. ਅਕਾਲ ਪੁਰਖ ਗੁਰੂ ਹੈ।[2]

ਅ. ਸ਼ਬਦ ਗੁਰੂ ਹੈ।[3]

ੲ. ਅਕਾਲ ਪੁਰਖ ਦੇ ਸ਼ਬਦ ਦਾ ਪ੍ਰਕਾਸ਼ ਜਿਸ ਮਾਧਿਅਮ ਦੁਆਰਾ ਹੋਇਆ ਹੈ, ਉਹ ਵੀ ਗੁਰੂ ਅਖ਼ਵਾਉਂਦਾ ਹੈ। ਦਸ ਗੁਰੂ ਸਾਹਿਬਾਨ ਦੀ ਮਹੱਤਾ ਇਸੇ ਕਰਕੇ ਹੈ।

ਸ. ਖ਼ਾਲਸਾ ਪੰਥ ਗੁਰੂ ਹੈ, ਜਿਸ ਨੇ ਗੁਰਬਾਣੀ ਨੂੰ ਸੰਸਾਰ ਵਿਚ ਲਾਗੂ ਕਰਾਉਣ ਲਈ 'ਪਰਮਾਤਮ ਕੀ ਮੌਜ' ਦੁਆਰਾ ਸਾਜਿਆ ਗਿਆ ਸੀ।

ਸਿੱਖ, ਗੁਰੂ ਸਾਹਿਬਾਨ ਦੇ ਅਕਾਲ ਚਲਾਣੇ ਨੂੰ 'ਜੋਤੀ ਜੋਤ ਸਮਾਉਣਾ' ਕਹਿੰਦੇ ਹਨ। ਇਸ ਸਿੱਧਾਂਤ ਮੁਤਾਬਿਕ ਦਸ ਗੁਰੂ ਸਾਹਿਬਾਨ ਸਰੀਰਕ ਤੌਰ 'ਤੇ ਬੇਸ਼ਕ ਮੌਜੂਦ ਨਹੀਂ, ਪਰ ਉਨ੍ਹਾਂ ਦੁਆਰਾ ਦਿੱਤਾ ਉਪਦੇਸ਼ ਹਮੇਸ਼ਾਂ *ਗੁਰੂ ਗ੍ਰੰਥ* ਦੇ ਰੂਪ ਵਿਚ ਮੌਜੂਦ ਹੈ। ਇਸ ਸਿੱਧਾਂਤ ਮੁਤਾਬਕ ਦਸ ਗੁਰੂ ਸਾਹਿਬਾਨ ਭਿੰਨ ਭਿੰਨ ਨਹੀਂ, ਸਗੋਂ ਇਕ ਜੋਤ ਹਨ। ਅਕਾਲ ਪੁਰਖ ਵੱਲੋਂ ਬਖਸ਼ੀ ਸ਼ਬਦ ਰੂਪੀ ਜੋਤ ਨਾਲ, ਦਸ ਗੁਰੂਆਂ ਦੇ ਸਰੀਰ ਰੂਪੀ ਦੀਪਕ ਅੰਦਰ ਗਿਆਨ ਦੀ ਜੋਤ ਜਗੀ। ਇਕ ਦੀਪਕ ਤੋਂ ਦੂਜਾ ਦੀਪਕ ਪ੍ਰਕਾਸ਼ਿਤ ਹੁੰਦਾ ਗਿਆ। ਜੋਤ ਇਕ ਹੀ ਰਹੀ, ਦੀਪਕ ਬਦਲਦੇ ਰਹੇ। ਅਖ਼ੀਰ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਪੂਰੀ ਤਰ੍ਹਾਂ ਖ਼ਤਮ ਕਰਦਿਆਂ ਸ਼ਬਦ-ਗੁਰੂ ਦਾ ਸਿੱਧਾਂਤ ਹੀ ਦ੍ਰਿੜ ਕਰਾਇਆ ਗਿਆ। ਸ਼ਬਦ ਦਾ ਸਰਗੁਣ ਸਰੂਪ ਗੁਰਬਾਣੀ ਹੈ। ਇਸ ਲਈ *ਗੁਰੂ ਗ੍ਰੰਥ ਸਾਹਿਬ* ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1708 ਵਿਚ ਗੁਰਿਆਈ ਬਖ਼ਸ਼ਿਸ਼ ਦਿੱਤੀ। ਇਉਂ ਸਮਝੀਏ ਤਾਂ ਪਤਾ ਲਗਦਾ ਹੈ ਕਿ 239 ਵਰ੍ਹੇ ਲਗਾ ਕੇ ਦਸ ਗੁਰੂ-ਵਿਅਕਤੀਆਂ ਨੇ ਇਹੀ ਸੋਝੀ ਕਰਵਾਈ ਕਿ ਸ਼ਬਦ/ਗੁਰਬਾਣੀ ਤੋਂ ਬਿਨਾਂ ਕਿਸੇ ਦੀ ਮੁਕਤੀ ਨਹੀਂ

ਹੋ ਸਕਦੀ। ਦੇਹਧਾਰੀ ਗੁਰੂ ਦੀ, ਸਿੱਖੀ ਵਿਚ ਕੋਈ ਵਡਿਆਈ ਨਹੀਂ। ਜੇ ਹੁੰਦੀ ਤਾਂ ਗੁਰੂ ਨਾਨਕ ਸਾਹਿਬ ਦਾ ਵੀ ਕੋਈ ਦੇਹਧਾਰੀ ਗੁਰੂ ਹੁੰਦਾ। ਰਾਧਾ ਸੁਆਮੀ ਮਤ ਦੇ ਸਾਹਿਤ ਵਿਚ ਗੁਰੂ ਨਾਨਕ ਸਾਹਿਬ ਅਤੇ ਹੋਰ ਭਗਤਾਂ ਦੇ ਗੁਰੂ ਸਥਾਪਿਤ ਕਰਨ ਦੇ ਅਸਫਲ ਯਤਨ ਕੀਤੇ ਜਾਂਦੇ ਹਨ।[4] ਇਤਿਹਾਸ ਤੇ ਗੁਰਬਾਣੀ ਦੀ ਸੋਝੀ ਰੱਖਣ ਵਾਲਾ ਮਨੁੱਖ ਜਾਣਦਾ ਹੈ ਕਿ ਜੇ ਉਨ੍ਹਾਂ ਦਾ ਕੋਈ ਦੇਹਧਾਰੀ ਗੁਰੂ ਹੁੰਦਾ ਤਾਂ ਉਸਨੂੰ ਸਿੱਧ ਕਰਨ ਦੀ ਲੋੜ ਨਾ ਪੈਂਦੀ। ਮੌਜੂਦਾ ਸਮੇਂ ਵਿਚ ਗੁਰੂਡੰਮ ਦੇ ਪ੍ਰਚਾਰ ਕਾਰਣ, ਜਨ-ਸਾਧਾਰਣ ਨੂੰ ਸ਼ਬਦ-ਗੁਰੂ ਦਾ ਮਹਾਨ ਸਿਧਾਂਤ ਹਜ਼ਮ ਨਹੀਂ ਹੋ ਰਿਹਾ। ਅਸਾਂ ਨੇ *ਗੁਰੂ ਗ੍ਰੰਥ ਸਾਹਿਬ* ਨੂੰ ਵੀ ਦੇਹ ਮੰਨ ਲਿਆ ਹੈ। ਉਸਦੇ ਪੈਰਾਂ (ਚਰਨਾਂ) ਦੀ ਗੱਲ, ਪ੍ਰਸ਼ਾਦ ਦੇ ਭੋਗ ਲਵਾਉਣਾ, ਸਰਦੀਆਂ ਵਿਚ ਕੰਬਲ ਓੜਨੇ ਅਤੇ ਗਰਮੀਆਂ ਵਿਚ ਏ.ਸੀ./ਕੂਲਰ/ਪੱਖੇ ਚਲਾਉਣੇ ਆਦਿ ਦਰਸਾਉਂਦਾ ਹੈ ਕਿ ਅਸੀਂ ਆਪਣੀ ਮਾਨਸਿਕਤਾ ਵਿਚੋਂ ਦੇਹਧਾਰੀ ਗੁਰੂ ਨੂੰ ਮਨਫ਼ੀ ਨਹੀਂ ਕਰ ਸਕੇ। ਇਨ੍ਹਾਂ ਕਰਮ-ਕਾਂਡਾਂ ਅਤੇ ਪੁਰੋਹਿਤ-ਭਾਸ਼ਾ ਦੇ ਚਲਦਿਆਂ ਦੇਹਧਾਰੀ ਗੁਰੂ-ਪੂਜਾ ਨੂੰ ਬਲ ਮਿਲਣਾ ਕੁਦਰਤੀ ਹੈ।

ਸਾਡੇ ਕਥਾਕਾਰਾਂ ਅਤੇ ਪ੍ਰਚਾਰਕਾਂ ਨੇ ਕਈ ਕਲਪਿਤ ਗੱਲਾਂ ਇਉਂ ਰੋਚਕ ਢੰਗ ਨਾਲ ਪ੍ਰਸਤੁਤ ਕੀਤੀਆਂ ਹਨ ਕਿ ਉਨ੍ਹਾਂ ਨੇ ਇਹ ਸੋਚਿਆ ਹੀ ਨਹੀਂ ਕਿ ਉਨ੍ਹਾਂ ਦੇ ਅਜਿਹਾ ਕਰਨ ਨਾਲ ਗੁਰਮਤ ਦਾ ਭਾਰੀ ਨੁਕਸਾਨ ਹੋ ਜਾਵੇਗਾ। ਸਾਡੇ ਅਜਿਹੇ ਨਾ-ਸਮਝ ਪ੍ਰਚਾਰਕ ਬਾਬਾ ਬੁੱਢਾ ਦੀ ਇਕ ਵਡਿਆਈ ਇਹ ਦੱਸਦੇ ਹਨ ਕਿ ਬਾਬਾ ਜੀ ਨੇ ਅੱਠ ਗੁਰੂ ਸਾਹਿਬਾਨ ਦੇ ਸ਼ਰੀਰਕ ਦਰਸ਼ਨ ਕੀਤੇ ਸਨ।

ਮੇਰੀ ਇਕ ਵਿਦਿਆਰਥਣ ਇਕ ਦਿਨ ਕਹਿਣ ਲੱਗੀ ਕਿ "ਜੇ ਗੁਰੂ-ਕਾਲ ਵਿਚ ਵੀਡੀਓ ਫਿਲਮਿੰਗ ਹੁੰਦੀ ਤਾਂ ਗੁਰੂ ਸਾਹਿਬਾਨ ਦੀਆਂ ਸੀ.ਡੀਜ਼. ਵਗੈਰਾ ਬਣੀਆਂ ਹੁੰਦੀਆਂ। ਅਸੀਂ ਰੋਜ਼ ਉਨ੍ਹਾਂ ਦੇ ਦਰਸ਼ਨ ਕਰਦੇ ਅਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਉਨ੍ਹਾਂ ਦੇ ਬਚਨ ਸੁਣਦੇ।" ਸਿੱਖਾਂ ਦਾ ਮਨੋਵਿਸ਼ਲੇਸ਼ਣ ਕਰੀਏ ਤਾਂ ਕਹਿਣਾ ਪਵੇਗਾ ਕਿ ਬਹੁਗਿਣਤੀ ਸਿੱਖ ਦੇਹਧਾਰੀ ਗੁਰੂ ਦੀ ਅਣਹੋਂਦ ਕਾਰਣ, ਉਦਾਸ ਹਨ। ਕਵੀ ਲੋਕ ਅੱਜ ਵੀ ਬਾਬੇ ਨਾਨਕ ਨੂੰ ਜਗਤ ਵਿਚ ਮੁੜ ਫੇਰਾ ਪਾਉਣ ਦਾ ਤਰਲਾ ਪਾਉਂਦੇ ਹਨ ਅਤੇ ਬਾਜਾਂ ਵਾਲੇ ਨੂੰ ਨੀਲੇ ਘੋੜੇ 'ਤੇ ਸਵਾਰ ਹੋ ਕੇ ਪੰਥ ਦਾ ਹਾਲ ਸੁਆਰਨ ਦੀ ਅਰਜ਼ੋਈ ਕਰਦੇ ਹਨ। ਕੀ ਇਹ ਠੀਕ ਹੈ? ਇਹ ਭਾਵਨਾਤਮਕ ਪ੍ਰਚਾਰ ਹੈ ਜਾਂ ਸਦੀਆਂ ਦੀ ਫੈਲੀ ਰੋਗੀ ਮਾਨਸਿਕਤਾ?

ਅਸੀਂ *ਗੁਰੂ ਗ੍ਰੰਥ ਸਾਹਿਬ* ਨੂੰ 'ਗਿਆਨ ਦਾ ਸਾਗਰ' ਮੰਨਣ ਦੀ ਥਾਂ ਪੰਜ-ਭੂਤਕ ਸਰੀਰ ਵਰਗਾ ਮੰਨ ਕੇ ਵਧੇਰੇ ਸੰਤੁਸ਼ਟ ਹੋ ਰਹੇ ਹਾਂ। ਕਦੇ ਕੋਈ ਸਿੱਖ ਆਪਣੇ ਦਿਲ ਦੀਆਂ ਡੂੰਘਾਈਆਂ ਤੋਂ *ਗੁਰੂ ਗ੍ਰੰਥ ਸਾਹਿਬ* ਨੂੰ ਦਸ ਪਾਤਸ਼ਾਹੀਆਂ ਦੀ ਜੋਤ ਮੰਨ ਕੇ, ਖ਼ੁਦ ਨੂੰ ਬਾਬੇ ਬੁੱਢੇ ਤੋਂ ਵਡਭਾਗੀ ਨਹੀਂ ਸਮਝਦਾ। ਬਾਬਾ



ਸ੍ਰੀ ਦਰਬਾਰ ਸਾਹਿਬ ਦੀ ਪਹਿਲੀ ਮੰਜ਼ਿਲ ਉਪਰ ਇਕ ਹੱਥ-ਲਿਖਤ ਬੀੜ ਦਾ ਪ੍ਰਕਾਸ਼

ਬੁੱਢਾ ਜੀ ਨੇ ਤਾਂ ਅੱਠ ਪਾਤਸ਼ਾਹੀਆਂ ਦੇ ਦਰਸ਼ਨ ਕੀਤੇ ਸਨ ਪਰ ਅਸੀਂ ਦਸ ਪਾਤਸ਼ਾਹੀਆਂ ਦੀ ਜੋਤ ਦੇ ਦਰਸ਼ਨ ਕਰਕੇ ਸੰਤੁਸ਼ਟ ਨਹੀਂ। ਅਸੀਂ 'ਸਰੀਰ' ਅਤੇ 'ਜੋਤ' ਦਾ ਅੰਤਰ ਨਹੀਂ ਸਮਝੇ। ਕੀ *ਗੁਰੂ ਗ੍ਰੰਥ ਸਾਹਿਬ* ਦੇ ਪੰਨੇ ਭਾਵ ਕਾਗਜ਼ ਗੁਰੂ ਹੈ? ਕੀ ਸਿਆਹੀ ਗੁਰੂ ਹੈ? ਕੀ ਅੱਖਰ ਗੁਰੂ ਹਨ? ਇਹ ਸਮਝਣਾ ਪਵੇਗਾ ਕਿ *ਗੁਰੂ ਗ੍ਰੰਥ ਸਾਹਿਬ* ਵਿਚਲਾ ਗਿਆਨ ਹੀ ਅਸਲ ਵਿਚ ਸਾਡਾ ਗੁਰੂ ਹੈ।

ਜਦੋਂ ਅਸੀਂ *ਗੁਰੂ ਗ੍ਰੰਥ ਸਾਹਿਬ* ਨੂੰ ਦਸ ਗੁਰੂਆਂ ਦੀ ਜੋਤ ਕਹਿੰਦੇ ਹਾਂ ਤਾਂ ਇਸਦਾ ਕੇਵਲ ਇਹੀ ਭਾਵ ਹੁੰਦਾ ਹੈ ਕਿ ਇਸ ਮਹਾਨ ਗ੍ਰੰਥ ਵਿਚ ਦਸਾਂ ਗੁਰੂਆਂ ਦੀ ਦਿੱਤੀ ਸੇਧ ਦਰਜ਼ ਹੈ। ਇਸ ਸੇਧ ਨੂੰ ਅਪਣਾਅ ਕੇ ਅਸੀਂ ਆਪਣਾ ਮਨੁੱਖਾ ਜਨਮ ਸੰਵਾਰ ਸਕਦੇ ਹਾਂ। ਪਰ ਅਫ਼ਸੋਸ ਹੈ ਕਿ ਨਾਮਧਰੀਕ ਪ੍ਰਚਾਰਕਾਂ ਨੇ ਗੁਰਬਾਣੀ ਦਾ ਮਾਨਵੀਕਰਣ ਕਰ ਦਿੱਤਾ ਹੈ। ਸਮਝਣ ਦੀ ਲੋੜ ਹੈ ਕਿ ਦੇਹਧਾਰੀ ਮਨੁੱਖ ਜੰਮਣ-ਮਰਨ ਦੇ ਚੱਕਰਾਂ ਵਿਚ ਪਿਆ ਰਹਿੰਦਾ ਹੈ; ਉਹ ਜੰਮਦਾ ਹੈ, ਸਕੂਲੇ ਜਾਂਦਾ ਹੈ, ਜਵਾਨ ਹੋ ਕੇ ਵਿਆਹ ਕਰਾਉਂਦਾ, ਬੱਚੇ ਜੰਮਦਾ ਅਤੇ ਵਿਆਹੁੰਦਾ ਖਪਦਾ ਬੁੱਢਾ ਹੋ ਕੇ ਅੰਤ ਨੂੰ ਮਰ ਜਾਂਦਾ ਹੈ। ਜਦੋਂ ਕਿ ਗੁਰਬਾਣੀ ਇਨ੍ਹਾਂ ਦੋਸ਼ਾਂ ਤੋਂ ਮੁਕਤ ਹੋਣ ਕਰਕੇ ਮਨੁੱਖ ਤੋਂ ਸ੍ਰੇਸ਼ਟ ਹੈ ਅਤੇ ਮਨੁੱਖੀ ਸੀਮਾਵਾਂ ਤੋਂ ਆਜ਼ਾਦ ਹੈ।

ਹਵਾਲੇ ਅਤੇ ਟਿੱਪਣੀਆਂ

1. ਗੁਰਸ਼ਰਨਜੀਤ ਸਿੰਘ : *ਗੁਰਮਤ ਨਿਰਣਯ ਕੋਸ਼*, ਪੰਨਾ 80.
2. ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ (ਗੁਰੂ ਗ੍ਰੰਥ ਸਾਹਿਬ, ਪੰਨਾ ੩੮੭)
3. ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਉਹੀ, ਪੰਨਾ ੯੪੩)
4. ਜੇ.ਆਰ. ਪੁਰੀ : *ਗੁਰੂ ਨਾਨਕ ਦਾ ਰੂਹਾਨੀ ਉਪਦੇਸ਼*, ਪੰਨੇ 12-15.

11

ਗੁਰੂ ਗ੍ਰੰਥ ਸਾਹਿਬ ਦੀ ਮਰਯਾਦਾ

ਸਿੱਖਾਂ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਸਤਿਕਾਰ ਸਭ ਤੋਂ ਸ੍ਰੇਸ਼ਟ ਫ਼ਰਜ਼ ਮੰਨਿਆ ਜਾਂਦਾ ਹੈ। *ਗੁਰੂ ਗ੍ਰੰਥ ਸਾਹਿਬ* ਦਾ ਆਕਾਰ ਅਤੇ ਪ੍ਰਕਾਰ ਭਾਵੇਂ ਕੁਝ ਵੀ ਹੋਵੇ, ਉਸ਼ਦਾ ਸਤਿਕਾਰ ਇਕ ਹੀ ਮਰਯਾਦਾ ਨਾਲ ਕੀਤਾ ਜਾਂਦਾ ਹੈ। ਇਥੋਂ ਤੀਕ ਕਿ ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕੇ ਵੀ ਵਿਸ਼ੇਸ਼ ਮਰਯਾਦਾ ਨਾਲ ਸੰਭਾਲੇ ਜਾਂਦੇ ਹਨ। ਆਮ ਤੌਰ 'ਤੇ ਘਰਾਂ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਸੰਪੂਰਨ ਸਰੂਪਾਂ ਦੀ ਥਾਂ ਗੁਟਕੇ ਹੀ ਹੁੰਦੇ ਹਨ। ਇਹ ਦਿਲਚਸਪੀ ਦਾ ਵਿਸ਼ਾ ਹੋ ਸਕਦਾ ਹੈ ਕਿ 'ਬਾਣੀ', 'ਗੁਰਬਾਣੀ' ਅਤੇ 'ਪੋਥੀ' ਇਸਤਰੀ-ਲਿੰਗ ਸ਼ਬਦ ਹਨ। ਜਦੋਂ ਕਿ 'ਗ੍ਰੰਥ' ਅਤੇ 'ਗੁਟਕਾ' ਪੁਰਸ਼ ਲਿੰਗ ਸ਼ਬਦ ਹਨ। 'ਪੋਥੀ', 'ਗ੍ਰੰਥ' ਬਣ ਗਈ। 'ਗੁਟਕਾ' ਸ਼ਬਦ ਦਾ ਪ੍ਰਯੋਗ 'ਸੈਂਚੀ' ਲਈ ਕਾਫ਼ੀ ਬਾਅਦ ਵਿਚ ਹੋਇਆ। 'ਸੈਂਚੀ' ਵੀ ਇਸਤਰੀ ਪੁਲਿੰਗ ਹੈ, ਜਿਸਦਾ ਅਰਥ ਹੈ—ਵੱਖ ਵੱਖ ਬਾਣੀਆਂ ਦਾ ਸੰਗ੍ਰਹਿ। 'ਸੈਂਚੀ' ਸ਼ਬਦ 'ਸੰਚਯ' ਤੋਂ ਬਣਿਆ ਹੈ। ਜਦੋਂ ਕਿ 'ਗੁਟਕਾ' ਸ਼ਬਦ ਸਿਧਾਂ ਦੁਆਰਾ ਪ੍ਰਯੋਗ ਹੋਣ ਵਾਲੀ ਇਕ ਅਜਿਹੀ ਗੋਲੀ ਲਈ ਵਰਤਿਆ ਜਾਂਦਾ ਹੈ, ਜਿਸਨੂੰ ਮੂੰਹ ਵਿਚ ਪਾ ਕੇ ਮਨੁੱਖ ਜਿੱਥੇ ਵੀ ਚਾਹੇ ਪਹੁੰਚ ਸਕਦਾ ਹੈ। ਗੁਟਕਾ ਆਮ ਤੌਰ 'ਤੇ ਜੇਬੀ ਆਕਾਰ ਦੀ ਪੋਥੀ ਹੁੰਦਾ ਹੈ। ਗੁਟਕੇ ਕਈ ਤਰ੍ਹਾਂ ਦੇ ਮਿਲਦੇ ਹਨ: ਨਿੱਤਨੇਮ ਦਾ ਗੁਟਕਾ, ਆਸਾ ਦੀ ਵਾਰ ਦਾ ਗੁਟਕਾ, ਸੁਖਮਨੀ ਸਾਹਿਬ ਦਾ ਗੁਟਕਾ, ਦੁਖਭੰਜਨੀ ਗੁਟਕਾ, ਸੁੰਦਰ ਗੁਟਕਾ, ਆਦਿ। ਦੁਕਾਨਾਂ ਉੱਪਰ ਇਹ ਗੁਟਕੇ, ਪੋਥੀਆਂ, ਸੈਂਚੀਆਂ ਅਤੇ ਇਥੋਂ ਤੀਕ ਕਿ *ਗੁਰੂ ਗ੍ਰੰਥ ਸਾਹਿਬ* ਵੀ ਮੁੱਲ/ਭੇਟਾ ਦੇ ਕੇ ਮਿਲਦੇ ਹਨ। ਪੰਜਾਬ ਵਿਚਲੇ ਅਜਿਹੇ ਸਾਰੇ ਦੁਕਾਨਦਾਰ ਇਹ ਕੁਝ ਵੇਚਦਿਆਂ ਵਿਸ਼ੇਸ਼ ਮਰਯਾਦਾ ਦਾ ਖ਼ਿਆਲ ਰੱਖਦੇ ਹਨ। ਅੰਮ੍ਰਿਤਸਰ ਸ਼ਹਿਰ ਇਸ ਤਰ੍ਹਾਂ ਦੀਆਂ ਪੋਥੀਆਂ/ਗੁਟਕੇ ਆਦਿ ਛਾਪਣ ਦਾ ਪ੍ਰਮੁੱਖ ਕੇਂਦਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਚਤਰ ਸਿੰਘ ਜੀਵਨ ਸਿੰਘ ਅਤੇ ਸਿੰਘ ਬ੍ਰਦਰਜ਼ ਇਥੋਂ ਦੇ ਪ੍ਰਮੁੱਖ ਪ੍ਰਕਾਸ਼ਕ ਅਤੇ ਵਿਤਰਕ ਹਨ। ਪਹਿਲੇ ਦੋ ਹੀ *ਗੁਰੂ ਗ੍ਰੰਥ ਸਾਹਿਬ* ਦੇ ਸੰਪੂਰਨ ਸਰੂਪ ਛਾਪਦੇ ਹਨ। ਸਮੇਂ ਸਮੇਂ ਸੰਗਤਾਂ ਵਿਚ ਪ੍ਰਾਈਵੇਟ ਪ੍ਰਕਾਸ਼ਕਾਂ ਨੂੰ ਲੈ ਕੇ ਦੋ ਮੁੱਦੇ ਭਖਦੇ ਰਹੇ ਹਨ:

ੳ. *ਗੁਰੂ ਗ੍ਰੰਥ ਸਾਹਿਬ* ਦੀ ਛਪਾਈ ਸਮੇਂ ਪੂਰਨ ਮਰਯਾਦਾ ਦਾ

ਖ਼ਿਆਲ ਨਹੀਂ ਰੱਖਿਆ ਜਾਂਦਾ।

ਅ. *ਗੁਰੂ ਗ੍ਰੰਥ ਸਾਹਿਬ* ਨੂੰ ਮੁੱਲ ਵੇਚਣਾ ਯੋਗ ਨਹੀਂ।

ਹਾਲਾਂਕਿ ਇਹ ਕਿਹਾ ਜਾਂਦਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਨੂੰ ਮੁੱਲ ਨਹੀਂ ਵੇਚਿਆ ਜਾਂਦਾ, ਬਲਕਿ ਕੁਝ ਪੈਸੇ ਕਾਗਜ਼ ਅਤੇ ਪ੍ਰਿੰਟਿੰਗ ਦੇ ਖ਼ਰਚੇ ਦੀ ਭੇਟਾ ਵਜੋਂ ਹੀ ਲਏ ਜਾਂਦੇ ਹਨ। ਸ਼੍ਰੋਮਣੀ ਕਮੇਟੀ ਵੀ *ਗੁਰੂ ਗ੍ਰੰਥ ਸਾਹਿਬ* ਨੂੰ ਬਿਲਕੁਲ ਭੇਟਾ ਰਹਿਤ ਦੇਣ ਦੇ ਯੋਗ ਨਹੀਂ ਹੋ ਸਕੀ। ਜਿਥੋਂ ਤੀਕ ਛਪਾਈ ਦੌਰਾਨ ਮਰਯਾਦਾ ਦਾ ਪ੍ਰਸ਼ਨ ਹੈ, ਉਸ ਦਾ ਹੱਲ ਵੀ ਕੋਈ ਦਿਸਦਾ ਨਹੀਂ। ਭਾਵੇਂ ਕਿ ਗੁਰਬਾਣੀ ਦੀ ਛਪਾਈ ਦੌਰਾਨ ਜ਼ਾਹਰਾ ਤੌਰ 'ਤੇ ਮਰਯਾਦਾ ਦਾ ਪਾਲਣ ਕੀਤਾ ਜਾਂਦਾ ਹੈ। ਜਿਵੇਂ ਕਿ ਸਿਰ ਢੱਕਣਾ ਆਦਿ। ਪਰ ਇਸ ਗੱਲ ਦਾ ਕੋਈ ਇਲਾਜ਼ ਸੰਭਵ ਨਹੀਂ ਕਿ ਛਪਾਈ ਨਾਲ ਜੁੜੇ ਸਾਰੇ ਵਿਅਕਤੀ ਮਰਯਾਦਾ ਦੀ ਪੂਰਣ ਪਾਲਣਾ ਕਰਦੇ ਹੀ ਹੋਣ। ਛਪਾਈ ਨਾਲ ਜੁੜੇ ਤਕਨੀਸ਼ੀਅਨਾਂ ਵਿਚ ਮੋਨੇ ਅਤੇ ਗ਼ੈਰ-ਸਿੱਖ ਵੀ ਹਨ। ਉਨ੍ਹਾਂ ਤੋਂ ਪੂਰੀ ਮਰਯਾਦਾ ਦੀ ਆਸ ਕਰਨੀ ਅਸੰਭਵ ਹੀ ਜਾਪਦੀ ਹੈ।

ਪੂਰੀ ਮਰਯਾਦਾ ਵਿਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹਨ:

1. ਗੁਰਬਾਣੀ ਦੀ ਹਾਜ਼ਰੀ ਵਿਚ ਸਿਰ ਢੱਕਿਆ ਜਾਵੇ।
2. ਗੁਰਬਾਣੀ ਨੂੰ ਹੱਥ ਧੋ ਕੇ, ਹੱਥ ਲਾਏ ਜਾਣ। ਵੈਸੇ ਪੰਜ ਇਸ਼ਨਾਨਾ ਕਰਨਾ ਦੱਸਿਆ ਜਾਂਦਾ ਹੈ।
3. ਗੁਰਬਾਣੀ ਨੂੰ ਧਰਤੀ/ਭੁੰਝੇ ਨਹੀਂ ਰੱਖਣਾ।
4. ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ 'ਤੇ ਚੰਦੋਆ ਤਾਣਿਆ ਜਾਵੇ।
5. ਗੁਟਕੇ/ਪੋਥੀਆਂ/ਸੈਂਚੀਆਂ ਨੂੰ ਵੀ ਰੁਮਾਲ ਵਿਚ ਸੰਭਾਲਿਆ ਜਾਵੇ।
6. ਗੁਰੂ ਗ੍ਰੰਥ ਸਾਹਿਬ ਨੂੰ ਸੰਤੋਖ ਕੇ ਪਲੰਗ 'ਤੇ ਟਿਕਾਇਆ ਜਾਵੇ।
7. ਗੁਰੂ ਗ੍ਰੰਥ ਸਾਹਿਬ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਸਮੇਂ ਘਟੋ ਘਟ ਪੰਜ ਸਿੱਖ ਜ਼ਰੂਰ ਨਾਲ ਹੋਣ।
8. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨੰਗੇ ਪੈਰੀਂ ਜਾਣਾ ਚਾਹੀਦਾ ਹੈ।

ਪਰ ਹੁਣ ਇਸ ਮਰਯਾਦਾ ਨੂੰ ਪ੍ਰਿੰਟਿੰਗ ਪ੍ਰੈੱਸਾਂ ਅਤੇ ਅਧਿਐਨ ਕੇਂਦਰਾਂ ਵਿਚ ਸਖ਼ਤੀ ਨਾਲ ਨਿਭਾਉਣਾ ਸੰਭਵ ਨਹੀਂ ਰਿਹਾ। ਹੁਣ ਤਾਂ *ਗੁਰੂ ਗ੍ਰੰਥ ਸਾਹਿਬ* ਦੀ ਸੀ.ਡੀ. ਉਪਲਬਧ ਹੈ ਅਤੇ *ਗੁਰੂ ਗ੍ਰੰਥ ਸਾਹਿਬ* ਦਾ ਸਾਰਾ ਪਾਠ ਇੰਟਰਨੈੱਟ ਉੱਪਰ ਵੀ ਸੌਖਿਆਂ ਮਿਲ ਸਕਦਾ ਹੈ। ਲੋਕ ਅਜਿਹੀ ਸੀ.ਡੀ. ਆਪਣੇ ਬੈਗ ਵਿਚ ਹੀ ਪਾਈ ਫਿਰਦੇ ਹਨ। ਹੁਣ ਤਾਂ *ਗੁਰੂ ਗ੍ਰੰਥ ਸਾਹਿਬ* ਨੂੰ ਪ੍ਰਕਾਸ਼ ਕਰਨ ਅਤੇ ਸੰਤੋਖਣ ਦੇ ਮਾਅਨੇ ਵੀ ਬਦਲ ਗਏ ਹਨ। ਕੰਪਿਊਟਰ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਪਾਠ ਹਾਸਲ ਕਰਦਿਆਂ ਨਾ ਹੱਥਾਂ ਦੀ ਸੁੱਚਮਤਾ ਮੂਹਰੇ ਆ ਰਹੀ ਹੈ, ਨਾ ਜੁੱਤੀਆਂ ਉਤਾਰਨ ਦੀ ਲੋੜ ਜਾਪ ਰਹੀ ਹੈ ਅਤੇ ਸ਼ਾਇਦ! ਸਿਰ ਢੱਕਣਾ ਵੀ ਜ਼ਰੂਰੀ ਨਹੀਂ।

ਖੋਜ ਅਤੇ ਅਧਿਐਨ ਕੇਂਦਰਾਂ ਵਿਚ ਗੁਰਬਾਣੀ ਦੀਆਂ ਪੋਥੀਆਂ ਵਾਚਣ ਦਾ ਦ੍ਰਿਸ਼



ਅਜਿਹੀ ਲਾਪਰਵਾਹੀ ਗੁਰਬਾਣੀ ਅਧਿਐਨ ਕਰਨ ਦੇ ਅਦਾਰਿਆਂ ਵਿਚ ਵੀ ਆਮ ਗੱਲ ਹੈ।

ਸਿੱਖਾਂ ਵਿਚ *ਗੁਰੂ ਗ੍ਰੰਥ ਸਾਹਿਬ*, ਗੁਰਬਾਣੀ ਦੇ ਗੁਟਕਿਆਂ ਅਤੇ ਪੋਥੀਆਂ ਆਦਿ ਦੇ ਬਿਰਧ ਸਰੂਪਾਂ ਨੂੰ ਖਪਾਉਣ ਦੀ ਵੀ ਵਿਸ਼ੇਸ਼ ਮਰਯਾਦਾ ਰਹੀ ਹੈ। ਅਜਿਹੇ ਬਿਰਧ ਸਰੂਪਾਂ ਨੂੰ ਜਲ-ਪਰਵਾਹ ਕਰਨ ਤੋਂ ਇਲਾਵਾ ਅਗਨ-ਭੇਂਟ ਕਰਨ ਦੀ ਵੀ ਮਰਯਾਦਾ ਮੌਜੂਦ ਹੈ। ਜਲ-ਪਰਵਾਹ ਕਰਨ ਨਾਲੋਂ ਅਗਨ-ਭੇਂਟ ਕਰਨਾ ਵਧੇਰੇ ਪ੍ਰਚਲਿਤ ਹੈ। ਪਰ ਇਤਿਹਾਸ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ 'ਆਦਿ ਬੀੜ' ਨੂੰ ਬਿਆਸ ਦਰਿਆ ਵਿਚ ਵਹਾ ਦਿੱਤਾ ਸੀ, ਜਿਥੋਂ ਧੀਰ ਮੱਲ ਇਹ ਬੀੜ ਲੈ ਗਿਆ ਸੀ।• ਖ਼ੈਰ! ਗੋਇੰਦਵਾਲ ਸਾਹਿਬ ਵਿਖੇ ਬਿਰਧ ਸਰੂਪਾਂ ਦੇ ਸਸਕਾਰ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ, ਜਿਥੇ ਹਰ ਐਤਵਾਰ ਬਿਰਧ ਸਰੂਪਾਂ ਨੂੰ ਮਰਯਾਦਾ ਪੂਰਵਕ ਅਗਨੀ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਬਚੀ ਰਾਖ ਨੂੰ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ। ਬਾਣੀ ਦੀ ਕਿਸੇ ਪੋਥੀ ਨੂੰ ਰੱਦੀ ਵਿਚ ਸੁੱਟਣ ਨੂੰ 'ਪਾਪ' ਮੰਨਿਆ ਜਾਂਦਾ ਹੈ। ਇਥੋਂ ਤੀਕ ਕਿ ਕੋਈ ਸਮਾਂ ਸੀ ਜਦੋਂ ਲੋਕ ਪੰਜਾਬੀ (ਗੁਰਮੁਖੀ) ਦੀ ਕਿਸੇ ਵੀ ਪੁਸਤਕ ਦਾ ਗੁਰਬਾਣੀ ਵਾਂਗ ਹੀ ਸਤਿਕਾਰ ਕਰਦੇ ਸਨ, ਕਿਉਂ ਜੋ ਗੁਰਮੁਖੀ ਵਿਚ ਹੀ ਗੁਰਬਾਣੀ ਲਿਖੀ ਗਈ ਹੈ। ਪਰ ਪਦਾਰਥਵਾਦੀ ਯੁਗ ਅੰਦਰ ਹੁਣ ਇਹ ਪਰਵਾਹ ਨਹੀਂ ਕੀਤੀ ਜਾਂਦੀ ਕਿ ਪੰਜਾਬੀ ਅਖ਼ਬਾਰਾਂ ਜਿਨ੍ਹਾਂ ਵਿਚ ਸਿੱਖ ਇਤਿਹਾਸ, ਗੁਰਬਾਣੀ ਆਦਿ ਬਾਰੇ ਆਮ ਹੀ ਲੇਖ ਛਪਦੇ ਹਨ, ਨੂੰ ਰੱਦੀ ਵਾਂਗ ਕਬਾੜੀਆਂ ਕੋਲ ਵੇਚਿਆ ਨਾ ਜਾਵੇ।

ਕੀ ਇਨ੍ਹਾਂ ਸਮੱਸਿਆਵਾਂ ਦਾ ਕੋਈ ਵਿਹਾਰਕ ਹੱਲ ਸੰਭਵ ਹੈ?

• ਤਰਨੀ ਕੀ ਪ੍ਰਤੀਖਨਾ ਕਰਤੇ ਇਸ ਕਾਰਜ ਕੋ ਰਿਦੇ ਬਿਚਰਤੇ॥
ਜਬ ਨੌਕਾ ਚਲਿਕਰਿ ਢਿਗ ਆਈ॥ ਭਏ ਅਰੂਢਨਿ ਤਬਹਿ ਗੁਸਾਂਈ॥
ਸਯੰਦਨ ਡੋਰੇ ਨਰ ਸਮੁਦਾਏ॥ ਮੱਖਣ ਆਦਿਕ ਤੁਰਤ ਚਢਾਏ॥
ਗੁਰੂ ਗ੍ਰੰਥ ਕੋ ਤਰੀ ਮਝਾਰ॥ ਸ਼ੁਭ ਥਲ ਪਿਖ ਕਰਿ ਧਰਯੋ ਸੁਧਾਰ॥
ਕਰਨਧਾਰ ਤਬ ਪ੍ਰੇਰਨਿ ਕਰੀ॥ ਨੀਰ ਗੰਭੀਰ ਸ਼ੀਘ੍ਰ ਚਲਿ ਤਰੀ॥
ਪਰਲੇ ਤੀਰ ਗਈ ਤਤਕਾਲਾ॥ ਉਤਰ ਪਰੇ ਸਤਿਗੁਰੂ ਕ੍ਰਿਪਾਲਾ॥੩੦॥

(ਗੁਰ ਪ੍ਰਤਾਪ ਸੂਰਜ, ਰਾਸ ੧੧, ਅੰਸੂ ੨੪)

ਭਾਗ ਚੌਥਾ

ਪਾਠ ਪਰੰਪਰਾ



ਮਹਾਰਾਜਾ ਰਣਜੀਤ ਸਿੰਘ ਸ੍ਰੀ ਦਰਬਾਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਰਵਣ ਕਰਦੇ ਹੋਏ-ਨੋਟ ਕਰੋ ਮਹਾਰਾਜੇ ਦੇ ਸਿਰ ਉੱਪਰ ਛਤਰ ਅਤੇ ਚੌਰ ਹੈ

12 ਗੁਰਬਾਣੀ ਪਾਠ

ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਸੈਂਚੀਆਂ, ਗੁਰਬਾਣੀ ਪੋਥੀਆਂ, ਗੁਟਕੇ, ਸਟੀਕ ਜਾਂ ਟੀਕੇ ਤੋਂ ਗੁਰਬਾਣੀ ਪੜ੍ਹਨ ਨੂੰ ਗੁਰਬਾਣੀ ਪਾਠ ਕਰਨਾ ਕਿਹਾ ਜਾਂਦਾ ਹੈ। ਗੁਰਬਾਣੀ ਦਾ ਕੁਝ ਪਾਠ ਕਰਨਾ, ਹਰੇਕ ਸਿੱਖ ਦੇ ਨਿੱਤਨੇਮ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਮਤ ਬਾਰੇ ਪੰਥ ਵਿਚ ਮਤਭੇਦ ਹਨ ਕਿ ਕਿਤਨਾ ਕੁ ਪਾਠ ਕੀਤਾ ਜਾਵੇ। ਨਿੱਤਨੇਮ ਨਿਜੀ ਮਾਮਲਾ ਹੀ ਸਿਧ ਹੁੰਦਾ ਹੈ। ਗੁਰਬਾਣੀ ਦਾ ਪਾਠ ਕਰਨਾ ਜ਼ਰੂਰੀ ਹੈ। ਗੁਰਬਾਣੀ ਪਾਠ ਦਾ ਆਨੰਦ ਲੈਣ ਲਈ ਮਾਨਸਿਕ ਅਤੇ ਸਰੀਰਕ ਤਿਆਰੀ ਦੀ ਲੋੜ ਪੈਂਦੀ ਹੈ। ਮਨ ਤੇ ਸਰੀਰ ਕਈ ਵੇਰ ਆਲਸ ਅਤੇ ਮਨਮੁਖੀ ਸੁਭਾਅ ਕਾਰਣ, ਸਾਨੂੰ ਗੁਰਬਾਣੀ ਪਾਠ ਤੋਂ ਰੋਕਦੇ ਹਨ। ਥੋੜ੍ਹੀ ਜਿਹੀ ਦ੍ਰਿੜ੍ਹਤਾ ਅਪਣਾਅ ਕੇ ਇਸ ਕਮਜ਼ੋਰੀ ਉੱਪਰ ਕਾਬੂ ਪਾਇਆ ਜਾ ਸਕਦਾ ਹੈ। ਪਰ ਜੇ ਸਿਹਤ ਠੀਕ ਨਾ ਹੋਵੇ ਤਾਂ ਹੱਠ ਨਹੀਂ ਕਰਨਾ ਚਾਹੀਦਾ।

ਗੁਰਬਾਣੀ ਕਿਉਂਕਿ ਗੁਰਮੁਖੀ ਵਿਚ ਹੈ, ਇਸ ਲਈ ਸਿੱਖ ਪਰਿਵਾਰਾਂ ਵਿਚ ਇਹ ਚਿੰਤਾ ਹੋਣੀ ਚਾਹੀਦੀ ਹੈ ਕਿ ਬੱਚੇ ਗੁਰਮੁਖੀ ਪੜ੍ਹਨ-ਲਿਖਣ ਵਿਚ ਦਿਲਚਸਪੀ ਲੈਣ। ਪਰ ਦੇਖਣ ਵਿਚ ਆ ਰਿਹਾ ਹੈ ਕਿ ਸ਼ਹਿਰਾਂ ਦੇ ਅਤੇ ਪੰਜਾਬੋਂ ਬਾਹਰ ਦੇ ਸਿੱਖ ਬੱਚੇ ਗੁਰਮੁਖੀ ਸਿਖਣ ਪ੍ਰਤੀ ਉਦਾਸੀਨ ਹਨ। ਜੇ ਇਸ ਪਾਸੇ ਲੋੜੀਂਦਾ ਧਿਆਨ ਨਾ ਦਿੱਤਾ ਗਿਆ ਤਾਂ ਭਵਿੱਖ ਦੇ ਸਿੱਖ ਗੁਰਬਾਣੀ ਪੜ੍ਹਨ ਅਤੇ ਸਮਝਣ ਤੋਂ ਉਸੇ ਤਰ੍ਹਾਂ ਅਸਮਰਥ ਹੋ ਜਾਣਗੇ ਜਿਵੇਂ ਅੱਜ ਦੇ ਹਿੰਦੂ ਬੱਚੇ ਸੰਸਕ੍ਰਿਤ ਭਾਸ਼ਾ ਤੋਂ ਅਨਜਾਣ ਹੋਣ ਕਰਕੇ ਵੇਦਾਂ-ਸ਼ਾਸਤਰਾਂ ਤੋਂ ਟੁੱਟ ਗਏ ਹਨ।

ਇਥੇ ਇਕ ਹੋਰ ਮੁਸ਼ਕਲ ਇਹ ਵੀ ਆ ਰਹੀ ਹੈ ਕਿ ਕੁਝ ਗ਼ੈਰ-ਸਿੱਖ, ਸਿੱਖੀ ਦੇ ਉੱਚੇ-ਸੁੱਚੇ ਅਸੂਲਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਸਜ ਰਹੇ ਹਨ। ਇਹ ਸਿੱਖ ਗੁਰਮੁਖੀ ਤੋਂ ਅਣਜਾਣ ਹੋਣ ਕਰਕੇ, *ਗੁਰੂ ਗ੍ਰੰਥ ਸਾਹਿਬ* ਦਾ ਮੂਲ ਪਾਠ ਕਰਨ ਤੋਂ ਅਸਮਰੱਥ ਹੁੰਦੇ ਹਨ। ਕੀ ਹਰੇਕ ਸਿੱਖ ਸੱਜਣ ਵਾਲੇ ਲਈ ਗੁਰਮੁਖੀ ਸਿੱਖਣ ਦੀ ਸ਼ਰਤ ਜ਼ਰੂਰੀ ਨਿਯਮ ਹੋ ਸਕਦੀ ਹੈ? ਇਨ੍ਹਾਂ ਨੂੰ *ਗੁਰੂ ਗ੍ਰੰਥ ਸਾਹਿਬ* ਦੇ ਪਾਠ ਦੇ ਅਨੁਵਾਦ ਪੜ੍ਹਨ ਦੀ ਖੁਲ੍ਹ ਹੋਣੀ ਚਾਹੀਦੀ ਹੈ। ਹਰੇਕ ਵਿਅਕਤੀ ਹਰੇਕ ਭਾਸ਼ਾ ਨਹੀਂ ਸਿਖ ਸਕਦਾ। ਭਾਸ਼ਾ ਨੂੰ ਸਿੱਖੀ ਪ੍ਰਸਾਰ ਵਿਚ ਰੁਕਾਵਟ ਨਹੀਂ ਬਣਨ ਦੇਣਾ ਚਾਹੀਦਾ। ਈਸਾਈ ਮਤ ਇਸੇ ਕਾਰਣ

ਸੰਸਾਰ ਵਿਚ ਫੈਲ ਗਿਆ ਹੈ ਕਿ ਉਨ੍ਹਾਂ ਨੇ *ਬਾਈਬਲ* ਨੂੰ ਸੰਸਾਰ ਦੀ ਹਰ ਜ਼ਬਾਨ ਵਿਚ ਛਾਪ ਦਿੱਤਾ ਹੈ। ਗੁਰਬਾਣੀ ਦੀ ਭਾਸ਼ਾ ਨਾਲ ਜੁੜੀ ਸਮੱਸਿਆ ਉਸ ਵੇਲੇ ਹੋਰ ਬਹੁਤ ਜਟਿਲ ਲਗਦੀ ਹੈ, ਜਦੋਂ ਦੱਸਿਆ ਜਾਂਦਾ ਹੈ ਕਿ ਗੁਰਬਾਣੀ ਵਿਚ ਅਰਬੀ, ਫ਼ਾਰਸੀ, ਮਰਾਠੀ, ਸਿੰਧੀ, ਪੰਜਾਬੀ ਆਦਿ ਦਰਜਨ ਕੁ ਭਾਸ਼ਾਵਾਂ ਦੇ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ। ਮੌਜੂਦਾ ਸਮੇਂ ਵਿਚ ਇਕ ਵੀ ਸਿੱਖ ਵਿਦਵਾਨ ਐਸਾ ਨਹੀਂ, ਜਿਸਨੂੰ ਇਨ੍ਹਾਂ ਸਾਰੀਆਂ ਭਾਸ਼ਾਵਾਂ ਦਾ ਪੂਰਾ-ਪੂਰਾ ਗਿਆਨ ਹੋਵੇ। ਜਿਹੜਾ ਅਰਬੀ ਜਾਣਦਾ ਹੈ ਉਹ ਮਰਾਠੀ ਨਹੀਂ ਜਾਣਦਾ, ਜੋ ਸੰਸਕ੍ਰਿਤ ਜਾਣਦਾ ਹੈ ਉਹ ਫ਼ਾਰਸੀ ਨਹੀਂ ਜਾਣਦਾ। ਇਸ ਪੱਖ ਤੋਂ ਗੁਰਬਾਣੀ ਉਚਾਰਣ ਅਤੇ ਗੁਰਬਾਣੀ ਦੀ ਸਮਝ ਦੀ ਸਹੀ ਜਾਣਕਾਰੀ ਹਾਸਿਲ ਕਰਨੀ ਅਤੀ ਮੁਸ਼ਕਲ ਹੈ। ਯੂਨੀਵਰਸਿਟੀ ਵਿਚੋਂ ਧਰਮ ਅਤੇ ਪੰਜਾਬੀ ਦੀ ਐਮ.ਏ. ਪੜ੍ਹੇ ਵਿਦਿਆਰਥੀ ਅਤੇ ਪੜ੍ਹਾਉਣ ਵਾਲੇ ਅਧਿਆਪਕਾਂ ਵਿਚੋਂ ਕੋਈ ਵੀ ਇਹ ਦਾਅਵਾ ਪੇਸ਼ ਕਰਨ ਦੀ ਹਿੰਮਤ ਨਹੀਂ ਰੱਖਦਾ ਕਿ ਉਹ ਮੌਕੇ 'ਤੇ ਹੀ ਗੁਰਬਾਣੀ ਦੇ ਹਰ ਸ਼ਬਦ ਦੇ ਸਹੀ ਅਰਥ ਕਰਨ ਦੀ ਯੋਗਤਾ ਰੱਖਦਾ ਹੈ।

ਜਿਸ ਸਮੇਂ ਬਾਣੀ ਰਚੀ ਗਈ ਸੀ, ਉਸ ਸਮੇਂ ਬਹੁਗਿਣਤੀ ਇਸ ਮਿਲੀ-ਜੁਲੀ ਭਾਸ਼ਾ ਨੂੰ ਸਮਝਦੀ ਸੀ। ਪਰ ਹੁਣ ਤਾਂ ਭਾਸ਼ਾ ਦਾ ਰੂਪ ਬਦਲ ਗਿਆ ਹੈ ਤੇ ਆਮ ਪਾਠਕ ਨੂੰ ਗੁਰਬਾਣੀ ਦਾ ਪਾਠ ਓਪਰਾ ਲੱਗਣ ਲਗ ਪਿਆ ਹੈ।

ਪਾਠ ਤੋਂ ਭਾਵ ਕਿਸੇ ਲਿਖਤ ਨੂੰ ਪੜ੍ਹਨਾ ਹੈ। ਇਹ ਉੱਚੀ ਤੇ ਲੈਅ ਵਿਚ ਵੀ ਪੜ੍ਹਿਆ ਜਾ ਸਕਦਾ ਹੈ ਅਤੇ ਮੂੰਹ ਵਿਚ ਗੁਣਗੁਣਾ ਕੇ ਵੀ।

ਹਰੇਕ ਧਰਮ ਨੂੰ ਮੰਨਣ ਵਾਲੇ ਆਪਣੇ ਧਰਮ ਗ੍ਰੰਥਾਂ ਦਾ ਪਾਠ ਕਰਨ ਨੂੰ ਬਹੁਤ ਮਹੱਤਵ ਦਿੰਦੇ ਹਨ। ਧਰਮ ਗ੍ਰੰਥਾਂ ਦਾ ਮੂਲ ਪਾਠ ਸੂਤ੍ਰਿਕ ਸ਼ੈਲੀ ਵਿਚ ਅਤੇ ਕਾਵਿ-ਰੂਪ ਵਿਚ ਹੋਣ ਕਰਕੇ, ਉਸਨੂੰ ਸਮਝਣਾ ਮੁਸ਼ਕਲ ਹੁੰਦਾ ਹੈ। ਇਸਦੇ ਬਾਵਜੂਦ ਧਰਮ ਗ੍ਰੰਥਾਂ ਦਾ ਪਾਠ ਕਰਨ ਦਾ ਮਹੱਤਵ ਬਰਕਰਾਰ ਹੈ। ਧਰਮ ਗ੍ਰੰਥਾਂ ਦੇ ਪਾਠ ਬਾਰੇ ਦੋ ਦ੍ਰਿਸ਼ਟੀਕੋਣ ਹਨ :

(1) ਧਰਮ ਗ੍ਰੰਥਾਂ ਨੂੰ ਨਿਯਮ ਅਨੁਸਾਰ ਪੜ੍ਹਨ ਨਾਲ ਮਨੁੱਖ ਨੂੰ ਸ਼ਾਂਤੀ ਅਤੇ ਮੁਕਤੀ ਮਿਲਦੀ ਹੈ। ਇਸ ਮਤ ਵਾਲੇ ਧਰਮ ਗ੍ਰੰਥ ਦੇ ਪਾਠ ਕਰਨ ਨੂੰ ਇਸੇ ਲਈ ਕਲਿਆਣਕਾਰੀ ਦੱਸਦੇ ਹਨ। ਇਸ ਮਤ ਵਾਲੇ ਪਾਠ ਨੂੰ ਸਮਝਣ ਦੀ ਲੋੜ ਨਹੀਂ ਸਮਝਦੇ। ਇਸ ਮਤ ਵਾਲੇ ਪਾਠ ਕਰਨ ਅਤੇ ਕਰਾਉਣ ਵਾਲੇ ਦੋਹਾਂ ਲਈ, ਪਾਠ ਦਾ ਮਹਾਤਮ ਦਸਦੇ ਹਨ। ਵਿਸ਼ੇਸ਼ ਕਰਕੇ ਹਿੰਦੂ ਘਰਾਂ ਵਿਚ ਪੰਡਿਤ ਨੂੰ ਬੁਲਾ ਕੇ ਪਾਠ ਕਰਾਉਣ ਦਾ ਆਮ ਰਿਵਾਜ਼ ਹੈ। ਪੰਡਿਤ ਨੂੰ ਪਾਠ ਬਦਲੇ ਕੁਝ ਦੱਛਣਾ ਦਿੱਤੀ ਜਾਂਦੀ ਹੈ ਅਤੇ ਮੰਨਿਆ ਜਾਂਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਪੰਡਿਤ ਦੁਆਰਾ ਕੀਤੇ ਪਾਠ ਦਾ ਫੱਲ ਜਜਮਾਨ ਨੂੰ ਮਿਲ ਜਾਂਦਾ ਹੈ।

ਇਸ ਮਤ ਵਾਲੇ ਮੰਨਦੇ ਹਨ ਕਿ ਧਰਮ ਗ੍ਰੰਥ ਦਾ ਪਾਠ ਕਰਨ ਜਾਂ ਕਰਾਉਣ

ਨਾਲ ਇਸ਼ਟ ਦੀ ਖੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ, ਘਰ ਵਿਚ ਦੁੱਖ-ਕਲੇਸ਼ ਦਾ ਨਾਸ਼ ਹੁੰਦਾ ਹੈ, ਘਰ ਵਿਚ ਖੁਸ਼ਹਾਲੀ ਅਤੇ ਸ਼ਾਂਤੀ ਆ ਜਾਂਦੇ ਹਨ।

ਪਾਠ ਪ੍ਰਤੀ ਇਸ ਬ੍ਰਾਹਮਣਵਾਦੀ ਦ੍ਰਿਸ਼ਟੀਕੋਣ ਨੂੰ ਗੁਰਮਤ ਪ੍ਰਵਾਨ ਨਹੀਂ ਕਰਦੀ। ਗੁਰਬਾਣੀ ਵਿਚੋਂ ਇਕ ਵੀ ਹਵਾਲਾ ਇਸ ਤਰ੍ਹਾਂ ਦੇ ਪਾਠ ਦੀ ਪ੍ਰੋੜ੍ਹਤਾ ਵਿਚ ਨਹੀਂ ਮਿਲਦਾ। ਸਗੋਂ ਅਜਿਹੇ ਪਾਠਾਂ ਵਿਰੁੱਧ ਕਈ ਥਾਵਾਂ ਉੱਪਰ ਤਾੜਨਾ ਕੀਤਾ ਮਿਲਦੀ ਹੈ। ਦੇਖੋ:

ੳ. ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ॥

(ਸਿਰੀ ਮ: ੩, ਪੰਨਾ ੬੬)

ਅ. ਪਾਠੁ ਪੜਿਓ ਅਰੁ ਬੇਦੁ ਬਿਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥

(ਸੋਰਠ ਮ: ੫, ਪੰਨਾ ੬੪੧)

ੲ. ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥

(ਮਾਰੂ ਮ: ੧, ਪੰਨਾ ੧੦੧੩)

ਸਪੱਸ਼ਟ ਹੈ ਕਿ ਕਰਮ-ਕਾਂਡੀ ਅਤੇ ਵਿਖਾਵੇ-ਮਾਤਰ ਕੀਤੇ ਜਾਂ ਕਰਾਏ ਪਾਠ ਸਾਡਾ ਕੁਝ ਸੰਵਾਰਦੇ ਨਹੀਂ, ਸਗੋਂ ਇਹ ਪਾਠ ਸਾਡੀ ਹਉਮੈ ਵਿਚ ਵਾਧਾ ਵੀ ਕਰਦੇ ਹਨ ਅਤੇ ਸਾਨੂੰ ਖੁਸ਼ਫ਼ਹਿਮੀ ਵਿਚ ਵੀ ਰਖਦੇ ਹਨ ਕਿ ਉਹ ਪਾਠ ਦੁਆਰਾ ਬੜਾ ਚੰਗਾ ਤੇ ਧਾਰਮਿਕ ਕਰਮ ਕਰ ਰਹੇ ਹਨ, ਜਿਸ ਨਾਲ ਸਾਡੇ ਪਾਪ ਕੱਟੇ ਜਾਣਗੇ। ਇਹ ਖੁਸ਼ਫ਼ਹਿਮੀ ਸਾਡਾ ਨੁਕਸਾਨ ਹੀ ਕਰਦੀ ਹੈ।

ਅਫ਼ਸੋਸ ਦੀ ਗੱਲ ਹੈ ਕਿ ਸਿੱਖਾਂ ਵਿਚ ਵੀ ਅਜਿਹੇ ਕਰਮ-ਕਾਂਡੀ ਅਤੇ ਵਿਖਾਵੇ ਦੇ ਪਾਠ ਪ੍ਰਚਲਿਤ ਹੋ ਗਏ ਹਨ। ਇਸ ਨਾਲ ਗ੍ਰੰਥੀਆਂ ਤੇ ਪਾਠੀਆਂ ਨੂੰ ਤਾਂ ਲਾਭ ਹੋ ਰਿਹਾ ਹੈ ਪਰ ਸਿੱਖਾਂ ਦਾ ਕੋਈ ਫਾਇਦਾ ਨਹੀਂ ਹੋਇਆ। ਪਾਠ ਕਰਾਉਣੇ ਸਾਡੇ ਲਈ ਇਕ ਜ਼ਰੂਰੀ ਰਸਮ ਤੀਕ ਸੀਮਤ ਹੋ ਗਿਆ ਹੈ। ਸਾਨੂੰ ਪਾਠ ਦੇ ਇਸ ਪੱਖ ਨੂੰ ਸਮਝਣ ਦੀ ਲੋੜ ਹੈ। ਹੋਰ ਅਫ਼ਸੋਸ ਦੀ ਗੱਲ ਇਹ ਹੈ ਕਿ ਸਾਡੇ ਗੁਰਦੁਆਰੇ ਅਤੇ ਪ੍ਰਬੰਧਕ ਇਸ ਸਭ ਨੂੰ ਸਮਝਣ ਦੇ ਬਾਵਜੂਦ, ਕੇਵਲ ਆਮਦਨ ਵਧਾਉਣ ਲਈ ਇਸ ਮਨਮਤ ਨੂੰ ਫੈਲਾਉਣ ਦਾ ਕਾਰਣ ਬਣ ਰਹੇ ਹਨ। ਸੁਣਨ ਵਿਚ ਆਉਂਦਾ ਹੈ ਕਿ ਪਹਿਲਾਂ ਤੋਂ ਕੀਤੇ ਪਾਠ ਵੀ ਵੇਚੇ-ਖ਼ਰੀਦੇ ਜਾ ਰਹੇ ਹਨ। ਸਦ-ਅਫ਼ਸੋਸ ਹੈ।

(2) ਪਾਠ ਕਰਨ ਦਾ ਦੂਜਾ ਪੱਖ ਬੜਾ ਸਾਰਥਕ ਹੈ। ਇਸ ਅਨੁਸਾਰ ਪਾਠ ਕਰਨਾ ਕੋਈ ਤੋਤਾ-ਰਟਣ ਨਹੀਂ, ਸਗੋਂ ਇਸਨੂੰ ਸਮਝਣਾ ਭਾਵ ਬੁੱਝਣਾ ਹੈ। ਗੁਰੂ ਸਾਹਿਬਾਨ ਦੇ ਉਪਦੇਸ਼ ਜੋ ਗੁਰਬਾਣੀ ਰੂਪ ਵਿਚ ਸਾਡੇ ਕੋਲ ਮੌਜੂਦ ਹਨ, ਨੂੰ ਪੜ੍ਹਾਂਗੇ ਤਾਂ ਉਸਦੀ ਜਾਣਕਾਰੀ ਸਾਨੂੰ ਮਿਲੇਗੀ। ਇਸ ਭਾਵਨਾ ਨਾਲ ਪਾਠ ਕਰੀਏ ਤਾਂ

ਸਾਨੂੰ ਇਸਦਾ ਲਾਭ ਜ਼ਰੂਰ ਹੋਵੇਗਾ। ਸਾਨੂੰ ਰੋਜ਼ਾਨਾ ਬਾਣੀ ਦਾ ਕੁਝ ਪਾਠ ਇਸ ਭਾਵਨਾ ਨਾਲ ਕਰਨਾ ਚਾਹੀਦਾ ਹੈ। ਪਾਠ ਤੋਂ ਭਾਵ ਗੁਰਬਾਣੀ ਅਧਿਐਨ ਹੀ ਹੈ।

ਅਖੰਡ ਪਾਠ

ਗੁਰੂ ਗ੍ਰੰਥ ਸਾਹਿਬ ਦਾ ਆਰੰਭ ਤੋਂ ਲੈ ਕੇ ਸਮਾਪਤੀ ਤੀਕ, ਬਿਨਾਂ ਰੁਕੇ ਪਾਠ ਕਰਨ ਦੀ ਵਿਧੀ ਨੂੰ 'ਅਖੰਡ ਪਾਠ' ਕਿਹਾ ਜਾਂਦਾ ਹੈ।

ਭਾਵੇਂ ਗੁਰੂ-ਕਾਲ ਵਿਚ ਐਸੀ ਕਿਸੇ ਮਰਯਾਦਾ ਦੀ ਜਾਣਕਾਰੀ ਨਹੀਂ ਮਿਲਦੀ, ਪਰ ਅਠਾਰਵੀਂ ਸਦੀ ਵਿਚ ਇਨ੍ਹਾਂ ਅਖੰਡ ਪਾਠਾਂ ਦਾ ਚਲਨ ਇਕ ਮਜ਼ਬੂਰੀ ਵਜੋਂ ਹੋਇਆ ਜਾਪਦਾ ਹੈ। ਅਠਾਰਵੀਂ ਸਦੀ ਵਿਚ ਹਾਕਮਾਂ ਦੀ ਸਖ਼ਤੀ ਕਾਰਣ ਸਿੱਖ ਇਕ ਥਾਂ ਲੰਮੇ ਸਮੇਂ ਲਈ ਟਿਕਾਣਾ ਨਹੀਂ ਕਰ ਸਕਦੇ ਸਨ। ਇਸ ਕਾਰਣ ਸਹਿਜ ਪਾਠ ਦੀ ਥਾਂ ਅਖੰਡ ਪਾਠ ਦੀ ਵਿਧੀ ਅਪਨਾਈ ਗਈ। ਪਰ ਮਜ਼ਬੂਰੀ ਵਸ ਅਪਣਾਈ ਗਈ ਵਿਧੀ, ਸਿੱਖਾਂ ਨੇ ਪੱਕੇ ਤੌਰ 'ਤੇ ਅਪਣਾ ਲਈ ਹੈ।

ਅਖੰਡ ਪਾਠ ਗੁਰਦੁਆਰਿਆਂ ਤੋਂ ਇਲਾਵਾ ਘਰਾਂ ਆਦਿ ਕਿਸੇ ਵੀ ਥਾਂ ਹੁੰਦਾ ਦੇਖ ਸਕਦੇ ਹਾਂ। ਹੁਣ ਤਾਂ ਮੰਦਰਾਂ ਅਤੇ ਕਬਰਾਂ ਵਿਚ ਵੀ *ਗੁਰੂ ਗ੍ਰੰਥ ਸਾਹਿਬ* ਦੇ ਅਖੰਡ ਪਾਠ ਹੋ ਰਹੇ ਹਨ। ਇਹ ਘੋਰ ਮਨਮਤ ਹੈ। ਸਿੱਖ ਸਮਾਜ ਹਰ ਸੁਖ-ਦੁਖ ਸਮੇਂ, ਗੁਰਪੁਰਬਾਂ ਸਮੇਂ ਅਖੰਡ ਪਾਠ ਨੂੰ ਇਕ ਜ਼ਰੂਰੀ ਰਸਮ ਵਜੋਂ ਸਮਝ ਕੇ ਕਰਨ ਲਗ ਪਿਆ ਹੈ। ਭਾੜੇ ਦੇ ਕਰਾਏ ਪਾਠ ਅਤੇ ਬਿਨਾਂ ਸੁਣੇ-ਸਮਝੇ ਕੀਤੇ ਜਾਂ ਕਰਾਏ ਪਾਠ ਨੂੰ ਬ੍ਰਾਹਮਣੀ ਕਰਮ-ਕਾਂਡ ਹੀ ਸਮਝਣਾ ਚਾਹੀਦਾ ਹੈ।

ਜੇ ਚੰਗੀ ਭਾਵਨਾ ਅਤੇ ਗੁਰਬਾਣੀ ਨਾਲ ਪ੍ਰੇਮ ਕਰਨ ਦੇ ਚਾਅ ਕਰਕੇ ਕੁਝ ਪ੍ਰੇਮੀ ਜਾਂ ਪਰਿਵਾਰ ਦੇ ਜੀਅ ਮਿਲਕੇ ਅਖੰਡ ਪਾਠ ਕਰਨ ਤਾਂ ਇਸ ਵਿਚ ਕੁਝ ਵੀ ਬੁਰਾ ਨਹੀਂ। ਪਰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਕੀਤੇ ਜਾਂ ਸੁਣੇ ਪਾਠ ਨੂੰ ਸਮਝ ਕੇ, ਜੀਵਨ ਵਿਚ ਘਟਾਉਣਾ ਜ਼ਰੂਰੀ ਹੈ।

ਅਖੰਡ ਪਾਠ ਲਈ ਵਿਸ਼ੇਸ਼ ਸਥਾਨ ਦੀ ਸਾਫ਼-ਸਫ਼ਾਈ ਕਰਨ ਤੋਂ ਬਾਅਦ *ਗੁਰੂ ਗ੍ਰੰਥ ਸਾਹਿਬ* ਦਾ ਮਰਯਾਦਾ ਅਨੁਸਾਰ ਪ੍ਰਕਾਸ਼ ਕੀਤਾ ਜਾਂਦਾ ਹੈ। ਕੜਾਹ-ਪ੍ਰਸ਼ਾਦ ਸਜਾਉਣ ਉਪਰੰਤ ਅਖੰਡ ਪਾਠ ਦੀ ਆਰੰਭਤਾ ਦੀ ਅਰਦਾਸ ਬਾਅਦ ਵਾਕ ਲਿਆ ਜਾਂਦਾ ਹੈ। ਉਪਰੰਤ '੧ਓ ਸਤਿਨਾਮੁ'....ਨਾਲ ਪਾਠ ਆਰੰਭ ਕੀਤਾ ਜਾਂਦਾ ਹੈ। ਆਮ ਤੌਰ 'ਤੇ ਚਾਰ-ਪੰਜ ਜਾਂ ਵੱਧ ਪਾਠੀ ਸਿੰਘ ਇਸ ਪਾਠ ਦੀ ਸਮਾਪਤੀ ਅਠਤਾਲੀ (48) ਘੰਟਿਆਂ ਵਿਚ ਕਰਦੇ ਹਨ। ਇਸ ਵਾਰੀ ਨਾਲ ਕੀਤੇ ਜਾਂਦੇ ਪਾਠ ਦੌਰਾਨ ਨਵਾਂ ਪਾਠੀ, ਪਹਿਲੇ ਪਾਠੀ ਨੂੰ ਉਠਾ ਕੇ ਅੱਗੋਂ ਪੜ੍ਹਨਾ ਸ਼ੁਰੂ ਕਰ ਦਿੰਦਾ ਹੈ ਅਤੇ ਇਉਂ ਪਾਠ ਨਿਰਵਿਘਨ ਨਿਰੰਤਰ ਜਾਰੀ ਰਹਿੰਦਾ ਹੈ। ਸਿੱਖਾਂ ਵਿਚ ਅਖੰਡ ਪਾਠ ਦੇ ਖੰਡਨ ਹੋਣ ਨੂੰ ਬਹੁਤ ਮੰਦਭਾਗਾ ਮੰਨਿਆ ਜਾਂਦਾ ਹੈ। ਪਾਠ ਸੁਣਨ ਆਉਂਦੇ ਪ੍ਰੇਮੀਆਂ ਨੂੰ ਕੜਾਹ-ਪ੍ਰਸ਼ਾਦ ਵਰਤਾਇਆ ਜਾਂਦਾ ਹੈ।

ਸਮਾਪਤੀ ਉਪਰੰਤ ਸ਼ੁਕਰਾਨੇ ਦੀ ਅਰਦਾਸ ਹੋ ਜਾਣੀ ਚਾਹੀਦੀ ਹੈ।

ਅਖੰਡ ਪਾਠਾਂ ਦੀਆਂ ਪ੍ਰਮੁਖ ਕਿਸਮਾਂ ਇਹ ਹਨ:

ੳ. **ਸਾਧਾਰਣ ਅਖੰਡ ਪਾਠ:** ਉਪਰੋਕਤ ਵਰਣਿਤ ਅਖੰਡ ਪਾਠ 'ਸਾਧਾਰਣ ਅਖੰਡ ਪਾਠ' ਹੈ।

ਅ. **ਅਤਿ ਅਖੰਡ ਪਾਠ:** ਇਕੋ ਪਾਠੀ ਵਲੋਂ ਇਕੋ ਚੌਂਕੜੇ ਵਿਚ ਕੀਤਾ ਅਖੰਡ ਪਾਠ। ਨਾਭੇ ਦੇ ਬਾਬਾ ਨਾਰਾਯਣ ਸਿੰਘ ਅਜਿਹੇ ਪਾਠ ਕਰਨ ਕਰਕੇ ਮਸ਼ਹੂਰ ਰਹੇ ਹਨ।

ੲ. **ਸੰਪਟ ਅਖੰਡ ਪਾਠ:** ਗੁਰਮਤ ਤੋਂ ਉਲਟ ਇਸ ਪਾਠ ਦਾ ਚਲਨ ਵਧਦਾ ਜਾ ਰਿਹਾ ਹੈ। ਇਸ ਪਾਠ ਦੌਰਾਨ *ਗੁਰੂ ਗ੍ਰੰਥ ਸਾਹਿਬ* ਦੇ ਪਾਠ ਦੇ ਨਾਲ ਕਿਸੇ ਤੁਕ ਜਾਂ ਸ਼ਬਦ ਨੂੰ ਵਿਸ਼ੇਸ਼ ਫਲ ਦੇਣ ਵਾਲੀ ਮੰਨ ਕੇ, ਹਰੇਕ ਸ਼ਬਦ ਜਾਂ ਪਉੜੀ-ਸਲੋਕ ਤੋਂ ਬਾਅਦ ਪੜ੍ਹਿਆ ਜਾਂਦਾ ਹੈ। ਜਿਵੇਂ: ਸਗਲ ਮਨੋਰਥ ਪੂਰੇ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਸਗਲ ਮਨੋਰਥ ਪੂਰੇ॥

ਅਖੰਡ ਪਾਠਾਂ ਸਮੇਂ ਹੁੰਦੀਆਂ ਮਨਮਤਾਂ:

(੧) ਕੁੰਭ, ਨਾਰੀਅਲ ਰਖਣਾ ਤੇ ਜੋਤ ਜਗਾਉਣੀ ਮਨਮਤ ਹੈ। ਪਹਿਲਾਂ ਜਦੋਂ ਬਿਜਲੀ ਨਹੀਂ ਸੀ, ਉਸ ਸਮੇਂ ਪ੍ਰਕਾਸ਼ ਕਰਨ ਲਈ ਜੋਤ ਜਗਾਈ ਜਾਂਦੀ ਸੀ। ਪਰ ਹੁਣ ਇਸਦੀ ਕੋਈ ਲੋੜ ਨਹੀਂ। ਹੈਰਾਨੀ ਦੀ ਗੱਲ ਹੈ ਕਿ ਇਤਿਹਾਸਕ ਗੁਰਦੁਆਰਿਆਂ ਵਿਚ ਵੀ ਜੋਤ ਜਗਾਈ ਜਾਂਦੀ ਹੈ ਅਤੇ ਹਿੰਦੂਆਂ ਦੀ ਦੇਖਾ ਦੇਖੀ ਸਾਡੇ ਭੈਣਾਂ-ਭਰਾ ਵੀ ਜੋਤ ਦੀ ਹਵਾੜ ਲੈਂਦੇ ਵੇਖੇ ਜਾ ਸਕਦੇ ਹਨ। ਸ੍ਰੀ ਅੰਮ੍ਰਿਤਸਰ ਦੇ ਗੁਰਦੁਆਰਾ ਸ਼ਹੀਦਾਂ ਵਿਖੇ ਲੰਬੀਆਂ ਕਤਾਰਾਂ ਵਿਚ ਖਲੋ ਕੇ ਅੰਮ੍ਰਿਤਧਾਰੀ ਸਿੰਘ ਵੀ ਜੋਤ ਪੂਜਾ ਦੀ ਵਾਰੀ ਉਡੀਕਦੇ ਰਹਿੰਦੇ ਹਨ। ਕਈ ਅਣਜਾਣ ਪ੍ਰੇਮੀ ਕੁੰਭ ਦੇ ਜਲ ਨੂੰ ਅੰਮ੍ਰਿਤ ਸਮਝ ਕੇ ਛਕਦੇ/ਛਕਾਉਂਦੇ ਹਨ।

(੨) ਕਈ ਥਾਵਾਂ ਉਪਰ ਮੱਧ ਦੀ ਅਰਦਾਸ ਦੀ ਮਨਮਤੀ ਮਰਯਾਦਾ ਵੀ ਚਲਦੀ ਦੇਖੀ ਜਾ ਸਕਦੀ ਹੈ। ਹਾਲਾਂਕਿ ਸੰਬੰਧਤ ਸ਼ਬਦ ਤੇ ਉਸ ਦੇ ਅਰਥਾਂ ਦਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਮੱਧ ਨਾਲ ਕੋਈ ਮੇਲ/ਸੰਬੰਧ ਨਹੀਂ।

(੩) ਜਿਸ ਘਰ ਵਿਚ ਅਖੰਡ ਪਾਠ ਹੋ ਰਿਹਾ ਹੁੰਦਾ ਹੈ, ਉਸਦਾ ਸ਼ਾਇਦ ਹੀ ਕੋਈ ਮੈਂਬਰ ਪਾਠ ਸੁਣਦਾ ਹੋਵੇ। ਉਨ੍ਹਾਂ ਦਾ ਸਾਰਾ ਜ਼ੋਰ/ਧਿਆਨ ਸੱਦੇ ਪਤਵੰਤੇ ਰਿਸ਼ਤੇਦਾਰਾਂ ਦੀ ਸਾਂਭ-ਸੰਭਾਲ ਵਲ ਲੱਗਾ ਹੁੰਦਾ ਹੈ ਤੇ ਭੋਗ ਵਾਲੀ ਸਵੇਰ ਆਈ ਸੰਗਤ ਦੀ ਸੇਵਾ ਸੰਭਾਲ ਵਲ। ਉਨ੍ਹਾਂ ਲਈ ਅਖੰਡ ਪਾਠ

ਇਕ ਰਸਮ ਮਾਤਰ ਹੀ ਹੈ। ਚੰਗਾ ਹੋਵੇ ਜੇ ਅਖੰਡ ਪਾਠ ਕਿਰਾਏ ਦੇ ਪਾਠੀਆਂ ਤੋਂ ਕਰਾਉਣ ਦੀ ਬਜਾਏ ਪਰਿਵਾਰ ਦੇ ਮੈਂਬਰ ਆਪ ਕਰਨ। ਪੈਸੇ ਦੇ ਕੇ ਕਰਾਏ ਪਾਠ ਦਾ ਫਲ ਪ੍ਰਾਪਤ ਕਰਨ ਦੀ ਗੱਲ ਗੁਰਮਤ ਵਿਚ ਪ੍ਰਵਾਨ ਨਹੀਂ। ਇਹ ਦੇਖ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਹਜ਼ਾਰਾਂ ਮੀਲ ਦੂਰ ਰਹਿੰਦੇ ਗੁਰਸਿਖ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਪੈਸੇ ਭੇਜ ਦਿੰਦੇ ਹਨ ਅਤੇ ਉਨ੍ਹਾਂ ਦੇ ਨਾਂ ਉੱਪਰ ਅਖੰਡ ਪਾਠ ਕਰ ਦਿੱਤੇ ਜਾਂਦੇ ਹਨ ਕਿਉਂਕਿ ਸਾਡੀਆਂ ਪ੍ਰਬੰਧਕ ਕਮੇਟੀਆਂ ਨੂੰ ਗੁਰਮਤ ਨਾਲੋਂ ਗੋਲਕ ਦੀ ਵਧੇਰੇ ਚਿੰਤਾ ਹੈ।

(੪) ਗੁਰਬਾਣੀ ਦਾ ਅਖੰਡ ਪਾਠ ਮੰਤਰ ਜਾਂ ਸੁਖਣਾ ਦੇ ਤੌਰ 'ਤੇ ਕਰਨਾ।

(੫) ਅਖੰਡ ਪਾਠ ਦੌਰਾਨ ਕਥਾ, ਕੀਰਤਨ, ਬਾਣੀ ਦਾ ਪਾਠ ਜਾਂ ਕੋਈ ਹੋਰ ਪ੍ਰੋਗਰਾਮ ਕਰਨਾ। ਇਕ ਸਮੇਂ ਇਕੋ ਹੀ ਚੀਜ਼ ਹੋਵੇ।

(੬) ਅਖੰਡ ਪਾਠ ਦਾ ਭੋਗ ੪੮ ਘੰਟਿਆਂ ਵਿਚ ਪਾਉਣਾ ਜ਼ਰੂਰੀ ਨਹੀਂ। ਪ੍ਰੇਮ ਅਤੇ ਸ਼ਰਧਾ ਨਾਲ ਕੀਤੇ ਪਾਠ ਲਈ ੨-੪ ਘੰਟੇ ਵਧ ਲਗ ਜਾਣ ਦਾ ਵਹਿਮ ਨਹੀਂ ਕਰਨਾ ਚਾਹੀਦਾ।

ਸਹਿਜ ਪਾਠ

'ਸਹਿਜ' ਦਾ ਭਾਵ ਹੈ ਹੌਲੀ ਹੌਲੀ, ਸੁਭਾਵਕ ਜਾਂ ਕੁਦਰਤੀ। ਪਰ ਜਦੋਂ ਸਹਿਜ ਪਾਠ ਦੀ ਗੱਲ ਕਰਦੇ ਹਾਂ ਤਾਂ ਇਸਦਾ ਭਾਵ ਗੁਰੂ ਗ੍ਰੰਥ ਸਾਹਿਬ ਦੇ ਉਸ ਪਾਠ ਤੋਂ ਹੁੰਦਾ ਹੈ ਜੋ ਹੌਲੀ ਹੌਲੀ ਭਾਵ ਨਿਰੰਤਰ ਨਹੀਂ ਕੀਤਾ ਜਾਂਦਾ।

ਅਖੰਡ ਪਾਠ ਵਾਂਙ ਸਹਿਜ ਪਾਠ ਦੀ ਸਮਾਪਤੀ ਲਈ ਸਮੇਂ ਦੀ ਕੋਈ ਸੀਮਾ ਨਹੀਂ। ਸਹਿਜ ਪਾਠ ਦੀ ਸਮਾਪਤੀ ਹਫ਼ਤੇ, ਦੋ ਹਫ਼ਤੇ, ਮਹੀਨੇ ਜਾਂ ਕਈ ਮਹੀਨੇ ਅਤੇ ਕਦੇ ਸਾਲ ਬਾਅਦ ਵੀ ਹੋ ਸਕਦੀ ਹੈ। ਇਸ ਪਾਠ ਨੂੰ ਇਕ ਵਿਅਕਤੀ ਜਾਂ ਵਧੇਰੇ ਵਿਅਕਤੀ ਵੀ ਕਰ ਸਕਦੇ ਹਨ। ਇਸ ਤਰ੍ਹਾਂ ਦੇ ਪਾਠ ਨੂੰ ਵਧੇਰੇ ਲਾਹੇਵੰਦਾ ਮੰਨਿਆ ਗਿਆ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਸਹਿਜ ਪਾਠ ਕਿਸੇ ਭਾੜੇ ਦੇ ਪਾਠੀ ਤੋਂ ਕਰਾਉਣ ਦੀ ਥਾਂ, ਆਪ ਕਰਨਾ ਚਾਹੀਦਾ ਹੈ।

ਸਿੱਖ ਬਾਣੀ ਬਿਨਾਂ ਜ਼ਿੰਦਾ ਨਹੀਂ ਰਹਿ ਸਕਦਾ। ਬਾਣੀ ਬਿਨਾਂ ਜ਼ਿੰਦਾ ਸਿੱਖ, ਇਕ ਚਲਦੀ ਫਿਰਦੀ ਲਾਸ਼ ਵਾਂਗ ਹੈ। ਸਿੱਖ ਨੂੰ ਘਰ ਵਿਚ ਕੁਝ ਵੱਖਰੀ ਥਾਂ ਗੁਰਬਾਣੀ ਪਾਠ ਅਤੇ ਅਧਿਐਨ ਲਈ ਜ਼ਰੂਰ ਰਖਣੀ ਚਾਹੀਦੀ ਹੈ। ਘਰ ਵਿਚ ਗੁਟਕਿਆਂ ਤੋਂ ਇਲਾਵਾ *ਗੁਰੂ ਗ੍ਰੰਥ ਸਾਹਿਬ* ਦੀਆਂ ਸੈਂਚੀਆਂ ਜਾਂ ਸ਼ਬਦਾਰਥ ਸ੍ਰੀ *ਗੁਰੂ ਗ੍ਰੰਥ ਸਾਹਿਬ* ਦੀਆਂ ਚਾਰ ਪੋਥੀਆਂ ਰਖਣੀਆਂ ਚਾਹੀਦੀਆਂ ਹਨ। *ਗੁਰੂ ਗ੍ਰੰਥ ਸਾਹਿਬ* ਦਾ ਸੰਪੂਰਨ ਸਰੂਪ ਕੇਵਲ ਵਿਧੀ-ਪੂਰਵਕ ਸੇਵਾ-ਸੰਭਾਲ ਤਹਿਤ ਹੀ

ਰਖਿਆ ਜਾ ਸਕਦਾ ਹੈ। ਖ਼ੈਰ! ਸਹਿਜ ਪਾਠ ਸੈਂਚੀਆਂ ਜਾਂ ਪੋਥੀਆਂ ਜਾਂ ਮੁਕੰਮਲ ਸਰੂਪ ਤੋਂ ਵੀ ਕੀਤਾ ਜਾ ਸਕਦਾ ਹੈ। ਸਮੇਂ ਦੀ ਸਹੂਲਤ ਮੁਤਾਬਿਕ ਜਿੰਨੇ ਵੀ ਪੱਤਰਿਆਂ ਦਾ ਪਾਠ ਕੀਤਾ ਜਾ ਸਕੇ, ਠੀਕ ਹੈ। ਚੰਗਾ ਹੋਵੇ ਕਿ ਇਕ ਪਾਠ ਦੀ ਸਮਾਪਤੀ ਉਪਰੰਤ ਅਗਲਾ ਪਾਠ ਆਰੰਭ ਕਰ ਦਿੱਤਾ ਜਾਵੇ।

ਕਦੇ ਕਦੇ ਬਾਣੀ ਦੇ ਅਰਥ ਵੀ ਵਿਚਾਰਨ ਦਾ ਯਤਨ ਕਰਨਾ ਚਾਹੀਦਾ ਹੈ। ਇਸ ਕਾਰਜ ਲਈ ਸ਼ਬਦਾਰਥ ਦੀਆਂ ਪੋਥੀਆਂ ਜਾਂ ਕੋਈ ਸਟੀਕ ਵੀ ਸਹਾਈ ਹੋ ਸਕਦੇ ਹਨ।


ਇਹ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਬਾਣੀ ਕਿਸੇ ਕੋਲੋਂ ਪੜ੍ਹਾਉਣ ਨਾਲੋਂ ਆਪ ਪੜ੍ਹ-ਵਿਚਾਰ ਕੇ, ਉਸ ਅਨੁਸਾਰ ਜਿਊਣਾ ਵਧੇਰੇ ਚੰਗਾ ਹੈ।

ਸੰਪਟ ਪਾਠ

ਕਿਸੇ ਮੰਤਰ ਦੇ ਆਦਿ ਅਤੇ ਅੰਤ ਉਪਰ ਕਿਸੇ ਪਦ/ਸ਼ਬਦ ਨੂੰ ਜੋੜ ਕੇ ਪੜ੍ਹਨ ਦੀ ਕ੍ਰਿਆ ਨੂੰ 'ਸੰਪਟ ਪਾਠ' ਕਹਿੰਦੇ ਹਨ।

ਉਦਾਹਰਣ ਲਈ *ਜਪੁਜੀ* ਦੀ ਹਰ ਪਉੜੀ ਦੀ ਸਮਾਪਤੀ ਬਾਅਦ 'ਜੋ ਮਾਗਹਿ ਠਾਕੁਰ ਅਪਨੈ ਤੇ' ਸ਼ਬਦ ਪੜ੍ਹਨਾ। ਇਹ ਘੋਰ ਮਨਮਤ ਹੈ। ਇਹ ਬਾਣੀ ਨੂੰ ਆਪਣੀ ਮਰਜ਼ੀ ਨਾਲ ਤੋੜਨਾ ਜਾਂ ਮੋੜਨਾ ਹੀ ਹੈ। ਇਹ 'ਧੁਰ ਕੀ ਬਾਣੀ' ਦੀ ਬੇਹੁਰਮਤੀ ਕਰਨ ਤੁੱਲ ਹੈ ਤੇ ਸਾਨੂੰ ਇਸ ਤੋਂ ਬਚਣਾ ਚਾਹੀਦਾ ਹੈ।

ਸੰਪਟ ਪਾਠ ਅੱਜ ਕਲ ਕਾਫ਼ੀ ਪ੍ਰਚਲਿੱਤ ਹੋ ਗਿਆ ਹੈ। ਇਸਦਾ ਕਾਰਣ ਇਹ ਹੈ ਕਿ ਬਾਣੀ ਨੂੰ ਮੰਤਰ ਮੰਨਣ ਦੀ ਭੁੱਲ ਹੋ ਰਹੀ ਹੈ। ਜਦੋਂਕਿ ਬਾਣੀ ਮੰਤਰ ਨਹੀਂ, ਇਹ ਇਕ ਉਪਦੇਸ਼ ਹੈ। ਉਪਦੇਸ਼ ਨੂੰ ਜੀਵਨ ਵਿਚ ਢਾਲਣ ਨਾਲ ਹੀ ਬਾਣੀ ਕਲਿਆਣਕਾਰੀ ਬਣ ਸਕਦੀ ਹੈ। ਬਾਣੀ ਦੇ ਕਰਮ-ਕਾਂਡੀ ਪਾਠਾਂ ਦਾ ਲਾਭ ਪਾਠੀਆਂ ਨੂੰ ਜਾਂ ਡੇਰਿਆਂ-ਗੁਰਦੁਆਰਿਆਂ ਨੂੰ ਤਾਂ ਹੋ ਸਕਦਾ ਹੈ, ਜੋ ਐਸੇ ਆਡੰਬਰ ਰਚ ਕੇ ਲੱਖਾਂ ਰੁਪਏ ਸ਼ਰਧਾਲੂਆਂ ਤੋਂ ਇਕੱਠੇ ਕਰ ਰਹੇ ਹਨ। ਪਰ ਕਿਸੇ ਨੂੰ ਕਿਸੇ ਪਾਠੀ ਦੁਆਰਾ ਕੀਤੇ ਆਡੰਬਰ ਭਰੇ ਪਾਠ ਦਾ ਉੱਕਾ ਹੀ ਲਾਭ ਨਹੀਂ ਹੋ ਸਕਦਾ।



ਦਮਦਮੀ ਟਕਸਾਲ ਮਹਿਤਾ ਵਿਖੇ ਗੁਰਬਾਣੀ ਪਾਠ ਦੀ ਸੰਥਿਆ ਦੀ ਰਵਾਇਤੀ ਕਲਾਸ

13

ਗੁਰਬਾਣੀ ਉਚਾਰਣ, ਭਾਸ਼ਾ ਅਤੇ ਵਿਆਕਰਣ

ਗੁਰਬਾਣੀ ਦੇ ਗਿਆਨੀ ਗੁਰਬਾਣੀ ਦੇ ਸ਼ੁੱਧ ਉਚਾਰਣ ਦਾ ਮਹੱਤਵ ਬਿਆਨ ਕਰਦਿਆਂ ਗੁਰੂ ਹਰਿ ਰਾਇ ਜੀ ਦੇ ਸਾਹਿਬਜ਼ਾਦੇ ਰਾਮ ਰਾਇ ਦੇ ਪ੍ਰਸੰਗ ਨੂੰ ਸੁਣਾਉਂਦੇ ਹਨ। ਜਦੋਂ ਬਾਦਸ਼ਾਹ ਔਰੰਗਜ਼ੇਬ ਨੂੰ ਸ਼ਿਕਾਇਤ ਮਿਲੀ ਕਿ ਸਿੱਖਾਂ ਦੇ ਗ੍ਰੰਥ ਵਿਚ ਇਸਲਾਮ ਤੇ ਦੂਜੇ ਧਰਮਾਂ ਦੇ ਵਿਰੁੱਧ ਟਿੱਪਣੀਆਂ ਕੀਤੀਆਂ ਹਨ, ਤਾਂ ਗੁਰੂ-ਘਰ ਵਲੋਂ ਸਪੱਸ਼ਟੀਕਰਨ ਲਈ ਰਾਮ ਰਾਇ ਨੂੰ ਦਿੱਲੀ ਭੇਜਿਆ। ਉਸਨੇ ਡਰ ਕਾਰਣ 'ਮਿਟੀ ਮੁਸਲਮਾਨ ਕੀ...' ਪੰਕਤੀ ਨੂੰ ਬਦਲ ਕੇ 'ਮਿਟੀ ਬੇਈਮਾਨ ਕੀ....' ਪੜ੍ਹਿਆ। ਕਿਹਾ ਜਾਂਦਾ ਹੈ ਕਿ ਗੁਰੂ ਹਰਿ ਰਾਇ ਜੀ ਨੂੰ ਇਸਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸਦਾ ਲਈ ਰਾਮ ਰਾਇ ਤੋਂ ਨਾਤਾ ਤੋੜ ਲਿਆ। ਇਸ ਪ੍ਰਸੰਗ ਦੇ ਪਿਛੋਕੜ ਵਿਚ ਕਿਹਾ ਜਾਂਦਾ ਹੈ ਕਿ ਗੁਰਬਾਣੀ ਦਾ ਗ਼ਲਤ ਉਚਾਰਣ ਕਰਨਾ 'ਪਾਪ' ਹੈ। ਪਰ ਸਿੱਖ ਪੰਥ ਹੋਰਾਂ ਗੱਲਾਂ ਵਾਂਗ ਗੁਰਬਾਣੀ ਦੇ ਉਚਾਰਣ ਬਾਰੇ ਵੀ ਇਕ-ਮਤ ਨਹੀਂ, ਤਾਂ ਕੀ ਰਾਮ ਰਾਇ ਦੇ ਪ੍ਰਸੰਗ ਦੀ ਇਥੇ ਕੋਈ ਉਚਿੱਤਤਾ ਹੈ? ਸਮਝਣ ਦੀ ਗੱਲ ਹੈ ਕਿ ਰਾਮ ਰਾਇ ਨੇ ਕਿਸੇ ਡਰ ਕਾਰਣ ਜਾਣ ਬੁਝ ਕੇ ਪਾਠ ਬਦਲ ਦਿੱਤਾ ਸੀ। ਪਰ ਜੇ ਸੁਭਾਵਿਕ ਅੱਖਰ ਵਾਧਾ-ਘਾਟਾ ਹੋ ਜਾਵੇ ਤਾਂ ਇਸਨੂੰ ਆਮ ਗੱਲ ਹੀ ਸਮਝਿਆ ਜਾਣਾ ਚਾਹੀਦਾ ਹੈ। ਮਨੁੱਖ ਭੁੱਲਣਹਾਰ ਹੈ। ਇਸ ਤਰ੍ਹਾਂ ਦੀ ਸਖ਼ਤੀ ਵਿਹਾਰਕ ਨਹੀਂ। ਸਾਨੂੰ ਪ੍ਰੇਮ ਅਤੇ ਨਿਮਰਤਾ ਦੇ ਨਾਲ ਧੀਰਜ ਦੇ ਸਦਗੁਣ ਵੀ ਧਾਰਨ ਕਰਨੇ ਚਾਹੀਦੇ ਹਨ। ਮੈਨੂੰ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਸਿੱਖ ਛੋਟੇ ਛੋਟੇ ਮਸਲਿਆਂ ਬਾਰੇ ਇਕ-ਦੂਜੇ ਦੇ ਵਿਰੁੱਧ ਆਪ ਹੀ ਫ਼ਤਵੇ ਦੇ ਰਹੇ ਹਨ। ਹੁਣੇ ਜਿਹੇ 'ਸਰਬ ਰੋਗ ਦਾ ਅਉਖਦੁ ਨਾਮ ਮਿਸ਼ਨ ਟਰੱਸਟ (ਰਜਿ.), ਲੁਧਿਆਣਾ' ਵੱਲੋਂ ਵਿਸ਼ੇਸ਼ ਕਰਕੇ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਵਿਰੁੱਧ ਉਚਾਰਣ ਸੰਬੰਧੀ ਮਤਭੇਦਾਂ ਨੂੰ ਲੈ ਕੇ ਤਿੱਖਾ ਜਹਾਦ ਆਰੰਭਿਆ ਹੈ। ਸਿੱਖ ਮਿਸ਼ਨਰੀ ਕਾਲਜ ਵੱਲੋਂ ਵੀ ਜੁਆਬੀ ਹਮਲਾ ਫਰਵਰੀ 2005 ਦੇ *ਸਪੋਕਸਮੈਨ* ਪਰਚੇ ਰਾਹੀਂ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ 'ਸਰਬ ਰੋਗ ਕਾ ਅਉਖਧ ਨਾਮੁ ਮਿਸ਼ਨ' ਦੇ ਰਸਾਲੇ ਦੇ ਟਾਈਟਲ ਉੱਪਰ ਰ.ਸ.ਸ. ਦੇ ਰਾਜਨੀਤਕ ਵਿੰਗ ਦਾ 'ਚੋਣ ਨਿਸ਼ਾਨ' ਹੈ। ਭਾਵ ਭਾਰਤੀ ਜਨਤਾ ਪਾਰਟੀ ਵਾਲਾ 'ਕੰਵਲ ਦਾ ਫੁੱਲ'। ਇਹ ਇਸ ਗੱਲ ਦੇ ਹਮਾਇਤੀ ਹਨ ਕਿ ਗੁਰਬਾਣੀ

ਦੀਆਂ ਸਿਹਾਰੀਆਂ ਅਤੇ ਔਂਕੜ ਦੇ ਉਚਾਰਨ ਕਰਨੇ ਜ਼ਰੂਰੀ ਹਨ ਅਤੇ ਕੋਲੋਂ ਕੋਈ 'ਬਿੰਦੀ' ਆਦਿ ਦਾ ਉਚਾਰਨ ਕਰਨਾ ਗ਼ਲਤ ਹੈ। ਇਸ ਮਿਸ਼ਨ ਦੇ ਲੋਕ ਆਪਣੀ ਜਥੇਬੰਦੀ ਦਾ ਨਾਂ 'ਸਰਬ ਰੋਗ ਕਾ ਅਉਖਦੁ ਨਾਮ ਮਿਸ਼ਨ' ਦਸਦਿਆਂ 'ਅਉਖਦੁ ਨਾਮੁ' 'ਦ' ਅਤੇ 'ਮ' ਦੇ ਨਾਲ ਔਂਕੜ (ੁ) ਕਦੇ ਨਹੀਂ ਬੋਲ ਸਕਦੇ ਤਾਂ ਉਨ੍ਹਾਂ ਦੁਆਰਾ ਕੀਤਾ ਜਾ ਰਿਹਾ ਹੋ-ਹੱਲਾ ਕੀ ਮਾਅਨੇ ਰੱਖਦਾ ਹੈ ?

ਗੁਰਬਾਣੀ ਉਚਾਰਣ

ਗੁਰਬਾਣੀ ਸਿੱਖ ਦਾ ਜੀਵਨ-ਆਧਾਰ ਹੀ ਨਹੀਂ, ਜੀਵਨ ਵੀ ਹੈ। ਇਸ ਲਈ ਗੁਰਬਾਣੀ ਪਾਠ ਦਾ ਅਭਿਆਸ ਉਸਦੇ ਨਿੱਤਨੇਮ ਦਾ ਇਕ ਜ਼ਰੂਰੀ ਅੰਗ ਹੈ।

ਗੁਰਬਾਣੀ ਪਾਠ ਦੇ ਅਭਿਆਸ ਲਈ ਸਿੱਖ ਮਾਂ-ਬਾਪ ਨੂੰ ਆਪਣੇ ਬੱਚਿਆਂ ਲਈ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ। ਮਾਂ-ਬਾਪ ਤੋਂ ਇਲਾਵਾ ਗੁਰਦੁਆਰਿਆਂ ਦੇ ਗ੍ਰੰਥੀ ਸਿੰਘਾਂ ਨੂੰ ਵੀ ਇਸ ਪ੍ਰਤੀ ਕੌਮੀ ਜਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ।

ਵੇਖਣ ਵਿਚ ਆ ਰਿਹਾ ਹੈ ਕਿ ਗੁਰਬਾਣੀ ਦੀ ਸਮਝ ਨਹੀਂ ਆ ਰਹੀ। ਇਸਦਾ ਇਲਾਜ਼ ਇਹ ਹੈ ਕਿ ਛੋਟੇ ਹੁੰਦੇ ਤੋਂ ਹੀ ਬੱਚਿਆਂ ਵਿਚ ਬਾਣੀ ਪਾਠ ਅਤੇ ਅਧਿਐਨ ਦੀ ਰੁਚੀ ਜਗਾਈ ਜਾਵੇ। ਮੁਸਲਮਾਨ ਇਸ ਤਰ੍ਹਾਂ ਦੇ ਯਤਨਾਂ ਵਿਚ ਬਹੁਤ ਸਫ਼ਲ ਹਨ। ਸਾਨੂੰ ਵੀ ਆਪਣੀ ਢਿੱਲ ਖ਼ਤਮ ਕਰਕੇ, ਬੱਚਿਆਂ ਨੂੰ ਗੁਰਬਾਣੀ ਦੇ ਸ਼ੁਧ ਉਚਾਰਣ ਦੇ ਰਾਹ ਪਾਉਣਾ ਚਾਹੀਦਾ ਹੈ।

ਗੁਰਬਾਣੀ ਉਚਾਰਣ ਦੇ ਕੁਝ ਨਿਯਮ ਇਹ ਹਨ:

੧. ਗੁਰਬਾਣੀ ਪਾਠ ਸੁਣ ਕੇ ਯਾਦ ਕਰਨ ਨਾਲ, ਕਈ ਵੇਰ ਗ਼ਲਤ ਉਚਾਰਣ ਜ਼ਬਾਨ ਉੱਪਰ ਚੜ੍ਹ ਜਾਂਦਾ ਹੈ। ਗੁਰਬਾਣੀ ਪਾਠ ਯਾਦ ਹੋਣ ਦੇ ਬਾਵਜੂਦ, ਕਦੇ ਕਦੇ ਧਿਆਨ ਨਾਲ ਪੋਥੀ, ਸੈਂਚੀ ਜਾਂ ਗੁਟਕੇ ਤੋਂ ਕਰਨਾ ਚਾਹੀਦਾ ਹੈ।

੨. ਕਈ ਵੇਰ ਲੈਅ ਨੂੰ ਪੂਰੀ ਕਰਨ ਲਈ ਰਾਗੀ ਸਿੰਘ ਕੀਰਤਨ ਦੌਰਾਨ, ਕਈ ਸ਼ਬਦਾਂ ਨਾਲ ਕੋਈ ਮਾਤਰਾ ਆਪ ਜੋੜ ਲੈਂਦੇ ਹਨ। ਇਹ ਯੋਗ ਨਹੀਂ। ਉਦਾਹਰਣ ਦੇ ਤੌਰ 'ਤੇ 'ਅੰਨਦੁ ਸਾਹਿਬ' ਦੇਖੋ:
<u>ਅਨੰਦ</u> ਭਇਆ ਮੇਰੀ ਮਾਏ....(ਪਹਿਲੀ ਪਉੜੀ)
<u>ਆਨੰਦ</u> ਆਨੰਦੁ ਸਭ ਕੋ ਕਹੈ....(ਦੂਜੀ ਪਉੜੀ)
<u>ਅਨਦ</u> <u>ਸੁਣਹੁ</u> ਵਡਭਾਗੀਹੋ....(ਚਾਲ੍ਹੀਵੀਂ ਪਉੜੀ)
ਜੇ ਪਾਠ ਕਰਦਿਆਂ ਕੋਈ ਸੁਚੇਤ ਨਹੀਂ ਹੋਵੇਗਾ, ਤਾਂ ਉਹ ਤਿੰਨਾਂ ਥਾਂਵਾਂ ਉੱਪਰ 'ਆਨੰਦ' ਉਚਾਰਣ ਕਰ ਜਾਵੇਗਾ।

੩. ਸ਼ਬਦਾਂ/ਅੱਖਰਾਂ ਦੇ ਅੰਤ ਵਿਚ ਪ੍ਰਯੋਗ ਕੀਤੀ 'ਸਿਹਾਰੀ' (ਿ) ਅਤੇ 'ਔਂਕੜ'

ਦਾ ਉਚਾਰਨ ਨਹੀਂ ਕਰਨਾ। ਉਦਾਹਰਣ ਦੇਖੋ:

ਸ਼ਬਦ	ਅਸ਼ੁੱਧ	ਸ਼ੁੱਧ
ਹਰਿ	ਹਰੀ	ਹਰ
ਨਾਮੁ	ਨਾਮੂ	ਨਾਮ
ਜਲਿ	ਜਲੀ	ਜਲ
ਆਸਕੁ	ਆਸਕੂ	ਆਸ਼ਕ

੪. ਪਰ ਜੇ 'ਸਿਹਾਰੀ' (ਿ) ੲ ਨਾਲ ਲੱਗੀ ਹੈ ਤਾਂ ਸਿਹਾਰੀ ਦਾ ਉਚਾਰਣ ਜ਼ਰੂਰੀ ਹੈ ਜਿਵੇਂ ਪਾਇ, ਜਾਇ, ਖਾਇ ਆਦਿ।

੫. ਗੁਰਬਾਣੀ ਵਿਚ ਕੁਝ ਲਗਾਂ-ਮਾਤਰਾਂ ਨਹੀਂ ਜੋੜੀਆਂ ਗਈਆਂ। ਜਿਵੇਂ 'ਅੱਧਕ' (ੱ) ਅਤੇ 'ਬਿੰਦੀ' (ਂ)। ਲਗਦਾ ਹੈ ਕਿ ਇਹ ਬੋਲਣ ਵਿਚ ਤਾਂ ਆਉਂਦੇ ਸਨ ਪਰ ਲਿਖਣ ਵਿਚ ਇਨ੍ਹਾਂ ਦਾ ਪ੍ਰਯੋਗ ਘੱਟ ਹੀ ਪ੍ਰਚਲਿਤ ਸੀ। ਗੁਰਬਾਣੀ ਵਿਚ 'ਅੱਧਕ' (ੱ) ਦੀ ਵਰਤੋਂ ਬਿਲਕੁਲ ਹੀ ਨਹੀਂ ਹੋਈ, ਜਦੋਂ ਕਿ 'ਬਿੰਦੀ' (ਂ) ਕਿਤੇ-ਕਿਤੇ ਵਰਤੀ ਗਈ ਹੈ। ਜਿਵੇਂ:

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਹ॥

(ਆਸਾ ਦੀ ਵਾਰ, ਮ: ੧)

ਨਿਯਮ ਇਹ ਰਹੇਗਾ ਕਿ ਅਭਿਆਸ ਅਤੇ ਸੂਝ ਨਾਲ ਇਹ ਪਤਾ ਲੱਗ ਜਾਂਦਾ ਹੈ ਕਿ ਜਿਥੇ ਲੋੜ ਹੋਵੇ ਜਾਂ ਢੁਕਵਾਂ ਹੋਵੇ, ਓਥੇ ਉਚਾਰਣ ਸਮੇਂ 'ਅੱਧਕ' ਜਾਂ 'ਬਿੰਦੀ' ਦਾ ਪ੍ਰਯੋਗ ਕੀਤਾ ਜਾਵੇ।

੬. ਗੁਰਬਾਣੀ ਦੇ ਕਈ ਅੱਖਰਾਂ ਦੇ ਅੰਤ ਉੱਪਰ 'ਟਿੱਪੀ' (ੰ) ਲਾਈ ਮਿਲਦੀ ਹੈ। ਅਜੋਕੀ ਗੁਰਮੁਖੀ ਭਾਸ਼ਾ ਵਿਚ ਇਸ ਟਿੱਪੀ ਦੀ ਵਰਤੋਂ ਨਹੀਂ ਹੁੰਦੀ। ਜਿਵੇਂ:

ਜੋਗ ਸਬਦੰ ਗਿਆਨ ਸਬਦੰ.... (ਉਹੀ, ਮ: ੨)

'ਸਬਦੰ' ਦਾ ਸ਼ੁਧ ਉਚਾਰਣ 'ਸ਼ਬਦੰਗ' ਹੋਵੇਗਾ।

੭. ਗੁਰਬਾਣੀ ਵਿਚ ਕਈ ਥਾਂਈਂ 'ਅੱਧਕ' ਦੀ ਥਾਂ 'ਟਿੱਪੀ' ਲਗਾਈ ਗਈ ਹੈ। ਜਿਵੇਂ:

ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨ੍ਹਿ॥

ਇਥੇ 'ਸੰਨ੍ਹਿ' ਦਾ ਉਚਾਰਣ 'ਅੱਧਕ' ਲਾ ਕੇ ਹੋਵੇਗਾ—ਸੱਨ।

੮. ਗੁਰਬਾਣੀ ਵਿਚ ਕਈ ਥਾਂ ਅਜਿਹੇ ਸ਼ਬਦ-ਜੋੜ ਵੀ ਹਨ, ਜੋ ਅਜੋਕੇ ਪਾਠਕ ਲਈ ਓਪਰੇ ਹਨ। ਜਿਵੇਂ: ਕੁੰਤੀ, ਕੰਚੀ, ਪੁੰਤੀ, ਦਾਂਸੀ। ਇਹ ਪੁਰਾਤਨ ਗੁਰਮੁਖੀ ਦਾ ਲਿਖਣ ਢੰਗ, ਹੁਣ ਬਦਲ ਗਿਆ ਹੈ। ਅੱਜਕਲ੍ਹ ਇਹ ਇਸ

ਤਰ੍ਹਾਂ ਲਿਖੇ ਜਾਂ ਉਚਾਰੇ ਜਾਂਦੇ ਹਨ : ਕੁਤੀਂ, ਕਚੀਂ, ਪੁਤੀਂ, ਦਾਸੀਂ।

੯. ਪੁਰਾਤਨ ਗੁਰਮੁਖੀ ਦੇ ਲਿਖਣ ਢੰਗ ਅਨੁਸਾਰ ਗੁਰਬਾਣੀ ਵਿਚ ਆਏ ਕੁਝ ਸ਼ਬਦ ਇਸ ਪ੍ਰਕਾਰ ਹਨ : ਅੰਦਰਹੁ, ਵਿਚਹੁ, ਅਗਹੁ, ਕਪਾਹਹੁ, ਗਲਹੁ, ਸਰੀਰਹੁ ਆਦਿ। ਇਨ੍ਹਾਂ ਦਾ ਉਚਾਰਣ ਇਸ ਤਰ੍ਹਾਂ ਹੋਵੇਗਾ : ਅੰਦਰੋਂ, ਵਿਚੋਂ, ਅੱਗੋਂ, ਕਪਾਹੋਂ, ਗਲੋਂ, ਸਰੀਰੋਂ ਆਦਿ।

੧੦. ਗੁਰਬਾਣੀ ਦਾ ਪਾਠ ਕਰਦਿਆਂ ਉਚਾਰਣਕਰਤਾ ਨੂੰ 'ਲਾਂ' (ੇ) ਅਤੇ 'ਦੁਲਾਂ' (ੈ) ਦਾ ਭੇਦ ਉਚਾਰਨ ਵਿਚ ਕਰਨਾ ਚਾਹੀਦਾ ਹੈ। ਅਣਗਹਿਲੀ ਕਾਰਣ ਗਲਤ ਉਚਾਰਨ ਇਉਂ ਹੁੰਦਾ ਹੈ :

ਸ਼ੁਧ	ਅਸ਼ੁੱਧ ਉਚਾਰਣ	ਸ਼ੁਧ	ਅਸ਼ੁੱਧ ਉਚਾਰਣ
ਲੈਸਹਿ	ਲੇਸਹਿ	ਲੇਖੈ	ਲੇਖੇ
ਸਭਸੈ	ਸਭਸੇ	ਨਾਵੈ	ਨਾਵੇ
ਜੀਵਦੈ	ਜੀਵਦੇ	ਕੈ	ਕੇ

੧੧. ਗੁਰਬਾਣੀ ਉਚਾਰਣ ਸਮੇਂ ਇਹ ਵੀ ਧਿਆਨ ਰੱਖਿਆ ਜਾਵੇ ਕਿ 'ਣ' ਅਤੇ 'ਨ' ਦੀ ਆਵਾਜ਼ ਸਪੱਸ਼ਟ ਹੋਵੇ। ਕਈ ਵੇਰ ਕੁਝ ਲੋਕ ਉਚਾਰਣ ਵਿਚ ਇਨ੍ਹਾਂ ਦਾ ਭੇਦ ਕਰਨ ਤੋਂ ਅਸਮਰਥ ਹੁੰਦੇ ਹਨ। ਅਜਿਹੇ ਸ਼ਬਦ ਦੀ ਵੰਨਗੀ ਦੇਖੋ :

ਪਾਨੀ/ਪਾਣੀ, ਅਪਨਾ/ਅਪਣਾ, ਜਾਨਾ/ਜਾਣਾ, ਖਾਨਾ/ਖਾਣਾ।

੧੨. ਗੁਰਬਾਣੀ ਵਿਚ ਕੁਝ ਸ਼ਬਦ-ਜੋੜ ਇਸ ਤਰ੍ਹਾਂ ਦੇ ਵੀ ਆਏ ਹਨ : ਗਾਵਹੁ, ਸੰਸਾਰੁ, ਗੁੋਪਾਲ, ਮੁੋਨੀ, ਗੁੋਬਿੰਦ, ਸੁੋਹਾਗਣਿ। ਅਜਿਹੇ ਸਮੇਂ ਉਚਾਰਣ ਨਿਯਮ ਇਹ ਹੈ ਕਿ 'ਔਂਕੜ' Silent ਰਹੇਗਾ। ਸੋ ਉਪਰੋਕਤ ਸ਼ਬਦਾਂ ਦਾ ਸ਼ੁੱਧ ਉਚਾਰਣ ਇਹ ਹੋਵੇਗਾ : ਗਾਵਹੋ, ਸੰਸਾਰੋ, ਗੋਪਾਲ, ਮੋਨੀ, ਗੋਬਿੰਦ, ਸੋਹਾਗਣ।

੧੩. ਸਿਰਲੇਖਾਂ ਦੇ ਉਚਾਰਣ ਦੇ ਸੰਬੰਧ ਵਿਚ ਨਿਯਮ ਲਈ ਦੇਖੋ, ਗੁਰੂ ਗ੍ਰੰਥ ਸਾਹਿਬ ਦੇ ਸਿਰਲੇਖ।

੧੪. ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਸ਼ਬਦਾਂ ਦੇ ਉਚਾਰਣ ਦਾ ਨਿਯਮ ਦੇਖਣ ਲਈ ਅਗਲਾ ਪ੍ਰਕਰਣ ਦੇਖੋ।

ਭਾਸ਼ਾ

ਪਸ਼ੂ ਅਤੇ ਮਨੁੱਖੀ ਸਮਾਜ ਵਿਚ ਇਕ ਵੱਡਾ ਅੰਤਰ ਇਹ ਹੈ ਕਿ ਮਨੁੱਖ ਨੇ ਆਪਣੇ ਮਨ ਦੇ ਜਜਬਾਤਾਂ ਅਤੇ ਵਿਚਾਰਾਂ ਨੂੰ ਸੰਚਾਰਿਤ ਕਰਨ ਲਈ ਭਾਸ਼ਾ ਨੂੰ ਵਿਕਸਿਤ ਕਰ ਲਿਆ ਹੈ। ਹਰ ਇਲਾਕੇ ਦੇ ਲੋਕਾਂ ਨੇ ਵੱਖ-ਵੱਖ ਭਾਸ਼ਾ ਵਿਕਸਿਤ ਕੀਤੀ ਹੈ। ਇਸੇ ਤਰ੍ਹਾਂ ਹਰ ਦੇਸ਼ ਦੀ ਇਕ ਸੰਪਰਕ ਭਾਸ਼ਾ ਵੀ ਹੁੰਦੀ ਹੈ।

ਭਾਸ਼ਾ ਦਾ ਧਰਮ ਨਾਲ ਕੋਈ ਸਿੱਧਾ ਸੰਬੰਧ ਨਹੀਂ। ਪਰ ਫਿਰ ਵੀ ਫਿਰਕੂ ਸੋਚ ਕਾਰਣ ਭਾਸ਼ਾ ਨੂੰ ਧਰਮ ਦੇ ਕਿੱਲੇ ਨਾਲ ਬੰਨ੍ਹਣ ਦਾ ਯਤਨ ਕੀਤਾ ਜਾਂਦਾ ਹੈ। ਅਰਬੀ ਇਸਲਾਮ ਤੋਂ ਪਹਿਲਾਂ ਵੀ ਸੀ, ਪੰਜਾਬੀ ਦੀ ਕਾਢ ਗੁਰੂ ਸਾਹਿਬਾਨ ਨੇ ਨਹੀਂ ਕੱਢੀ। ਪਰ ਫਿਰ ਵੀ ਇਹ ਸਮਝ ਲਿਆ ਜਾਂਦਾ ਹੈ ਕਿ ਉਰਦੂ/ਅਰਬੀ, ਮੁਸਲਮਾਨਾਂ ਲਈ ਹੈ, ਹਿੰਦੂਆਂ ਜਾਂ ਈਸਾਈਆਂ ਲਈ ਨਹੀਂ। ਇਸੇ ਤਰ੍ਹਾਂ ਸੰਸਕ੍ਰਿਤ ਭਾਸ਼ਾ ਭਾਵੇਂ ਕਿ ਮੁਰਦਾ ਹੋ ਚੁੱਕੀ ਹੈ, ਇਸਨੂੰ ਕੇਵਲ ਇਸ ਲਈ ਨਫ਼ਰਤ ਕਰਨੀ ਕਿ ਹਿੰਦੂਆਂ ਦੇ ਗ੍ਰੰਥ ਇਸ ਭਾਸ਼ਾ ਵਿਚ ਲਿਖੇ ਗਏ ਹਨ, ਬਿਲਕੁਲ ਤਰਕ-ਸੰਗਤ ਨਹੀਂ।

ਗੁਰੂ ਸਾਹਿਬਾਨ ਜਿਸ ਖਿੱਤੇ ਵਿਚ ਪ੍ਰਚਾਰ ਕਰ ਰਹੇ ਸਨ, ਉਨ੍ਹਾਂ ਨੇ ਉਸੇ ਖੇਤਰ ਦੀ ਭਾਸ਼ਾ ਨੂੰ ਆਪਣਾ ਮਾਧਿਅਮ ਬਣਾਇਆ। ਪੰਜਾਬੀ ਭਾਸ਼ਾ ਪਹਿਲਾਂ ਵੀ ਮੌਜੂਦ ਸੀ ਪਰ ਜੇ ਗੁਰੂ ਸਾਹਿਬਾਨ ਨੇ ਇਸਨੂੰ ਚੁਣਿਆ ਨਾ ਹੁੰਦਾ ਤਾਂ ਇਸਦਾ ਵਧੇਰੇ ਪ੍ਰਚਾਰ ਨਹੀਂ ਸੀ ਹੋਣਾ। ਇਸੇ ਲਈ ਇਸ ਨੂੰ 'ਗੁਰਮੁਖੀ' ਵੀ ਕਿਹਾ ਜਾਂਦਾ ਹੈ। ਪਰ ਗੁਰੂ ਸਾਹਿਬਾਨ ਨੇ ਭਾਸ਼ਾ ਉਪਰ ਧਰਮ ਨੂੰ ਅਤੇ ਧਰਮ ਉਪਰ ਭਾਸ਼ਾ ਨੂੰ ਭਾਰੂ ਨਹੀਂ ਹੋਣ ਦਿੱਤਾ। ਗੁਰਬਾਣੀ ਵਿਚ ਭਾਰਤ ਦੀਆਂ ਦਰਜਨ ਤੋਂ ਵਧ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਦੇਖ ਕੇ, ਸਾਨੂੰ ਗੁਰੂ ਸਾਹਿਬਾਨ ਦੇ ਭਾਸ਼ਾ ਪ੍ਰਤੀ ਰਵਈਏ ਨੂੰ ਸਮਝਣਾ ਮੁਸ਼ਕਲ ਨਹੀਂ। ਇਥੋਂ ਤੀਕ ਕਿ 'ਮਲੇਛ ਭਾਸ਼ਾ' ਵਜੋਂ ਬਦਨਾਮ ਅਰਬੀ ਅਤੇ ਫ਼ਾਰਸੀ ਦੇ ਅਨੇਕਾਂ ਸ਼ਬਦਾਂ ਨੂੰ ਵੀ ਗੁਰਬਾਣੀ ਵਿਚ ਨਿਰਸੰਕੋਚ ਵਰਤਿਆ ਗਿਆ ਹੈ। ਕੁਝ ਸ਼ਬਦ ਤਾਂ ਠੇਠ ਫ਼ਾਰਸੀ ਵਿਚ ਹੀ ਰਚੇ ਮਿਲਦੇ ਹਨ[1]।

ਭਾਸ਼ਾ ਵਗਦਾ ਦਰਿਆ ਹੈ। ਜਿੰਦਾ ਭਾਸ਼ਾ ਨਵੇਂ ਸ਼ਬਦਾਂ ਨੂੰ ਗ੍ਰਹਿਣ ਕਰਦੀ ਜਾਂਦੀ ਹੈ। ਅੱਜ ਅੰਗਰੇਜ਼ੀ ਭਾਸ਼ਾ ਨੇ ਹਜ਼ਾਰਾਂ ਸ਼ਬਦ ਗ੍ਰੀਕ, ਲਾਤੀਨੀ, ਫਰੈਂਚ, ਜਰਮਨ ਅਤੇ ਹਿੰਦੀ ਭਾਸ਼ਾ ਤੋਂ ਲੈ ਕੇ ਅਪਣਾ ਲਏ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਲੋਕ-ਭਾਸ਼ਾ ਨੂੰ ਪ੍ਰਮੁੱਖ ਤਰਜੀਹ ਦਿੱਤੀ ਗਈ ਹੈ। ਪਰ ਇਸਦੇ ਬਾਵਜੂਦ ਹਿੰਦੂਆਂ ਦੀ ਸੰਸਕ੍ਰਿਤ ਅਤੇ ਮੁਸਲਮਾਨਾਂ ਵਿਚ ਲੋਕਪ੍ਰਿਅ ਅਰਬੀ ਜਾਂ ਫ਼ਾਰਸੀ ਤੋਂ ਪ੍ਰਹੇਜ਼ ਵੀ ਨਹੀਂ ਕੀਤਾ।

ਰੱਬ ਦੀ ਭਾਸ਼ਾ ਕੋਈ ਨਹੀਂ। ਸਾਰੀਆਂ ਭਾਸ਼ਾਵਾਂ ਮਨੁੱਖੀ ਸਭਿਅਤਾ ਦੀ ਸਾਂਝੀ ਵਿਰਾਸਤ ਦਾ ਦਰਜਾ ਰੱਖਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਦੇ ਪ੍ਰਚਾਰ ਵਿਚ ਭਾਸ਼ਾ ਰੁਕਾਵਟ ਬਣੇ ਤਾਂ ਇਹ ਰੁਕਾਵਟ ਦੂਰ ਕਰ ਦੇਣੀ ਉਚਿਤ ਹੈ। ਜੇਕਰ ਕੋਈ ਗੁਰਮੁਖੀ ਨਹੀਂ ਜਾਣਦਾ ਤਾਂ ਉਹ ਗੁਰਬਾਣੀ ਦੇ ਤਰਜ਼ਮੇ ਪੜ੍ਹ ਕੇ ਲਾਭ ਉਠਾ ਸਕਦਾ ਹੈ। ਗੁਰਬਾਣੀ ਦਾ ਪਾਠ ਜਾਂ ਨਿੱਤਨੇਮ ਮੂਲ ਪੰਜਾਬੀ (ਗੁਰਮੁਖੀ) ਵਿਚ ਕਰਨਾ ਕੋਈ ਜ਼ਰੂਰੀ ਵਿਧਾਨ ਨਹੀਂ ਬਣ ਸਕਦਾ। ਡਾ. ਗੁਰਿੰਦਰ ਸਿੰਘ ਮਾਨ ਨੇ ਇਹ ਪ੍ਰਸ਼ਨ ਉਠਾਇਆ ਹੈ ਕਿ ਕੀ

ਗੁਰੂ-ਘਰਾਂ ਵਿਚ *ਗੁਰੂ ਗ੍ਰੰਥ ਸਾਹਿਬ* ਦੀ ਅਨੁਵਾਦਿਤ ਕਾਪੀ ਦਾ ਪ੍ਰਕਾਸ਼ ਹੋ ਸਕਦਾ ਹੈ?[2] ਅਨੁਵਾਦ ਕੇਵਲ ਨਿੱਜੀ ਵਰਤੋਂ ਲਈ ਹਨ। ਗੁਰਦੁਆਰਿਆਂ ਵਿਚ ਪ੍ਰਕਾਸ਼ ਕੇਵਲ ਗੁਰਮੁਖੀ ਵਿਚ ਛਪੇ *ਗੁਰੂ ਗ੍ਰੰਥ ਸਾਹਿਬ* ਦਾ ਹੀ ਹੋਣਾ ਚਾਹੀਦਾ ਹੈ। ਕੋਈ ਕਹਿ ਸਕਦਾ ਹੈ ਕਿ ਜੇ ਕਿਤੇ ਕੋਈ ਗੁਰਮੁਖੀ ਜਾਣਦਾ ਹੀ ਨਹੀਂ ਤਾਂ ਉਥੇ ਗੁਰਮੁਖੀ ਵਿਚ ਛਪੇ *ਗੁਰੂ ਗ੍ਰੰਥ ਸਾਹਿਬ* ਦੀ ਕੀ ਲੋੜ ਹੈ? ਇਸਦਾ ਜੁਆਬ ਇਹ ਹੈ ਕਿ ਅਨੁਵਾਦ/ਵਿਆਖਿਆ ਗ਼ਲਤ ਭੀ ਹੋ ਸਕਦੇ ਹਨ। ਇਸ ਲਈ *ਗੁਰੂ ਗ੍ਰੰਥ ਸਾਹਿਬ* ਨੂੰ ਗੁਰੂ-ਘਰਾਂ ਵਿਚ ਮੂਲ-ਰੂਪ (ਗੁਰਮੁਖੀ ਲਿਪੀ) ਵਿਚ ਹੀ ਰਖਣਾ ਪਵੇਗਾ।

ਗੁਰਬਾਣੀ ਦੀ ਸਮਝ ਵਿਚ ਗੁਰਬਾਣੀ ਦੀ ਮੱਧਕਾਲੀ ਭਾਸ਼ਾ ਦੀ ਸਮੱਸਿਆ ਨੂੰ ਦੂਰ ਕਰਨ ਲਈ ਬਹੁ-ਭਾਸ਼ੀ ਗੁਰਬਾਣੀ ਕੋਸ਼ ਤਿਆਰ ਕਰਨ ਦੀ ਲੋੜ ਹੈ। ਜੇ ਇਸ ਪਾਸੇ ਕੋਈ ਗੰਭੀਰ ਯਤਨ ਨਾ ਆਰੰਭੇ ਗਏ ਤਾਂ ਗੁਰਬਾਣੀ ਵੀ ਵੇਦਾਂ ਵਾਂਗ ਕੇਵਲ ਪੁਜਾਰੀਆਂ ਦੇ ਪੜ੍ਹਨ ਜਾਂ ਸਮਝਣ ਦੀ ਵਸਤ ਬਣਕੇ ਰਹਿ ਜਾਏਗੀ।

ਸੋ ਸਿੱਖ ਲਈ ਕੋਈ ਵੀ ਭਾਸ਼ਾ ਸਿੱਖਣੀ ਯੋਗ ਹੈ। ਪਰ ਪੰਜਾਬੀ ਭਾਸ਼ਾ ਨੂੰ ਸਿੱਖਣ ਜਾਂ ਬੱਚਿਆਂ ਨੂੰ ਸਿਖਾਉਣ ਵੱਲ ਤਵੱਜੋਂ ਦੇਣੀ ਲਾਜ਼ਮੀ ਨਹੀਂ ਤਾਂ ਮਹੱਤਵਪੂਰਨ ਜ਼ਰੂਰ ਹੈ। ਸਾਨੂੰ ਅਜਿਹੇ ਲੋਕ ਜੋ ਦੂਜੀਆਂ ਕੌਮਾਂ ਤੋਂ ਸਿੱਖ ਸੱਜਦੇ ਹਨ, ਨੂੰ ਪੰਜਾਬੀ ਭਾਸ਼ਾ ਸਿੱਖਣ ਲਈ ਮਜ਼ਬੂਰ ਕਰਨ ਦੀ ਲੋੜ ਨਹੀਂ। ਉਹ ਗੁਰਬਾਣੀ ਪਾਠ ਜਾਂ ਅਧਿਐਨ ਤਰਜ਼ਮਿਆਂ ਤੋਂ ਕਰ ਸਕਦੇ ਹਨ। ਜੇ ਅਸੀਂ ਉਨ੍ਹਾਂ ਨੂੰ ਮਜ਼ਬੂਰ ਕਰਾਂਗੇ ਕਿ ਬਾਣੀ ਦਾ ਮੂਲ-ਪਾਠ ਪੰਜਾਬੀ ਵਿਚ ਹੀ ਕਰਨ, ਤਾਂ ਹੋ ਸਕਦਾ ਹੈ ਕਿ ਉਹ ਇਸਨੂੰ ਕਠਿਨ ਮਾਰਗ ਸਮਝ ਕੇ ਸਿੱਖੀ ਵੱਲ ਆਉਣ ਹੀ ਨਾਹ। ਹਾਂ, ਸਿੱਖ ਸਜਣ ਬਾਅਦ ਉਨ੍ਹਾਂ ਦੇ ਮਨ ਅੰਦਰ ਆਪੇ ਹੀ ਪੰਜਾਬੀ ਪੜ੍ਹਨ-ਲਿਖਣ ਦਾ ਚਾਅ ਪੈਦਾ ਹੋਵੇ, ਤਾਂ ਬਿਹਤਰ ਹੈ।

ਗੁਰਬਾਣੀ ਨੇ ਪਾਲੀ, ਸੰਸਕ੍ਰਿਤ, ਅਰਬੀ ਅਤੇ ਫ਼ਾਰਸੀ ਦੇ ਜਿਹੜੇ ਸ਼ਬਦ ਅਪਣਾਏ ਹਨ, ਉਨ੍ਹਾਂ ਦਾ ਲੋੜ ਮੁਤਾਬਿਕ ਪੰਜਾਬੀਕਰਨ ਕਰ ਲਿਆ ਗਿਆ ਹੈ। ਇਸ ਤਰ੍ਹਾਂ ਕਰਨ ਦਾ ਕਾਰਣ ਇਹ ਹੈ ਕਿ ਪੰਜਾਬ ਦੀ ਬਹੁਗਿਣਤੀ, ਇਨ੍ਹਾਂ ਸ਼ਬਦਾਂ ਨੂੰ ਸੁਭਾਵਿਕ ਹੀ ਅਪਣਾਅ ਲਵੇ। ਇਨ੍ਹਾਂ ਵਿਚੋਂ ਕੁਝ ਦੇਖੋ:

ਪਾਲੀ ਦੇ ਸ਼ਬਦਾਂ ਦਾ ਪੰਜਾਬੀਕਰਨ:- ਅਗਿ-ਅੱਗ, ਬੁੱਢਾ-ਬੁੱਢਾ, ਕੇਸੋ-ਕੇਸ਼, ਪੋਥਕ-ਪੋਥੀ, ਲੋਣ-ਲੂਣ।

ਸੰਸਕ੍ਰਿਤ ਦੇ ਸ਼ਬਦਾਂ ਦਾ ਪੰਜਾਬੀਕਰਨ:- ਭਯ-ਭਉ, ਸ੍ਵੈਭੂ-ਸੈਭੰ, ਗਰਵ-ਗਰਬ, ਵਾਯੂ-ਵਾਉ।

ਅਰਬੀ/ਫ਼ਾਰਸੀ ਦੇ ਸ਼ਬਦਾਂ ਦਾ ਪੰਜਾਬੀਕਰਨ:- ਕਾਗ਼ਜ਼-ਕਾਗਦ, ਕਾਦੀ-ਕਾਜ਼ੀ, ਨੀਸਾਨ-ਨੀਸਾਣ, ਕਿਤਾਬ-ਕਤੇਬ, ਵਕਤ-ਵਖ਼ਤ।

ਗੁਰਬਾਣੀ ਵਿਚ ਵਿਸ਼ਰਾਮ ਚਿੰਨ੍ਹ ਲਾਉਣੇ

ਕੀ ਪਵਿੱਤਰ ਪਾਠ ਵਿਚ ਆਧੁਨਿਕ ਵਿਸ਼ਰਾਮ ਚਿੰਨ੍ਹ ਲਾਉਣਾ ਯੋਗ ਹੈ? ਇਹ ਪ੍ਰਸ਼ਨ ਵੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਬੜਾ ਭੱਖਵਾਂ ਰਿਹਾ ਹੈ। ਅੱਜਕਲ੍ਹ ਪਾਠ ਨੂੰ ਸਪਸ਼ਟ ਕਰਨ ਲਈ (,) ਕਾਮਾ, ਪ੍ਰਸ਼ਨ-ਚਿੰਨ੍ਹ (?), ਵਿਸਮਕ (!) ਦੋ ਬਿੰਦੀਆਂ (:), ਸੈਮੀਕਾਲਨ (;), ਡੈਸ਼ (–) ਦੁਬਿੰਦੀ ਡੈਸ਼ (:–), ਛੁਟ ਮਰੋੜ ('), ਬਿੰਦੀ (.) ਆਦਿ ਵਿਸ਼ਰਾਮ ਚਿੰਨ੍ਹ ਲਾਏ ਜਾਂਦੇ ਹਨ। ਜਦੋਂ ਕਿ ਗੁਰਬਾਣੀ ਪਾਠ ਵਿਚ ਪੂਰਨ ਵਿਸ਼ਰਾਮ ਲਈ ਦੋ ਡੰਡੀਆਂ (॥) ਪਾਉਣ ਦਾ ਹੀ ਚਿੰਨ੍ਹ ਵਰਤਿਆ ਗਿਆ ਹੈ। ਕੀ ਗੁਰਬਾਣੀ ਦੇ ਮੂਲ ਪਾਠ ਵਿਚ ਅਜੋਕੇ ਵਿਸ਼ਰਾਮ ਚਿੰਨ੍ਹ ਪਾਉਣ ਨਾਲ, ਪਾਠ ਅਪਵਿੱਤਰ ਹੋ ਜਾਂਦਾ? ਜਦੋਂ ਕਿ ਭਾਈ ਕਾਨ੍ਹ ਸਿੰਘ ਨਾਭਾ, ਭਾਈ ਜੋਗਿੰਦਰ ਸਿੰਘ ਤਲਵਾੜਾ ਇਸ ਮਤ ਦੇ ਵਿਦਵਾਨ ਹਨ ਜੋ ਅਜਿਹੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਨੂੰ ਗ਼ਲਤ ਨਹੀਂ ਮੰਨਦੇ। ਭਾਈ ਕਾਨ੍ਹ ਸਿੰਘ ਹੁਰਾਂ ਨੇ ਜਿਹੜਾ ਪ੍ਰਸਿੱਧ ਗ੍ਰੰਥ *ਗੁਰਮਤ ਮਾਰਤੰਡ* ਰਚਿਆ ਸੀ, ਉਸ ਵਿਚ ਉਨ੍ਹਾਂ ਨੇ ਅਜੋਕੇ ਵਿਸ਼ਰਾਮ ਚਿੰਨ੍ਹ ਆਮ ਤੌਰ 'ਤੇ ਲਾਏ ਹਨ। *ਗੁਰਮਤ ਮਾਰਤੰਡ* ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਦਹਾਕਿਆਂ ਤੋਂ ਛਾਪਦੀ ਆ ਰਹੀ ਹੈ। ਇਸ ਲਿਹਾਜ਼ ਤੋਂ ਕਮੇਟੀ ਦੇ ਇਸ ਪੱਖ ਬਾਰੇ ਸੋਝੀ ਹੋ ਸਕਦੀ ਹੈ। ਪਰ ਜੇ ਜਣਾ-ਖਣਾ ਮਨਮਰਜ਼ੀ ਦੇ ਵਿਸ਼ਰਾਮ ਚਿੰਨ੍ਹ ਲਾ ਕੇ ਪਾਠ ਛਾਪਣ ਲਗ ਜਾਵੇ ਤਾਂ ਇਹ ਵੀ ਠੀਕ ਨਹੀਂ। ਚੰਗਾ ਇਹੀ ਹੈ ਕਿ *ਗੁਰੂ ਗ੍ਰੰਥ ਸਾਹਿਬ* ਦੇ ਸੰਪੂਰਨ ਪਾਠ ਨੂੰ ਮੂਲ ਰੂਪ ਵਿਚ ਹੀ ਛਾਪਣਾ ਜਾਰੀ ਰਖਿਆ ਜਾਵੇ। ਪਰ ਸੰਥਿਆ ਦੀਆਂ ਪੋਥੀਆਂ ਵਿਚ ਐਸੀ ਖੁਲ੍ਹ ਦੇ ਦੇਣੀ ਵਾਜਿਬ ਹੈ। ਇਸ ਬਿਨਾਂ ਗੁਰਬਾਣੀ ਨੂੰ ਸਮਝਣਾ/ਸਮਝਾਉਣਾ ਮੁਸ਼ਕਲ ਹੈ। ਖ਼ਿਆਲ ਰਖਿਆ ਜਾਵੇ ਕਿ ਐਸਾ ਕੰਮ ਸੰਸਥਾਗਤ ਹੋਵੇ।

ਪਾਠਕਾਂ ਦੀ ਜਾਣਕਾਰੀ ਲਈ ਦਸ ਦੇਵਾਂ ਕਿ *ਕੁਰਾਨ* ਦੀ ਆਦਿ ਬੀੜ ਵਿਚ ਕੋਈ ਵੀ ਵਿਸ਼ਰਾਮ ਚਿੰਨ੍ਹ ਆਦਿ ਨਹੀਂ ਵਰਤੇ ਗਏ ਸਨ। ਪਰ ਉਥੇ ਸੌ ਕੁ ਸਾਲ ਬਾਅਦ ਹੀ ਵਿਸ਼ਰਾਮ ਚਿੰਨ੍ਹ ਲਾਉਣੇ ਜ਼ਰੂਰੀ ਸਮਝ ਲਏ ਗਏ ਸਨ। ਸੋ, ਆਧੁਨਿਕ ਵਿਸ਼ਰਾਮ ਚਿੰਨ੍ਹ ਲਾਉਣ ਨਾਲ ਧਰਮ ਗ੍ਰੰਥ ਦੂਸ਼ਿਤ ਨਹੀਂ ਹੁੰਦੇ।

ਗੁਰਬਾਣੀ ਵਿਆਕਰਣ

ਇਸ ਪ੍ਰਸ਼ਨ ਉੱਪਰ ਸਿੱਖ ਵਿਦਵਾਨ ਇਕ ਮਤ ਨਹੀਂ ਕਿ ਗੁਰਬਾਣੀ ਕਿਹੜੇ ਵਿਆਕਰਣਕ ਨਿਯਮਾਂ ਨੂੰ ਅਪਣਾਉਂਦੀ ਹੈ। ਇਸ ਵਿਸ਼ੇ ਦੇ ਦੋ ਪ੍ਰਸਿੱਧ ਵਿਸ਼ੇਸ਼ੱਗ ਪ੍ਰੋ. ਸਾਹਿਬ ਸਿੰਘ ਅਤੇ ਡਾ. ਹਰਕੀਰਤ ਸਿੰਘ ਇਕ ਦੂਜੇ ਦੇ ਕੱਟੜ ਵਿਰੋਧੀ ਰਹੇ ਹਨ। ਪ੍ਰੋ. ਸਾਹਿਬ ਸਿੰਘ ਨੇ *ਗੁਰਬਾਣੀ ਵਿਆਕਰਣ* ਨਾਂ ਦੀ ਪੁਸਤਕ ਵਿਚ ਇਹ ਮਤ ਪ੍ਰਸਤੁਤ ਕੀਤਾ ਸੀ ਕਿ ਗੁਰਬਾਣੀ, ਗੁਰਮੁਖੀ/ਪੰਜਾਬੀ ਤੋਂ ਸੁਤੰਤਰ ਵਿਆਕਰਣ ਨੂੰ ਅਪਣਾਉਂਦੀ ਹੈ। ਪ੍ਰਿੰ. ਤੇਜਾ ਸਿੰਘ ਹੁਰਾਂ ਵੀ *ਗੁਰਬਾਣੀ ਦੀਆਂ*

ਲਗਾਂ-ਮਾਤਰਾਵਾਂ ਦੇ ਗੁੱਝੇ ਭੇਦ ਨਾਂ ਦੇ ਕਿਤਾਬਚੇ ਵਿਚ, ਗੁਰਬਾਣੀ ਵਿਆਕਰਣ ਦੀ ਗੁੱਥੀ ਸੁਲਝਾਉਣ ਦਾ ਯਤਨ ਕੀਤਾ ਸੀ। ਜਦੋਂ ਕਿ ਡਾ. ਹਰਕੀਰਤ ਸਿੰਘ ਅਨੁਸਾਰ ਜੇ ਪ੍ਰੋ. ਸਾਹਿਬ ਸਿੰਘ ਦੀ ਔਂਕੜ ਸੰਬੰਧੀ ਸਥਾਪਨਾ ਨੂੰ ਮੰਨੀਏ ਤਾਂ ਕੇਵਲ 'ਸੁਖਮਨੀ' ਬਾਣੀ ਵਿਚਲੇ ਸ਼ਬਦਾਂ ਦੇ ਅਰਥ ਕਰਨ ਲਈ ਸਾਨੂੰ ਘਟੋ ਘਟ ਇਕ ਸੌ ਸ਼ਬਦਾਂ ਨੂੰ ਔਂਕੜ ਲਗਾਉਣਾ ਬਣਦਾ ਹੈ।

ਗੁਰਬਾਣੀ ਖੇਤਰ ਦੇ ਹੋਰ ਉੱਘੇ ਵਿਦਵਾਨ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਪ੍ਰੋ. ਸਾਹਿਬ ਸਿੰਘ ਦੁਆਰਾ ਤਿਆਰ ਗੁਰਬਾਣੀ ਵਿਆਕਰਣ ਦੇ ਬਹੁਤੇ ਨਿਯਮ ਗੁਰਬਾਣੀ ਉੱਪਰ ਲਾਗੂ ਨਹੀਂ ਹੁੰਦੇ, ਖ਼ਾਸ ਕਰਕੇ ਸਿਹਾਰੀ ਅਤੇ ਔਂਕੜ ਦੀ ਵਰਤੋਂ ਤਾਂ ਪੁਰਾਣੀਆਂ ਬੀੜਾਂ ਵਿਚ ਆਪਸ ਵਿਚ ਨਹੀਂ ਮਿਲਦੀ।[3]

ਸੋ ਵਿਆਕਰਣਕ ਬਾਰੀਕੀਆਂ ਵਿਚ ਉਲਝਣ/ਉਲਝਾਉਣ ਤੋਂ ਕਿਤੇ ਚੰਗਾ ਹੈ ਕਿ ਗੁਰਬਾਣੀ ਦੇ ਸਿੱਧੇ ਤੇ ਸਰਲ ਉਪਦੇਸ਼ ਨੂੰ ਸਮਝਿਆ/ਸਮਝਾਇਆ ਜਾਵੇ। ਅਸੀਂ ਦੱਸਦੇ ਚਲੀਏ ਕਿ 'ਗੁਰਬਾਣੀ ਵਿਆਕਰਣ' ਦਾ ਸਿਹਰਾ ਅਸਲ ਵਿਚ ਜਰਮਨ ਵਿਦਵਾਨ ਡਾ. ਅਰਨਸਟ ਟਰੰਪ ਦੇ ਸਿਰ ਹੀ ਬੱਝਦਾ ਹੈ। ਪ੍ਰੋ. ਸਾਹਿਬ ਸਿੰਘ ਤੇ ਪ੍ਰਿੰ. ਤੇਜਾ ਸਿੰਘ ਹੁਰਾਂ ਨੇ ਤਾਂ ਟਰੰਪ ਦੀ ਧਾਰਣਾ ਦੀ ਪ੍ਰੋੜ੍ਹਤਾ ਹੀ ਕੀਤੀ ਸੀ। ਸ਼ਾਇਦ! ਟਰੰਪ ਨੇ ਗੁਰਬਾਣੀ ਦੀ ਵਖਰੀ ਵਿਆਕਰਣ ਦੀ ਗੱਲ ਕਿਸੇ ਗੁਣ ਵਜੋਂ ਨਹੀਂ ਉਭਾਰੀ ਸੀ।

ਹਵਾਲੇ ਅਤੇ ਟਿਪਣੀਆਂ

1. ਰਾਗੁ ਤਿਲੰਗ ਮਹਲਾ ੧ ਘਰੁ ੧
   ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
   ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥
   ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥
   ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ਰਹਾਉ॥
   ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ॥
   ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥੨॥
   ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥
   ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ॥੩॥
   ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ॥
   ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥੪॥
   ਗੁਰੂ ਗ੍ਰੰਥ ਸਾਹਿਬ, ਪੰਨਾ ੭੨੧
2. *The making of Sikh Scripture*, p. 135.
3. *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 478.

ਭਾਗ ਪੰਜਵਾਂ

ਪ੍ਰਮਾਣਿਕ ਬੀੜ



ਸ੍ਰੀ ਗੋਇੰਦਵਾਲ ਵਿਖੇ ਪਈ ਉਹ ਇਤਿਹਾਸਕ ਪਾਲਕੀ ਜਿਸ ਵਿਚ ਗੁਰੂ ਅਰਜਨ ਦੇਵ ਜੀ ਬਾਬਾ ਮੋਹਨ ਵਾਲੀਆਂ ਪੋਥੀਆਂ ਲੈ ਕੇ ਅੰਮ੍ਰਿਤਸਰ ਆਏ

14

ਲਿਖਤੀ ਬੀੜਾਂ ਦੀ ਸਮੱਸਿਆ


ਅਸੀਂ *ਗੁਰੂ ਗ੍ਰੰਥ ਸਾਹਿਬ* ਦੀ ਸੰਪਾਦਨਾ ਦੇ ਵਿਸ਼ੇ ਨੂੰ ਇਕ ਵਿਸ਼ੇਸ਼ ਕਾਰਣ ਕਰਕੇ ਛੋਹ ਨਹੀਂ ਰਹੇ। ਇਹ ਗੱਲ ਹੈਰਾਨੀਜਨਕ ਤਾਂ ਹੈ ਹੀ ਕਿ ਭਾਈ ਗੁਰਦਾਸ ਜਿਸਨੇ *ਆਦਿ ਬੀੜ* ਦੇ ਮੁਖ ਲਿਖਾਰੀ ਵਜੋਂ ਭੂਮਿਕਾ ਨਿਭਾਈ ਸੀ, ਨੇ ਇਸ ਬੀੜ ਬਾਰੇ ਕੋਈ ਜ਼ਿਕਰ ਆਪਣੀ ਰਚਨਾ ਵਿਚ ਨਹੀਂ ਕੀਤਾ। ਇਹ ਵੀ ਘੱਟ ਹੈਰਾਨੀਜਨਕ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀਆਂ ਸੈਨਾਪਤ ਤੇ ਭਾਈ ਨੰਦ ਲਾਲ ਨੇ ਆਪਣੇ ਗ੍ਰੰਥਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਿਸੇ *ਦਮਦਮੀ ਬੀੜ* ਦੀ ਰਚਨਾ ਬਾਰੇ ਅਤੇ *ਗੁਰੂ ਗ੍ਰੰਥ ਸਾਹਿਬ* ਨੂੰ ਗੁਰਿਆਈ ਦੇਣ ਦੀ ਸਪੱਸ਼ਟ ਗਵਾਹੀ ਦਰਜ ਨਹੀਂ ਕੀਤੀ। *ਦਸਮ ਗ੍ਰੰਥ* ਨਾਲ ਸੰਬੰਧਿਤ ਕੁਝ ਪ੍ਰਸ਼ਨਾਂ ਨੂੰ ਪਾਸੇ ਕਰਦਿਆਂ, ਇਸ ਵੱਡ-ਆਕਾਰੀ ਗ੍ਰੰਥ ਦੇ ਇਤਿਹਾਸਕ-ਸਾਹਿਤਕ ਮਹੱਤਵ ਤੋਂ ਇਨਕਾਰ ਕਰਨਾ ਸੌਖਾ ਨਹੀਂ। ਇਸ ਗ੍ਰੰਥ ਵਿਚ ਇਕ ਵੇਰ ਵੀ *ਗੁਰੂ ਗ੍ਰੰਥ ਸਾਹਿਬ* ਦਾ ਜ਼ਿਕਰ ਨਾ ਹੋਣਾ ਵੀ ਵੱਡੇ ਪ੍ਰਸ਼ਨ ਪੈਦਾ ਕਰਦਾ ਹੈ। ਇਹ ਐਸੇ ਪ੍ਰਸ਼ਨ ਹਨ ਜਿਨ੍ਹਾਂ ਦਾ ਉਤਰ ਲੱਭਣਾ ਅਜੋਕੇ ਕਿਸੇ ਵਿਦਵਾਨ ਦੇ ਵੱਸ ਵਿਚ ਨਹੀਂ। ਮੁਢਲੇ ਸ੍ਰੋਤਾਂ ਦਾ ਇਹ ਰਵੱਈਆ ਖੋਜ-ਕਾਰਜ ਵਿਚ ਵੱਡੀ ਰੁਕਾਵਟ ਬਣਦਾ ਹੈ। ਸਾਡੀ ਮਜ਼ਬੂਰੀ ਇਹ ਵੀ ਹੈ ਕਿ ਬਾਅਦ ਦੇ ਹੋਰ ਇਤਿਹਾਸਕ ਸ੍ਰੋਤਾਂ ਤੋਂ ਵੀ ਇਸ ਬਾਰੇ ਵਧੇਰੇ ਤੇ ਭਰੋਸੇਯੋਗ ਜਾਣਕਾਰੀ ਨਹੀਂ ਮਿਲਦੀ। ਪ੍ਰਸਿੱਧ ਇਤਿਹਾਸਕਾਰ ਡਾ. ਸੁਖਦਿਆਲ ਸਿੰਘ ਨੂੰ ਵੀ ਇਸ ਪੱਖ ਤੋਂ ਕਾਫ਼ੀ ਨਮੋਸ਼ੀ ਹੋਈ ਹੈ। ਡਾ. ਸਾਹਿਬ ਆਪਣੀ ਹੁਣੇ ਛਪੀ ਪੁਸਤਕ ਵਿਚ ਲਿਖਦੇ ਹਨ:

"ਗੁਰਮੁਖੀ ਦੀਆਂ ਮੁੱਢਲੀਆਂ ਲਿਖਤਾਂ ਵਿਚ ਭਾਵੇਂ ਬੜੇ ਵਿਸਥਾਰ ਨਾਲ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਿਰਿਆ ਬਾਰੇ ਲਿਖਿਆ ਗਿਆ ਹੈ ਪਰ ਇਹ ਸਾਰਾ ਵਿਸਥਾਰ ਕਿਸੇ ਵੀ ਤਰ੍ਹਾਂ ਇਤਿਹਾਸਕ ਤੌਰ 'ਤੇ ਸੱਚ ਸਾਬਤ ਨਹੀਂ ਹੋ ਰਿਹਾ।[1] ...ਗੁਰਮੁਖੀ ਦੀਆਂ ਮੁੱਢਲੀਆਂ ਲਿਖਤਾਂ ਨਿਰੀ ਨਿਰਾਸ਼ਾ ਹੀ ਪੱਲੇ ਪਾਉਂਦੀਆਂ ਹਨ ਅਤੇ ਮਿਲਦਾ ਕੁਝ ਅੰਗਰੇਜ਼ੀ ਦੀਆਂ ਲਿਖਤਾਂ ਵਿਚੋਂ ਵੀ ਨਹੀਂ।"[2]


ਇਕ ਗੱਲ ਜੋ ਬਿਨਾਂ ਕਿਸੇ ਠੋਸ ਪ੍ਰਮਾਣ ਦੇ ਸਿੱਖਾਂ ਦੇ ਬਹੁਤੇ ਵਿਦਵਾਨਾਂ ਵੱਲੋਂ ਪ੍ਰਵਾਨ ਕੀਤੀ ਹੋਈ ਹੈ, ਉਹ ਇਹ ਹੈ ਕਿ ਗੁਰਬਾਣੀ

ਰਚਣ ਦੇ ਸਮੇਂ ਤੋਂ ਹੀ ਗੁਰਬਾਣੀ ਲਿਖਣ ਅਤੇ ਸਾਂਭਣ ਦਾ ਕਾਰਜ ਚੱਲ ਰਿਹਾ ਸੀ। ਹਾਲਾਂਕਿ ਸਾਡੇ ਕੋਲ ਕੋਈ ਵੀ ਗੁਰਬਾਣੀ ਦੀ ਹੱਥ-ਲਿਖਤ ਇਸ ਮਤ ਦੀ ਪ੍ਰੌੜਤਾ ਲਈ ਮੌਜੂਦ ਨਹੀਂ। ਪਰ ਤਰਕ ਨੂੰ ਆਧਾਰ ਬਣਾ ਕੇ ਹੀ ਕਿਹਾ ਜਾ ਰਿਹਾ ਹੈ ਕਿ ਪਹਿਲੇ ਗੁਰੂਆਂ ਦੀ ਬਾਣੀ (ਭਗਤ ਬਾਣੀ ਸਮੇਤ) ਗੁਰੂ ਅਰਜਨ ਜੀ ਕੋਲ ਪਹੁੰਚੀ ਸੀ। ਇਸ ਬਾਣੀ ਨੂੰ ਹੀ ਉਨ੍ਹਾਂ ਨੇ ਇਕ ਸੁਲਝੇ ਹੋਏ ਸੰਪਾਦਕ ਵਾਂਗ, ਇਕ ਬੀੜ ਵਿਚ ਬੰਨ੍ਹ ਦਿੱਤਾ ਸੀ। ਸਿੱਖ ਸ੍ਰੋਤ ਗੁਰਬਾਣੀ ਦੀ ਇਸ ਬੀੜ ਨੂੰ ਤਿਆਰ ਕਰਨ ਦੇ ਕਈ ਕਾਰਣ ਦਿੰਦੇ ਹਨ। ਇਕ ਪ੍ਰਮੁੱਖ ਕਾਰਣ ਇਹ ਦੱਸਿਆ ਜਾਂਦਾ ਹੈ ਕਿ 'ਸੱਚੀ ਬਾਣੀ' ਅਤੇ 'ਕੱਚੀ ਬਾਣੀ' ਦੀ ਮਿਲਾਵਟ ਨੂੰ ਰੋਕਣ ਲਈ *ਆਦਿ ਬੀੜ* ਰਚੀ ਗਈ ਸੀ। ਪਰ ਕੱਚੀ ਬਾਣੀ ਰਚਣ ਦੀ ਪ੍ਰਕਿਰਿਆ ਇਸ ਬੀੜ ਨੂੰ ਤਿਆਰ ਕਰਨ ਬਾਅਦ ਵੀ ਰੁਕੀ ਨਹੀਂ। ਮੌਜੂਦਾ ਸਮੇਂ ਗੁਰਬਾਣੀ ਦੀਆਂ ਸੈਂਕੜੇ ਹੱਥ-ਲਿਖਤਾਂ ਉਪਲਬਧ ਹਨ। ਇਨ੍ਹਾਂ ਹੱਥ-ਲਿਖਤ ਪੋਥੀਆਂ ਵਿਚ ਕਈ ਅਸਮਾਨਤਾਵਾਂ ਅਤੇ ਪਾਠ-ਭੇਦਾਂ ਦੇ ਹੁੰਦਿਆਂ, ਇਹ ਨਿਰਣਾ ਕਰਨਾ ਪੈਂਦਾ ਹੈ ਕਿ :

1. ਗੁਰੂ-ਘਰ ਦਾ ਬਾਣੀ ਪੋਥੀਆਂ ਰਚਣ ਉੱਪਰ ਨਿਯੰਤਰਣ ਨਹੀਂ ਸੀ। ਇਸਤੋਂ ਉਲਟ ਗੁਰੂ-ਘਰ ਦੇ ਵਿਰੋਧੀ ਸੌੜੇ ਹਿੱਤਾਂ ਲਈ ਭਾਂਤ-ਭਾਂਤ ਦੀਆਂ ਬੀੜਾਂ ਤਿਆਰ ਕਰ ਰਹੇ ਸਨ। ਪ੍ਰਮੁਖ ਰੂਪ ਵਿਚ ਮੀਣੇ ਅਤੇ ਹੰਦਾਲੀਏ ਇਹ ਕੰਮ ਕਰ ਰਹੇ ਸਨ। ਇਨ੍ਹਾਂ ਦੁਆਰਾ ਪਾਏ ਕਈ ਰਲੇ ਬੀੜਾਂ ਵਿਚ ਕਾਇਮ ਹਨ। ਇਸ ਤਰ੍ਹਾਂ ਦੇ ਰਲੇ ਦੀ ਇਕ ਪ੍ਰਤੱਖ ਉਦਾਹਰਣ *ਗੁਰੂ ਗ੍ਰੰਥ ਸਾਹਿਬ* ਦੇ ਪੰਨਾ ੯੨੭ ਉਪਰ ਮਿਲਦੀ ਹੈ। ਇਸ ਸ਼ਬਦ ਦੇ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸਨੂੰ ਮ: ੫ ਦੀ ਰਚਨਾ ਨਹੀਂ ਮੰਨਿਆ ਜਾ ਸਕਦਾ ਅਤੇ ਇਸ ਰਚਨਾ ਦਾ ਮਨੋਰਥ ਸਿੱਖ ਪੰਥ ਦੇ ਮੂਲ ਸਿੱਧਾਂਤਾਂ ਨੂੰ ਤਬਾਹ ਕਰਨਾ ਹੈ। ਉਦਾਸੀਆਂ ਦੁਆਰਾ ਵੀ ਮਹਾਰਾਜਾ ਰਣਜੀਤ ਸਿੰਘ ਦੇ ਦੌਰ ਵਿਚ *ਗੁਰੂ ਗ੍ਰੰਥ ਸਾਹਿਬ* ਦੇ ਪਾਠ ਵਿਚ ਕੱਚੀ ਬਾਣੀ ਮਿਲਾਉਣ ਅਤੇ *ਜਨਮਸਾਖੀ* ਤੇ *ਗੁਰਬਿਲਾਸ* ਨਵੇਂ ਸਿਰਿਓਂ ਰਚੇ ਜਾਣ ਦੀ ਵੀ ਜਾਣਕਾਰੀ ਮਿਲਦੀ ਹੈ।[3] ਇਨ੍ਹਾਂ ਵਿਰੋਧੀ ਬੀੜਾਂ ਨੂੰ ਗੁਰਬਾਣੀ ਪਾਠਾਲੋਚਨਾ ਲਈ ਆਧਾਰ ਬਣਾਉਣਾ ਤਰਕ ਸੰਗਤ ਨਹੀਂ ਹੋ ਸਕਦਾ।
2. ਪਰੰਪਰਾ ਅਨੁਸਾਰ ਗੁਰੂ-ਘਰ ਨੇ ਹਕੂਮਤ ਨਾਲ ਤਿੱਖਾ ਟਕਰਾਅ ਚਲਦਿਆਂ, ਪ੍ਰਮਾਣਿਕ ਬੀੜ ਦੀ ਸਾਂਭ ਅਤੇ ਇਸ ਬੀੜ ਦੇ ਹੋਰ ਉਤਾਰੇ ਕਰਾਉਣ ਵੱਲ ਵਧੇਰੇ ਧਿਆਨ ਨਹੀਂ ਦਿੱਤਾ। ਅਸਲ ਵਿਚ ਗੁਰੂ-ਘਰ ਤੋਂ ਐਸੀ ਅਣਗਹਿਲੀ ਦੀ ਆਸ ਨਹੀਂ ਕੀਤੀ ਜਾ ਸਕਦੀ। ਮੇਰਾ ਖ਼ਿਆਲ ਹੈ ਕਿ ਗੁਰੂ ਅਰਜਨ ਜੀ ਦੀ ਸ਼ਹੀਦੀ ਤੋਂ ਪਹਿਲਾਂ ਹੀ *ਆਦਿ ਬੀੜ* ਨੂੰ ਸਭ ਤੋਂ ਕੀਮਤੀ ਵਸਤ ਜਾਣ ਕੇ, ਉਸਨੂੰ ਵਿਰੋਧੀਆਂ ਤੋਂ ਬਚਾਉਣ ਦਾ ਪ੍ਰਬੰਧ ਕਰ ਲਿਆ ਗਿਆ




ਕਰਤਾਰਪੁਰੀ ਬੀੜ ਵਿਚ ਛੇਵੇਂ ਗੁਰੂ ਜੀ ਦਾ ਨਿਸ਼ਾਨ



ਕਰਤਾਰਪੁਰੀ ਬੀੜ ਵਿਚ ਪੰਜਵੇਂ ਗੁਰੂ ਜੀ ਦਾ ਨਿਸ਼ਾਨ

> ਹੋਵੇਗਾ। ਇਤਿਹਾਸ ਅਨੁਸਾਰ ਇਹ ਬੀੜ ਗੁਰੂ-ਘਰ ਕੋਲ ਗੁਰੂ ਤੇਗ਼ ਬਹਾਦਰ ਤੀਕ ਤਾਂ ਮੌਜੂਦ ਦਸੀ ਹੀ ਜਾਂਦੀ ਹੈ। ਧੀਰਮੱਲ ਨਾਲ ਜੋੜੀਆਂ ਕਹਾਣੀਆਂ ਤਰਕ ਉਪਰ ਪੂਰੀਆਂ ਨਹੀਂ ਉਤਰਦੀਆਂ। ਇਹ ਕਾਫ਼ੀ ਪਿੱਛੋਂ ਬਣਾਈਆਂ ਗੱਲਾਂ ਹਨ। ਦਸਮ-ਪਿਤਾ ਦੁਆਰਾ 'ਆਤਮਿਕ ਸ਼ਕਤੀ' ਦੁਆਰਾ *ਦਮਦਮੀ ਬੀੜ* ਦੀ ਰਚਨਾ ਕਰਨਾ ਵੀ ਸੰਭਵ ਨਹੀਂ ਲਗਦਾ। ਜੀ.ਬੀ. ਸਿੰਘ ਨੇ ਅਨੁਮਾਨ ਲਾਇਆ ਸੀ ਕਿ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਆਪ ਹੀ *ਆਦਿ ਬੀੜ* ਵਿਚ ਦਰਜ ਕਰ ਲਈ ਸੀ।[4] ਇਹ ਅਨੁਮਾਨ ਇਸ ਕਰਕੇ ਠੀਕ ਨਹੀਂ ਲਗਦਾ ਕਿ ਗੁਰੂ ਤੇਗ਼ ਬਹਾਦਰ ਜੀ ਬਾਰੇ ਐਸੀ ਕੋਈ ਰਵਾਇਤ ਮਸ਼ਹੂਰ ਨਹੀਂ। ਜਦੋਂ ਕਿ ਦਸਮ ਪਿਤਾ ਜੀ ਬਾਰੇ ਸਾਬੋ ਕੀ ਤਲਵੰਡੀ ਵਿਖੇ ਬੀੜ ਤਿਆਰ ਕਰਾਉਣ ਦੀ ਨੀਮ-ਸੱਚੀ ਰਵਾਇਤ ਪ੍ਰਚਲੱਤ ਹੈ। ਵੈਸੇ, ਜੀ.ਬੀ. ਸਿੰਘ ਦੇ ਖ਼ਿਆਲ ਨੂੰ ਮੰਨ ਲੈਣ ਵਿਚ ਪੰਥ ਦਾ ਨੁਕਸਾਨ ਕੋਈ ਨਹੀਂ। ਸੱਚ ਇਹੀ ਹੈ ਕਿ *ਆਦਿ ਬੀੜ* ਗੁਰੂ ਗੋਬਿੰਦ ਸਿੰਘ ਜੀ ਕੋਲ ਮੌਜੂਦ ਸੀ। ਉਨ੍ਹਾਂ ਨੇ ਮ: ੯ ਦੀ ਬਾਣੀ ਦਰਜ ਕਰਵਾ ਕੇ ਨਵੀਂ ਬੀੜ ਤਿਆਰ ਕਰਵਾਈ ਸੀ। ਘਲੂਘਾਰਿਆਂ ਦੇ ਦਿਨਾਂ ਵਿਚ ਦੋਵੇਂ ਮਹੱਤਵਪੂਰਣ ਬੀੜਾਂ ਪੰਥ ਦੇ ਹੱਥੋਂ ਜਾਂਦੀਆਂ ਰਹੀਆਂ।

ਗੁਰਬਾਣੀ ਹੱਥ-ਲਿਖਤਾਂ ਵਿਚੋਂ ਕਈ ਸੰਨ 1984 ਦੇ ਨੀਲਾ ਤਾਰਾ ਓਪਰੇਸ਼ਨ ਦੌਰਾਨ ਨਸ਼ਟ ਜਾਂ ਲਾਪਤਾ ਹੋ ਗਈਆਂ ਸਨ। ਗੁਰਬਾਣੀ ਹੱਥ-ਲਿਖਤਾਂ ਦਾ ਗਹਿਰਾ ਅਧਿਐਨ ਕਰਨ ਵਾਲੇ ਵਿਦਵਾਨਾਂ ਵਿਚ ਗਿ. ਗੁਰਦਿੱਤ ਸਿੰਘ, ਡਾ. ਪਿਆਰ ਸਿੰਘ, ਡਾ. ਗੁਰਿੰਦਰ ਮਾਨ ਅਤੇ ਡਾ. ਪਸ਼ੌਰਾ ਸਿੰਘ ਦੇ ਇਲਾਵਾ ਪ੍ਰੋ. ਪਿਆਰਾ ਸਿੰਘ ਪਦਮ, ਪ੍ਰੋ. ਪ੍ਰੀਤਮ ਸਿੰਘ ਦੇ ਨਾਂ ਪ੍ਰਮੁੱਖ ਹਨ। ਹਾਲਾਂਕਿ ਕੁਝ ਕੰਮ ਪ੍ਰਿੰ. ਹਰਭਜਨ ਅਤੇ ਗੁਰਦੁਆਰਾ ਇੰਸਪੈਕਟਰ ਰਣਧੀਰ ਸਿੰਘ ਨੇ ਵੀ ਕੀਤਾ ਸੀ। ਪਰ ਇਸ ਖੇਤਰ ਵਿਚ ਕੰਮ ਕਰਨ ਵਾਲੇ ਸਭ ਤੋਂ ਪਹਿਲੇ ਵਿਅਕਤੀ ਹਰਨਾਮ ਦਾਸ ਉਦਾਸੀ ਅਤੇ ਸ. ਜੀ. ਬੀ. ਸਿੰਘ ਹੀ ਸਨ। ਉਪਰੋਕਤ ਸਾਰੇ ਵਿਦਵਾਨ ਪਰੰਪਰਾਵਾਦੀ ਨਾ ਹੋ ਕੇ, ਅਕਾਦਮਿਕ ਪੱਖ ਤੋਂ ਹੀ ਖੋਜ ਕਰਦੇ ਪ੍ਰਤੀਤ ਹੁੰਦੇ ਹਨ। ਇਹ ਵੱਖਰੀ ਗੱਲ ਹੈ ਕਿ ਸਭ ਨਾਲ ਪੂਰੀ ਤਰ੍ਹਾਂ ਸਹਿਮਤ ਹੋਣਾ ਅਤੇ ਪੂਰੀ ਤਰ੍ਹਾਂ ਅਸਹਿਮਤ ਹੋਣਾ ਸੰਭਵ ਨਾ ਹੋਵੇ। ਇਸ ਖੇਤਰ ਵਿਚ ਭਾਈ ਜੋਧ ਸਿੰਘ ਅਤੇ ਸ. ਦਲਜੀਤ ਸਿੰਘ ਦੇ ਕੰਮ ਨੂੰ ਭਾਵੇਂ 'ਪਰੰਪਰਾਵਾਦੀ' ਕਿਹਾ ਜਾਵੇ ਪਰ ਉਸਦੇ ਪ੍ਰਭਾਵ ਅਤੇ ਮਹੱਤਾ ਨੂੰ ਘਟਾ ਕੇ ਵੇਖਿਆ ਨਹੀਂ ਜਾ ਸਕਦਾ। ਅੰਤਲੇ ਦੋਵੇਂ ਵਿਦਵਾਨ ਕਰਤਾਰਪੁਰ ਵਿਖੇ ਸੋਢੀਆਂ ਕੋਲ ਪਈ ਬੀੜ ਨੂੰ ਪ੍ਰਮਾਣਿਕ ਦੱਸਦੇ ਹਨ। ਜਦੋਂ ਕਿ ਹੋਰ ਕਈ ਵਿਦਵਾਨ 'ਕਰਤਾਰਪੁਰੀ ਬੀੜ' ਦੀ ਪ੍ਰਮਾਣਿਕਤਾ ਨੂੰ ਸਵੀਕਾਰ ਕਰਨ ਤੋਂ ਮੁਨਕਰ ਹਨ। ਬੀੜਾਂ ਬਾਰੇ ਵਾਦ-ਵਿਵਾਦ ਸੰਨ 2003 ਵਿਚ ਇਤਨਾ ਗੰਭੀਰ ਹੋ ਗਿਆ ਕਿ ਡਾ. ਪਿਆਰ ਸਿੰਘ ਤੇ ਡਾ. ਪਸ਼ੌਰਾ ਸਿੰਘ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਪਰ ਇਸਦੇ ਬਾਵਜੂਦ *ਗੁਰੂ ਗ੍ਰੰਥ ਸਾਹਿਬ*




ਭਾਈ ਬੰਨੋ ਵਾਲੀ ਬੀੜ ਵਿਚ ਮਿਲਦਾ ਪੰਜਵੇਂ ਪਾਤਸ਼ਾਹ ਦਾ ਨਿਸ਼ਾਨ


ਦੀ ਬੀੜ ਦੀ ਪ੍ਰਮਾਣਿਕਤਾ ਨੂੰ ਲੈ ਕੇ ਵਿਦਵਾਨਾਂ ਦੀਆਂ ਬੈਠਕਾਂ ਵਿਚ ਚਰਚਾ ਚਲਦੀ ਰਹਿੰਦੀ ਹੈ। ਸਿੱਖ ਪਰੰਪਰਾਵਾਦੀ ਇਹ ਮਹਿਸੂਸਕੇ ਤਸੱਲੀ ਅਨੁਭਵ ਕਰਦੇ ਆ ਰਹੇ ਹਨ ਕਿ *ਗੁਰੂ ਗ੍ਰੰਥ ਸਾਹਿਬ* ਇਕੋ-ਇਕ ਧਰਮ-ਗ੍ਰੰਥ ਹੈ, ਜਿਸਨੂੰ ਧਰਮ ਦੇ ਮੁਖੀ (ਪੰਜਵੇਂ ਸਤਿਗੁਰੂ) ਨੇ ਆਪ ਸੰਪਾਦਿਤ ਕਰਵਾਇਆ ਸੀ। ਇਹ ਦਾਅਵਾ ਉਸ ਵੇਲੇ ਬੇ-ਮਾਅਨਾ ਹੋ ਜਾਂਦਾ ਹੈ ਜਦੋਂ ਅਕਾਦਮਿਕ ਪੱਧਰ ਉੱਪਰ ਕੋਈ ਵੀ ਪ੍ਰਮਾਣਿਕ ਬੀੜ ਸਥਾਪਿਤ ਨਹੀਂ ਕੀਤੀ ਜਾ ਸਕਦੀ। ਪ੍ਰਮਾਣਿਕ ਤੋਂ ਭਾਵ ਉਸ ਬੀੜ ਤੋਂ ਹੈ, ਜਿਹੜੀ ਪੰਜਵੇਂ ਸਤਿਗੁਰੂ ਜੀ ਨੇ ਤਿਆਰ ਕਰਵਾਈ ਸੀ।

ਦਰਜਨਾਂ ਹੱਥ-ਲਿਖਤ ਬੀੜਾਂ ਦੀ ਪ੍ਰਮਾਣਿਕਤਾ ਨੂੰ ਲੈ ਕੇ ਕਿਸੇ ਸਰਬ-ਸੰਮਤੀ ਉਪਰ ਪੁੱਜਣਾ ਟੇਢੀ ਖੀਰ ਹੈ। ਗੁਰੂ-ਕਾਲ ਦੀਆਂ ਕਈ ਬੀੜਾਂ ਨੂੰ ਪ੍ਰਮਾਣਿਕ ਦੱਸਣ ਦੇ ਮਨੋਰਥ ਨਾਲ, ਉਨ੍ਹਾਂ ਵਿਚ ਲਿਖਾਰੀਆਂ ਨੇ ਆਪਣੇ ਸਮੇਂ ਦੇ ਗੁਰੂ-ਸਾਹਿਬ ਦੇ ਨਿਸ਼ਾਨ ਦਿੱਤੇ ਹੋਏ ਹਨ। ਨਿਸ਼ਾਨ ਤੋਂ ਭਾਵ ਦਸਖ਼ਤ ਹਨ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬਾਨ ਆਪਣੇ ਹੱਥ ਨਾਲ ਸੰਪੂਰਣ ਮੰਗਲ (ਮੂਲਮੰਤਰ) ਲਿਖਕੇ, ਪ੍ਰਵਾਨਗੀ ਜਾਂ ਅਸੀਸ ਦਿੰਦੇ ਸਨ। ਸਾਨੂੰ ਹੱਥ-ਲਿਖਤ ਬੀੜਾਂ ਵਿਚ ਗੁਰੂ ਅਰਜਨ, ਗੁਰੂ ਹਰਿਗੋਬਿੰਦ, ਗੁਰੂ ਹਰਿਰਾਇ ਅਤੇ ਗੁਰੂ ਤੇਗ਼ ਬਹਾਦਰ ਜੀ ਦੇ ਨਿਸ਼ਾਨ ਤਥਾਕਥਿਤ ਰੂਪ ਵਿਚ ਮਿਲਦੇ ਹਨ। ਇਨ੍ਹਾਂ ਨਿਸ਼ਾਨਾਂ ਨੂੰ 'ਅਸਲੀ' ਸਿੱਧ ਕਰਨ ਦਾ ਕੋਈ ਠੋਸ ਆਧਾਰ ਨਹੀਂ। ਕਈ ਬੀੜਾਂ ਵਿਚ ਤਾਂ ਇਹ ਨਿਸ਼ਾਨ ਬਾਅਦ ਵਿਚ ਜੋੜੇ ਗਏ ਹਨ ਅਤੇ ਕੁਝ ਨਿਸ਼ਾਨ ਤਾਂ ਕਿਸੇ ਅਸਲ ਦੀ ਨਕਲ ਵੀ ਸਿੱਧ ਹੁੰਦੇ ਹਨ। ਇਹ ਨਿਸ਼ਾਨ ਉਸ ਵੇਲੇ ਹੋਰ ਵੀ ਸੰਦਿਗਧ ਹੋ ਜਾਂਦੇ ਹਨ, ਜਦੋਂ ਇਕ ਹੀ ਗੁਰੂ ਦੇ ਦੋ ਜਾਂ ਵਧੇਰੇ ਨਿਸ਼ਾਨ ਭਾਰੀ ਅਸਮਾਨਤਾ ਰੱਖਦੇ ਹਨ। ਇਕ ਦਿਲਚਸਪ ਗੱਲ ਇਹ ਨੋਟ ਕਰਨ ਵਾਲੀ ਹੈ ਕਿ ਸਾਰੇ ਨਿਸ਼ਾਨਾਂ ਵਿਚ 'ਪਰਸਾਦਿ' ਦੇ ਸ਼ਬਦ-ਜੋੜ ਛਾਪੇ ਦੇ ਸਰੂਪ ਦੇ 'ਪ੍ਰਸਾਦਿ' ਤੋਂ ਭਿੰਨ ਹਨ। ਕੀ ਗੁਰੂ ਸਾਹਿਬ ਨੂੰ ਠੀਕ ਸ਼ਬਦ-ਜੋੜ ਨਹੀਂ ਲਿਖਣੇ ਆਉਂਦੇ ਸਨ ਜਾਂ ਛਪੇ ਸਰੂਪਾਂ ਵਿਚ ਸ਼ਬਦ-ਜੋੜ ਗ਼ਲਤ ਹਨ? ਸੋ, ਇਹ ਗੱਲ ਸਮਝਣ ਵਾਲੀ ਹੈ ਕਿ ਹੱਥ-ਲਿਖਤਾਂ ਵਿਚਲੇ ਨਿਸ਼ਾਨਾਂ ਤੋਂ ਨਾ ਤਾਂ ਕਿਸੇ ਬੀੜ ਦੀ ਪ੍ਰਮਾਣਿਕਤਾ ਸਿੱਧ ਹੋ ਸਕਦੀ ਹੈ ਅਤੇ ਨਾ ਬੀੜ ਦੇ ਲਿਖਣ ਦਾ ਸਮਾਂ ਨਿਰਧਾਰਿਤ ਕੀਤਾ ਜਾ ਸਕਦਾ ਹੈ। ਲਿਖਾਰੀ, ਸੰਗਤ ਨੂੰ ਗੁਮਰਾਹ ਕਰਨ ਲਈ ਕਈ ਪਾਪੜ ਵੇਲ ਸਕਦੇ ਹਨ। ਸੋ ਬੀੜਾਂ ਦੀ ਪ੍ਰਮਾਣਿਕਤਾ ਨੂੰ ਲੈ ਕੇ, ਕੋਈ ਵੀ ਜਲਦਬਾਜੀ ਨਾਲ ਫ਼ੈਸਲਾ ਨਹੀਂ ਕਰਨਾ ਚਾਹੀਦਾ।

ਜਿਹੜੇ ਵਿਦਵਾਨਾਂ ਨੇ ਕਿਸੇ ਇਕ ਬੀੜ ਨੂੰ ਪ੍ਰਮਾਣਿਕ ਸਿਧ ਕਰਨ ਦਾ ਯਤਨ ਕੀਤਾ, ਉਹ ਅਸਫ਼ਲ ਹੀ ਰਹੇ ਹਨ। ਅਜਿਹੇ ਵਿਦਵਾਨ ਖੋਜ-ਕਾਰਜ ਕਾਰਣ ਇਕ ਜਾਂ ਦੂਜੀ ਧਿਰ ਨੂੰ ਰੜਕਦੇ ਰਹੇ ਹਨ। ਇਨ੍ਹਾਂ ਵਿਚੋਂ ਕਈ ਵਿਦਵਾਨਾਂ ਦੇ ਸਿੱਟਿਆਂ ਨੇ ਪੰਥਕ ਹਲਕਿਆਂ ਨੂੰ ਬੇਚੈਨ ਕਰ ਦਿੱਤਾ ਸੀ। ਉਦਾਹਰਣ ਵਜੋਂ ਉਹ ਵਿਦਵਾਨ ਜੋ ਬਾਬੇ ਮੋਹਣ ਵਾਲੀਆਂ ਪੋਥੀਆਂ ਨੂੰ 'ਆਦਿ ਗ੍ਰੰਥ' ਤੋਂ ਪਹਿਲਾਂ



ਛੇਵੇਂ ਪਾਤਸ਼ਾਹ ਦਾ ਇਕ ਨਿਸ਼ਾਨ ਜੋ ਕੇਂਦਰੀ ਸਿੱਖ ਅਜਾਇਬ ਘਰ ਵਿਚ ਪਈ ਇਕ ਬੀੜ ਵਿਚ ਸੁਰਖਿਅੱਤ ਹੈ



ਭਾਈ ਬੰਨੋ ਵਾਲੀ ਬੀੜ ਦੇ ਮੁੱਢ ਵਿਚ ਦਿੱਤਾ ਛੇਵੇਂ ਪਾਤਸ਼ਾਹ ਦਾ ਨਿਸ਼ਾਨ

ਦੀਆਂ ਮੰਨਦੇ ਹਨ, ਉਨ੍ਹਾਂ ਨੇ ਮੰਗਲ (ਮੂਲਮੰਤਰ) ਦੇ ਵਿਕਾਸ ਦੀ ਗੱਲ ਕੀਤੀ ਹੈ। ਉਨ੍ਹਾਂ ਅਨੁਸਾਰ ਗੁਰੂ ਨਾਨਕ ਸਾਹਿਬ ਦੇ ਵੇਲੇ ਮੰਗਲ ਦਾ ਰੂਪ, ਹੁਣ ਵਾਲੇ ਮੰਗਲ ਤੋਂ ਅਲੱਗ ਸੀ। ਉਨ੍ਹਾਂ ਦੇ ਇਸ ਮਤ ਦਾ ਆਧਾਰ ਮੋਹਣ ਵਾਲੀ ਪੋਥੀ ਵਿਚਲਾ ਇਹ ਮੰਗਲ ਰਿਹਾ ਹੈ:


੧ਓ ਸਤਿਗੁਰੂ ਪਰਸਾਦ ਸਚੁ ਨਾਮੁ ਕਰਤਾਰੁ ਅਕਾਲ ਮੂਰਤਿ ਅਜੂਨੀ ਸੰਭਉ ਗੁਰੂ ਪੂਰੇ ਕੇ ਪਰਸਾਦੁ॥

ਪਰ ਪਰੰਪਰਾਵਾਦੀਆਂ ਨੂੰ ਇਹ ਗੱਲ ਬਿਲਕੁਲ ਪਸੰਦ ਨਹੀਂ ਕਿਉਂਕਿ ਉਨ੍ਹਾਂ ਅਨੁਸਾਰ ਬਾਣੀ ਧੁਰੋਂ ਆਈ ਹੈ ਅਤੇ ਇਸਨੂੰ ਕੋਈ ਬਦਲ ਨਹੀਂ ਸਕਦਾ। ਇਸ ਪੜ੍ਹੇ ਦਾ ਆਗੂ ਪ੍ਰੋ. ਸਾਹਿਬ ਸਿੰਘ ਸੀ। ਅਸੀਂ ਅੱਗੇ ਜਾ ਕੇ ਦੇਖਾਂਗੇ ਕਿ ਪ੍ਰੋ. ਸਾਹਿਬ ਸਿੰਘ ਅਖ਼ੀਰ ਆਪ ਵੀ ਇਸੇ ਦੋਸ਼ ਵਿਚ ਘਿਰ ਜਾਂਦਾ ਹੈ। ਉਸਦੀ ਇਸ ਵਿਸ਼ੇ ਬਾਰੇ ਲਿਖੀ ਪੁਸਤਕ 'ਆਦਿ ਬੀੜ ਬਾਰੇ' ਕਿਸੇ ਠੋਸ ਪ੍ਰਮਾਣ ਦੀ ਥਾਂ ਅਟਕਲਪੱਚੂ ਢੰਗ ਨਾਲ ਹੀ ਤਾਸ਼ ਦੇ ਪੱਤਿਆਂ ਦਾ ਮਹੱਲ ਉਸਾਰਦੀ ਹੈ। ਸੋ, ਨਤੀਜੇ ਵਜੋਂ ਇਹ ਕਿਹਾ ਜਾਵੇਗਾ ਕਿ ਪ੍ਰਾਪਤ ਹੱਥ-ਲਿਖਤ ਬੀੜਾਂ ਦੀਆਂ ਬੇਸ਼ੁਮਾਰ ਸਮੱਸਿਆਵਾਂ ਹਨ। ਹੁਣ ਜਦੋਂ ਕਿ ਵਿਸ਼ਵ-ਪੱਧਰ ਉਪਰ *ਗੁਰੂ ਗ੍ਰੰਥ ਸਾਹਿਬ* ਨੂੰ ਸਿੱਖਾਂ ਦਾ ਪ੍ਰਵਾਨਿਤ ਧਰਮ-ਗ੍ਰੰਥ ਸਵੀਕਾਰ ਕੀਤਾ ਜਾ ਚੁੱਕਾ ਹੈ ਤਾਂ ਕੀ ਇਨ੍ਹਾਂ ਹੱਥ-ਲਿਖਤ ਬੀੜਾਂ ਦਾ ਕੋਈ ਮਹੱਤਵ ਬਾਕੀ ਹੈ? ਪਰੰਪਰਾਵਾਦੀ ਤਾਂ ਇਸ ਪੱਖ ਵਿਚ ਹਨ ਕਿ ਇਨ੍ਹਾਂ ਹੱਥ-ਲਿਖਤਾਂ ਦਾ ਕੋਈ ਲਾਭ ਹੋਣ ਦੀ ਥਾਂ ਪੰਥ ਨੂੰ ਨੁਕਸਾਨ ਹੀ ਹੋ ਰਿਹਾ ਹੈ। ਜਦੋਂਕਿ ਵਿਦਵਾਨ ਸ਼੍ਰੇਣੀ ਅਕਾਦਮਿਕ ਪੱਖ ਤੋਂ ਅਤੇ *ਗੁਰੂ ਗ੍ਰੰਥ ਸਾਹਿਬ* ਦੇ ਪਾਠ ਵਿਚ ਅਭੋਲ ਆ ਚੁੱਕੀਆਂ ਅਸ਼ੁਧੀਆਂ ਨੂੰ ਦੂਰ ਕਰਨ ਲਈ, ਇਨ੍ਹਾਂ ਹੱਥ-ਲਿਖਤ ਬੀੜਾਂ ਨੂੰ ਬਚਾਉਣ ਦੀ ਹਾਮੀ ਹੈ। ਉਨ੍ਹਾਂ ਮੁਤਾਬਿਕ ਇਹ ਬੀੜਾਂ ਪੰਥ ਦਾ ਵਿਰਸਾ ਹੈ।


ਆਓ! ਕੁਝ ਪ੍ਰਮੁੱਖ ਬੀੜਾਂ ਬਾਰੇ ਚਰਚਾ ਕਰੀਏ:

ੳ. ਭਾਈ ਗੁਰਦਾਸ ਵਾਲੀ ਬੀੜ

ਗੁਰੂ ਅਰਜਨ ਜੀ ਨੇ 1604 ਈ. ਨੂੰ ਜਿਹੜੀ *ਆਦਿ ਬੀੜ* ਤਿਆਰ ਕਰਵਾਈ ਸੀ, ਨੂੰ ਭਾਈ ਗੁਰਦਾਸ ਵਾਲੀ ਬੀੜ ਇਸ ਲਈ ਕਿਹਾ ਜਾਂਦਾ ਹੈ ਕਿ ਇਸਦੇ ਮੁਖ ਲਿਖਾਰੀ ਭਾਈ ਗੁਰਦਾਸ ਜੀ ਸਨ। ਪਰ ਹੁਣ ਇਹ ਗ੍ਰੰਥ ਕਿੱਥੇ ਹੈ? ਇਸ ਪ੍ਰਸ਼ਨ ਦਾ ਸਹੀ ਜੁਆਬ ਅਣਸੁਖਾਵਾਂ ਹੋ ਸਕਦਾ ਹੈ। ਰਵਾਇਤ ਦੱਸਦੀ ਹੈ ਕਿ ਇਸ ਬੀੜ ਨੂੰ ਗੁਰੂ ਤੇਗ ਬਹਾਦਰ ਜੀ ਨੇ ਧੀਰਮੱਲ ਦੇ ਝਗੜੇ ਤੋਂ ਬਚਣ ਲਈ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ ਸੀ। ਪਰ, ਕੀ ਗੁਰੂ ਤੇਗ ਬਹਾਦਰ ਜੀ ਇਸ ਵੱਡੇ ਮਹੱਤਵ ਵਾਲੀ ਬੀੜ ਨੂੰ ਇਸ ਤਰ੍ਹਾਂ ਗੰਵਾ ਸਕਦੇ ਸਨ?



ਪੰਜਾਬ ਪੁਰਾਤਤਵ ਵਿਭਾਗ ਦੀ ਇਕ ਬੀੜ ਵਿਚ ਪ੍ਰਾਪਤ ਗੁਰੂ ਤੇਗ ਬਹਾਦਰ ਜੀ ਦਾ ਨਿਸ਼ਾਨ



ਦੇਹਰਾਦੂਨ ਵਾਲੀ ਬੀੜ ਵਿਚ ਗੁਰੂ ਹਰਿਰਾਇ ਜੀ ਦਾ ਨਿਸ਼ਾਨ


ਅ. ਕਰਤਾਰਪੁਰੀ ਬੀੜ


ਜਲੰਧਰ-ਅੰਮ੍ਰਿਤਸਰ ਸੜਕ 'ਤੇ ਕਰਤਾਰਪੁਰ ਇਕ ਛੋਟਾ ਜਿਹਾ ਨਗਰ ਹੈ। ਇਸ ਨਗਰ ਵਿਚ ਗੁਰੂ-ਘਰ ਦਾ ਵਿਰੋਧੀ ਧੀਰਮੱਲ ਰਹਿੰਦਾ ਸੀ। ਧੀਰਮੱਲ ਦੇ ਵੰਸ਼ ਨਾਲ ਸੰਬੰਧਿਤ ਸੋਢੀ ਇਹ ਦਾਅਵਾ ਕਰਦੇ ਆਏ ਹਨ ਕਿ ਭਾਈ ਗੁਰਦਾਸ ਵਾਲੀ ਮੂਲ ਬੀੜ ਉਨ੍ਹਾਂ ਕੋਲ ਸੁਰੱਖਿਅਤ ਹੈ। ਉਨ੍ਹਾਂ ਅਨੁਸਾਰ ਜਦੋਂ ਗੁਰੂ ਤੇਗ਼ ਬਹਾਦਰ ਜੀ *ਆਦਿ ਬੀੜ* ਨੂੰ ਬਿਆਸ ਦਰਿਆ ਦੇ ਸਪੁਰਦ ਕਰ ਗਏ ਤਾਂ ਉਸ ਬੀੜ ਨੂੰ ਧੀਰਮੱਲ ਕਰਤਾਰਪੁਰ ਵਿਖੇ ਲੈ ਗਿਆ। ਸਪੱਸ਼ਟ ਹੈ ਕਿ ਇਸ ਗੱਲ ਉਪਰ ਯਕੀਨ ਕਰਨਾ ਮੁਸ਼ਕਲ ਹੈ। ਕੀ ਦਰਿਆ ਦੇ ਪਾਣੀ ਨੇ ਬੀੜ ਨੂੰ ਪ੍ਰਭਾਵਿਤ ਨਹੀਂ ਕੀਤਾ ਸੀ ? ਕਰਤਾਰਪੁਰ ਤੋਂ ਬਿਆਸ ਦਰਿਆ ਤੀਕ ਪਹੁੰਚਦਿਆਂ ਧੀਰਮੱਲ ਨੂੰ ਚਾਰ-ਪੰਜ ਘੰਟੇ ਤਾਂ ਲਗ ਹੀ ਗਏ ਹੋਣਗੇ ਤਾਂ ਬੀੜ ਦੇ ਕਾਗ਼ਜ਼ ਅਤੇ ਸਿਆਹੀ ਨੂੰ ਪਾਣੀ ਨੇ ਪ੍ਰਭਾਵਿਤ ਹੀ ਨਾ ਕੀਤਾ ਹੋਵੇ, ਇਹ ਕਿਵੇਂ ਸੰਭਵ ਹੈ? ਜੇ ਗੁਰਬਾਣੀ ਦੀ ਸ਼ਕਤੀ ਨੂੰ ਇਸਦਾ ਕਾਰਣ ਦਸਿਆ ਜਾਵੇ ਤਾਂ ਪੰਜਾਬ ਵਿਚ ਆਏ ਦਿਨ ਕੋਈ ਨਾ ਕੋਈ ਬੀੜ ਅੱਗ ਨਾਲ ਸੜਦੀ ਨਾ। ਸਾਫ਼ ਹੈ ਕਿ ਧੀਰਮੱਲੀਆਂ ਨੇ ਇਹ ਗੱਲ ਆਪਣੀ ਸ਼ਾਖ਼ ਵਧਾਉਣ ਲਈ ਹੀ ਪ੍ਰਚਾਰੀ ਹੋਈ ਹੈ।

ਭਾਵੇਂ ਕਿ ਹੁਣ ਇਹ ਬੀੜ ਦੇਖਣ/ਅਧਿਐਨ ਕਰਨ ਦੀ ਆਗਿਆ ਕਿਸੇ ਨੂੰ ਨਹੀਂ ਦਿੱਤੀ ਜਾਂਦੀ, ਪਰ ਬਹੁਤ ਸਾਰੇ ਵਿਦਵਾਨਾਂ ਨੇ ਇਸ ਬੀੜ ਨੂੰ ਚੰਗੀ ਤਰ੍ਹਾਂ ਘੋਖਿਆ ਹੈ। ਇਸ ਬੀੜ ਦੀ ਪ੍ਰਮਾਣਿਕਤਾ ਪੂਰੀ ਤਰ੍ਹਾਂ ਸੰਦਿਗਧ ਹੈ। ਹਾਲਾਂਕਿ ਭਾਈ ਜੋਧ ਸਿੰਘ ਅਤੇ ਸਰਦਾਰ ਦਲਜੀਤ ਸਿੰਘ ਹੁਰਾਂ ਨੇ ਇਸ ਬੀੜ ਨੂੰ ਪ੍ਰਮਾਣਿਕ ਸਿੱਧ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਹੈ, ਪਰ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ ਸਮੇਤ ਕਈ ਵਿਦਵਾਨ ਕਰਤਾਰਪੁਰੀ ਬੀੜ ਅਤੇ ਛਾਪੇ ਦੀ ਬੀੜ ਦਰਮਿਆਨ ਪਾਠ-ਭੇਦ ਮੰਨਦੇ ਹਨ। ਜਦੋਂ ਕਿ ਬੀੜਾਂ ਸੰਬੰਧੀ ਅਧਿਐਨ ਕਰਕੇ 'ਬਦਨਾਮੀ' ਕਮਾਉਣ ਵਾਲੇ ਡਾ. ਪਸ਼ੌਰਾ ਸਿੰਘ ਤੇ ਡਾ. ਗੁਰਿੰਦਰ ਮਾਨ ਕਰਤਾਰਪੁਰੀ ਬੀੜ ਨੂੰ ਸ. ਦਲਜੀਤ ਸਿੰਘ ਵਾਂਗ ਹੀ ਪ੍ਰਮਾਣਿਕ ਦੱਸਦੇ ਹਨ। ਪਿਆਰਾ ਸਿੰਘ ਪਦਮ ਨੇ ਭਾਵੇਂ ਖੁਲ੍ਹ ਕੇ ਨਹੀਂ ਲਿਖਿਆ ਪਰ ਉਸਦੀ ਲਿਖਤ ਸਪਸ਼ਟ ਕਰ ਦਿੰਦੀ ਹੈ ਕਿ ਉਹ ਕਰਤਾਰਪੁਰੀ ਬੀੜ ਬਾਰੇ ਭਾਈ ਜੋਧ ਸਿੰਘ ਵਰਗੀ ਸ਼ਰਧਾ ਨਹੀਂ ਰਖਦਾ। ਡਾ. ਪਿਆਰ ਸਿੰਘ ਹੁਰਾਂ ਭਾਵੇਂ ਆਪ ਬੀੜ ਦੇ ਦਰਸ਼ਨ ਨਹੀਂ ਕੀਤੇ ਸਨ, ਪਰ ਉਹ ਦੂਜਿਆਂ ਦੇ ਕੀਤੇ ਅਧਿਐਨ ਦੇ ਆਧਾਰ 'ਤੇ ਕਰਤਾਰਪੁਰੀ ਬੀੜ ਦੀ ਪ੍ਰਮਾਣਿਕਤਾ ਤੋਂ ਮੁਨਕਰ ਸਨ। ਭਾਈ ਕਾਨ੍ਹ ਸਿੰਘ ਨਾਭਾ ਵਰਗੇ ਪੰਥ-ਪ੍ਰਸਤ ਵਿਦਵਾਨ ਵੀ ਇਸੇ ਵਿਚਾਰਧਾਰਾ ਦੇ ਮੁੱਦਈ ਰਹੇ ਹਨ। ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਐਸੀਆਂ ਅਣਗਿਣਤ ਟਿੱਪਣੀਆਂ ਹਨ, ਜੋ ਕਰਤਾਰਪੁਰੀ ਬੀੜ ਦੀ ਪ੍ਰਮਾਣਿਕਤਾ

ਅੰਤਕਾ ੪

[ਨਮੂਨਾ ਗੁਰਮੁਖੀ ਲਿਪੀ ਸ੍ਰੀ ਕਰਤਾਰਪੁਰੀ ਬੀੜ]





ੴ ਸਤਿਨਾਮੁਕਰਤਾਪੁਰਖੁਨਿਰ

ਭਉਨਿਰਵੈਰੁਅਕਾਲਮੂਰ

ਤਿਅਜੂਨੀਸੈਭੰਗੁਰਪ੍ਰਸਾ

ਦਿ ॥ਜਪੁ॥ ॥ ॥

ਕਰਤਾਰਪੁਰੀ ਬੀੜ ਦੀ ਲਿਖਤ ਦਾ ਨਮੂਨਾ

ਨੂੰ ਪ੍ਰਵਾਨ ਨਹੀਂ ਕਰਦੀਆਂ। ਇਸੇ ਸ਼ਬਦਾਰਥ ਦੇ ਮੁਢ ਵਿਚ ਮਹੱਲਾ ੯ ਦੀ ਬਾਣੀ ਵਿਚ ਆਈਆਂ ਅਸ਼ੁਧੀਆਂ ਦੀ ਚਰਚਾ ਕੀਤੀ ਗਈ ਹੈ।

ਡਾਕਟਰ ਸੁਖਦਿਆਲ ਸਿੰਘ ਤਾਂ 'ਕਰਤਾਰਪੁਰੀ ਬੀੜ' ਨੂੰ ਵੀ ਖ਼ਾਰੀ ਬੀੜ ਦਾ ਉਤਾਰਾ ਦਸਕੇ, ਦੋਹਾਂ ਨੂੰ ਰੱਦ ਕਰਦੇ ਹਨ।[5] ਇਤਿਹਾਸਕ ਨਜ਼ਰੀਏ ਤੋਂ ਡਾ. ਸੁਖਦਿਆਲ ਸਿੰਘ 'ਕਰਤਾਰਪੁਰੀ ਬੀੜ' ਵਿਚਲੇ ਨੋਟ ਕਿ "ਬਾਦਸ਼ਾਹ ਜਹਾਂਗੀਰ ਵੱਲੋਂ 8964 ਘੁਮਾ, 7 ਕਨਾਲ, 15 ਮਰਲੇ ਦਾ ਰਕਬਾ ਵੀ ਗੁਰੂ ਅਰਜਨ ਦੇਵ ਜੀ ਬਖਸ਼ਿਆ ਸੀ", ਦਾ ਨੋਟਿਸ ਲੈਂਦੇ ਲਿਖਦਾ ਹੈ ਕਿ, "ਨਾ ਹੀ ਸੰਮਤ 1655 ਵਿਚ ਜਹਾਂਗੀਰ ਬਾਦਸ਼ਾਹ ਸੀ, ਨਾ ਹੀ ਕਨਾਲ ਤੇ ਮਰਲੇ ਉਸ ਸਮੇਂ ਪ੍ਰਚਲਤ ਸਨ ਅਤੇ ਨਾ ਹੀ ਗੁਰੂ-ਘਰ ਵਿਚ ਇਹ ਪਰੰਪਰਾ ਰਹੀ ਹੈ ਕਿ ਗੁਰੂ ਸਾਹਿਬਾਨ ਮੁਗ਼ਲ ਬਾਦਸ਼ਾਹਾਂ ਕੋਲੋਂ ਕੋਈ ਦਾਨ ਦਿੱਤੀ ਹੋਈ ਜ਼ਮੀਨ ਸਵੀਕਾਰ ਕਰਦੇ ਸਨ।"[6]

ਜੇ ਪਾਠਕਾਂ ਨੂੰ ਬਾਦਸ਼ਾਹ ਜਹਾਂਗੀਰ ਦਾ ਉਹ ਹੁਕਮ ਯਾਦ ਹੋਵੇ, ਜਿਹੜਾ ਸਿੱਖੀ ਦੇ ਕੱਟੜ-ਵਿਰੋਧੀ ਸ਼ੇਖ਼ ਅਹਿਮਦ ਸਰਹੰਦੀ ਦੀ ਸਾਜ਼ਿਸ਼ ਕਰਕੇ ਦਿੱਤਾ ਗਿਆ ਸੀ ਤਾਂ ਇਹ ਸਮਝਣਾ ਅਤੀ ਮੁਸ਼ਕਲ ਹੈ ਕਿ 'ਆਦਿ ਬੀੜ' ਵਿਰੋਧੀਆਂ ਤੋਂ ਕਿਵੇਂ ਬਚਾਈ ਗਈ ਹੋਵੇਗੀ। ਡਾ. ਗੰਡਾ ਸਿੰਘ ਨੇ ਇਸ ਹੁਕਮ ਦੇ ਸ਼ਬਦ ਇਉਂ ਦਿੱਤੇ ਹਨ, "....ਉਸਨੇ (ਖੁਸਰੋ ਨੇ) ਗੁਰੂ ਦੇ ਡੇਰੇ ਤੇ ਆਪਣਾ ਪੜਾਅ ਕੀਤਾ। ਇਹ ਉਸਨੂੰ ਮਿਲਿਆ ਤੇ ਕਈ ਮਿਥੀਆਂ ਹੋਈਆਂ ਗੱਲਾਂ ਉਸਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ ਉਸਦੇ ਮਥੇ ਤੇ ਲਗਾਈ, ਜਿਸਨੂੰ ਹਿੰਦੂ ਤਿਲਕ ਕਹਿੰਦੇ ਹਨ ਅਤੇ ਚੰਗਾ ਸ਼ਗਨ ਕਰਕੇ ਸਮਝਦੇ ਹਨ। ਜਦ ਇਹ ਗੱਲ ਮੇਰੇ ਕੰਨਾਂ ਵਿਚ ਪਈ, ਤਦ ਮੈਂ ਅਗੇ ਹੀ ਇਹਨਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਹੁਕਮ ਦਿੱਤਾ ਕਿ ਉਸਨੂੰ ਹਾਜ਼ਰ ਕੀਤਾ ਜਾਵੇ ਅਤੇ ਉਸਦੇ ਘਰਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ ਜਾਵੇ ਅਤੇ ਉਸਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸਨੂੰ 'ਸਿਆਸਤ' ਅਤੇ 'ਯਾਸਾ' ਦੇ ਸਖ਼ਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ।" ਇਸ ਹੁਕਮ ਦੀ ਮੁਕੰਮਲ ਤਾਮੀਲ ਹੋਈ ਸੀ ਕਿ ਨਹੀਂ, ਇਸਦਾ ਜੁਆਬ ਸਿੱਖ ਸ੍ਰੋਤ ਨਹੀਂ ਦਿੰਦੇ। ਜੇ ਉਪਰੋਕਤ ਹੁਕਮ ਦੀ ਤਾਮੀਲ ਹੋਈ ਸੀ ਤਾਂ 'ਆਦਿ ਬੀੜ' ਨੂੰ ਬਚਾਉਣ ਲਈ ਬਹੁਤ ਮੁਸ਼ੱਕਤ ਕੀਤੀ ਗਈ ਹੋਵੇਗੀ। ਪਰ ਸਿੱਖ ਸ੍ਰੋਤ ਮੁਰਤੱਜ਼ਾ ਖ਼ਾਂ ਵਲੋਂ ਗੁਰੂ ਜੀ ਦੇ ਪਰਿਵਾਰ, ਸਾਹਿਬਜ਼ਾਦੇ ਅਤੇ ਹੋਰ ਜਾਇਦਾਦ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਾਉਣ ਦਾ ਵੇਰਵਾ ਨਹੀਂ ਦਿੰਦੇ। ਇੰਞ ਲਗਦਾ ਹੈ ਕਿ ਬਾਦਸ਼ਾਹ ਦਾ ਹੁਕਮ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਸੀ। ਹੈ ਇਹ ਹੈਰਾਨੀਜਨਕ। ਨਕਸ਼ਬੰਦੀਆਂ ਨੇ ਗੁਰੂ-ਘਰ ਨੂੰ ਖ਼ਤਮ ਕਰਨ ਦੀ ਵਾਹ ਲਗਾਉਂਦਿਆਂ 'ਆਦਿ ਬੀੜ' ਨੂੰ ਕਿਵੇਂ ਨਜ਼ਰਅੰਦਾਜ਼ ਕਰ ਦਿੱਤਾ, ਇਸ ਬਾਰੇ ਹੋਰ ਖੋਜ ਹੋਣੀ ਚਾਹੀਦੀ ਹੈ।

ਹੁਣੇ ਅਖੰਡ ਕੀਰਤਨੀ ਜਥੇ ਦੇ ਸਹਿਯੋਗ ਨਾਲ ਸ. ਮਹਿੰਦਰ ਸਿੰਘ ਜੋਸ਼ ਦੀ ਛਪੀ ਪੁਸਤਕ 'ਖੱਸ਼ਟ ਰਾਗ ਕਿਨ ਗਾਏ ?' ਦੀ ਟਿੱਪਣੀ ਸਾਡੀ ਤਵੱਜੋਂ ਇਕ ਹੋਰ ਤੱਥ ਵਲ ਦਿਵਾਉਂਦੀ ਸਪਸ਼ਟ ਕਰਦੀ ਹੈ:

"ਇਤਿਹਾਸਕ ਖੁਰਾ-ਖੋਜ ਤਾਂ ਇਹੋ ਸਪੱਸ਼ਟ ਕਰਦੀ ਹੈ ਕਿ ਸੰਨ ੧੭੫੭ ਵਿਚ ਜਲੰਧਰ ਦੇ ਫ਼ੌਜਦਾਰ, ਨਾਸਿਰ ਅਲੀ ਵੱਲੋਂ ਕਰਤਾਰਪੁਰ ਨਗਰ ਦੀ ਕੀਤੀ ਤਬਾਹੀ ਅਤੇ ਨਗਰ ਨੂੰ ਲਗਾਈਆਂ ਅੱਗਾਂ ਦੌਰਾਨ ਇਹ ਸਰੂਪ ਧੀਰਮਲੀਏ ਸੋਢੀਆਂ ਹੱਥੋਂ ਸਦਾ ਲਈ ਜਾਂਦਾ ਰਿਹਾ ਸੀ। ਕੁਦਰਤੀ ਤੌਰ 'ਤੇ ਆਪਣੀ ਮਾਣਤਾ ਬਣਾਈ ਰੱਖਣ ਦੀ ਲਾਲਸਾ ਲਈ ਉਸ ਖ਼ਾਨਦਾਨ ਦੇ ਵਾਰਸਾਂ ਨੇ ਮੂਲ ਸਰੂਪ ਦੇ ਉਤਾਰੇ ਆਪਣੇ ਡੇਰਿਆਂ ਵਿਚ ਪ੍ਰਕਾਸ਼ ਕਰਨ ਲਈ ਰੱਖ ਲਏ ਹੋਏ ਸਨ ਜੋ ਸੰਨ ੧੭੫੭ ਤਕ ਦੇ ਸਿੱਖ ਕਾਤਬਾਂ ਨੇ ਸਮੇਂ ਸਮੇਂ 'ਤੇ ਕੀਤੇ ਸਨ।"[7]

ਹੁਣ ਤਾਂ ਕੁਝ ਵਿਦਵਾਨ ਇਹ ਵੀ ਮੰਨਣ ਲੱਗ ਪਏ ਹਨ ਕਿ ਕਰਤਾਰਪੁਰ ਦੇ ਸੋਢੀਆਂ ਕੋਲ ਕਈ ਹੱਥ-ਲਿਖਤ ਬੀੜਾਂ ਹਨ। ਉਹ ਕਿਸੇ ਨੂੰ ਕੋਈ ਅਤੇ ਕਿਸੇ ਨੂੰ ਕੋਈ ਵਿਖਾ ਕੇ ਗੁਮਰਾਹ ਕਰਦੇ ਸਨ। ਅਸਲੀਅਤ ਇਹੀ ਹੈ ਕਿ ਸੱਚ ਦੇ ਪ੍ਰਗਟ ਹੋ ਜਾਣ ਦੇ ਡਰ ਕਾਰਣ, ਕਰਤਾਰਪੁਰ ਦੇ ਸੋਢੀ ਹੁਣ ਬੀੜ ਦੇ ਦਰਸ਼ਨ ਕਿਸੇ ਵਿਦਵਾਨ ਨੂੰ ਨਹੀਂ ਕਰਾਉਂਦੇ।

ੲ. ਖ਼ਾਰੀ ਬੀੜ

ਸ੍ਰੀ ਅਕਾਲ ਤਖ਼ਤ ਵੱਲੋਂ 13 ਅਪ੍ਰੈਲ 1973 ਨੂੰ 'ਨੈਸ਼ਨਲ ਪ੍ਰੋਫ਼ੈਸਰ' ਦੀ ਉਪਾਧੀ ਨਾਲ ਸਨਮਾਨਿਤ[8] ਸਿ. ਕਪੂਰ ਸਿੰਘ ਜੀ ਨੇ *ਸਪਤਸ਼੍ਰਿੰਗ* ਪੁਸਤਕ ਵਿਚ ਮੀਰਾ ਬਾਈ ਬਾਰੇ ਲਿਖੇ ਇਕ ਲੇਖ ਵਿਚ, ਇਸ ਬੀੜ ਦੀ ਇਸ ਕਰਕੇ ਵਡਿਆਈ ਕੀਤੀ ਹੈ ਕਿ ਇਹ ਦੁਨੀਆ ਦਾ ਇਕੋ-ਇਕ ਧਰਮ ਗ੍ਰੰਥ ਹੈ ਜਿਸ ਵਿਚ ਕਿਸੇ ਇਸਤਰੀ-ਕਵੀ ਦੀ ਰਚਨਾ ਨੂੰ ਦਰਜ ਕੀਤਾ ਗਿਆ ਹੈ।[9]

ਰਵਾਇਤ ਮੁਤਾਬਿਕ ਜਦੋਂ *ਗੁਰੂ ਗ੍ਰੰਥ ਸਾਹਿਬ* ਦੀ ਲਿਖਾਈ ਦਾ ਕੰਮ ਪੂਰਾ ਹੋ ਗਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਭਾਈ ਬੰਨੋ ਨੂੰ ਇਸਦੀ ਜਿਲਦਬੰਦੀ ਲਈ ਲਾਹੌਰ ਭੇਜਿਆ। ਪਰ ਭਾਈ ਬੰਨੋ ਨੇ ਰਾਹ ਵਿਚ ਹੀ ਇਸ ਗ੍ਰੰਥ ਦੀ ਇਕ ਨਕਲ ਕਰਵਾ ਲਈ ਅਤੇ ਕੁਝ ਬਾਣੀ ਆਪਣੀ ਮਰਜ਼ੀ ਨਾਲ ਹੀ ਲਿਖਵਾ ਲਈ। ਜਦੋਂ ਗੁਰੂ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਇਸ ਬੀੜ ਨੂੰ 'ਖ਼ਾਰੀ ਬੀੜ' ਕਹਿ ਕੇ ਰੱਦ ਕਰ ਦਿੱਤਾ।

ਜੇ ਧਿਆਨ ਨਾਲ ਦੇਖੀਏ ਤਾਂ ਇਹ ਗੱਲ ਸਹੀ ਨਹੀਂ ਜਾਪਦੀ। ਇਤਨੇ ਵੱਡੇ ਆਕਾਰ ਦੇ ਗ੍ਰੰਥ ਨੂੰ ਦੋ-ਚਾਰ ਦਿਨਾਂ ਵਿਚ ਨਕਲ ਕਰਾਉਣਾ ਸੰਭਵ ਨਹੀਂ ਸੀ। ਅਸਲੀਅਤ ਇਹ ਹੈ ਕਿ ਭਾਈ ਬੰਨੋ ਦਾ ਪਿੰਡ ਖਾਰਾ ਸੀ, ਜਿਸ ਕਰਕੇ ਉਸ ਦੁਆਰਾ ਤਿਆਰ ਕੀਤੀ ਬੀੜ ਦਾ ਨਾਂ 'ਖ਼ਾਰੇ ਵਾਲੀ' ਜਾਂ 'ਖ਼ਾਰੀ ਬੀੜ'


ਪ੍ਰਚਲਿਤ ਹੋ ਗਿਆ।

ਇਹ ਬੀੜ ਕਾਨ੍ਹਪੁਰ (ਯੂ.ਪੀ.) ਦੇ ਜਵਾਹਰ ਨਗਰ ਗੁਰਦੁਆਰੇ ਵਿਚ ਪਈ ਦੱਸੀ ਜਾਂਦੀ ਹੈ। ਇਸ ਬੀੜ ਨੂੰ ਰਚੇ ਜਾਣ ਦਾ ਸੰਮਤ ੧੬੯੯ (ਸੰਨ 1642 ਈ.) ਬੀੜ ਉੱਪਰ ਦਰਜ ਹੈ, ਜੋ ਕਿ ਕਿਸੇ ਨੇ ਕੱਟ ਕੇ ੧੬੫੯ (ਸੰਨ 1602) ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਬੀੜ ਦੇ 370 ਪੱਤਰੇ ਉਪਰ ਗੁਰੂ ਅਰਜਨ ਦੇਵ ਜੀ ਦਾ ਨਿਸ਼ਾਨ ਹੋਣ ਦੀ ਸੂਚਨਾ ਹੈ।[10] ਇਸ ਤੋਂ ਤਾਂ ਜਾਪਦਾ ਹੈ ਜਿਵੇਂ ਇਹ ਬੀੜ ਗੁਰੂ ਅਰਜਨ ਜੀ ਨੂੰ ਪ੍ਰਵਾਨ ਸੀ। ਪਰ ਅਸੀਂ ਇਹ ਬੀੜ ਮੂਲ ਰੂਪ ਵਿਚ ਨਹੀਂ ਦੇਖੀ, ਇਸ ਲਈ ਇਸ ਬਾਰੇ ਨਿਰਣਾ ਕਰ ਸਕਣਾ ਕਠਿਨ ਹੈ ਕਿ ਗੁਰੂ ਜੀ ਦਾ ਨਿਸ਼ਾਨ ਮੂਲ-ਰੂਪ ਵਿਚ ਹੈ ਜਾਂ ਪਿੱਛੋਂ ਚੰਬੇੜਿਆ ਗਿਆ ਹੈ। ਵੈਸੇ, ਸਿਰਦਾਰ ਕਪੂਰ ਸਿੰਘ ਹੁਰੀਂ ਇਸ ਬੀੜ ਨੂੰ ਬੜੀ ਇੱਜ਼ਤ ਦਿੰਦੇ ਰਹੇ ਹਨ। ਇਸ ਬੀੜ ਬਾਰੇ ਜੀ.ਬੀ. ਸਿੰਘ ਦਾ ਅਨੁਮਾਨ ਸੀ ਕਿ ਇਹ ਸਭ ਤੋਂ ਵਧੇਰੇ ਪ੍ਰਮਾਣਿਕ ਬੀੜ ਹੈ। ਪਰ ਡਾ. ਸੁਖਦਿਆਲ ਸਿੰਘ ਹੁਰਾਂ ਨੇ ਇਸ ਬੀੜ ਦੀ ਰਚਨਾ ਕਿਸੇ ਗੁਰਸਿਖ ਦੇ ਹੱਥੋਂ ਮੰਨਣ ਦੀ ਥਾਂ, ਪਹੋਏ ਦੇ ਪਾਂਡਿਆਂ ਹੱਥੋਂ ਮੰਨੀ ਹੈ।[11]

ਬਹੁਤੀਆਂ ਹੱਥ-ਲਿਖਤਾਂ ਇਸੇ ਬੀੜ ਨੂੰ ਮੁਖ ਸਰੋਤ ਵਜੋਂ ਸਵੀਕਾਰਦੀਆਂ ਰਹੀਆਂ ਹਨ। ਇਹੀ ਕਾਰਣ ਹੈ ਕਿ ਇਨ੍ਹਾਂ ਵਿਚੋਂ ਬਹੁਤੀਆਂ ਹੱਥ-ਲਿਖਤਾਂ ਵਿਚ "ਜਿਤ ਦਰ ਲਖ ਮੁਹੰਮਦਾ" ਅਤੇ "ਬਾਇ ਆਤਿਸ਼ ਆਬ ਖਾਕ" ਦੇ ਸਲੋਕ ਅਤੇ ਰਤਨਮਾਲਾ, ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, ਰਾਗਮਾਲਾ ਤੇ ਸਿਆਹੀ ਕੀ ਬਿਧੀ ਲਿਖੇ ਮਿਲਦੇ ਹਨ।

ਸ. ਬਾਬਾ ਮੋਹਣ ਵਾਲੀਆਂ ਪੋਥੀਆਂ

ਪਰੰਪਰਾ ਮੰਨਦੀ ਹੈ ਕਿ *ਆਦਿ ਗ੍ਰੰਥ* ਦੀ ਸੰਪਾਦਨਾ ਸਮੇਂ, ਗੁਰੂ ਅਰਜਨ ਜੀ ਨੇ ਗੁਰੂ ਅਮਰਦਾਸ ਜੀ ਦੇ ਸਾਹਿਬਜ਼ਾਦੇ ਬਾਬਾ ਮੋਹਣ ਜੀ ਕੋਲ ਮੌਜੂਦ ਪੋਥੀ ਦੀ ਵਰਤੋਂ ਕੀਤੀ ਸੀ। ਪ੍ਰੋ. ਸਾਹਿਬ ਸਿੰਘ ਹੁਰਾਂ ਨੇ ਇਸ ਮਤ ਦਾ 'ਦਲੀਲਪੂਰਵਕ' ਖੰਡਨ ਆਪਣੀ ਪੁਸਤਕ *ਆਦਿ ਬੀੜ ਬਾਰੇ* ਵਿਚ ਕੀਤਾ ਸੀ। ਹੁਣ ਇਹ ਪੋਥੀਆਂ ਭੱਲਾ ਖਾਨਦਾਨ ਦੇ ਵਾਰਸਾਂ ਕੋਲ ਸੁਰੱਖਿਅਤ ਹਨ। ਇਹ ਦੋ ਪੋਥੀਆਂ ਹਨ—ਇਕ ਜਲੰਧਰ ਦੇ ਸ੍ਰੀ ਵਿਨੋਦ ਕੁਮਾਰ ਭੱਲਾ ਕੋਲ ਮੌਜੂਦ ਹੈ, ਇਸੇ ਦਾ ਪ੍ਰਸਿੱਧ ਨਾਂ ਅਹੀਆਪੁਰ ਵਾਲੀ ਪੋਥੀ ਹੈ; ਦੂਜੀ ਪੋਥੀ ਪੰਜੋਰ ਵਿਚ ਦੱਸੀ ਜਾਂਦੀ ਹੈ। ਪ੍ਰੋ. ਪ੍ਰੀਤਮ ਸਿੰਘ ਅਤੇ ਡਾ. ਗੁਰਿੰਦਰ ਮਾਨ ਨੇ ਇਨ੍ਹਾਂ ਪੋਥੀਆਂ ਉੱਪਰ ਆਪਣੇ ਵੱਖ-ਵੱਖ ਖੋਜ ਕਾਰਜ ਪੂਰੇ ਕੀਤੇ ਹਨ। ਇਨ੍ਹਾਂ ਦੇ ਸਿੱਟਿਆਂ ਵਿਚ ਕੁਝ ਵਖਰੇਵੇਂ ਹਨ। ਪਰ ਡਾ. ਮਾਨ ਅਤੇ ਡਾ. ਪਿਆਰ ਸਿੰਘ ਦੇ ਸਿੱਟਿਆਂ ਵਿਚ ਕੁਝ ਸਾਂਝ ਦਿਸਦੀ ਹੈ। ਉਦਾਹਰਣ ਵਜੋਂ ਇਹ ਦੋਵੇਂ ਪ੍ਰੋ. ਪ੍ਰੀਤਮ ਸਿੰਘ ਤੋਂ ਉਲਟ ਮੰਨਦੇ ਹਨ ਕਿ ਇਹ ਪੋਥੀਆਂ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਹੋਂਦ ਵਿਚ ਆ ਚੁੱਕੀਆਂ ਸਨ।



ਬਾਬੇ ਮੋਹਨ ਵਾਲੀ ਪੋਥੀ ਦੇ ਮੁੱਢਲੇ ਪੰਨੇ ਦੀ ਫ਼ੋਟੋ

ਵੈਸੇ ਪ੍ਰੋ. ਪ੍ਰੀਤਮ ਸਿੰਘ ਹੁਰਾਂ ਦੀ ਇਮਾਨਦਾਰੀ ਦੀ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਨੇ ਇਸ ਵਿਸ਼ੇ ਬਾਰੇ ਆਪਣੀ ਅਧੂਰੀ ਜਾਣਕਾਰੀ ਨੂੰ ਪ੍ਰਵਾਨ ਕੀਤਾ ਹੈ।[12]

ਡਾ. ਬਲਵੰਤ ਸਿੰਘ ਢਿੱਲੋਂ ਨੇ ਇਨ੍ਹਾਂ ਪੋਥੀਆਂ ਬਾਰੇ ਚਰਚਾ ਕਰਦਿਆਂ ਸਿੱਖ ਵਿਦਵਤਾ ਦੇ ਇਕ ਖ਼ਾਸ ਦੋਸ਼ ਵਲ ਇਸ਼ਾਰਾ ਕੀਤਾ ਹੈ। ਸਿੱਖ ਵਿਦਵਾਨ ਸਾਹਮਣੇ ਖੜ੍ਹੀ ਹੋਈ ਚੁਣੌਤੀ ਦਾ ਜੁਆਬ ਦਿੰਦਿਆਂ, ਕਦੇ ਇਹ ਨਹੀਂ ਸੋਚਦੇ ਕਿ ਬਾਅਦ ਵਿਚ ਉਨ੍ਹਾਂ ਦੁਆਰਾ ਦਿੱਤੇ ਜੁਆਬ ਦਾ ਕੀ ਸਿੱਟਾ ਨਿਕਲੇਗਾ। ਡਾ. ਢਿੱਲੋਂ ਨੇ ਦਸਿਆ ਹੈ ਕਿ ਭਸੌੜੀਆਂ ਵਲੋਂ ਭਗਤ-ਬਾਣੀ ਦਾ ਵਿਰੋਧ ਕੀਤੇ ਜਾਣ ਨੂੰ ਠਲ੍ਹ

ਪਾਉਣ ਲਈ, ਬਾਵਾ ਪ੍ਰੇਮ ਸਿੰਘ ਹੋਤੀ ਵਲੋਂ ਬਾਬੇ ਮੋਹਣ ਦੀਆਂ ਪੋਥੀਆਂ ਨੂੰ ਬਣਾਏ ਆਧਾਰ ਨੇ ਉਸ ਮੁਸ਼ਕਲ ਸਮੇਂ ਸਿੱਖ ਵਿਦਵਾਨਾਂ ਦੀ ਬੜੀ 'ਮਦਦ' ਕੀਤੀ ਸੀ। ਇਸ ਲਈ ਉਸ ਸਮੇਂ ਦੇ ਸਾਰੇ ਸਿੱਖ ਵਿਦਵਾਨਾਂ ਨੇ ਬਾਬਾ ਮੋਹਣ ਦੀਆਂ ਪ੍ਰਮਾਣਿਕ ਮੰਨ ਲਿਆ ਸੀ। ਭਸੌੜੀਆਂ ਦੁਆਰਾ ਖੜ੍ਹੇ ਕੀਤੇ ਸਵਾਲਾਂ ਨੂੰ ਪਛਾੜਨ ਲਈ ਹੀ ਪ੍ਰੋ. ਸਾਹਿਬ ਸਿੰਘ ਨੇ 'ਆਦਿ ਬੀੜ ਬਾਰੇ' ਪੁਸਤਕ ਵਿਚ ਜੋ ਥੀਸਸ ਦਿੱਤਾ ਸੀ, ਉਸ ਉਪਰ ਹੁਣ ਗੰਭੀਰ ਪ੍ਰਸ਼ਨ ਉਠ ਰਹੇ ਹਨ। ਕੰਮ-ਚਲਾਊ ਦਲੀਲਾਂ ਨਾਲ ਨੁਕਸਾਨ ਵੀ ਹੁੰਦਾ ਹੈ।

ਡਾ. ਬਲਵੰਤ ਸਿੰਘ ਢਿੱਲੋਂ ਹੁਰਾਂ ਨੇ ਸ਼੍ਰੋਮਣੀ ਕਮੇਟੀ ਵਲੋਂ ਹੁਣੇ ਪ੍ਰਕਾਸ਼ਿਤ ਇਕ ਪੁਸਤਕ ਦੇ ਇਕ ਪਰਚੇ ਵਿਚ ਦਸਿਆ ਹੈ ਕਿ:

".....Baba Mohan and his descendants refused to accord recognition to Guru Ram Das, and favoured heredity as the basis for succession. The extant Goindwal Pothis are a clear proof that Baba Mohan and his close relatives had compiled a sort of scripture to attract the Sikhs to their establishement."[13]

ਜੇ ਇਹ ਗੱਲ ਸਹੀ ਹੋਵੇ ਤਾਂ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਬਾਬੇ ਮੋਹਨ ਦੀ ਇਹ ਲੋੜ ਕਦੋਂ ਸੀ ? ਇਸਦਾ ਜੁਆਬ ਬੜਾ ਸਿੱਧਾ ਹੈ ਕਿ ਜੇ ਉਨ੍ਹਾਂ ਨੇ ਪੋਥੀ ਨੂੰ ਕਿਸੇ 'ਸਾਜ਼ਿਸ਼' ਤਹਿਤ ਵੀ ਖੜ੍ਹਾ ਕੀਤਾ ਹੋਵੇ ਤਾਂ ਇਹ ਸਮਾਂ ਗੁਰੂ ਅਮਰਦਾਸ ਜੀ ਦੇ ਚਲਾਣੇ ਤੋਂ ਤੁਰੰਤ ਪਿੱਛੋਂ ਦਾ ਬਣਦਾ ਹੈ। ਡਾ. ਗੁਰਸ਼ਰਨ ਕੌਰ ਜੱਗੀ ਨੇ ਇਨ੍ਹਾਂ ਪੋਥੀਆਂ ਦੇ ਲਿਖਣ ਦਾ ਆਰੰਭ 1570 ਈ. ਅਤੇ ਸਮਾਪਤੀ 1572 ਈ. ਮੰਨਿਆ।[14] ਇਹ ਮਿਤੀਆਂ ਇਸ ਲਈ ਠੀਕ ਨਹੀਂ ਜਾਪਦੀਆਂ ਕਿਉਂਕਿ ਇਨ੍ਹਾਂ ਵਿਚ ਮ: ੪ ਅਤੇ ਮ: ੫ ਦੇ ਵੀ ਕੁਝ ਸ਼ਬਦ ਦਰਜ ਹਨ।


ਡਾ. ਪਿਆਰ ਸਿੰਘ ਹੁਰਾਂ ਨੇ ਇਨ੍ਹਾਂ ਪੋਥੀਆਂ ਨੂੰ ਗੁਰਬਾਣੀ ਦੇ ਪ੍ਰਾਪਤ ਸੰਗ੍ਰਿਹਾਂ ਵਿਚੋਂ ਸਭ ਤੋਂ ਪ੍ਰਾਚੀਨ ਮੰਨਿਆ ਹੈ।[15] ਡਾ. ਰਤਨ ਸਿੰਘ ਜੱਗੀ ਵੀ ਇਨ੍ਹਾਂ ਪੋਥੀਆਂ ਨੂੰ 'ਆਦਿ ਗ੍ਰੰਥ' ਤੋਂ ਪਹਿਲਾਂ ਦੀਆਂ ਮੰਨਦੇ ਹਨ। ਡਾ. ਗੰਡਾ ਸਿੰਘ ਤੇ ਪ੍ਰਿੰ. ਤੇਜਾ ਸਿੰਘ ਹੁਰਾਂ ਵੀ ਮੰਨਿਆ ਹੈ ਕਿ ਇਨ੍ਹਾਂ ਪੋਥੀਆਂ ਨੂੰ ਪਿੱਛੋਂ ਗੁਰੂ ਅਰਜਨ ਸਾਹਿਬ ਨੇ *ਗੁਰੂ ਗ੍ਰੰਥ ਸਾਹਿਬ* ਦੀ ਸੰਪਾਦਨਾ ਵੇਲੇ ਵਰਤਿਆ ਸੀ।[16] ਇਹ ਗੱਲ ਮੰਨਣ ਵਿਚ ਕੋਈ ਹਰਜ਼ ਨਹੀਂ ਲਗਦਾ ਕਿ ਭਾਵੇਂ ਗੁਰਬਾਣੀ ਗੁਰੂ ਅਰਜਨ ਸਾਹਿਬ ਕੋਲ ਮੌਜੂਦ ਸੀ, ਪਰ ਜੇ ਉਨ੍ਹਾਂ ਨੂੰ ਬਾਬੇ ਮੋਹਣ ਵਾਲੀ ਪੋਥੀ ਦੀ ਕੰਨਸੋਅ ਪਈ ਤਾਂ ਉਸ ਨੂੰ ਵਾਚਣਾ ਬਣਦਾ ਸੀ। ਇਹ ਪੱਕੀ ਗੱਲ ਹੈ ਕਿ ਇਹ ਪੋਥੀਆਂ *ਆਦਿ ਬੀੜ* ਤੋਂ ਪਹਿਲਾਂ ਹੋਂਦ ਵਿਚ ਆ ਚੁੱਕੀਆਂ ਸਨ। ਡਾ. ਪਿਆਰ ਸਿੰਘ ਇਸ ਪੋਥੀ ਦਾ ਰਚਨਾ ਕਾਲ 1652 ਸੰਮਤ (1595 ਈ.) ਸਹੀ ਦਸਦੇ ਹਨ।[17] ਪ੍ਰੋ. ਪ੍ਰੀਤਮ ਸਿੰਘ ਹੁਰਾਂ ਨੇ ਇਹ ਮਿਤੀ 1652 ਸੰਮਤ, ਜੋ ਪੋਥੀ ਦੇ ਆਰੰਭ ਵਾਲੇ ਪੰਨੇ ਉਪਰ ਦਿੱਤਾ ਹੈ, ਨੂੰ ਜਾਅਲੀ ਦਸਿਆ ਹੈ।[18] ਇਸ ਤੋਂ ਵੀ ਪੋਥੀਆਂ ਦੇ ਇਤਿਹਾਸਕ

ਮਹੱਤਵ ਨੂੰ ਫ਼ਰਕ ਨਹੀਂ ਪੈਂਦਾ। ਕਿਉਂਕਿ ਸੰਮਤ ਨੂੰ ਜਾਅਲੀ ਸਿਧ ਕਰਕੇ ਵੀ ਪ੍ਰੋ. ਸਾਹਿਬ ਦਾਅਵੇ ਨਾਲ ਨਵੀਂ ਮਿਤੀ ਸਥਾਪਿਤ ਨਹੀਂ ਕਰ ਸਕੇ। ਉਹ ਵੱਧ ਤੋਂ ਵੱਧ ਇਹੀ ਕਰ ਸਕੇ ਹਨ, "'ਅਹੀਆਪੁਰ ਵਾਲੀ ਪੋਥੀ' ਗੁਰੂ ਅਮਰਦਾਸ ਜੀ ਦੇ ਸਮਾਉਣ ਤੋਂ ਬਾਅਦ ਲਿਖੀ ਗਈ ਸੀ।"[19] ਦੂਜਾ ਇਹ ਕਿ ਇਹ ਪੋਥੀ 'ਆਦਿ ਬੀੜ' ਦਾ ਆਧਾਰ ਜਾਂ ਸੋਮਾ ਨਹੀਂ ਸੀ।[20] ਇਨ੍ਹਾਂ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ, ਉਨ੍ਹਾਂ ਦੀਆਂ ਕੁਝ ਪੂਰਵ-ਮਨੌਤਾਂ ਦੀ ਦਖ਼ਲ-ਅੰਦਾਜ਼ੀ ਰਹੀ ਹੈ। ਇਸ ਪੋਥੀ ਵਿਚ ਮ: ੪ ਦੇ ਅਤੇ ਮ: ੫ ਦੇ ਸ਼ਬਦ ਆਏ ਹਨ, ਜੋ ਕਿ ਪਿੱਛੋਂ ਲਿਖੇ ਗਏ ਸਨ। ਮ: ੪ ਦੇ ਜਿਹੜੇ ਸ਼ਬਦ ਇਸ ਪੋਥੀ ਵਿਚ ਹਨ, ਉਨ੍ਹਾਂ ਤੋਂ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ :

1. ਲਿਖਾਰੀ ਦੇ ਮਨ ਵਿਚ ਗੁਰੂ ਰਾਮਦਾਸ ਜੀ ਪ੍ਰਤੀ ਸ਼ਰਧਾ ਹੈ।

2. ਪ੍ਰਵਾਣਿਤ ਬੀੜ ਤੋਂ ਵੱਖਰੇ ਸ਼ਬਦਾਂ ਦਾ ਹੋਣਾ ਦਸਦਾ ਹੈ ਕਿ ਪੋਥੀ 'ਆਦਿ ਬੀੜ' ਤੋਂ ਪਹਿਲਾਂ ਦੀ ਹੈ। ਜੇ ਬਾਅਦ ਦੀ ਹੁੰਦੀ ਤਾਂ ਲਿਖਾਰੀ ਗੁਰੂ ਅਰਜਨ ਸਾਹਿਬ ਵਲੋਂ ਪ੍ਰਵਾਨ ਕੀਤੇ ਸ਼ਬਦ ਦੇ ਕੇ, ਆਪਣੀ ਪੋਥੀ ਨੂੰ ਵਧੇਰੇ ਸਨਮਾਨਯੋਗ ਬਣਾ ਸਕਦਾ ਸੀ। ਵੈਸੇ, ਮ: ੪ ਦੇ ਦਰਸਾਏ ਵਧੇਰੇ ਸ਼ਬਦ *ਗੁਰੂ ਗ੍ਰੰਥ ਸਾਹਿਬ* ਵਿਚ ਮ: ੧ ਦੇ ਕਰਕੇ ਆ ਗਏ ਹਨ। ਪ੍ਰੋ. ਪ੍ਰੀਤਮ ਸਿੰਘ ਜੀ ਨੇ ਵੀ ਸਪੱਸ਼ਟ ਕੀਤਾ ਹੈ ਕਿ, "ਇਸ ਸ਼ਬਦ ਦਾ ਗੁਰੂ ਅਰਜਨ ਰਚਿਤ ਹੋਣਾ, ਪੋਥੀ ਦੀ ਰਚਨਾ ਦੀ ਮਿਤੀ ਬੰਨ੍ਹਣ ਵਿਚ ਸਹਾਈ ਨਹੀਂ ਹੋ ਸਕਦਾ, ਕਿਉਂਕਿ ਇਹ ਕਿਸੇ ਹੋਰ ਹੱਥ ਦਾ ਲਿਖਿਆ ਹੋਇਆ ਹੈ—ਹਸਤਾਖੇਪ ਹੈ।"[21] ਬਿਨਾਂ ਸ਼ੱਕ ਬਾਬੇ ਮੋਹਣ ਨੂੰ ਗੁਰੂ-ਘਰ ਦੇ ਵਿਰੋਧੀ ਮੰਨ ਸਕਦੇ ਹਾਂ, ਪਰ ਇਹ ਗੱਲ ਉਨ੍ਹਾਂ ਕੋਲ ਪਈਆਂ ਪੋਥੀਆਂ ਦੀ ਪ੍ਰਾਚੀਨਤਾ ਨੂੰ ਪ੍ਰਭਾਵਿਤ ਨਹੀਂ ਕਰਦੀ। ਅਸੀਂ ਪਹਿਲੇ ਵਿਦਵਾਨਾਂ ਵਾਲੀ ਗ਼ਲਤੀ ਹੀ ਦੁਹਰਾ ਰਹੇ ਹਾਂ। ਪਹਿਲਾਂ ਲੋੜ ਸੀ ਤਾਂ ਪੰਥ ਨੇ ਇਨ੍ਹਾਂ ਪੋਥੀਆਂ ਨੂੰ ਖ਼ੂਬ ਵਡਿਆ ਲਿਆ ਅਤੇ ਹੁਣ ਕਿਉਂ ਜੁ ਇਹੀ ਪੋਥੀਆਂ ਪੰਥ ਲਈ 'ਬਿਪਤਾ' ਬਣ ਗਈਆਂ ਹਨ ਤਾਂ ਹੁਣ ਅਸੀਂ ਹਰ ਹੀਲੇ ਇਨ੍ਹਾਂ ਨੂੰ ਨਿੰਦਣ ਵਿਚ ਕੋਈ ਕਸਰ ਨਹੀਂ ਛਡ ਰਹੇ। ਡਾ. ਪਿਆਰ ਸਿੰਘ ਹੁਰਾਂ ਨੇ ਇਨ੍ਹਾਂ ਪੋਥੀਆਂ ਦੇ ਆਧਾਰ 'ਤੇ ਹੀ ਨਤੀਜਾ ਕਢਿਆ ਸੀ ਕਿ ਮੂਲਮੰਤਰ ਦਾ ਪਹਿਲਾ ਰੂਪ ਹੋਰ ਸੀ। ਉਨ੍ਹਾਂ ਦੀ ਇਹ ਗੱਲ ਕਿਉਂ ਜੁ ਬਾਣੀ ਨੂੰ 'ਧੁਰ ਦੀ ਬਾਣੀ' ਨਹੀਂ ਰਹਿਣ ਦਿੰਦੀ ਸੀ, ਇਸ ਕਰਕੇ ਹੁਣ ਲੋੜ ਇਹ ਹੈ ਕਿ ਬਾਬੇ ਮੋਹਣ ਦੀਆਂ ਪੋਥੀਆਂ ਨੂੰ 1604 ਈ. ਤੋਂ ਬਾਅਦ ਦੀ ਰਚੀ ਅਤੇ ਪੰਥ-ਵਿਰੋਧੀ ਸੰਪਰਦਾ ਦਾ ਸਿਧ ਕੀਤਾ ਜਾਵੇ।

ਪਰ ਇਸ ਪੋਥੀ ਨੂੰ ਮਾਨਤਾ ਦੇਣੀ ਅਜੋਕੇ ਹਾਲਾਤਾਂ ਵਿਚ ਪੰਥ ਲਈ ਹਾਨੀਕਾਰਕ ਹੈ। ਸ਼ਾਇਦ ਇਸੇ ਲਈ ਪਿਆਰਾ ਸਿੰਘ ਪਦਮ ਹੁਰਾਂ ਨੇ ਆਪਣੀ ਪੁਸਤਕ ਵਿਚ 70 ਬੀੜਾਂ ਦਾ ਜ਼ਿਕਰ ਕਰਦਿਆਂ, ਇਸ ਮਹੱਤਵਪੂਰਣ ਬੀੜ ਬਾਰੇ ਕੋਈ ਗੱਲ ਨਹੀਂ ਕੀਤੀ।




ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਸੁਰੱਖਿਅਤ
1245 ਬੀੜ ਦੀ ਲਿਖਤ ਦਾ ਨਮੂਨਾ

ਹ. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਹੱਥ-ਲਿਖਤ 1245

ਵੈਸੇ ਡਾ. ਪਸ਼ੌਰਾ ਸਿੰਘ ਤੇ ਡਾ. ਗੁਰਿੰਦਰ ਮਾਨ ਨੇ ਇਸ ਬੀੜ ਨੂੰ *ਮੋਹਣ ਵਾਲੀ ਪੋਥੀ* ਤੇ *ਆਦਿ ਬੀੜ* ਦੇ ਵਿਚਕਾਰ ਦੇ ਸਮੇਂ ਵਿਚ ਲਿਖਿਆ ਮੰਨਿਆ ਹੈ। ਪਰ ਸੱਚ ਇਹ ਹੈ ਕਿ ਇਸ ਪੋਥੀ ਦਾ ਰਚਨਾ ਕਾਲ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਦਾ ਹੈ। ਇਹ ਬੀੜ ਡਾ. ਪਿਆਰ ਸਿੰਘ ਅਤੇ ਡਾ. ਪਸ਼ੌਰਾ ਸਿੰਘ ਦੀ ਖੋਜ ਦਾ ਕੇਂਦਰ ਬਣਨ ਕਰਕੇ, ਮਹੱਤਾ ਵਾਲੀ ਬੀੜ ਬਣ ਗਈ ਹੈ। ਇਹ ਇਕ ਐਸੀ ਬੀੜ ਹੈ ਜਿਸ ਵਿਚ ਭਗਤ ਬਾਣੀ ਦਰਜ਼ ਨਹੀਂ। ਤੈਅ ਹੈ ਕਿ ਇਸਦਾ ਲਿਖਾਰੀ ਭਗਤਾਂ ਨੂੰ ਮਾਨਤਾ ਨਹੀਂ ਦਿੰਦਾ ਸੀ। ਭਸੌੜ ਦੇ ਪੰਚ ਖ਼ਾਲਸਾ ਦੀਵਾਨ ਵਾਲੇ ਵੀ ਭਗਤਾਂ ਦੀ ਬਾਣੀ ਨੂੰ ਮਾਨਤਾ ਨਹੀਂ ਦਿੰਦੇ ਸਨ। ਪੁਰਾਤਨ ਬੀੜਾਂ ਦੇ ਇਕ ਹੋਰ ਵਿਸ਼ੇਸ਼ੱਗ ਡਾ. ਬਲਵੰਤ ਸਿੰਘ ਢਿਲੋਂ ਹੁਰਾਂ ਨੇ ਇਸ ਨੂੰ ਮੀਣਿਆਂ ਦਾ ਕੰਮ ਦੱਸਿਆ ਹੈ।[22] ਹਾਲਾਂ ਕਿ ਡਾ. ਪਿਆਰ ਸਿੰਘ ਨੇ ਇਸਦਾ ਜ਼ੋਰਦਾਰ ਖੰਡਨ ਕੀਤਾ ਹੈ।[23]

ਕ. ਗੁਰੂ ਹਰਿਸਹਾਇ ਵਾਲੀ ਪੋਥੀ

ਭਾਵੇਂ ਕਿ ਇਹ ਪੋਥੀ ਹੁਣ ਗੁੰਮ ਹੋ ਚੁੱਕੀ ਹੈ, ਪਰ ਇਸ ਨੂੰ ਸਭ ਤੋਂ ਪ੍ਰਾਚੀਨ ਪੋਥੀ ਮੰਨਿਆ ਜਾਂਦਾ ਰਿਹਾ ਹੈ। ਇਹ ਪੋਥੀ ਪ੍ਰਿਥੀ ਚੰਦ ਦੀ ਔਲਾਦ, ਜੋ ਕਿ ਫ਼ਿਰੋਜ਼ਪੁਰ ਦੇ ਕਸਬੇ ਹਰਿਸਹਾਇ ਵਿਖੇ ਰਹਿੰਦੀ ਹੈ, ਕੋਲ ਮੌਜੂਦ ਸੀ। ਵਿਦਵਾਨਾਂ ਵਿਚੋਂ ਇਸ ਦੁਰਲੱਭ ਪੋਥੀ ਦੇ ਦਰਸ਼ਨ ਗਿ. ਗੁਰਦਿੱਤ ਸਿੰਘ ਨੂੰ ਹੀ ਨਸੀਬ ਹੋਏ ਸਨ। ਉਨ੍ਹਾਂ ਨੇ ਇਸਦੇ ਕੁਝ ਫੋਟੋ ਵੀ ਖਿੱਚੇ ਸਨ। ਉਨ੍ਹਾਂ ਨੇ ਇਸ ਪੋਥੀ ਬਾਰੇ ਜੋ ਜਾਣਕਾਰੀ ਦਿੱਤੀ ਹੈ, ਉਸ ਉੱਪਰ ਯਕੀਨ ਕਰਨ ਤੋਂ ਸਿਵਾਇ ਚਾਰਾ ਕੋਈ ਨਹੀਂ।[24] ਜੀ. ਬੀ. ਸਿੰਘ ਨੇ ਪੋਥੀ ਦੇ ਦਰਸ਼ਨ ਕਰਨ ਦੀ ਕਾਫ਼ੀ ਕੋਸ਼ਿਸ਼ ਕੀਤੀ ਸੀ, ਪਰ ਉਹ ਸਫ਼ਲ ਨਾ ਹੋਏ। ਉਨ੍ਹਾਂ ਦੇ ਇਕ ਮਿੱਤਰ, ਜੋ ਕਿ ਹੱਥ-ਲਿਖਤਾਂ ਪੜ੍ਹਨ ਦਾ ਮਾਹਿਰ ਨਹੀਂ ਸੀ, ਦੁਆਰਾ ਦਿੱਤੀ ਸੂਚਨਾ ਨੂੰ ਹੀ, ਜੀ.ਬੀ. ਸਿੰਘ ਹੁਰਾਂ ਆਪਣੇ ਅਧਿਐਨ ਦਾ ਆਧਾਰ ਬਣਾਇਆ ਸੀ। ਪਰ ਉਨ੍ਹਾਂ ਦੇ ਸਿੱਟੇ ਬੜੇ ਸਟੀਕ ਸਨ ਅਤੇ ਉਹ ਇਸ ਪੋਥੀ ਨੂੰ ਵਧੇਰੇ ਪ੍ਰਾਚੀਨ ਨਹੀਂ ਮੰਨਦੇ ਸਨ। ਸੋਢੀ ਇਸ ਬਾਰੇ ਇਹੀ ਪ੍ਰਚਾਰ ਕਰਦੇ ਆ ਰਹੇ ਸਨ ਕਿ ਇਹ ਗੁਰੂ ਨਾਨਕ ਜੀ ਵਾਲੀ ਪੋਥੀ ਹੈ। ਜਿਸਦਾ ਹਵਾਲਾ ਭਾਈ ਗੁਰਦਾਸ ਜੀ ਨੇ ਦਿੱਤਾ ਹੈ। ਕਿਹਾ ਜਾਂਦਾ ਹੈ ਕਿ ਸੋਢੀ ਸ਼ਰਧਾਲੂਆਂ ਨੂੰ ਉਨ੍ਹਾਂ ਦਿਨਾਂ ਵਿਚ ਇਕ ਸੌ ਇਕ ਰੁਪਏ ਲੈ ਕੇ, ਪੋਥੀ ਦੇ ਦਰਸ਼ਨ ਕਰਾਉਂਦੇ ਸਨ। ਪਰ ਕੋਈ ਵੀ ਇਸ ਪੋਥੀ ਦੀ ਲਿਖਤ ਨੂੰ ਪੜ੍ਹ ਨਹੀਂ ਸਕਦਾ ਸੀ। ਇਸ ਗੱਲ ਦਾ ਰਹੱਸ ਉਸ ਵੇਲੇ ਸਮਝ ਆਇਆ ਜਦੋਂ 1908 ਈ. ਵਿਚ ਕਾਦੀਆਨੀ ਮੁਸਲਮਾਨਾਂ ਦੇ ਇਕ ਵਫ਼ਦ ਨੇ ਇਸ ਪੋਥੀ ਦੇ ਦਰਸ਼ਨ



ਪੋਥੀ ਗੁਰੂ ਹਰਿ ਸਹਾਇ ਵਾਲੀ ਦੀ ਲਿਖਤ ਦਾ ਇਕ ਨਮੂਨਾ

ਕੀਤੇ।[25] ਉਹ ਹੈਰਾਨ ਰਹਿ ਗਏ ਕਿ ਪੋਥੀ ਕੁਰਾਨ ਦੀ ਹੀ ਅਰਬੀ ਵਿਚ ਲਿਖੀ ਹੱਥ-ਲਿਖਤ ਸੀ। ਅਰਬੀ ਭਾਸ਼ਾ ਤੋਂ ਅਣਜਾਣ ਸੋਢੀਆਂ ਨੇ ਆਪਣੇ ਪਾਖੰਡ ਦਾ ਸੱਚ ਪ੍ਰਗਟ ਹੋ ਜਾਣ 'ਤੇ ਕੋਈ ਹੋਰ ਗੁਰਮੁਖੀ ਅੱਖਰਾਂ ਵਾਲੀ ਪੋਥੀ, ਇਸ ਪੋਥੀ ਦੀ ਥਾਂ ਰਖ ਲਈ। ਇਹ ਪੋਥੀ ਵੀ ਬਾਅਦ ਵਿਚ ਰਹੱਸਮਈ ਢੰਗ ਨਾਲ ਗੁੰਮ ਗਈ। ਡਾ. ਪਿਆਰ ਸਿੰਘ ਹੁਰਾਂ ਨੇ ਪੋਥੀ ਦੀਆਂ ਅੰਦਰੂਨੀ ਗਵਾਹੀਆਂ ਦੇ ਆਧਾਰ 'ਤੇ ਇਸ ਪੋਥੀ ਨੂੰ ਮੀਣਿਆਂ ਦੀ ਰਚੀ ਮੰਨਿਆ ਹੈ।[26] ਬਾਅਦ ਵਿਚ ਡਾ. ਬਲਵੰਤ ਸਿੰਘ ਢਿਲੋਂ ਹੁਰਾਂ ਵੀ ਡਾ. ਪਿਆਰ ਸਿੰਧ ਹੁਰਾਂ ਦੇ ਸਿੱਟੇ ਦੀ ਪ੍ਰੋੜ੍ਹਤਾ ਕੀਤੀ। ਡਾ. ਬਲਵੰਤ ਸਿੰਘ ਢਿਲੋਂ ਨੇ ਇਸ ਪੋਥੀ ਨੂੰ 1606 ਈ. ਤੋਂ 1625 ਈ. ਦੇ ਦਰਮਿਆਨ ਰਚਿਆ ਦੱਸਿਆ ਹੈ।[27]

ਖ. ਦਮਦਮੇ ਵਾਲੀ ਬੀੜ

ਪੰਥ ਵਿਚ ਭਾਵੇਂ ਕਿ ਇਹ ਰਵਾਇਤ ਤੁਰੀ ਆ ਰਹੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ, 1706 ਈ. ਨੂੰ ਸਾਬੋ ਕੀ ਤਲਵੰਡੀ ਵਿਖੇ ਧੀਰਮਲੀਆਂ ਦੇ ਬੀੜ

ਨਾ ਦੇਣ ਕਾਰਣ, ਆਪਣੀ ਆਤਮਿਕ ਸ਼ਕਤੀ ਦੁਆਰਾ ਇਕ ਬੀੜ ਰਚੀ ਸੀ, ਜਿਸਨੂੰ 'ਦਮਦਮੇ ਵਾਲੀ ਬੀੜ' ਕਿਹਾ ਜਾਂਦਾ ਹੈ; ਪਰ ਅਜੋਕੇ ਵਿਦਵਾਨਾਂ ਵਿਚ ਇਸ ਬਾਰੇ ਮਤਭੇਦ ਤੁਰੇ ਆ ਰਹੇ ਹਨ। ਬਦਕਿਸਮਤੀ ਦੀ ਗੱਲ ਹੈ ਕਿ ਇਸ ਤਰ੍ਹਾਂ ਦੀ ਵੀ ਕੋਈ ਭਰੋਸੇਯੋਗ ਬੀੜ ਸਾਡੇ ਕੋਲ ਨਹੀਂ ਰਹੀ। ਇਸ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ਼ ਕੀਤੀ ਗਈ ਸੀ। ਡਾ. ਪਿਆਰ ਸਿੰਘ ਹੁਰਾਂ ਮੁਤਾਬਿਕ ਇਹ ਬੀੜ ਬਾਬਾ ਦੀਪ ਸਿੰਘ ਹੁਰਾਂ ਨੇ ਤਿਆਰ ਕਰਵਾਈ ਸੀ।[28] ਡਾ. ਪਿਆਰ ਸਿੰਘ ਹੁਰਾਂ ਅਨੁਸਾਰ ਬਾਬਾ ਜੀ ਨੇ ਖ਼ਾਰੀ ਮਿਸਲ ਦੀ ਬੀੜ ਲੈ ਕੇ ਥਾਂਓਂ ਥਾਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ਼ ਕਰਵਾ ਕੇ, ਚਾਰ ਸਰੂਪ ਤਿਆਰ ਕਰਵਾ ਕੇ ਚਹੁੰਆਂ ਤਖ਼ਤਾਂ 'ਤੇ ਭੇਜੇ ਸਨ। ਹੁਣ ਛਪ ਰਹੀ ਬੀੜ ਨੂੰ ਇਸੇ ਦੀ ਨਕਲ ਦੱਸਿਆ ਜਾ ਰਿਹਾ ਹੈ। ਪਰ ਪ੍ਰਸ਼ਨ ਇਹ ਹੈ ਕਿ ਮੂਲ ਬੀੜ ਕਿੱਥੇ ਹੈ ?

ਸ. ਮਹਿੰਦਰ ਸਿੰਘ ਜੋਸ਼ ਇਸ ਪ੍ਰਸ਼ਨ ਬਾਰੇ ਭਿੰਨ ਵਿਚਾਰ ਰੱਖਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਇਹ ਬੀੜ ਅਨੰਦਪੁਰ ਸਾਹਿਬ ਵਾਲੇ ਦਮਦਮੇ ਵਿਚ ਰਚੀ ਗਈ ਸੀ।[29] ਪਰ ਅਫ਼ਸੋਸ ਹੈ ਕਿ ਐਸੀ ਬੀੜ ਵੀ ਅੱਜ ਉਪਲਬਧ ਨਹੀਂ।

ਇਹ ਇਕ ਕੌੜੀ ਸੱਚਾਈ ਹੈ ਕਿ ਗੁਰੂ ਅਰਜਨ ਸਾਹਿਬ ਦੁਆਰਾ 'ਆਦਿ ਬੀੜ' ਦੀ ਸੰਪਾਦਨਾ ਕਰਨ ਬਾਅਦ ਨਾ ਤਾਂ ਰੰਗ-ਬਿਰੰਗੀਆਂ ਬੀੜਾ ਤਿਆਰ ਹੋਣੀਆਂ ਬੰਦ ਹੋਈਆਂ ਅਤੇ ਨਾ ਹੀ ਕੱਚੀ ਬਾਣੀ ਰਚਣੀ ਰੁਕੀ। ਸਗੋਂ ਮੀਣੇ ਮਃ ੬, ਮਃ ੭ ਅਤੇ ਮਃ ੮ ਦੇ ਸਿਰਲੇਖ ਹੇਠ ਰਚਨਾ ਕਰਦੇ ਰਹੇ। ਜਦੋਂ ਵੀ 'ਆਦਿ ਬੀੜ' ਦੀ ਸੰਪਾਦਨਾ ਦੀ ਗੱਲ ਚਲਦੀ ਹੈ ਤਾਂ ਇਕ ਬੁਨਿਆਦੀ ਪ੍ਰਸ਼ਨ ਇਹ ਵੀ ਉੱਠਦਾ ਹੈ ਕਿ ਗੁਰੂ ਅਰਜਨ ਸਾਹਿਬ ਕੋਲ ਇਕੱਠੀ ਹੋਈ ਬਾਣੀ ਕਿਸ ਸ੍ਰੋਤ ਤੋਂ ਆਈ ਸੀ। ਬਾਰ੍ਹਵੀਂ ਸਦੀ ਤੋਂ ਸਤਾਰ੍ਹਵੀਂ ਸਦੀ ਦੇ ਦਰਮਿਆਨ ਵੱਖ-ਵੱਖ ਬਾਣੀਕਾਰਾਂ ਦੀ ਬਾਣੀ ਨੂੰ ਇਕੱਠਿਆਂ ਕਰਨ ਬਾਰੇ ਕਈ ਮਤ ਪ੍ਰਚਲਿਤ ਹਨ। ਕਈ ਤਾਂ ਉੱਕੇ ਨਿਰਾਧਾਰ ਹਨ ਜਿਵੇਂ ਕਿ ਭਗਤਾਂ ਦੀਆਂ ਰੂਹਾਂ ਗੁਰੂ ਅਰਜਨ ਜੀ ਕੋਲ ਹਾਜ਼ਰ ਹੋਈਆਂ।[30] ਇਕ ਮਤ ਇਹ ਵੀ ਰਿਹਾ ਹੈ ਕਿ 'ਬਾਬੇ ਮੋਹਣ ਵਾਲੀ ਪੋਥੀ' ਇਕ ਮਹੱਤਵਪੂਰਨ ਸ੍ਰੋਤ ਸੀ। ਹਾਲਾਂਕਿ ਪ੍ਰਿੰ. ਸਾਹਿਬ ਸਿੰਘ ਹੁਰਾਂ ਨੇ ਇਸ ਨੂੰ ਠੀਕ ਨਹੀਂ ਮੰਨਿਆ[31] ਅਤੇ ਇਹ ਥੀਸਸ ਰੱਖਿਆ ਸੀ ਕਿ ਗੁਰੂਆਂ ਦੀ ਬਾਣੀ ਪੀੜ੍ਹੀ-ਦਰ-ਪੀੜ੍ਹੀ ਗੁਰੂ ਅਰਜਨ ਜੀ ਕੋਲ ਪਹੁੰਚੀ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਪ੍ਰੋਫ਼ੈਸਰ ਸਾਹਿਬ ਸਿੰਘ ਵੱਲੋਂ ਦਿੱਤੀ ਦਲੀਲ ਉੱਪਰ ਸਖ਼ਤ ਇਤਰਾਜ਼ ਕਰਦਿਆਂ ਲਿਖਦੇ ਹਨ :

"ਅਸੀਂ *ਗੁਰੂ ਗ੍ਰੰਥ ਸਾਹਿਬ ਦਰਪਣ* ਦੇ ਕਰਤਾ ਜੀ ਦੀ ਅਜਿਹੀ ਰਾਇ ਨਾਲ ਸਹਿਮਤ ਨਹੀਂ। ਸਾਡੇ ਵਿਚਾਰ ਵਿਚ '੧ਓ' (ਜਪੁਜੀ) ਤੋਂ 'ਤਨ ਮਨ ਥੀਵੈ ਹਰਿਆ' ਤਕ ਦਾ ਸ਼ਬਦ ਅਸਗਾਹ ਇਕ ਅਜਿਹੀ ਗੁਰੂ ਲਿਵ ਦੀ ਥਰਥਰਾਹਟ ਹੈ, ਜਿਸਦੇ ਅਪਹੁੰਚ ਰੰਗ ਗੁਰੂ ਨਾਨਕ-ਅਮਲ ਦੀ ਅਣਟੁੱਟ ਖਿੱਚ ਵਿਚ ਖੜੇ ਹਨ। ਅਸੀਂ ਗੁਰੂ-ਲਿਵ ਨੂੰ ਜ਼ਬਾਨ, ਤਰਜ਼ ਅਤੇ ਤੁਕਾਂਤ ਦੇ ਮੱਯਾਰਾਂ ਅਨੁਸਾਰ ਕੇਵਲ ਬਾਹਰਮੁਖੀ

ਸੰਪਾਦਨਾ-ਲੜੀ ਵਿਚ ਨਿਯਮ-ਬੱਧ ਨਹੀਂ ਕਰ ਸਕਦੇ, ਸਗੋਂ ਸਾਨੂੰ ਮੰਨਣਾ ਪਵੇਗਾ ਕਿ ਜ਼ਬਾਨ, ਤਰਜ਼ ਅਤੇ ਤੁਕਾਂਤ ਦੀ ਕਿਤੇ ਕਿਤੇ ਦਿਸਦੀ ਬਾਹਰਮੁਖੀ ਏਕਤਾ ਵੀ ਗੁਰ-ਲਿਵ ਦੀਆਂ ਅਪਹੁੰਚ ਦੂਰੀਆਂ ਵਿਚ ਪੈਦਾ ਹੋਈ ਹੈ[32]।"

ਗੁਰਬਾਣੀ ਦੇ ਸ੍ਰੋਤਾਂ ਦੀ ਚਰਚਾ ਕਰਦਿਆਂ ਗੁਰਬਾਣੀ ਦੀਆਂ ਪ੍ਰਾਚੀਨ ਬੀੜਾਂ ਦੇ ਇਕ ਹੋਰ ਪ੍ਰੌਢ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਆਪਣੀ ਤਾਜ਼ੀ ਖੋਜ ਵਿਚ ਭਾਵੇਂ ਪ੍ਰਿੰ. ਸਾਹਿਬ ਸਿੰਘ ਹੁਰਾਂ ਦੇ ਮਤ ਦਾ ਹੀ ਅਨੁਸਰਣ ਕਰਦੇ ਦਿਸਦੇ ਹਨ, ਪਰ ਉਹ 'ਬਾਬੇ ਮੋਹਣ ਵਾਲੀ ਪੋਥੀ' ਦੇ ਰਚਨਾਕਾਲ ਬਾਰੇ ਸਪਸ਼ਟ ਰਾਏ ਦੇਣ ਦੀ ਥਾਂ ਗੋਲ-ਮੋਲ ਗੱਲ ਕਰਦੇ ਹੀ ਪ੍ਰਤੀਤ ਹੁੰਦੇ ਹਨ।[33] ਇਸ ਪੋਥੀ ਦੇ ਇਤਿਹਾਸਕ ਮਹੱਤਵ ਤੋਂ ਮੁਨਕਰ ਹੋਣਾ ਮੁਸ਼ਕਲ ਹੈ। ਹੱਥ-ਲਿਖਤ ਬੀੜਾਂ ਵਿਚੋਂ 'ਬਾਬੇ ਮੋਹਣ ਵਾਲੀ ਪੋਥੀ' ਪ੍ਰਾਚੀਨਤਮ ਹੈ। ਡਾ. ਰਤਨ ਸਿੰਘ ਜੱਗੀ ਨੇ ਪ੍ਰੋ. ਪ੍ਰੀਤਮ ਸਿੰਘ ਦੀ ਖੋਜ ਨੂੰ ਇਉਂ ਨਿੰਦਿਆ ਹੈ:

"ਗੋਇੰਦਵਾਲ ਵਾਲੀਆਂ ਪੋਥੀਆਂ ਨੂੰ ਸਹੀ ਮੰਨਣ ਵਾਲੀਆਂ ਪੁਰਾਤਨ ਇਤਿਹਾਸਾਂ ਅਤੇ ਰਵਾਇਤਾਂ ਨੂੰ ਬਿਨਾਂ ਕਿਸੇ ਪ੍ਰਕਾਰ ਦੇ ਪ੍ਰਮਾਣਿਕ ਤੱਥ ਪੇਸ਼ ਕੀਤੇ, ਨਕਾਰ ਦਿੱਤਾ ਅਤੇ ਆਪ ਦੁੱਧ ਧੋਤਾ ਦੋਸ਼-ਅਤੀਤ ਬਣ ਕੇ ਇਸ ਪਰਥਾਇ ਪਹਿਲਾਂ ਕੰਮ ਕਰ ਚੁੱਕੇ ਵਿਦਵਾਨਾਂ ਦਾ ਮੌਜੂ ਬਣਾਇਆ। ਪੋਥੀਆਂ ਬਾਰੇ ਗੱਲ ਕਰਨ ਵਾਲੇ ਹਰ ਵਿਦਵਾਨ ਤੋਂ ਆਸ ਕੀਤੀ ਜਾਂਦੀ ਹੈ ਕਿ ਉਸਨੇ ਲਿਖਣ ਤੋਂ ਪਹਿਲਾਂ ਪੋਥੀਆਂ ਨੂੰ ਖ਼ੁਦ ਕਿਉਂ ਨਹੀਂ ਵੇਖਿਆ। ...ਪ੍ਰੋ. ਪ੍ਰੀਤਮ ਸਿੰਘ ਨੇ ਤੱਥਾਂ ਨੂੰ ਵੀ ਮੋੜ ਤੋੜ ਕੇ ਪੇਸ਼ ਕੀਤਾ... ਆਪਣੇ ਮਤ ਦੇ ਸਮਰਥਨ ਲਈ ਬਿਨਾ ਨਾਂ ਦੱਸੇ ਮਿੱਤਰਾਂ ਦੇ ਮੂੰਹੋਂ ਅਖਵਾ ਕੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਦੇ ਰਹੇ[34]।"

ਮੇਰੀ ਜਾਚੇ ਜੇ ਪ੍ਰੋ. ਪ੍ਰੀਤਮ ਸਿੰਘ ਦੇ ਖੋਜ-ਕਾਰਜ ਛਪਣ ਤੋਂ ਪਹਿਲਾਂ ਉਨ੍ਹਾਂ ਦੇ ਪਰਮ-ਮਿੱਤਰ ਡਾ. ਪਿਆਰ ਸਿੰਘ ਹੁਰਾਂ ਨੂੰ ਪੁਜਾਰੀਆਂ ਤੋਂ ਤਨਖ਼ਾਹ ਆਦਿ ਨਾ ਲੱਗੀ ਹੁੰਦੀ ਤਾਂ ਸ਼ਾਇਦ ਪ੍ਰੋ. ਪ੍ਰੀਤਮ ਸਿੰਘ ਜੀ ਦੇ ਸਿੱਟੇ ਕੁਝ ਹੋਰ ਹੁੰਦੇ। ਉਨ੍ਹਾਂ ਦੁਆਰਾ ਲਿਖੇ ਇਹ ਸ਼ਬਦ ਕਿ "ਮੈਂ ਗੁਰੂ ਅਰਜਨ ਦੇਵ ਜੀ ਨੂੰ ਸ਼ਿਰੋਮਣੀ ਸੰਪਾਦਕ ਮੰਨ ਕੇ ਹੀ ਆਪਣੀ ਰਚਨਾ ਆਪ ਨੂੰ ਸਮਰਪਿਤ ਕੀਤੀ ਹੈ"[35] ਕੀ ਇਹ ਸ਼ਬਦ ਪਰੰਪਰਾਵਾਦੀ ਸਿੱਖਾਂ ਦੀ ਬਹੁਗਿਣਤੀ ਨੂੰ ਰਿਝਾਉਣ ਲਈ ਹੀ ਨਹੀਂ ਲਿਖੇ? ਇਹ ਗੱਲ ਮੰਨਣ ਵਿਚ ਕੋਈ ਹਰਜ਼ ਨਹੀਂ ਕਿ ਗੁਰੂ ਅਰਜਨ ਦੇਵ ਜੀ ਨੇ ਪ੍ਰਾਪਤ ਸਾਰੇ ਸ੍ਰੋਤਾਂ ਨੂੰ ਘੋਖਿਆ ਅਤੇ ਆਪਣੇ ਹਿਸਾਬ ਨਾਲ ਬਾਣੀ ਦੀ ਚੋਣ ਵੀ ਕੀਤੀ ਅਤੇ ਸੰਪਾਦਨ ਵੀ ਕੀਤਾ।

ਗੁਰੂ ਅਰਜਨ ਸਾਹਿਬ ਕੋਲ ਗੁਰਬਾਣੀ ਦੇ ਇਕ ਹੋਰ ਸ੍ਰੋਤ ਜਿਸਨੂੰ 'ਹੱਥ-ਲਿਖਤ 1245' ਕਿਹਾ ਹੈ, ਦੀ ਚਰਚਾ ਹੁਣੇ ਹੀ ਛਿੜੀ ਹੈ। ਇਸ ਪੋਥੀ ਬਾਰੇ ਡਾ. ਪਸ਼ੌਰਾ ਸਿੰਘ ਅਤੇ ਗੁਰਿੰਦਰ ਮਾਨ ਦਾ ਮਤ ਹੈ ਕਿ ਇਹ 'ਕਰਤਾਰਪੁਰੀ ਬੀੜ' ਤੋਂ ਪਹਿਲਾਂ ਅਤੇ 'ਗੋਇੰਦਵਾਲ ਵਾਲੀ ਪੋਥੀ' ਤੋਂ ਬਾਅਦ ਹੋਂਦ ਵਿਚ ਆਈ ਸੀ। ਪਰ ਇਸ

ਹੱਥ-ਲਿਖਤ ਉੱਪਰ ਕੰਮ ਕਰਨ ਵਾਲੇ ਇਕ ਹੋਰ ਵਿਦਵਾਨ ਡਾ. ਪਿਆਰ ਸਿੰਘ ਨੇ ਇਸ ਪੋਥੀ ਦੀ ਸੰਪੂਰਨਤਾ ਦਾ ਸਮਾਂ ਛੇਵੇਂ ਪਾਤਸ਼ਾਹ ਦਾ (1640 ਈ.) ਮੰਨਿਆ ਹੈ।[36] ਇਸ ਪੋਥੀ ਬਾਰੇ ਜੋ ਚਰਚਾ ਚੱਲੀ, ਉਸ ਕਾਰਣ ਅੰਤਰ-ਰਾਸ਼ਟਰੀ ਪੱਧਰ ਉੱਪਰ *ਗੁਰੂ ਗ੍ਰੰਥ ਸਾਹਿਬ* ਨੂੰ ਸਮਝਣ ਦਾ ਨਵਾਂ ਰੁਝਾਨ ਅਤੇ ਉਤਸ਼ਾਹ ਪੈਦਾ ਹੋਇਆ। ਇਸ ਬਾਰੇ ਪ੍ਰਸਿੱਧ ਇਤਿਹਾਸਕਾਰ ਡਾ. ਜ.ਸ. ਗਰੇਵਾਲ ਸਿਰੇ ਦੀ ਗੱਲ ਕਰਦਿਆਂ ਲਿਖਦੇ ਹਨ :

"For a scholar who has not specialized in textual studies, the controversy remains unresolved. However, a few things are clear, Whatever the errors of the critical scholars and the limitations of their approach, their attitude towards two problem does not have the same kind of importance in Sikh studies as in Biblical studies.[37]"

ਪਰ ਗਰੇਵਾਲ ਸਾਹਿਬ ਦੁਆਰਾ ਕੀਤੀ ਸਿਆਣੀ ਗੱਲ ਦੇ ਹੁੰਦਿਆਂ-ਸੁੰਦਿਆਂ, *ਗੁਰੂ ਗ੍ਰੰਥ ਸਾਹਿਬ* ਦੇ ਇਤਿਹਾਸ ਦੀ ਚਰਚਾ ਤਾਂ ਚੱਲਣੀ ਹੀ ਹੈ। ਇਹ ਗੱਲ ਹੁਣ ਇਥੇ ਪਹੁੰਚ ਗਈ ਹੈ ਕਿ 'ਕਰਤਾਰਪੁਰੀ ਬੀੜ' ਦੀ ਪ੍ਰਮਾਣਿਕਤਾ ਸਿੱਧ ਕਰਨੀ ਨਾ-ਮੁਮਕਿਨ ਹੈ। ਹਾਲਾਂਕਿ ਡਾ. ਜੋਧ ਸਿੰਘ ਅਤੇ ਸ. ਦਲਜੀਤ ਸਿੰਘ ਨੇ ਪੂਰਾ ਤਾਣ ਲਾਇਆ ਹੈ, ਪਰ ਫਿਰ ਵੀ ਸਿੱਖਾਂ ਦੇ ਬਹੁਤੇ ਸਥਾਪਿਤ ਵਿਦਵਾਨ 'ਕਰਤਾਰਪੁਰੀ ਬੀੜ' ਨੂੰ ਪ੍ਰਮਾਣਿਕ ਮੰਨਣ ਲਈ ਰਾਜ਼ੀ ਨਹੀਂ। ਕੀ ਇਸ ਬੀੜ ਨੂੰ ਗ਼ੈਰ-ਪ੍ਰਮਾਣਿਕ ਮੰਨਣ ਵਾਲਿਆਂ ਦੀ 'ਪੰਥ-ਪ੍ਰਸਤੀ' ਨੂੰ ਸੁਆਲੀਆ ਨਿਸ਼ਾਨ ਲਗ ਸਕਦਾ ਹੈ ? ਹਰਗਿਜ਼ ਨਹੀਂ। ਜੇ ਕੋਈ ਸਾਡੇ ਨਾਲ ਸਹਿਮਤ ਨਾ ਹੋਵੇ ਤਾਂ ਉਸਨੂੰ ਗਿ. ਗੁਰਬਚਨ ਸਿੰਘ ਭਿੰਡਰਾਂ ਵਾਲੇ, ਭਾਈ ਰਣਧੀਰ ਸਿੰਘ, ਭਾਈ ਕਾਨ੍ਹ ਸਿੰਘ ਅਤੇ ਸਿੱਖਾਂ ਦੇ ਨੈਸ਼ਨਲ ਪ੍ਰੋਫ਼ੈਸਰ ਸਰਦਾਰ ਕਪੂਰ ਸਿੰਘ ਨੂੰ ਵੀ 'ਪੰਥ-ਦੋਖੀਆਂ' ਦੀ ਸੂਚੀ ਵਿਚ ਸ਼ਾਮਲ ਕਰਨਾ ਪਵੇਗਾ। ਕਿਉਂਕਿ ਇਹ ਸਾਰੇ ਕਿਸੇ ਨਾ ਕਿਸੇ ਪੱਖ ਤੋਂ ਕਰਤਾਰਪੁਰ ਦੇ ਸੋਢੀਆਂ ਕੋਲ ਪਈ ਬੀੜ ਨੂੰ 'ਅਸਲ' ਨਹੀਂ ਮੰਨਦੇ ਸਨ।

ਟਿੱਪਣੀਆਂ ਤੇ ਹਵਾਲੇ

1. *ਇਤਿਹਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 1.
2. *ਉਹੀ*, ਪੰਨਾ 6.
3. Sulakhan Singh : 'Udasis in early twentieth Century' *Journal of Regional History*, 2(1981), pp. 35-42.
4. Dr. Gurinder Singh Mann, *The making of Sikh Scripture*, p. 27 ਵਿਚੋਂ ਉਧਰਿਤ।
5. *ਇਤਿਹਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 16.
6. *ਉਹੀ*
7. *ਖਸ਼ਟ ਰਾਗ ਕਿਨ ਗਾਏ*, ਪੰਨਾ 40

8. *ਇਤਿਹਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 17.
9. ਰੂਪ ਸਿੰਘ (ਸੰ.), *ਹੁਕਮਨਾਮੇ ਆਦੇਸ਼ ਸੰਦੇਸ਼ : ਸ੍ਰੀ ਅਕਾਲ ਤਖ਼ਤ ਸਾਹਿਬ*, ਪੰਨਾ 31.
10. *ਸਪਤਸ਼੍ਰਿੰਗ*, ਪੰਨਾ 107.
11. ਹਰਮੰਦਰ ਸਿੰਘ ਭਾਟੀਆ, *ਭਾਈ ਬੰਨੋ ਵਾਲੀ ਬੀੜ ਬਾਰੇ ਨੋਟਿੰਗ*, (ਅਣਪ੍ਰਕਾਸ਼ਿਤ ਹੱਥਲਿਖਤ ਰਜਿ.) ਪੰਨਾ 31.
12. *ਅਹੀਆਪੁਰ ਵਾਲੀ ਪੋਥੀ*, ਪੰਨਾ 298.
13. Kirpal Singh & Kharak Singh (ed.) : *History of the Sikhs and their religion*, p.139.
14. *ਬਾਬੇ ਮੋਹਨ ਵਾਲੀਆਂ ਪੋਥੀਆਂ*, ਪੰਨਾ 2.
15. *ਗਾਥਾ ਸ੍ਰੀ ਆਦਿ ਗ੍ਰੰਥ*, ਪੰਨਾ 112.
16. *ਸਿੱਖ ਇਤਿਹਾਸ*, ਪੰਨਾ 23.
17. *ਗਾਥਾ ਸ੍ਰੀ ਆਦਿ ਗ੍ਰੰਥ*, ਪੰਨਾ 112.
18. *ਅਹੀਆਪੁਰ ਵਾਲੀ ਪੋਥੀ*, ਪੰਨਾ 73.
19. *ਉਹੀ*, ਪੰਨਾ 298.
20. *ਉਹੀ*, ਪੰਨਾ 299.
21. *ਉਹੀ*, ਪੰਨਾ 208.
22. *Early Sikh Scriptual Tradition : Myth and Reality*, p. 195.
23. *Gatha Sri Adi Granth and Controversy*, p. 119.
24. ਵੇਖੋ ਗਿ. ਗੁਰਦਿਤ ਸਿੰਘ ਹੁਰਾਂ ਦੀ ਪੁਸਤਕ *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ*
25. ਜੀ.ਬੀ. ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, ਪੰਨਾ ੧੯.
26. *ਗਾਥਾ ਸ੍ਰੀ ਆਦਿ ਗ੍ਰੰਥ*, ਪੰਨਾ 116.
27. *Early Sikh Scriptural Tradition*, p. 78.
28. *ਗਾਥਾ ਸ੍ਰੀ ਆਦਿ ਗ੍ਰੰਥ*, ਪੰਨਾ 414.
29. *ਖੱਸ਼ਟ ਰਾਗ ਕਿਨ ਗਾਏ*, ਪੰਨਾ 45.
30. *ਗੁਰਬਿਲਾਸ ਪਾਤਸ਼ਾਹੀ ਛੇਵੀਂ* ਦੇ ਚੌਥੇ ਅਧਿਆਇ ਵਿਚ ਇਸ ਬਾਰੇ ਵਿਸਥਾਰਪੂਰਵਕ ਲਿਖਿਆ ਮਿਲਦਾ ਹੈ। ਦਸਿਆ ਹੈ ਕਿ ਭਾਈ ਗੁਰਦਾਸ ਨੂੰ ਸ਼ੰਕਾ ਹੋ ਗਈ ਕਿ ਗੁਰੂ ਅਰਜਨ ਆਪ ਹੀ ਭਗਤਾਂ ਦੀ ਬਾਣੀ ਰਚਦੇ ਜਾ ਰਹੇ ਹਨ। ਤਾਂ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਸਾਰੇ ਭਗਤਾਂ ਦੇ ਦਰਸ਼ਨ ਕਰਵਾ ਦਿਤੇ।
31. *ਆਦਿ ਬੀੜ ਬਾਰੇ*, ਪੰਨਾ 74.
32. *ਸਹਿਜੇ ਰਚਿਓ ਖ਼ਾਲਸਾ*, ਪੰਨਾ 321.
33. *ਅਹੀਆਪੁਰ ਵਾਲੀ ਪੋਥੀ*, ਪੰਨਾ 233.
34. *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 22.
35. *ਅਹੀਆਪੁਰ ਵਾਲੀ ਪੋਥੀ*, ਪੰਨਾ 299
36. *ਗਾਥਾ ਸ੍ਰੀ ਆਦਿ ਗ੍ਰੰਥ*, ਪੰਨਾ 169
37. *Contesting Interpretations of the Sikh Tradition*, p. 260.

15

ਪ੍ਰਮਾਣਿਕ ਪਾਠ ਦੀ ਭਾਲ

ਸਿੱਖ ਪਰੰਪਰਾ ਦਸ ਪਾਉਂਦੀ ਹੈ ਕਿ ਗੁਰੂ-ਘਰ ਵਿਚ ਗੁਰਬਾਣੀ ਸੰਪਾਦਨ ਦਾ ਕੰਮ ਦੋ ਵੇਰ ਹੋਇਆ। ਪਹਿਲਾ ਸੰਪਾਦਨ ਕਾਰਜ 1604 ਈ. ਨੂੰ ਗੁਰੂ ਅਰਜਨ ਜੀ ਨੇ ਕੀਤਾ। ਇਸ ਬੀੜ ਨੂੰ 'ਪੋਥੀ ਸਾਹਿਬ' ਜਾਂ 'ਆਦਿ ਬੀੜ' ਕਿਹਾ ਜਾਂਦਾ ਹੈ। ਇਸ ਬੀੜ ਦੇ ਲਿਖਾਰੀ ਭਾਈ ਗੁਰਦਾਸ ਸਨ। ਇਸ ਲਈ ਇਸ ਬੀੜ ਨੂੰ 'ਭਾਈ ਗੁਰਦਾਸ ਵਾਲੀ ਬੀੜ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਦੂਜੀ ਬੀੜ ਜਿਸਨੂੰ ਬਾਅਦ ਵਿਚ 1708 ਈ. ਨੂੰ 'ਸੰਪੂਰਣ ਬੀੜ' ਜਾਣ ਕੇ, ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦਿੱਤੀ ਸੀ, ਦਾ ਸੰਪਾਦਨ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ। ਇਸ ਬੀੜ ਦੇ ਦੋ ਨਾਂ—ਦਮਦਮੇ ਵਾਲੀ ਜਾਂ ਹਜ਼ੂਰੀ ਬੀੜ ਪ੍ਰਚਲਿਤ ਹਨ। ਅਸੀਂ ਦੇਖ ਚੁੱਕੇ ਹਾਂ ਕਿ ਬਾਣੀ ਸੰਭਾਲਣ ਦਾ ਕੰਮ ਗੁਰੂ ਨਾਨਕ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ। ਗੁਰੂ ਨਾਨਕ ਜੀ ਦੇ ਸਮੇਂ ਤੋਂ ਹੀ ਬਾਣੀ ਵਰਗੀ 'ਕੱਚੀ ਕਵਿਤਾ' ਵੀ ਰਚੇ ਜਾਣਾ ਆਰੰਭ ਹੋ ਗਿਆ ਸੀ। ਇਹ ਸਿੱਖ ਪੰਥ ਲਈ ਕਾਫ਼ੀ ਗੰਭੀਰ ਸਮੱਸਿਆ ਬਣ ਚੁੱਕੀ ਸੀ। ਇਸਦਾ ਜ਼ਿਕਰ ਗੁਰੂ ਅਮਰਦਾਸ ਜੀ ਨੇ ਆਪਣੀ ਰਚਨਾ ਵਿਚ ਕੀਤਾ ਸੀ। ਉਨ੍ਹਾਂ ਨੇ ਸਿੱਖਾਂ ਨੂੰ 'ਕੱਚੀ ਬਾਣੀ' ਤੋਂ ਸਾਵਧਾਨ ਰਹਿਣ ਲਈ ਤਾਕੀਦ ਕੀਤੀ।[1] ਬਾਣੀ ਰਚਨਾ ਬੜੀ ਸਰਲ ਅਤੇ ਸਾਧਾਰਣ ਜਿਹਾ ਕਾਰਜ ਹੀ ਲਗਦਾ ਸੀ ਭਾਵੇਂ ਇਸਨੂੰ 'ਖਸਮ ਕੀ ਬਾਣੀ' ਅਤੇ 'ਧੁਰ ਕੀ ਬਾਣੀ' ਕਿਹਾ ਗਿਆ ਸੀ, ਪਰ ਉਪਰੋਂ ਦੇਖਣ ਨੂੰ ਇਸ ਵਿਚ ਕੁਝ ਵੀ 'ਅਸਾਧਾਰਣ' ਨਹੀਂ ਸੀ ਲਗਦਾ। ਅਜਿਹੇ ਰੂਪ-ਰੰਗ ਵਾਲੀ ਰਚਨਾ ਕੀਤੇ ਜਾਣ ਦੀ ਪਰੰਪਰਾ ਭਾਰਤ ਵਿਚ ਨਵੀਂ ਨਹੀਂ ਸੀ। ਰਾਮਾਨੰਦ, ਤਿਰਲੋਚਨ, ਫ਼ਰੀਦ, ਕਬੀਰ, ਨਾਮਦੇਵ, ਰਵਿਦਾਸ ਆਦਿ ਭਗਤ ਅਤੇ ਸੂਫ਼ੀ ਸਦੀਆਂ ਤੋਂ ਰਾਗ-ਬੱਧ ਕਵਿਤਾ ਰਚਦੇ ਆ ਰਹੇ ਸਨ। ਡਾ. ਸੁਰੈਣ ਸਿੰਘ ਵਿਲਖੂ ਆਪਣੇ ਖੋਜ-ਪ੍ਰਬੰਧ ਵਿਚ ਫੁਰਮਾਉਂਦੇ ਹਨ, "ਆਦਿ ਗ੍ਰੰਥ ਦੇ ਸੰਤ-ਕਾਵਿ ਦੇ ਪ੍ਰਮੁਖ ਰਚਣਹਾਰੇ ਕਬੀਰ, ਗੁਰੂ ਨਾਨਕ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਆਦਿ ਦੁਆਰਾ ਜਿਸ ਕਾਵਿ ਦੀ ਰਚਨਾ ਕੀਤੀ ਗਈ, ਉਸ ਰਚਨਾ ਦਾ ਪੱਥ-ਪ੍ਰਦਰਸ਼ਨ ਕਰਨ ਵਾਲੇ ਸੰਤ-ਕਾਵਿ ਦਾ ਆਰੰਭ ਈਸਵੀ ਸੰਨ ਦੀ ਬਾਰ੍ਹਵੀਂ ਸਦੀ ਵਿਚ ਹੀ ਹੋ ਗਿਆ ਸੀ।.....ਇਸ ਵਿਚ ਕੋਈ

ਸੰਦੇਹ ਨਹੀਂ ਕਿ ਕਬੀਰ ਅਤੇ ਗੁਰੂ ਨਾਨਕ ਨੇ ਜੈ ਦੇਵ ਅਤੇ ਨਾਮਦੇਵ ਦੁਆਰਾ ਮਸ਼ਹੂਰ ਸੰਤ-ਮਤ ਨੂੰ ਜੋ ਢੁਕਵਾਂ ਰੂਪ ਦਿੱਤਾ ਉਸਦਾ ਅੰਤਮ ਸਰੂਪ ਸਿੱਖ ਧਰਮ ਅਤੇ ਆਦਿ ਗ੍ਰੰਥ ਦੇ ਸੰਤ-ਕਾਵਿ ਦੇ ਰੂਪ ਵਿਚ ਪ੍ਰਗਟ ਹੈ।"[2] ਇਥੋਂ ਤਕ ਕਿ ਪਿਆਰਾ ਸਿੰਘ ਪਦਮ ਨੇ ਆਪਣੀ ਇਕ ਪੁਸਤਕ ਵਿਚ ਜੋਗੀਆਂ ਵੱਲੋਂ ਰਚੀ ਬਾਣੀ ਦੇ ਜੋ ਕੁਝ ਨਮੂਨੇ ਦਿੱਤੇ, ਉਨ੍ਹਾਂ ਦੀ ਗੁਰਬਾਣੀ ਨਾਲ ਸਮਾਨਤਾ ਹੈਰਾਨ ਕਰ ਦੇਣ ਵਾਲੀ ਸੀ।[3] ਉਦਾਹਰਣ ਦੇ ਤੌਰ 'ਤੇ ਵੇਖੋ:

> ਗੋਰਖ: ਸੁਆਮੀ! ਕਉਣ ਮੂਲ ਕਉਣ ਵੇਲਾ।
> ਕਉਣ ਗੁਰੂ ਕਉਣ ਚੇਲਾ।
> ਕੌਣ ਖੇਤਰ ਕਉਣ ਮੇਲਾ।
> ਕਉਣ ਤੱਤ ਲੇ ਰਮਹਿ ਇਕੇਲਾ।
> ਮਛੰਦ੍ਰ: ਅਵਧੂ! ਮਨ ਮੂਲ ਪਵਨ ਵੇਲਾ।
> ਸਬਦ ਗੁਰੂ ਸੁਰਤਿ ਚੇਲਾ।
> ਤ੍ਰਿਕੁਟੀ ਖੇਤ੍ਰ ਉਲਟਿ ਮੇਲਾ।
> ਨਿਰਬਾਣ ਤੱਤ ਲੇ ਰਮੈ ਅਕੇਲਾ।
> ਗੋਰਖ: ਸੁਆਮੀ! ਹਿਰਦੇ ਨ ਹੋਤਾ ਤਬ ਕਹਾਂ ਰਹਤਾ ਮਨ।
> ਨਾਭੀ ਨ ਹੋਤੀ ਤਬ ਕਹਾਂ ਰਹਤਾ ਪਵਨ।
> ਰੂਪ ਨ ਹੋਤਾ ਤਬ ਕਹਾਂ ਰਹਤਾ ਸ਼ਬਦ
> ਗਗਨ ਨ ਹੋਤਾ ਕਹਾਂ ਰਹਤਾ ਚੰਦ।
> ਮਛੰਦ੍ਰ: ਅਵਧੂ! ਹਿਰਦਾ ਨਾ ਹੋਤਾ ਤਬ ਸੁੰਨ ਰਹਤਾ ਮਨ।
> ਨਾਭੀ ਨ ਹੋਤੀ ਤਬ ਨਿਰਾਕਾਰ ਰਹਤਾ ਪਵਨ।
> ਰੂਪ ਨ ਹੋਤਾ ਤਬ ਅਕੁਲਾਨ ਰਹਤਾ ਸਬਦ।
> ਗਗਨ ਨ ਹੋਤਾ ਤਬ ਅੰਤਰਿਖ ਰਹਤਾ ਚੰਦ।

ਉਪਰੋਕਤ ਰਚਨਾ ਗੁਰੂ ਨਾਨਕ ਜੀ ਰਚਿਤ *ਸਿਧ ਗੋਸਟਿ* ਨਾਲ ਸਮਾਨਤਾ ਰੱਖਦੀ ਹੈ। ਪਦਮ ਸਾਹਿਬ ਦੇ ਭੁਲੇਖੇ ਦਾ ਨਿਵਾਰਨ ਇਸ ਗੱਲ ਤੋਂ ਹੀ ਹੋ ਜਾਂਦਾ ਹੈ ਕਿ ਉਪਰੋਕਤ ਰਚਨਾ ਦੀ ਪ੍ਰਮਾਣਿਕਤਾ ਦਾ ਕੋਈ ਆਧਾਰ ਨਹੀਂ। ਗੁਰਮੁਖੀ ਵਿਚ ਪ੍ਰਾਪਤ ਹੱਥ-ਲਿਖਤਾਂ ਵਿਚੋਂ ਕੋਈ ਵੀ ਸੋਲ੍ਹਵੀਂ ਸਦੀ ਤੋਂ ਪਹਿਲਾਂ ਦੀ ਨਹੀਂ। ਜਿਸ ਰਚਨਾ ਦਾ ਪਦਮ ਜੀ ਨੇ ਹਵਾਲਾ ਦਿੱਤਾ ਹੈ, ਉਹ ਗੁਰਬਾਣੀ ਤੋਂ ਪ੍ਰਭਾਵਿਤ ਹੈ। ਪਰ ਗੁਰਬਾਣੀ ਵਿਚ ਘਟੋ-ਘਟ ਇਕ ਹਵਾਲਾ ਅਜਿਹਾ ਹੈ ਜਿਸ ਵਿਚ ਬਾਣੀ ਉਚਾਰਣੀ ਸਾਧ-ਜਨਾਂ ਦਾ ਆਮ ਲੱਛਣ ਦੱਸਿਆ ਗਿਆ ਹੈ।[4]

ਪ੍ਰੋ. ਸਾਹਿਬ ਸਿੰਘ ਨੇ ਆਪਣੀ ਪ੍ਰਸਿੱਧ ਪੁਸਤਕ 'ਆਦਿ ਬੀੜ ਬਾਰੇ' ਵਿਚ ਇਹ ਸਿੱਧ ਕਰਨ ਲਈ ਕਿ ਭਗਤ ਬਾਣੀ, ਗੁਰੂ ਸਾਹਿਬਾਨ ਕੋਲ ਪਹਿਲਾਂ ਹੀ

ਮੌਜੂਦ ਸੀ; ਜੋ ਤਰਕ ਪੇਸ਼ ਕੀਤਾ ਹੈ ਉਸ ਅਨੁਸਾਰ ਭਗਤ ਬਾਣੀ ਅਤੇ ਗੁਰਬਾਣੀ ਵਿਚ ਕਈ ਥਾਂਵਾਂ ਉੱਪਰ ਕਮਾਲ ਦੀ ਸਮਾਨਤਾ ਹੈ।[5] ਸਿੱਖ ਵਿਦਵਾਨ ਇਸ ਗੱਲ ਬਾਰੇ ਵੀ ਸਹਿਮਤ ਨਹੀਂ ਕਿ ਭਗਤਾਂ ਦੀ ਸਾਰੀ ਬਾਣੀ ਕੇਵਲ ਗੁਰੂ ਨਾਨਕ ਸਾਹਿਬ ਨੇ ਹੀ ਉਦਾਸੀਆਂ ਦੌਰਾਨ ਇਕੱਤਰ ਕੀਤੀ ਸੀ। ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ ਲਿਖਦੇ ਹਨ, "ਗੁਰੂ ਅਮਰਦਾਸ ਜੀ ਨੇ ਆਪ ਵੀ ਭਗਤਾਂ ਦੇ ਭਜਨਾਂ ਵਿਚੋਂ ਕੁਝ ਭਜਨਾਂ ਦੀ ਚੋਣ ਕੀਤੀ ਜਿਨ੍ਹਾਂ ਦੀ ਉਹ ਆਪਣੇ ਵੈਸ਼ਨਵ ਹੋਣ ਦੇ ਦਿਨਾਂ ਵਿਚ ਪ੍ਰਸੰਸਾ ਕਰਿਆ ਕਰਦੇ ਸਨ।"[6] ਪ੍ਰੋ. ਸਾਹਿਬ ਸਿੰਘ ਨੇ ਆਪਣੇ ਪੱਖ ਵਿਚ ਅਜਿਹੀਆਂ ਦਰਜਨਾਂ ਉਦਾਹਰਣਾਂ ਦਿੰਦਿਆਂ ਇਕ ਗੁਰੂ ਦੀ, ਦੂਜੇ ਗੁਰੂ ਦੀ ਬਾਣੀ ਨਾਲ ਸਮਾਨਤਾ ਨੂੰ ਵੀ ਸਿੱਧ ਕੀਤਾ। ਸਿੱਖਾਂ ਦੇ ਰੂੜ੍ਹੀਵਾਦੀ ਵਿਦਵਾਨ ਪ੍ਰੋ. ਸਾਹਿਬ ਸਿੰਘ ਦੀ ਧਾਰਣਾ ਦਾ ਆਮ ਤੌਰ 'ਤੇ ਸਮਰਥਨ ਕਰਦੇ ਹਨ। ਭਾਵੇਂ ਕਿ ਕਿਸੇ ਕੋਲ ਇਸ ਮਤ ਦੇ ਮੰਡਨ ਲਈ ਕੋਈ ਵੀ ਗੁਰਬਾਣੀ ਦੀ ਐਸੀ ਪੋਥੀ ਨਹੀਂ, ਜਿਹੜੀ ਗੁਰੂ ਨਾਨਕ ਜਾਂ ਗੁਰੂ ਅੰਗਦ ਜਾਂ ਗੁਰੂ ਅਮਰਦਾਸ ਜਾਂ ਗੁਰੂ ਰਾਮਦਾਸ ਜੀ ਦੇ ਸਮੇਂ ਦੀ ਹੋਵੇ। ਇਸ ਪ੍ਰਸ਼ਨ ਦਾ ਜੁਆਬ ਦੇਣਾ ਅਸੰਭਵ ਹੈ ਕਿ ਗੁਰੂ ਅਰਜਨ ਸਾਹਿਬ ਨੇ ਉਸ ਪੋਥੀ ਦਾ ਕੀ ਕੀਤਾ, ਜਿਹੜੀ (ਪ੍ਰੋ. ਸਾਹਿਬ ਸਿੰਘ ਦੇ ਮਤਾਨੁਸਾਰ) ਸੀਨਾ-ਬ-ਸੀਨਾ ਉਨ੍ਹਾਂ ਕੋਲ ਪਹੁੰਚੀ ਸੀ?

ਅਸੀਂ ਇਹ ਚਰਚਾ ਅੱਗੇ ਵਧਾਉਂਦਿਆਂ ਦੱਸਦੇ ਚੱਲੀਏ ਕਿ ਮੁਸਲਮਾਨੀ ਗ੍ਰੰਥ *ਕੁਰਾਨ* ਨੇ ਦਾਅਵਾ ਕੀਤਾ ਹੈ ਕਿ ਮਨੁੱਖ ਅਤੇ ਜਿੰਨ ਮਿਲ ਕੇ ਵੀ ਯਤਨ ਕਰਨ ਤਾਂ ਕੁਰਾਨ ਦੇ ਪਾਠ ਵਰਗਾ, ਪਾਠ ਨਹੀਂ ਲਿਖ ਸਕਦੇ।[7] ਇਸਲਾਮਕ ਵਿਸ਼ਵਾਸ ਅਨੁਸਾਰ ਕਿਉਂ ਕਿ *ਕੁਰਾਨ* ਅਲਾਹ ਦੀ ਕਿਤਾਬ ਹੈ, ਇਸ ਲਈ ਉਸਦੀ ਨਕਲ ਕਰਨੀ ਮਨੁੱਖ ਦੇ ਵੱਸ ਵਿਚ ਨਹੀਂ। ਪ੍ਰਸ਼ਨ ਉੱਠਦਾ ਹੈ ਕਿ ਗੁਰਬਾਣੀ ਵਰਗੀ ਬਾਣੀ ਜੇ ਭਗਤ ਵੀ ਰਚ ਲੈਣ, ਯੋਗੀ ਅਤੇ ਭੱਟ ਵੀ ਲਿਖ ਲੈਣ ਅਤੇ ਸਤਾ-ਬਲਵੰਡ ਤੇ ਸੁੰਦਰ ਜਿਹੇ ਆਮ ਸਿੱਖ ਵੀ ਰਚ ਰਹੇ ਹੋਣ ਤਾਂ ਅਕਾਦਮਿਕ ਪੱਖ ਤੋਂ ਇਹ ਨਿਰਣਾ ਕਰਨਾ ਅਤੀ ਜੋਖ਼ਿਮ ਭਰਿਆ ਹੋਵੇਗਾ ਕਿ ਗੁਰਬਾਣੀ ਅਤੇ ਹੋਰਾਂ ਦੁਆਰਾ ਰਚੀ ਬਾਣੀ ਦੀ ਪਦ-ਪਦਵੀ ਕੀ ਹੈ? ਰੂੜ੍ਹੀਵਾਦੀ ਵਿਦਵਾਨ *ਗੁਰੂ ਗ੍ਰੰਥ ਸਾਹਿਬ* ਵਿਚਲੀ ਸਮੁੱਚੀ ਰਚਨਾ ਨੂੰ ਇਕ ਇਕਾਈ ਮੰਨਦੇ ਹਨ। ਇਸ ਤਰ੍ਹਾਂ ਸਿੱਖਾਂ ਦੇ ਅਕਾਦਮਿਕ ਖੇਤਰਾਂ ਵਿਚ ਇਸ ਪ੍ਰਸ਼ਨ ਨੂੰ ਦੋ ਪੱਖਾਂ ਤੋਂ ਵਿਚਾਰਿਆ ਜਾਂਦਾ ਹੈ:

ੳ. ਕੀ *ਗੁਰੂ ਗ੍ਰੰਥ ਸਾਹਿਬ* ਦੀ ਸਮੁੱਚੀ ਬਾਣੀ 'ਧੁਰ ਕੀ ਬਾਣੀ' ਭਾਵ ਇਲਹਾਮ ਹੈ?

ਅ. ਕੀ *ਗੁਰੂ ਗ੍ਰੰਥ ਸਾਹਿਬ* ਦੀ ਸਮੁੱਚੀ ਬਾਣੀ ਕਿਸੇ ਸਾਂਝੀ ਵਿਚਾਰਧਾਰਾ ਦਾ ਅਨੁਸਰਣ ਕਰਦੀ ਹੈ?

ਇਨ੍ਹਾਂ ਦੋਹਾਂ ਪ੍ਰਸ਼ਨਾਂ ਬਾਰੇ ਸਿੱਖ ਵਿਦਵਾਨ ਇਕ ਮਤ ਨਹੀਂ ਹਨ। ਪਹਿਲੇ ਪ੍ਰਸ਼ਨ ਉੱਪਰ ਸਿੱਖ ਵਿਦਵਾਨਾਂ ਦੀਆਂ ਦੋ ਧਿਰਾਂ ਹਨ। ਪਹਿਲੀ ਧਿਰ ਨੂੰ 'ਪੰਚ ਖ਼ਾਲਸਾ ਦੀਵਾਨ ਭਸੌੜ' ਦੀ ਸਰਪ੍ਰਸਤੀ ਰਹੀ ਹੈ। ਅਸੀਂ ਪਿਛਲੇ ਅਧਿਆਇ ਵਿਚ ਦੇਖ ਆਏ ਹਾਂ ਕਿ ਇਨ੍ਹਾਂ ਦੀ ਸੋਚ ਨੂੰ ਖ਼ਤਮ ਕਰਨ ਲਈ ਸਿੱਖ ਵਿਦਵਾਨਾਂ ਨੇ ਕਈ ਜੁਗਤੀਆਂ ਲੜਾਈਆਂ। ਇਸ ਜਥੇਬੰਦੀ ਦੇ ਅਨੁਯਾਈ ਸਿਵਾਏ ਗੁਰਬਾਣੀ ਦੇ, ਕਿਸੇ ਹੋਰ ਭਗਤ, ਭੱਟ ਜਾਂ ਵਿਅਕਤੀ ਦੀ ਰਚਨਾ ਨੂੰ ਮਾਨਤਾ ਨਹੀਂ ਦਿੰਦੇ ਸਨ। ਇਨ੍ਹਾਂ ਦਾ ਸਿੱਧਾ ਜਿਹਾ ਮਤ ਹੈ ਕਿ ਇਹ ਰਚਨਾ *ਆਦਿ ਗ੍ਰੰਥ* ਵਿਚ ਮੀਣਿਆਂ ਨੇ ਮਿਲਾਈ ਸੀ। ਸੋ, ਇਹ ਛਾਪੇ ਜਾ ਰਹੇ *ਗੁਰੂ ਗ੍ਰੰਥ ਸਾਹਿਬ* ਨੂੰ ਪ੍ਰਮਾਣਿਕ ਨਹੀਂ ਮੰਨਦੇ ਸਨ। ਉਹ ਇਥੋਂ ਤੀਕ ਮੰਨਦੇ ਹਨ ਕਿ ਜਿਸ 'ਹਜ਼ੂਰੀ ਬੀੜ' ਨੂੰ 1708 ਈ. ਵਿਚ ਦਸਮ-ਪਿਤਾ ਨੇ ਗੁਰਿਆਈ ਬਖਸ਼ੀ ਸੀ, ਉਸ ਵਿਚ ਦਸਮ-ਪਿਤਾ ਦੀ ਬਾਣੀ ਵੀ ਦਰਜ ਸੀ। ਇਸ ਧਿਰ ਦਾ ਇਕ ਵਿਦਵਾਨ 1990 ਈ. ਵਿਚ ਵੀ ਲਿਖ ਰਿਹਾ ਸੀ:

ਹਜ਼ੂਰੀ ਬੀੜ ਨੂੰ ਕਾਹਨ ਸਿੰਘ, ਭਾਈ ਵੀਰ ਸਿੰਘ, ਬਾਬੂ ਤੇਜਾ ਸਿੰਘ, ਗਿਆਨੀ ਲਾਲ ਸਿੰਘ ਵਰਗੇ ਖੋਜ ਹਾਰੇ ਤੇ ਅੰਤ ਨਿਰਾਸ਼ ਹੋ ਕੇ ਜਗਤ ਤੋਂ ਚੱਲ ਬਸੇ। ਵਿਦਵਾਨੋ ਇਧਰ ਧਿਆਨ ਦੇਵੋ ਤੇ ਹਿੰਮਤ ਦਲੇਰੀ ਨਾਲ ਲੁਪਤ ਹਜ਼ੂਰੀ ਬੀੜ ਦੀ ਤਲਾਸ਼ ਕਰੋ। ਨਾ ਮਿਲਣ ਦੀ ਸੂਰਤ ਵਿਚ ਉਚੇਚੇ ਇਕੱਤ੍ਰ ਹੋ ਕੇ ਮੌਜੂਦਾ ਛਾਪੇ ਦੀ ਬੀੜ ਨੂੰ ਸੋਧੋ। ਦਸ਼ਮੇਸ਼ ਜੀ ਦੀ ਗੁਰਬਾਣੀ ਜੋ ਮੁਖਵਾਕ ਹੈ ਇਸ ਅੰਦਰ ਦਰਜ ਕਰਕੇ ਪ੍ਰਕਾਸ਼ ਕਰੋ।[8]

ਇਸੇ ਧਾਰਾ ਦਾ ਇਕ ਹੋਰ ਲੇਖਕ ਪਰੰਪਰਵਾਦੀਆਂ ਨੂੰ ਕੋਸਦਾ ਲਿਖਦਾ ਹੈ:

ਲਾਲਚੀ ਟੀਕਾਕਾਰੋ! ਤੇ ਇਤਿਹਾਸਕਾਰੋ! ਅਖੌਤੀ ਵਿਦਵਾਨੋ! ਅਤੇ ਗੁਰਬਾਣੀ ਦੇ ਅਰਥਾਂ ਦੇ ਕੁਅਰਥ ਕਰਕੇ ਗੁਰਨਿੰਦਾ ਦੇ ਦੋਸ਼ੀਓ! ਕੰਨ ਖੋਲ੍ਹਕੇ ਸੁਣੋ! ਅੱਖੀਆਂ ਉਘਾੜ ਕੇ ਪੜ੍ਹੋ[9]...ਦਸੋਂ ਹੀ ਸਤਿਗੁਰੂ ਸਾਹਿਬਾਨ ਦੀ ਗੁਰਬਾਣੀ ਬਿਨਾਂ ਸਾਰੀਆਂ ਹੀ ਰਚਨਾਵਾਂ ਭਗਤਾਂ, ਭੱਟਾਂ, ਸ਼ੇਖ ਆਦਿ ਦੀਆਂ ਕਚੀਆਂ ਹਨ। ...ਇਹ ਸਾਰਾ ਕੱਚ-ਪਿੱਚ ਨਿਰੋਲ ਪਵਿੱਤ੍ਰ ਹਜ਼ੂਰੀ ਬੀੜ ਦੇ ਪ੍ਰਕਾਸ਼ ਨਾਲ ਹੂੰਝਿਆ ਜਾ ਸਕਦਾ ਹੈ।[10]

ਇਹੋ ਜਿਹੀਆਂ ਗੱਲਾਂ ਕਰਨ ਕਰਕੇ ਇਨ੍ਹਾਂ ਦੀ ਸੰਸਥਾ ਦੇ ਮੋਢੀ ਬਾਊ ਤੇਜਾ ਸਿੰਘ ਨੂੰ, ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹੀਆ ਕਰਾਰ ਦਿੱਤਾ ਜਾ ਚੁੱਕਿਆ ਸੀ। ਅੱਜ ਭਾਵੇਂ ਕਿ ਭਸੌੜ ਪੰਥੀਆਂ ਦੇ ਜ਼ਾਹਰਾ ਅਨੁਯਾਈ ਨਜ਼ਰ ਨਹੀਂ ਆਉਂਦੇ ਪਰ ਬਹੁਤ ਸਾਰੇ ਸਿੱਖ ਵਿਦਵਾਨ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਦੇ ਵਿਚਾਰਾਂ ਦਾ ਅਨੁਸਰਣ ਕਰਦੇ ਆ ਰਹੇ ਹਨ। ਪੰਥਕ ਵਿਦਵਾਨ ਭਗਤ ਬਾਣੀ ਅਤੇ ਗੁਰਬਾਣੀ ਨੂੰ ਵਿਚਾਰਧਾਰਕ ਤੌਰ 'ਤੇ ਬਰਾਬਰ ਮੰਨਣ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਆਨਾ-ਕਾਨੀ ਕਰਦੇ ਰਹੇ ਹਨ। ਜਿਵੇਂ ਕਿ ਪਹਿਲਾਂ ਵੀ ਦਸਿਆ

ਜਾ ਚੁੱਕਾ ਹੈ ਕਿ ਸਿੱਖ ਵਿਦਵਾਨਾਂ ਵਿਚ ਦੂਰ-ਅੰਦੇਸ਼ੀ ਦੀ ਘਾਟ ਰਹੀ ਹੈ। ਉਹ ਇੱਕ ਸਮੱਸਿਆ ਦਾ ਹੱਲ ਕਰਦਿਆਂ, ਨਵੀਂ ਮੁਸੀਬਤ ਪੈਦਾ ਕਰ ਲੈਂਦੇ ਹਨ। ਇਹੀ ਗੱਲ ਇਥੇ ਦੁਹਰਾਈ ਗਈ। ਪ੍ਰੋ. ਸਾਹਿਬ ਸਿੰਘ ਨੇ ਪੂਰਾ ਤਾਣ ਲਾ ਕੇ ਭਗਤ-ਬਾਣੀ ਨੂੰ ਗੁਰਬਾਣੀ ਅਨੁਕੂਲ 'ਸਿਧ' ਕੀਤਾ। ਇਸ ਨਾਲ ਇਕ ਨਵੀਂ ਮੁਸਕਲ ਪੈਦਾ ਹੋ ਗਈ ਕਿ ਇਸ ਤਰ੍ਹਾਂ ਤਾਂ ਗੁਰੂ ਸਾਹਿਬਾਨ, ਭਗਤਾਂ ਦੇ ਅਨੁਯਾਈ ਬਣ ਜਾਂਦੇ ਹਨ। ਇਸ ਗੱਲ ਨੇ ਕਈ ਸਿੱਖ ਵਿਦਵਾਨਾਂ ਨੂੰ ਚਿੰਤਾ ਵਿਚ ਪਾ ਦਿੱਤਾ। ਉਨ੍ਹਾਂ ਨੂੰ ਮਹਿਸੂਸ ਹੁੰਦਾ ਕਿ ਇਉਂ ਸੋਚਣ ਨਾਲ ਤਾਂ ਗੁਰੂ ਸਾਹਿਬਾਨ ਦੀ ਵਡਿਆਈ ਹੀ ਨਹੀਂ ਰਹਿੰਦੀ, ਜੇ ਭਗਤ ਵੀ ਉਹੀ ਗੱਲਾਂ ਕਰ ਗਏ ਹੋਣ। ਸਗੋਂ, ਭਗਤ ਵਧੇਰੇ ਮਹਾਨ ਸਿਧ ਹੋ ਜਾਂਦੇ ਹਨ। ਕਿਉਂ ਜੁ ਉਨ੍ਹਾਂ ਨੇ ਗੁਰੂ ਸਾਹਿਬਾਨ ਤੋਂ ਪਹਿਲਾਂ ਹੀ ਉਹ ਕੁਝ ਕਹਿ ਦਿੱਤਾ ਸੀ। ਇਨ੍ਹਾਂ ਵਿਦਵਾਨਾਂ ਵਿਚੋਂ ਗਿ. ਗੁਰਦਿੱਤ ਸਿੰਘ ਹੁਰਾਂ ਨੇ ਆਪਣੀ ਪੁਸਤਕ *ਇਤਿਹਾਸ ਸ੍ਰੀ ਗੁਰੂ ਗ੍ਰੰਥ* ਵਿਚ ਸਾਰੇ ਭਗਤਾਂ ਨੂੰ ਗੁਰੂਆਂ ਦੇ ਅਨੁਯਾਈ ਸਿੱਧ ਕਰਨ ਲਈ ਕਈ ਜੁਗਤੀਆਂ ਲਗਾਈਆਂ ਹਨ। ਡਾ. ਪਸ਼ੌਰਾ ਸਿੰਘ ਇਸ ਬਾਰੇ ਵਿਸ਼ਲੇਸ਼ਣ ਕਰਦਿਆਂ ਯਾਦ ਦਿਵਾਉਂਦੇ ਹਨ ਕਿ ਇਸ ਤਰ੍ਹਾਂ ਦੀ ਵਿਚਾਰਧਾਰਾ 1984 ਈ. ਦੇ ਭਾਰਤੀ ਫ਼ੌਜ ਦੁਆਰਾ ਸ੍ਰੀ ਦਰਬਾਰ ਸਾਹਿਬ ਉਪਰ ਕੀਤੇ ਹਮਲੇ ਤੋਂ ਬਾਅਦ ਵਿਕਾਸ ਕਰਨ ਲਗੀ, ਜਦੋਂ ਸਿੱਖ ਪੰਥ ਦੇਸ਼ ਦੀ ਮੁਖਧਾਰਾ ਤੋਂ ਅਲੱਗ-ਥਲੱਗ ਪੈ ਰਿਹਾ ਸੀ।[11] ਅਸੀਂ ਦੇਖਾਂਗੇ ਕਿ ਡਾ. ਪਸ਼ੌਰਾ ਸਿੰਘ ਦੀ ਇਸ ਗੱਲ ਵਿਚ ਸੱਚਾਈ ਨਹੀਂ। ਇਸ ਪੁਸਤਕ ਦੀ ਭੂਮਿਕਾ ਵਿਚ ਉਸ ਵੇਲੇ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਲਿਖਦੇ ਹਨ ਕਿ, "ਇਹ ਪੁਸਤਕ ਸਤਿਗੁਰਾਂ ਨੇ ਲੇਖਕ ਦੇ ਹਿਰਦੇ ਵਿਚ ਬੈਠਕੇ ਲਿਖਾਈ ਹੈ।" ਸਤਿਗੁਰਾਂ ਨੇ ਗਿ. ਗੁਰਦਿੱਤ ਸਿੰਘ ਜੀ ਦੇ ਹਿਰਦੇ ਵਿਚ ਬੈਠ ਕੇ ਜੋ ਪੁਸਤਕ ਲਿਖਾਈ ਸੀ, ਉਸਦਾ ਵਿਰੋਧ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਿਤ ਪੁਸਤਕ 'ਸੇ ਭਗਤ ਸਤਿਗੁਰ ਮਨਿ ਭਾਏ' (ਸੰਪਾਦਕ ਰੂਪ ਸਿੰਘ) ਦੀ ਭੂਮਿਕਾ ਵਿਚ ਪ੍ਰੋ. ਬਲਕਾਰ ਸਿੰਘ ਕਰਦਿਆਂ ਲਿਖਦੇ ਹਨ, "......ਇਸ ਨਾਲ ਵੀ ਕੁਝ ਵਿਦਵਾਨਾਂ ਦੀ ਤਸੱਲੀ ਨਾ ਹੋਈ ਅਤੇ ਉਨ੍ਹਾਂ ਨੇ ਇਹ ਪ੍ਰਸ਼ਨ ਫਿਰ ਪੈਦਾ ਕਰ ਲਿਆ ਸੀ ਕਿ ਪ੍ਰੋ. ਸਾਹਿਬ ਸਿੰਘ ਦੀ ਧਾਰਨਾ ਨਾਲ ਤਾਂ ਗੁਰਮਤਿ-ਚਿੰਤਨ, ਭਗਤ-ਪਰੰਪਰਾ ਦੀ ਨਿਰੰਤਰਤਾ ਵਿਚ ਹੋ ਜਾਵੇਗਾ। ਇਸ ਦਾ ਸੌਖਾ ਹੱਲ ਇਹ ਲੱਭ ਲਿਆ ਗਿਆ ਕਿ ਇਹ ਸਾਬਤ ਕਰਨ ਦਾ ਯਤਨ ਕੀਤਾ ਜਾਵੇ ਕਿ ਭਗਤ ਹੋਏ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਹਨ। ਸੁਹਿਰਦ ਸਿੱਖ ਵਿਦਵਾਨ ਵੀ ਇਸਦਾ ਸ਼ਿਕਾਰ ਹੋ ਗਏ...ਭਗਤਾਂ ਨੂੰ ਗੁਰੂ ਨਾਨਕ ਸਾਹਿਬ ਦੇ ਚੇਲੇ ਸਾਬਤ ਕਰਨ ਦੇ ਲਾਲਚ ਵਿਚ ਜੋ ਵੀ ਦਲੀਲ ਦਿੱਤੀ ਗਈ ਜਾਂ ਦਿੱਤੀ ਜਾਵੇਗੀ, ਉਹ ਨਿਰਸੰਦੇਹ ਭਾਈ ਕਾਹਨ ਸਿੰਘ ਨਾਭਾ ਵੱਲੋਂ ਸਥਾਪਤ ਅਕਾਦਮਿਕ ਜੁਗਤਿ ਦੇ ਜੇ ਸਿੱਧੀ ਵਿਰੋਧ ਵਿਚ ਨਹੀਂ ਵੀ ਹੋਵੇਗੀ ਤਾਂ ਵੀ ਤਨਾਓ ਵਿਚ ਤਾਂ ਜ਼ਰੂਰ ਹੋਵੇਗੀ।"

ਇਹ ਹੈ ਸਾਡੀ ਖੋਜ ਦਾ ਮਿਆਰ? ਸ਼੍ਰੋਮਣੀ ਕਮੇਟੀ ਦੀ ਪ੍ਰਕਾਸ਼ਨਾ ਗ਼ਲਤ ਹੈ ਜਾਂ ਟੌਹੜਾ ਸਾਹਿਬ ਦੁਆਰਾ ਗਿ. ਗੁਰਦਿੱਤ ਸਿੰਘ ਦੀ ਪੁਸਤਕ ਦੀ ਕੀਤੀ ਤਾਰੀਫ਼ ਝੂਠੀ ਹੈ? ਜੇ ਟੌਹੜਾ ਸਾਹਿਬ ਠੀਕ ਸਨ ਤਾਂ ਪ੍ਰੋ. ਬਲਕਾਰ ਸਿੰਘ ਨੂੰ ਈਸ਼-ਨਿੰਦਾ (blasphemy) ਦਾ 'ਦੋਸ਼ੀ' ਸਮਝੋ।

ਇਸ 'ਮਹਾਨ' ਪੁਸਤਕ ਵਿਚ ਗਿ. ਗੁਰਦਿੱਤ ਸਿੰਘ ਜੀ ਲਿਖਦੇ ਹਨ:

"ਗੁਰੂ ਨਾਨਕ ਗੁਰੂ ਸਨ, ਭਗਤ ਭਗਤ ਸਨ।...ਕਬੀਰ ਜੀ ਦੇ ਅਜੇਹੇ ਹੋਰ ਕਈ ਵਾਕ ਸ਼ੰਕਿਆਂ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੇ ਕਿ ਉਨ੍ਹਾਂ ਨੂੰ ਗੁਰੂ ਕ੍ਰਿਪਾ ਨਾਲ ਪ੍ਰਾਪਤੀ ਹੋਈ ਸੀ। ਇਹ ਭੀ, ਤ੍ਰਿਕੁਟੀ ਸੋਧਣ ਦੀ ਜੁਗਤ ਗੁਰੂ ਨਾਨਕ ਜੀ ਨੇ ਕਬੀਰ ਜੀ ਨੂੰ ਸੁਝਾਈ ਤੇ ਸਿਖਾਈ ਸੀ।"[12]

Institute of Sikh Studies ਚੰਡੀਗੜ੍ਹ ਦੇ ਸੰਸਥਾਪਕ ਸ. ਦਲਜੀਤ ਸਿੰਘ ਦੇ ਸ਼ਬਦ ਇਸ ਪੱਖ ਤੋਂ ਬੜਾ ਮਹੱਤਵ ਰੱਖਦੇ ਹਨ:

"The issue of socio-political responsibility needs some amplification, since it is very relevant to our discussion and forms a fundamentally distinguishing feature between a mysticism of Rest and mysticism of Activity. We find that Kabir and other saints of this Bhakti School, while they are radically different from the Vaisnava and Saiva saints, are equally distinct from the overall point of view, the gap between Sikh mysticism and radical school is greater than the one between the latter and the Vaisnava saints. On the issue of the reality of the world and the value of moral activity as the basis of spiritual growth, the views of many of the mystics of the radical group are ambignous and even ambivalent in same cases. Apart from the view of four saints (Kabir, Namdev, Tukaram and Ravidas) referred to above, the lives and utterances of saints like Pipa, Trilochan, Dhana, Jaidev, Sadhna and Surdas also show no social involvement in the moral affairs of man. In fact the last named of these saints went even to the sextent of spending the later period of his life in contemplation in a forest tract.[13]

ਮੈਕਸ ਆਰਥਰ ਮੈਕਾਲਿਫ਼ ਨਾਮਦੇਵ ਜੀ ਦੀ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਲਿਖਦਾ ਹੈ ਕਿ, "ਇਹ ਉਨ੍ਹਾਂ ਦੇ ਜੀਵਨ ਦੀਆਂ ਤਿੰਨ ਅਵਸਥਾਵਾਂ ਨਾਲ ਸੰਬੰਧਿਤ ਹੈ—ਬਚਪਨ ਦੀ ਅਵਸਥਾ ਜਦੋਂ ਕਿ ਉਹ ਬੁੱਤ-ਪੂਜ ਸੀ, ਪ੍ਰੌਢ ਅਵਸਥਾ ਜਦ ਕਿ ਉਹ ਆਪਣੇ ਆਪ ਨੂੰ ਹਿੰਦੂ ਵਹਿਮਾਂ

ਤੋਂ ਮੁਕਤ ਕਰ ਰਿਹਾ ਸੀ ਅਤੇ ਬ੍ਰਿਧ ਅਵਸਥਾ ਜਦ ਕਿ ਉਸਦੇ ਸ਼ਬਦ ਸਮਕਾਲੀ ਧਾਰਮਿਕ ਸੁਧਾਰਕਾਂ ਦੇ ਵਿਚਾਰਾਂ ਅਤੇ ਪਿੱਛੋਂ ਸਿੱਖ ਗੁਰੂਆਂ ਦੀ ਸਿੱਖਿਆ ਦੇ ਅਨੁਰੂਪ ਹੋ ਗਏ। ਇਹੀ ਕਾਰਣ ਹੈ ਕਿ ਉਨ੍ਹਾਂ ਦੇ ਪਿਛਲੇਰੇ ਅਤੇ ਅਧਿਕ ਪਰਿਪੱਕ ਵਿਚਾਰਾਂ ਕਰਕੇ ਉਨ੍ਹਾਂ ਦੀ ਬਾਣੀ ਸਿੱਖਾਂ ਦੇ ਪਵਿੱਤਰ ਧਰਮ ਗ੍ਰੰਥ ਵਿਚ ਸੰਕਲਿਤ ਕੀਤੀ ਗਈ ਸੀ।"[14] ਇਸ ਕਥਨ ਉਪਰ ਉਹ ਲੋਕ ਆਪੱਤੀ ਕਰ ਸਕਦੇ ਹਨ ਜਿਹੜੇ ਸਮੁੱਚੀ ਭਗਤ-ਬਾਣੀ ਨੂੰ ਗੁਰਬਾਣੀ ਅਨੁਕੂਲ ਦੱਸਦੇ ਹਨ। ਅਜਿਹਾ ਅੰਤਰ-ਵਿਰੋਧ ਭਗਤ ਨਾਮਦੇਵ ਦੀ ਬਾਣੀ ਵਿਚ ਮੈਨੂੰ ਵੀ ਮਹਿਸੂਸ ਹੁੰਦਾ ਹੈ ਅਤੇ ਮੈਨੂੰ ਜਾਪਦਾ ਹੈ ਕਿ ਸ਼ਾਇਦ ਨਾਮਦੇਵ ਨਾਂ ਦੇ ਦੋ ਵੱਖ-ਵੱਖ ਵਿਅਕਤੀਆਂ ਦੀ ਬਾਣੀ *ਗੁਰੂ ਗ੍ਰੰਥ ਸਾਹਿਬ* ਵਿਚ ਹੋਵੇਗੀ—ਇਕ ਮਹਾਂਰਾਸ਼ਟਰ ਵਾਲਾ ਤੇ ਦੂਜਾ ਪੰਜਾਬ ਦਾ ਵਾਸੀ। ਪਰ ਇਸ ਦਾ ਹੋਰ ਕੋਈ ਪ੍ਰਮਾਣ ਦੇ ਸਕਣਾ ਸੰਭਵ ਨਹੀਂ। ਇਥੇ ਇਹ ਵੀ ਦਸਦੇ ਚਲੀਏ ਕਿ ਬਾਅਦ ਦੀ ਸਿੱਖ ਰਵਾਇਤ ਅਨੁਸਾਰ ਜਿਨ੍ਹਾਂ ਪੰਜ ਪਿਆਰਿਆਂ ਨੂੰ 1699 ਈ. ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਇਆ ਸੀ, ਉਹ ਪਿਛਲੇ ਜਨਮ ਵਿਚ ਭਗਤ ਸਨ। ਇਹ ਵੀ ਯਾਦ ਕਰਾ ਦੇਈਏ ਕਿ ਭੱਟਾਂ ਨੇ ਵੀ ਭਗਤਾਂ ਨੂੰ ਗੁਰੂ ਨਾਨਕ ਸਾਹਿਬ ਦੀ ਮਹਿਮਾ ਕਰਨ ਵਾਲੇ ਦਸਿਆ ਹੈ।[15] ਖ਼ੈਰ! ਇਕ ਗੱਲ ਜੋ ਦ੍ਰਿੜ੍ਹਤਾ ਨਾਲ ਲਿਖੀ ਜਾ ਸਕਦੀ ਹੈ ਉਹ ਇਹ ਹੈ ਕਿ ਕੋਈ ਵੀ ਪੰਥਕ ਵਿਦਵਾਨ ਭਗਤਾਂ ਨੂੰ ਗੁਰੂ ਸਾਹਿਬਾਨ ਤੋਂ ਸ੍ਰੇਸ਼ਟ ਨਹੀਂ ਮੰਨਦਾ। ਪਰੰਪਰਾਵਾਦੀ ਵਿਦਵਾਨ ਵੀ ਨਿਰਸੰਕੋਚ ਭਗਤਾਂ ਨੂੰ ਕਦਾਚਿਤ 'ਗੁਰੂ' ਕਹਿਣ ਦਾ ਵਿਰੋਧ ਕਰਦਿਆਂ ਦਸਦੇ ਹਨ ਕਿ ਭਗਤਾਂ ਦੀ ਬਾਣੀ ਦਾ ਨੰਬਰ ਗੁਰਬਾਣੀ ਤੋਂ ਬਾਅਦ ਆਉਂਦਾ ਹੈ। *ਗੁਰੂ ਗ੍ਰੰਥ ਸਾਹਿਬ* ਦੇ ਖੋਜਾਰਥੀ ਇਹ ਵੀ ਜਾਣਦੇ ਹਨ ਕਿ ਭਗਤ ਬਾਣੀ ਦੀ ਗੁਰਬਾਣੀ ਵਾਂਗ ਕੋਈ ਬੱਝਵੀਂ ਤਰਤੀਬ ਨਹੀਂ। ਪ੍ਰੋ. ਤੇਜਾ ਸਿੰਘ ਹੁਰਾਂ ਨੇ ਇਥੋਂ ਤੀਕ ਵੀ ਲਿਖ ਦਿੱਤਾ ਹੈ ਕਿ ਭਗਤਾਂ ਦੀ ਬਾਣੀ ਨੂੰ ਗੁਰੂ ਅਰਜਨ ਜੀ ਨੇ ਬਦਲਿਆ ਵੀ ਸੀ ਅਤੇ ਸੋਧਿਆ ਵੀ ਸੀ।[16] ਪ੍ਰੋ. ਤੇਜਾ ਸਿੰਘ ਗੁਰਬਾਣੀ ਵਿਆਖਿਆ ਦਾ ਸਿਰਮੌਰ ਵਿਦਵਾਨ ਹੈ। ਐਸਾ ਨਹੀਂ ਕਿ ਉਹ ਭਗਤਾਂ ਦੀ ਵਿਚਾਰਧਾਰਾ ਨੂੰ ਗੁਰਮਤ ਅਨੁਕੂਲ ਮੰਨਦਾ ਸੀ। ਉਹ ਆਪਣੀ ਅਸੰਤੁਸ਼ਟਤਾ ਨੂੰ ਪ੍ਰਗਟ ਕਰਕੇ ਵੀ, ਪਾਠਕ ਨੂੰ ਸ਼ਬਦ-ਜਾਲ ਵਿਚ ਪਾਉਂਦਾ ਲਿਖਦਾ ਹੈ:

"Their (ਭਗਤਾਂ ਦੀਆਂ) writings were included not for their doctrinal value but for their ability to creat a 'stir of the Name' in one's heart. There was another teaching introduced by the Gurus which sanctioned with those who differed from in doctrine."[17]

ਇਹ ਪ੍ਰੋ. ਤੇਜਾ ਸਿੰਘ ਜੀ ਹੀ ਸਨ, ਜਿਨ੍ਹਾਂ ਨੇ 'ਸਿੱਖ ਰਹਿਤ ਮਰਯਾਦਾ' ਦਾ ਖਰੜਾ ਤਿਆਰ ਕਰਕੇ, ਪੰਥ ਦੀ ਵੱਡੀ ਸੇਵਾ ਕੀਤੀ ਸੀ। ਉਨ੍ਹਾਂ ਦੁਆਰਾ ਲਿਖੇ ਸਿੱਖ ਦੀ ਤਾਰੀਫ਼ ਦੇ ਸ਼ਬਦ ਪੜ੍ਹੋ:

"ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"

ਇਸ ਪਰਿਭਾਸ਼ਾ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਜ਼ਿਕਰ ਕਰਨ ਬਾਅਦ 'ਦਸ ਗੁਰੂ ਸਾਹਿਬਾਨ ਦੀ ਬਾਣੀ' ਸ਼ਬਦ ਲਿਖਣ ਦੀ ਲੋੜ ਨਹੀਂ ਸੀ। ਇਸ ਗੱਲ ਦਾ ਸਪਸ਼ਟ ਉੱਤਰ ਕੀ ਹੋ ਸਕਦਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਤੋਂ ਵੱਖਰੀ 'ਦਸ ਗੁਰੂਆਂ ਦੀ ਬਾਣੀ' ਕਿਹੜੀ ਹੈ? *ਗੁਰੂ ਗ੍ਰੰਥ ਸਾਹਿਬ* ਵਿਚ ਛੇ ਗੁਰੂਆਂ ਦੀ ਬਾਣੀ ਦੇ ਦਰਜ ਹੋਣ ਦੀ ਗੱਲ ਆਮ ਪ੍ਰਚਲਿਤ ਹੈ ਪਰ ਕੁਝ ਵਿਦਵਾਨ ਸਤ ਗੁਰੂਆਂ ਦੀ ਬਾਣੀ ਦੇ ਦਰਜ ਹੋਣ ਦੀ ਜਾਣਕਾਰੀ ਦਿੰਦੇ ਹਨ[18] ਕੀ ਨਿੱਤਨੇਮ ਅਤੇ ਅੰਮ੍ਰਿਤ ਬਾਣੀਆਂ ਨੂੰ 'ਗੁਰਬਾਣੀ' ਦਾ ਦਰਜਾ ਦੇਣਾ ਗ਼ੈਰ-ਵਾਜਿਬ ਹੈ? ਇਹ ਕਿਹਾ ਜਾਵੇਗਾ ਕਿ *ਗੁਰੂ ਗ੍ਰੰਥ ਸਾਹਿਬ* ਤੋਂ ਬਾਹਰ ਵੀ ਗੁਰਬਾਣੀ ਮੌਜੂਦ ਹੈ। *ਦਸਮ ਗ੍ਰੰਥ* ਦੀ ਸਮੁੱਚੀ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਰਚਿਤ ਨਾ ਮੰਨਣਾ, ਪੂਰੀ ਤਰ੍ਹਾਂ ਬੇਇਨਸਾਫ਼ੀ ਹੈ। ਇਸ ਪਰਿਭਾਸ਼ਾ ਵਿਚ ਸਭ ਤੋਂ ਅਹਿਮ ਨੁਕਤਾ ਇਹ ਨੋਟ ਕਰਨ ਵਾਲਾ ਹੈ ਕਿ ਇਥੇ ਭਗਤਾਂ ਆਦਿ ਦੀ ਬਾਣੀ ਦਾ ਕੋਈ ਵੇਰਵਾ ਨਹੀਂ। ਨਿਰਸੰਦੇਹ, ਉਪਰੋਕਤ ਪਰਿਭਾਸ਼ਾ ਵਿਚ 'ਦਸ ਗੁਰੂ ਸਾਹਿਬਾਨ ਦੀ ਬਾਣੀ' ਸ਼ਬਦ ਲਿਖੇ ਜਾਣ ਦਾ ਮਨੋਰਥ ਇਹੀ ਸਮਝ ਆਉਂਦਾ ਹੈ ਕਿ ਪਰਿਭਾਸ਼ਾ ਤਿਆਰ ਕਰਨ ਵਾਲੇ ਭਗਤਾਂ ਤੇ ਹੋਰ ਬਾਣੀਕਾਰਾਂ ਦੀ ਰਚਨਾ ਨੂੰ ਗੁਰਬਾਣੀ ਤੋਂ ਵੱਖ ਕਰਨ ਦਾ ਯਤਨ ਕਰ ਰਹੇ ਸਨ। ਜੇ ਅਜਿਹਾ ਨਾ ਹੁੰਦਾ ਤਾਂ 'ਗੁਰੂ ਗ੍ਰੰਥ ਸਾਹਿਬ ਦੀ ਬਾਣੀ' ਸ਼ਬਦ ਹੀ ਕਾਫ਼ੀ ਸਨ। ਦੂਜਾ ਨੁਕਤਾ ਇਸ ਅਧਿਆਇ ਵਿਚ ਇਹ ਵਿਚਾਰਨਾ ਜ਼ਰੂਰੀ ਹੈ ਕਿ ਗੁਰਬਾਣੀ ਦੇ ਗੰਭੀਰ ਵਿਦਵਾਨਾਂ ਵਿਚ ਗੁਰਬਾਣੀ ਦੇ ਪਾਠ ਵਿਚ ਛਪਾਈ ਦੌਰਾਨ ਆਈਆਂ ਅਸ਼ੁਧੀਆਂ ਕਰਕੇ ਚਿੰਤਾ ਪਾਈ ਜਾਂਦੀ ਰਹੀ ਹੈ।

ਮੇਰੇ ਪਿਤਾ ਜੀ ਗਿ. ਹਰਨਾਮ ਸਿੰਘ ਜੀ ਚਾਕਰ[19] ਜੋ ਕਿ ਗੁਰਬਾਣੀ ਦੇ ਚੰਗੇ ਵਿਆਖਿਆਕਾਰ ਸਨ, ਮੈਨੂੰ ਦੱਸਿਆ ਕਰਦੇ ਸਨ ਕਿ *ਗੁਰੂ ਗ੍ਰੰਥ ਸਾਹਿਬ* ਦੀ ਛਪੀ ਬੀੜ ਵਿਚ 72 ਗ਼ਲਤ ਪਾਠ ਦਰਜ ਹੋ ਚੁੱਕੇ ਹਨ। ਉਨ੍ਹਾਂ ਨੇ ਅਜਿਹੇ ਪਾਠਾਂ ਦੀ ਇਕ ਸੂਚੀ ਵੀ ਬਣਾਈ ਸੀ, ਜੋ ਮੇਰੇ ਕੋਲੋਂ ਗੁਆਚ ਚੁੱਕੀ ਹੈ। ਮੈਂ ਹੁਣੇ ਛਪੀ ਆਪਣੀ ਪੁਸਤਕ 'ਗੁਰਮਤ ਨਿਰਣਯ ਕੋਸ਼' ਵਿਚ ਸਬੂਤ ਸਹਿਤ ਦੱਸਿਆ ਸੀ ਕਿ '੧ਓ' ਦਾ ਮੰਗਲ ਹੁਣੇ ਕੁਝ ਹੀ ਸਾਲਾਂ ਵਿਚ ਉਡਾ ਦਿੱਤਾ

ਗਿਆ ਹੈ। ਇਹ ਵਿਲੱਖਣ ਮੰਗਲ *ਗੁਰੂ ਗ੍ਰੰਥ ਸਾਹਿਬ* ਦੇ ਪੰਨਾ ੧੩੫੩ 'ਤੇ ਇਕੋ ਥਾਂ ਉੱਪਰ ਦਰਜ ਸੀ। ਇਹ ਕਾਂਟ-ਛਾਂਟ ਕਿਸਨੇ, ਕਿਉਂ ਕੀਤੀ ? ਇਸਦਾ ਜੁਆਬ ਦੇਣ ਦੇ ਕੌਣ ਸਮਰੱਥ ਹੈ ? ਇਸਦੇ ਬਾਵਜੂਦ ਅਸੀਂ ਦਮਗੱਜੇ ਮਾਰਦੇ ਜਾ ਰਹੇ ਹਾਂ ਕਿ *ਗੁਰੂ ਗ੍ਰੰਥ ਸਾਹਿਬ* ਦੇ ਪਾਠ ਨਾਲ ਛੇੜਖਾਨੀ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ। ਹੋਰ ਦੇਖੋ, ਪੰਥਕ ਵਿਦਵਾਨ ਪਿਆਰਾ ਸਿੰਘ ਪਦਮ ਦੀ ਟਿੱਪਣੀ :

ਅਜਿਹੇ ਕੁਝ ਪਾਠਾਂ ਦੀ ਸੂਚੀ ਦਿੰਦੇ ਹਾਂ ਜਿਸ ਤੋਂ ਪਾਠਕ ਅਨੁਮਾਨ ਕਰ ਲੈਣਗੇ ਕਿ ਛਾਪੇ ਨਾਲੋਂ ਲਿਖਤੀ ਬੀੜਾਂ ਦਾ ਪਾਠ ਕਿਤਨਾ ਸ਼ੁੱਧ ਤੇ ਠੀਕ ਜਾਪਦਾ ਹੈ ਤੇ ਜੇ ਇਹ ਸੱਚ ਹੈ ਤਾਂ ਇਨ੍ਹਾਂ ਬੀੜਾਂ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।[20]

ਪੰਨਾ	ਛਾਪੇ ਦਾ ਪਾਠ	ਲਿਖਤੀ ਬੀੜਾਂ ਦਾ ਪਾਠ
21	ਜਮੁ ਮਾਰਿ ਕਰੈ ਖੁਲਹਾਨੁ	ਜਮ ਮਾਰਿ ਕਰੇ ਖਲਹਾਨੁ
24	ਕੂੜੁ ਛੁਰਾ ਮੁਠਾ ਮੁਰਦਾਰੁ	ਕੂੜ ਛੁਰਾ ਕੁਠਾ ਮੁਰਦਾਰੁ
51	ਮਾਨ ਅਭਿਮਾਨ ਮੰਧੇ ਸੋ	ਮਾਨ ਅਪਮਾਨ ਮਧੇ
56	ਆਵਣੁ ਵੰਞਣੁ ਡਾਖੜੋ	ਗਾਖੜੋ
143	ਮਨੁਮੁਖ ਲੂਣ ਹਰਾਮ	
	ਕਿਆ ਨਾ ਜਾਨਿਆ	ਕੀਆ ਨ ਜਾਨਿਆ
155	ਕਰਿ ਪਟੰਬੁ ਗਲੀ ਮਨੁ	ਕਰਿ ਪਖੰਡ ਗਲੀਂ ਮਨ ਲਾਵਸਿ
179	ਤਖਤੁ ਸਭਾ ਮੰਡਨ ਦੋਲੀਚੇ	ਮੰਡਪ ਦੋਲੀਚੇ
188	ਤਾ ਕਉ ਕਛੁ ਨਾਹੀ ਸੰਸਾਰੀ	ਤਾਕਉ ਕਛੁ ਨਾਹੀ ਸਹਸਾ ਰੀ
275	ਤੈਸਾ ਮਾਨੁ ਤੈਸਾ ਅਭਿਮਾਨੁ	ਤੈਸਾ ਅਪਮਾਨੁ
342	ਅਬ ਜਗੁ ਜਾਨਿ ਜਉ ਮਨਾ	ਅਬ ਜਗੁ ਜਾਨਿ ਜਉ ਉਨਮਾਨ
344	ਸੁਰਖੀ ਪਾਂਚਉ ਰਾਖੈ ਸਭੈ	ਸੁਰਭੀ ਪਾਂਚਹੁ ਰਾਖੈ ਸਭੈ
355	ਪਾਹੂਅਰਾ ਛਬਿ ਚੋਰੁ ਨ	ਪਹਰੂ ਆਛਿਤ ਚੋਰ ਨ ਲਾਗੈ
408	ਕੋਊ ਬਿਖਮ ਗਾਰ ਤੋਰੈ	ਕੋਊ ਬਿਖਮ ਗਾਂਠ ਤੋਰੈ
481	ਤਲੈ ਰੇ ਬੈਸਾ ਊਪਰਿ ਸੂਲਾ	ਤਲੇ ਰੇਬੈਸਾ ਊਪਰਿ ਮੂਲਾ
508	ਦੇਤ ਦਰਸਨੁ ਸ੍ਰਵਨ ਹਰਿ ਜਸੁ	ਨੇਤ੍ਰ ਦਰਸਨ ਸ੍ਰਵਨ ਹਰਿ ਜਸੁ
655	ਸਭੁ ਤਨੁ ਮਨੁ ਦੇਹ ਹਰਿ ਲੀਨੀ	ਦੇਹ ਹਿਰਿ ਲੀਨੀ
828	ਹਮਰੋ ਸਹਾਉ ਸਦਾ ਸਦ	ਹਮਰੋ ਸੁਭਾਉ
848	ਕਾਇਆ. ਕਾਕ ਗ੍ਰਸਨਾ ਰਾਮ	ਕਾਇਆ ਕਾਲ ਗ੍ਰਸਨਾ ਰਾਮ
886	ਲਉ ਨਾੜੀ ਸੂਆ ਹੈ ਅਸਤੀ	ਨਉਂ ਨਾੜੀ ਸੂਆ ਹੈ ਅਸਤੀ

ਬਾਣੀ ਵਿਚ ਲਿਖਾਰੀਆਂ ਦੀ ਅਣਗਹਿਲੀ ਕਾਰਣ ਗਲਤ ਪਾਠਾਂ ਦੀ

ਸੁਧਾਈ ਕਰਨ ਦੇ ਮੁਦੱਈ ਇਕ ਹੋਰ ਪੰਥ-ਪ੍ਰਸਤ ਵਿਦਵਾਨ ਗਿ. ਜੋਗਿੰਦਰ ਸਿੰਘ ਤਲਵਾੜਾ ਸਨ, ਜਿਨ੍ਹਾਂ ਦਾ ਸਾਥ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਗਿ. ਜੋਗਿੰਦਰ ਸਿੰਘ ਹੁਰੀਂ ਵੀ ਦਿੰਦੇ ਰਹੇ, ਸੁਣੇ ਜਾਂਦੇ ਹਨ। ਗਿ. ਤਲਵਾੜਾ ਜੀ ਦਾ ਸੰਬੰਧ ਸਿੱਖਾਂ ਦੀ ਸਭ ਤੋਂ ਕੱਟੜ ਸਮਝੀ ਜਾਂਦੀ ਜਥੇਬੰਦੀ (ਅਖੰਡ ਕੀਰਤਨੀ ਜੱਥਾ) ਨਾਲ ਰਿਹਾ ਹੈ। ਤਲਵਾੜਾ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ 'ਸ਼ੁਧ ਪਾਠ' ਪ੍ਰਚਾਰਨ ਲਈ, ਇਕ ਪੁਸਤਕ ਵੀ ਛਪਾਈ ਸੀ।[21] ਪਰ ਢੁੱਚਰਪੰਥੀਆਂ ਦੁਆਰਾ ਕੀਤੇ ਉਸਦੇ ਵਿਰੋਧ ਕਾਰਣ ਉਨ੍ਹਾਂ, ਉਸ ਤਰ੍ਹਾਂ ਦੀ ਹੋਰ ਕਿਤਾਬ ਤਾਂ ਛਾਪਣ ਦੀ ਹਿੰਮਤ ਨਹੀਂ ਕੀਤੀ, ਪਰ ਉਨ੍ਹਾਂ ਦਾ ਮਨ ਛਪੇ ਸਰੂਪਾਂ ਦੀਆਂ ਅਸ਼ੁਧੀਆਂ ਦੇਖ ਕੇ ਦੁਖੀ ਹੁੰਦਾ ਸੀ।

ਜੇ ਅਖੰਡ ਕੀਰਤਨੀ ਜੱਥੇ ਦੇ ਇਕ ਨਾਮਵਰ ਵਿਦਵਾਨ ਦਾ ਇਹ ਮੱਤ ਹੈ ਤਾਂ ਦਮਦਮੀ ਟਕਸਾਲ ਦੇ (ਸੰਤ) ਕਰਤਾਰ ਸਿੰਘ ਜੀ ਨੂੰ 1965 ਈ. ਵਿਚ (ਸੰਤ) ਗਿ. ਗੁਰਬਚਨ ਸਿੰਘ ਹੁਰਾਂ ਨੇ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਵਿਚ ਛਪਦੀਆਂ ਬੀੜਾਂ ਦੀ ਸੋਧ ਕਰਨ ਲਈ ਵਿਸ਼ੇਸ਼ ਤੌਰ 'ਤੇ ਨਿਯੁਕਤ ਕੀਤਾ ਸੀ। ਗਿ. ਕਰਤਾਰ ਸਿੰਘ ਜੀ ਲਿਖਦੇ ਹਨ:

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਵਿਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਕੁ ਪ੍ਰਬੰਧਕਾਂ ਵਲੋਂ ਫ਼ਰਕ ਪਾਇਆ ਗਿਆ। ਜਿਸਦਾ ਕਿ ਸਾਰੇ ਸਿੱਖ ਜਗਤ ਵਿਚ ਬਹੁਤ ਰੋਸ ਹੋਇਆ।"[22]

ਸਪਸ਼ਟ ਹੈ ਕਿ ਗਿ. ਕਰਤਾਰ ਸਿੰਘ ਹੁਰਾਂ ਨੂੰ ਮੰਗਲ ਸੋਧਣ ਦੀ ਸੇਵਾ ਦਿੱਤੀ ਸੀ। ਉਨ੍ਹਾਂ ਨੇ ਭਾਵੇਂ ਵੇਰਵਾ ਨਹੀਂ ਦਿੱਤਾ ਪਰ ਇਹ ਗੱਲ ਲਿਖਤ ਵਿਚ ਮੰਨੀ ਹੈ ਕਿ ਜਿਥੇ-ਕਿਤੇ ਉਨ੍ਹਾਂ ਨੇ ਕੁਝ ਪਾਠਾਂ ਦੀ ਸੁਧਾਈ ਵੀ ਕੀਤੀ ਸੀ। ਉਨ੍ਹਾਂ ਕੋਲ ਅਜਿਹੇ ਕੰਮ ਲਈ ਕਿਸੇ ਪ੍ਰਮਾਣਿਕ ਬੀੜ ਦੀ ਸੂਹ ਨਹੀਂ ਪੈਂਦੀ। ਸਾਰਾ ਕੰਮ ਕੇਵਲ ਅੰਦਾਜ਼ੇ ਨਾਲ ਕੀਤਾ ਜਾ ਰਿਹਾ ਸੀ।

ਭਾਈ ਜੋਧ ਸਿੰਘ ਹੁਰਾਂ ਲਗਦੀ ਵਾਹ ਕਰਤਾਰਪੁਰੀ ਬੀੜ ਨੂੰ ਪ੍ਰਮਾਣਿਕ ਸਿੱਧ ਕੀਤਾ ਸੀ, ਪਰ ਉਹ ਵੀ ਛਾਪੇ ਦੀਆਂ ਬੀੜਾਂ ਵਿਚ ਆਈਆਂ ਅਸ਼ੁੱਧੀਆਂ ਤੋਂ ਦੁਖੀ ਰਹੇ ਸਨ। ਉਹ ਆਪਣੀ ਪ੍ਰਸਿੱਧ ਪੁਸਤਕ *ਗੁਰਮਤਿ ਨਿਰਣਯ* ਦੀ ਭੂਮਿਕਾ ਵਿਚ ਲਿਖਦੇ ਹਨ, "ਸਸਤਾ ਵੇਚਣ ਦੀ ਦੌੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਲਗ ਕੰਨੇ ਆਦਿ ਦੀਆਂ ਬਹੁਤ ਅਸ਼ੁਧੀਆਂ ਆ ਗਈਆਂ ਹਨ। ਤੇ ਜੇ ਕਿਸੇ ਜ਼ਿੰਮੇਵਾਰ ਜੱਥੇ ਨੇ ਇਹ ਬੀੜਾਂ ਪ੍ਰਕਾਸ਼ਤ ਕਰਨ ਦਾ ਕੰਮ ਆਪਣੇ ਜ਼ਿੰਮੇ ਨ ਲਇਆ ਤਾਂ ਥੋੜ੍ਹੇ ਚਿਰ ਮਗਰੋਂ ਸ਼ੁਧ ਪਾਠ ਸਹੀ ਕਰਨਾ ਅਤਿ ਕਠਿਨ ਹੋ ਜਾਵੇਗਾ।" ਉਹ ਅੱਗੇ ਲਿਖਦੇ ਹਨ, "ਮੈਂ ਬਾਣੀ ਦਾ ਪਾਠ ਸ਼ੁੱਧ ਤੋਂ ਸ਼ੁੱਧ ਜੋ ਬੀੜ ਪ੍ਰਾਪਤ ਹੋ ਸਕਦੀ ਹੈ, ਉਸ ਤੋਂ ਲੀਤਾ ਹੈ ਪਰੰਤੂ ਹੋ ਸਕਦਾ ਹੈ ਕਿ ਤਾਂ ਵੀ ਕੋਈ ਉਕਾਈ ਰਹਿ ਗਈ ਹੋਵੇ।"[23] ਉਹ ਇਹ ਨਹੀਂ ਦੱਸਦੇ ਕਿ ਉਨ੍ਹਾਂ

ਗੁਰੂ ਅਰਜਨ ਦੇਵ ਜੀ ਭਾਈ ਗੁਰਦਾਸ ਜੀ ਤੋਂ ਕਲਮੀ ਸੇਵਾ ਲੈਂਦੇ ਹੋਏ



ਨੇ ਕਿਹੜੀ ਬੀੜ ਦੀ ਵਰਤੋਂ ਕੀਤੀ।

ਸੋ ਕੁਲ ਮਿਲਾ ਕੇ *ਗੁਰੂ ਗ੍ਰੰਥ ਸਾਹਿਬ* ਦੀਆਂ ਹੱਥ-ਲਿਖਤਾਂ ਦੀਆਂ ਚਾਰ ਸ਼ਾਖਾਵਾਂ ਹਨ:

1. ਭਾਈ ਗੁਰਦਾਸ ਵਾਲੀ
2. ਖਾਰੇ ਵਾਲੀ
3. ਦਮਦਮੇ ਵਾਲੀ
4. ਸੁਤੰਤਰ ਸ਼ਾਖਾਵਾਂ

ਹਰ ਸ਼ਾਖਾ ਵਿਚ ਦਰਜਨਾਂ ਹੀ ਪਾਠ-ਭੇਦ ਨਜ਼ਰ ਆਉਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਖੋਜੀ ਵਿਦਵਾਨਾਂ (ਸ. ਰਣਧੀਰ ਸਿੰਘ, ਗਿ. ਕੁੰਦਨ ਸਿੰਘ, ਭਾਈ ਗਿਆਨ ਸਿੰਘ ਨਿਹੰਗ) ਤੋਂ ਲਿਖਤੀ ਬੀੜਾਂ ਦੇ ਪਾਠ-ਭੇਦਾਂ ਦਾ ਕੰਮ ਕਰਵਾਇਆ ਤਾਂ ਵੱਡੇ ਆਕਾਰ ਵਾਲੀ (850 ਸਫ਼ੇ ਦੀ) ਪੁਸਤਕ ਤਿਆਰ ਹੋ ਗਈ। ਪੁਸਤਕ ਦਾ ਨਾਂ *ਪਾਠ ਭੇਦਾਂ ਦੀ ਸੂਚੀ* ਹੈ। ਇਹ ਪੁਸਤਕ ਸ਼੍ਰੋਮਣੀ ਕਮੇਟੀ ਨੇ ਭਾਰੀ ਖ਼ਰਚਾ ਕਰਕੇ ਛਾਪੀ ਅਤੇ ਫਿਰ ਢੁੱਚਰਪੰਥੀਆਂ ਦੇ ਡਰ ਕਾਰਣ ਆਪ ਹੀ ਜ਼ਬਤ ਕਰ ਲਈ। ਇਸਦੀਆਂ ਕਾਪੀਆਂ ਰੈਫਰੈਂਸ ਲਾਇਬਰੇਰੀ ਵਿਚ ਪਈਆਂ ਸੜ ਰਹੀਆਂ ਹਨ। ਕਈ ਵਿਦਵਾਨ ਆਪਣੇ ਰਸੂਖ਼ ਨੂੰ ਵਰਤ ਕੇ ਇਹ ਪੁਸਤਕ ਉਥੋਂ ਗੁਪਤ ਢੰਗ ਨਾਲ ਲੈ ਲੈਂਦੇ ਹਨ। ਮੇਰੇ ਕੋਲ ਵੀ ਇਹ ਪੁਸਤਕ ਪਹੁੰਚ ਚੁੱਕੀ ਹੈ। ਇਹ ਕਹਿਣਾ ਅਤਿਕਥਨੀ ਨਹੀਂ ਕਿ *ਗੁਰੂ ਗ੍ਰੰਥ ਸਾਹਿਬ* ਦੀਆਂ ਕੋਈ ਦੋ ਲਿਖਤੀ ਬੀੜਾਂ ਇਕ-ਸਮਾਨ ਨਹੀਂ। ਹਜ਼ਾਰਾਂ ਪਾਠ-ਭੇਦ ਦੇਖ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਨੂੰ ਉਪਰੋਕਤ ਪੁਸਤਕ ਦੇ ਮੁਖ ਬੰਦ ਵਿਚ ਹੇਠ ਲਿਖੇ ਸ਼ਬਦ ਲਿਖਣੇ ਪਏ:

"ਪਹਿਲੇ ਲਿਖਾਰੀ ਗੁਰਬਾਣੀ ਦੇ ਗੁਟਕੇ, ਪੋਥੀਆਂ ਜਾਂ ਬੀੜਾਂ ਦੇ ਉਤਾਰੇ ਪ੍ਰੇਮ-ਭਾਵ ਤੇ ਸਿੱਖੀ ਸ਼ਰਧਾ ਵਿਚ ਭਿੱਜ ਕੇ ਕੀਤਾ ਕਰਦੇ ਸਨ ਤੇ ਪ੍ਰੇਮੀ ਸੰਗਤਾਂ ਨੂੰ ਬਿਨਾਂ ਇਵਜ਼ਾਨਾਂ ਲਏ ਸੇਵਾ-ਭਾਵ ਨਾਲ ਮੁਫ਼ਤ ਹੀ ਭੇਟਾ ਕੀਤਾ ਕਰਦੇ ਸਨ, ਪਰ ਸਿੱਖ ਮਿਸਲਾਂ ਤੇ ਸਿੱਖ ਰਾਜ ਸਮੇਂ ਬੀੜਾਂ ਦੇ ਉਤਾਰਿਆਂ ਦੀ ਮੰਗ ਵਧ ਜਾਣ ਦੇ ਕਾਰਣ ਨਵੇਂ ਲਿਖਾਰੀਆਂ ਨੇ ਇਸ ਸੇਵਾ ਨੂੰ ਆਪਣੀ ਰੋਜ਼ੀ ਦਾ ਸਾਧਨ ਹੀ ਬਣਾ ਲਿਆ, ਜਿਸ ਕਰਕੇ ਉਤਾਰਿਆਂ ਨੂੰ ਛੇਤੀ ਸੰਪੂਰਨ ਕਰਨ ਦੀ ਰੁਚੀ ਨੇ ਲਿਖਾਰੀਆਂ ਅੰਦਰ ਸ਼ੁੱਧ ਗੁਰਬਾਣੀ ਲਿਖਣ ਤੇ ਅਸ਼ੁੱਧੀਆਂ ਦੀ ਦੋਬਾਰਾ ਸੋਧ ਕਰਨ ਦੀ ਰੀਤ ਬਿਲਕੁਲ ਹੀ ਖ਼ਤਮ ਕਰ ਦਿੱਤੀ। ਇਹੋ ਕਾਰਣ ਸੀ ਕਿ ਪਾਠ-ਭੇਦਾਂ ਦੀ ਗਿਣਤੀ ਵਧਦੀ ਗਈ। ਇਸ ਸਮੇਂ ਲਿਖਾਈ ਦੀ ਸ਼ੁੱਧਤਾ ਨਾਲੋਂ ਸੁੰਦਰਤਾ ਵੱਲ ਵਧੇਰੇ ਧਿਆਨ ਦਿੱਤਾ ਗਿਆ ਅਤੇ ਅਜਿਹੀ ਰੁਚੀ ਦੇ ਅਧੀਨ ਕੁਝ ਬੀੜਾਂ ਨਕਾਸ਼ਾਂ ਪਾਸੋਂ ਲਿਖਵਾਈਆਂ ਗਈਆਂ।... ਛਾਪੇ ਟਾਈਪ ਵਿਚ ਬੀੜਾਂ ਛਾਪਣ ਸਮੇਂ ਅੱਖਰ ਜੋੜਨ ਵਾਲੇ (ਕੰਪੋਜ਼ੀਟਰਾਂ) ਤੇ ਸੁਧਾਈ ਕਰਨ ਵਾਲਿਆਂ (ਪਰੂਫ਼ ਰੀਡਰਾਂ) ਦੇ ਯਤਨ ਕਰਨ ਦੇ ਬਾਵਜੂਦ ਪਾਠ-ਭੇਦਾਂ ਦੀ ਗਿਣਤੀ ਘਟਣ ਦੀ ਬਜਾਇ ਹੋਰ ਵਧਦੀ ਗਈ, ਕਿਉਂਕਿ ਜਿਤਨੀ ਸਾਵਧਾਨੀ ਦੀ ਲੋੜ ਸੀ ਓਨੀ

ਨਾ ਵਰਤੀ ਗਈ।... ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਤੀ ਉਕਾਈਆਂ ਜੋ ਲਿਖਾਰੀਆਂ ਜਾਂ ਛਾਪੇ ਵਾਲਿਆਂ ਦੀ ਅਨਗਹਿਲੀ ਕਾਰਨ ਆ ਗਈਆਂ ਹਨ ਦੀ ਪਰਖ-ਪੜਤਾਲ ਕੀਤੀ ਜਾਣੀ ਅਤਿ ਜ਼ਰੂਰੀ ਭਾਸਦੀ ਹੈ। ਗੁਰੂ ਕਰਤਾਰ ਤਾਂ ਅਭੁੱਲ ਹੈ, ਪਰ ਲਿਖਾਰੀਆਂ ਕੋਲੋਂ ਏਡੇ ਵੱਡੇ ਆਕਾਰ ਦੇ ਗ੍ਰੰਥ ਦਾ ਉਤਾਰਾ ਕਰਨ ਵਿਚ ਉਕਾਈਆਂ ਜ਼ਰੂਰ ਰਹੀਆਂ ਹਨ ਤੇ ਸੋਧ-ਸੁਧਾਈ ਅਜਿਹੀਆਂ ਉਕਾਈਆਂ ਦੀ ਹੀ ਲੋੜੀਂਦੀ ਹੈ।"

ਪਰ ਇਸ ਵੱਡੇ ਕੰਮ ਨੂੰ ਨੇਪਰੇ ਚਾੜ੍ਹਨ ਦੇ ਯੋਗ ਵਿਅਕਤੀ ਲੱਭ ਲਏ ਜਾਣ ਤਾਂ ਹੀ ਇਹ ਸੰਭਵ ਹੈ।

ਹੈਰਾਨੀ ਦੀ ਗੱਲ ਹੈ ਕਿ ਸਿੱਖ ਵਿਦਵਾਨਾਂ ਦੇ ਇਕ ਵਰਗ ਨੇ ਸਿੱਖ ਪੰਥ ਵਿਚ ਮੌਲਾਨਾਵਾਦ ਲਿਆ ਕੇ, ਗਿਆਨ ਦੇ ਅਦਾਨ-ਪ੍ਰਦਾਨ ਦਾ ਰਾਹ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਕਿ ਪਹਿਲਾਂ ਸਾਹਿਤਕ ਅਤੇ ਹੋਰ ਮਤਭੇਦਾਂ ਬਾਰੇ ਵਿਚਾਰ ਧੀਰਜ ਨਾਲ ਸੁਣੇ/ਪੜ੍ਹੇ ਜਾਂਦੇ ਸਨ ਅਤੇ ਜੁਆਬ ਵੀ ਦਿੱਤੇ ਜਾਂਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਢਲੇ ਸਾਲਾਂ ਵਿਚ ਛਾਪੇ *ਗੁਰੂ ਗ੍ਰੰਥ ਸਾਹਿਬ* ਵਿਵਾਦ-ਰਹਿਤ ਨਹੀਂ ਸਨ। ਜੇ ਕੋਈ ਵੱਖ-ਵੱਖ ਐਡੀਸ਼ਨਾਂ ਦੇ ਪਾਠ ਦੀ ਤੁਲਨਾ ਕਰੇ ਤਾਂ ਬਹੁਤ ਸੋਧਾਂ/ਬਦਲੀਆਂ ਕੀਤੀਆਂ ਮਿਲਣਗੀਆਂ। ਇਨ੍ਹਾਂ ਸੋਧਾਂ ਦਾ ਆਧਾਰ ਕੋਈ ਪ੍ਰਮਾਣਿਕ ਬੀੜ ਨਾ ਹੋ ਕੇ, ਕੇਵਲ ਨਿੱਜੀ ਅਨੁਮਾਨ ਜਾਂ ਸਮਝ ਸੀ। ਹੁਣ ਕਿਉਂਕਿ ਦਿਨੋ-ਦਿਨ ਗੰਭੀਰ ਵਿਦਵਾਨਾਂ ਦੀ ਕਮੀ ਹੁੰਦੀ ਜਾ ਰਹੀ ਹੈ ਤਾਂ ਧੱਕੇਸ਼ਾਹੀ ਨਾਲ ਕੁਝ ਨਿਰਣਯ ਇਕ ਪੱਖੀ ਕੀਤੇ ਜਾਣ ਦੀ ਕੋਸ਼ਿਸ਼ ਹੁੰਦੀ ਹੈ। ਇਹ ਢੰਗ ਗ਼ੈਰ-ਸਭਿਅਕ ਵੀ ਹੈ ਅਤੇ ਅਨੈਤਿਕ ਵੀ ਹੈ। ਜਾਂ ਤਾਂ ਗੁਰਬਾਣੀ ਦੀਆਂ ਸਮੁੱਚੀਆਂ ਹੱਥ-ਲਿਖਤਾਂ ਜ਼ਬਤ ਕਰਕੇ, ਗੋਇੰਦਵਾਲ ਸਾਹਿਬ ਵਿਖੇ ਲਿਜਾ ਕੇ ਸਸਕਾਰੀਆਂ ਜਾਣ, ਜਾਂ ਹਿੰਮਤ ਜੁਟਾ ਕੇ ਇਨ੍ਹਾਂ ਬਾਰੇ ਖੁੱਲ੍ਹੇ ਦਿਮਾਗ਼ ਨਾਲ ਵਿਚਾਰ ਕੀਤੀ ਜਾਣੀ ਚਾਹੀਦੀ ਹੈ।

ਟਿੱਪਣੀਆਂ ਤੇ ਹਵਾਲੇ

1. ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
   ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
   ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥

   (*ਗੁਰੂ ਗ੍ਰੰਥ ਸਾਹਿਬ*, ਪੰਨਾ ੯੨੦)
2. *ਆਦਿ ਗ੍ਰੰਥ ਕੇ ਪ੍ਰੰਪਰਾਗਤ ਤਤਵੋਂ ਕਾ ਅਧਿਅਨ* (ਹਿੰਦੀ), ਪੰਨਾ 61.
3. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਪੰਨਾ 33-34.
4. ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ। (*ਗੁਰੂ ਗ੍ਰੰਥ ਸਾਹਿਬ*, ਪੰਨਾ ੩੨੦)
5. *ਆਦਿ ਬੀੜ ਬਾਰੇ*, ਪੰਨੇ 58-74
6. *ਸਿੱਖ ਇਤਿਹਾਸ*, ਪੰਨਾ 21.

7. *ਕੁਰਾਨ*, 17.88
8. ਬਾਬੂ ਹੀਰਾ ਸਿੰਘ ਘੁਲਾਲ, *ਗੁਰਬਾਣੀ ਤੇ ਭਗਤ ਬਾਣੀ ਬਾਰੇ ਖੋਜ ਭਰੀ ਵਿਚਾਰ*, ਪੰਨਾ 28.
9. ਕੈਪਟਨ ਸ਼ਮਸ਼ੇਰ ਸਿੰਘ : *ਪਵਿੱਤ੍ਰ ਹਜ਼ੂਰੀ ਬੀੜ ਦੀ ਲੋੜ*, ਪੰਨਾ 47
10. *ਉਹੀ*, ਪੰਨਾ 88
11. *The Bhagats of Guru Granth Sahib*, p.166.
12. *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ* (ਭਾਗ ਦੂਜਾ), ਪੰਨਾ ੪੧
13. *Sikhism : A comparative study of the Theology and Myticism*, pp. 160.
14. *The Sikh Religion*, p. 40, Vol. VI.
15. ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ ॥
ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥
ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੩੯੦)
ਮੇਰੇ ਦੋ ਲੇਖ 'ਗੁਰੂ ਨਾਨਕ ਸਾਹਿਬ ਬਾਰੇ ਕੁਝ ਮਹੱਤਵਪੂਰਣ ਰਵਾਇਤਾਂ' *ਸਿੱਖ ਚੇਤਨਾ* (ਅਕਤੂਬਰ, 1994) ਅਤੇ 'ਭਗਤ ਪਦਵੀ' *ਸੇ ਭਗਤ ਸਤਿਗੁਰ ਮਨਿ ਭਾਏ* ਵਿਚ ਦੇਖੇ ਜਾ ਸਕਦੇ ਹਨ।
16. *The Holy Granth*, pp. XIX-XX
17. *Ibid.*, pp. XVII
18. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਪੰਨਾ 67.
19. ਮੇਰੇ ਪਿਤਾ ਜੀ ਗਿ. ਸੰਤ ਸਿੰਘ ਜੀ ਮਸਕੀਨ ਅਤੇ ਗਿ. ਜੋਗਿੰਦਰ ਸਿੰਘ ਜੀ ਵੇਦਾਂਤੀ ਦੇ ਪਰਮ-ਮਿੱਤਰਾਂ ਵਿਚੋਂ ਸਨ। ਉਨ੍ਹਾਂ ਦੀ *ਜਾਪੁ ਸਾਹਿਬ ਸਟੀਕ* ਸ਼੍ਰੋਮਣੀ ਕਮੇਟੀ ਛਾਪਦੀ ਆ ਰਹੀ ਹੈ। ਮਸਕੀਨ ਜੀ ਦੇਸ਼ਾਂ-ਵਿਦੇਸ਼ਾਂ ਵਿਚ ਕਥਾ ਕਰਦਿਆਂ ਸਾਡੇ ਪਿਤਾ ਜੀ ਦੀ ਵਡਿਆਈ ਦੇ ਹਵਾਲੇ ਦਿਆ ਕਰਦੇ ਸਨ।
20. *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਪੰਨਾ 108-09.
21. *ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਸਟੀਕ*, ਦੀ ਭੂਮਿਕਾ ਪੜ੍ਹਨ ਵਾਲੀ ਹੈ।
22. *ਖ਼ਾਲਸਾ ਜੀਵਨ*, ਪੰਨਾ ੬੫
23. *ਗੁਰਮਤਿ ਨਿਰਣਯ*, ਉਥਾਨਕਾ-ੲ.

ਭਾਗ ਛੇਵਾਂ

ਮੁਸ਼ਕਲਾਂ ਅਤੇ ਹੱਲ



ਗੁਰੂਦੁਆਰਾ ਬਾਬਾ ਅਟਲ ਸਾਹਿਬ ਅੰਮ੍ਰਿਤਸਰ ਵਿਖੇ ਇਕ ਕੰਧ-ਚਿੱਤਰ ਜਿਸ ਵਿਚ ਗੁਰੂ ਅਰਜਨ ਦੇਵ ਜੀ ਭਗਤਾਂ ਦੀ ਹਾਜ਼ਰੀ ਵਿਚ ਭਾਈ ਗੁਰਦਾਸ ਤੋਂ ਆਦਿ ਬੀੜ ਲਿਖਵਾ ਰਹੇ ਹਨ

16 ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ

ਕੁਰਾਨ ਦੀ ਬਾਣੀ ਕੇਵਲ ਮੁਹੰਮਦ ਸਾਹਿਬ ਦੀ ਰਚਨਾ ਹੈ। ਭਾਵੇਂ ਕਿ ਮੁਸਲਮਾਨ *ਕੁਰਾਨ* ਨੂੰ ਰਚਨਾ ਨਾ ਮੰਨ ਕੇ, ਇਲਹਾਮ ਹੀ ਮੰਨਦੇ ਹਨ। ਉਨ੍ਹਾਂ ਮੁਤਾਬਿਕ ਇਲਹਾਮ ਮੁਹੰਮਦ ਸਾਹਿਬ ਉਪਰ ਨਾਜ਼ਲ ਹੋਇਆ। ਇਸ ਤੋਂ ਉਲਟ *ਬਾਈਬਲ* ਦੀਆਂ ਰਚਨਾਵਾਂ ਦੇ ਕਈ ਲਿਖਾਰੀ ਹਨ। *ਨਵੇਂ ਨੇਮ* ਦੀ ਇਕ ਪੰਕਤੀ ਵੀ ਈਸਾ ਜੀ ਦੀ ਲਿਖੀ ਨਾ ਹੋਣ ਦੇ ਬਾਵਜੂਦ 'ਪਵਿੱਤਰ' ਗ੍ਰੰਥ ਹੈ। *ਨਵੇਂ ਨੇਮ* ਦੇ ਲਿਖਾਰੀ ਈਸਾਈ ਮਤ ਦੇ ਸੰਤ ਸਨ। *ਨਵੇਂ ਨੇਮ* ਨਾਲ *ਗੁਰੂ ਗ੍ਰੰਥ ਸਾਹਿਬ* ਦੀ ਇਕ ਸਮਾਨਤਾ ਇਹ ਹੈ ਕਿ ਇਹ ਵੀ ਵੱਖ-ਵੱਖ ਬਾਣੀਕਾਰਾਂ (ਗੁਰੂ ਸਾਹਿਬਾਨ, ਭਗਤਾਂ ਅਤੇ ਪ੍ਰਚਾਰਕਾਂ) ਦੀ ਰਚਨਾ ਦਾ ਸਮੂਹ ਹੈ। ਇਹ ਗੱਲ ਵੀ ਵਿਵਾਦਮਈ ਹੈ ਕਿ *ਗੁਰੂ ਗ੍ਰੰਥ ਸਾਹਿਬ* ਦੇ ਬਾਣੀਕਾਰਾਂ ਦੀ ਅਸਲ ਗਿਣਤੀ ਕਿੰਨੀ ਹੈ ?

ਪੁਰਾਤਨ ਹੱਥ-ਲਿਖਤਾਂ ਵਿਚੋਂ ਕਈਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵੀ ਦੱਸੀ ਗਈ ਹੈ। ਇਸ ਆਧਾਰ 'ਤੇ ਪਿਆਰਾ ਸਿੰਘ ਪਦਮ ਜਿਹੇ ਪ੍ਰੌਢ ਵਿਦਵਾਨ ਵੀ *ਗੁਰੂ ਗ੍ਰੰਥ ਸਾਹਿਬ* ਵਿਚ ਸਤ ਗੁਰੂ ਸਾਹਿਬਾਨ ਦੀ ਰਚਨਾ ਮੰਨਦੇ ਰਹੇ ਹਨ। ਕੁਝ ਹੱਥ-ਲਿਖਤਾਂ ਵਿਚ ਹੇਠ ਲਿਖੇ ਸਲੋਕ ਨੂੰ ਮ: ੧੦ ਦੇ ਸੰਕੇਤ ਹੇਠ ਦਰਜ ਕੀਤਾ ਗਿਆ ਹੈ:

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥
(*ਗੁਰੂ ਗ੍ਰੰਥ ਸਾਹਿਬ*, ਪੰਨਾ-੧੪੨੯)

ਸਾਡੇ ਪਾਠਕ ਜਾਣਦੇ ਹਨ ਕਿ ਛਾਪੇ ਦੀਆਂ ਬੀੜਾਂ ਵਿਚ ਉਪਰੋਕਤ ਸਲੋਕ, ਮ: ੯ ਦਾ ਹੀ ਮੰਨਿਆ ਗਿਆ ਹੈ। ਜੇ ਅਜੋਕੀਆਂ ਬੀੜਾਂ ਵੇਖੀਏ ਤਾਂ ਇਨ੍ਹਾਂ ਵਿਚ ਕੇਵਲ ਛੇ ਗੁਰੂ ਸਾਹਿਬਾਨ ਦੀ ਬਾਣੀ ਹੈ।

ਬਾਣੀਕਾਰਾਂ ਨੂੰ ਲੈ ਕੇ ਸਭ ਤੋਂ ਵੱਡੀ ਗੁੰਝਲ ਭੱਟਾਂ ਬਾਰੇ ਨਿਰਣਾ ਕਰਨ ਦੀ ਰਹੀ ਹੈ। ਭੱਟਾਂ ਦੀ ਗਿਣਤੀ ਗਿਆਰਾਂ ਅਤੇ ਅਠਾਰਾਂ ਵੀ ਦੱਸੀ ਜਾ ਰਹੀ ਹੈ। ਇਹ ਨਾਂ ਇਸ ਪ੍ਰਕਾਰ ਹਨ:

ਕਲਯ, ਕਲਸਹਾਰ, ਟਲਯ, ਜਾਲਪ, ਜਲਯ, ਕੀਰਤ, ਸਲਯ, ਭਲਯ, ਨਲਯ, ਭਿੱਖਾ, ਪਰਮਾਨੰਦ, ਬਲਯ, ਹਰਿਬੰਸ, ਮਥਰਾ, (ਦਾਸ, ਸੇਵਕ, ਗੰਗ, ਗਯੰਦ)।

ਅਜੋਕੇ ਵਿਦਵਾਨ ਭੱਟਾਂ ਦੀ ਗਿਣਤੀ ਗਿਆਰਾਂ ਸਹੀ ਮੰਨਦੇ ਹਨ। ਉਨ੍ਹਾਂ ਮੁਤਾਬਿਕ ਉਪਰੋਕਤ ਸੂਚੀ ਦੇ ਕੁਝ ਨਾਂ ਉਪ-ਨਾਂ ਹਨ ਅਤੇ ਇਹ ਨਾ-ਸਮਝੀ ਕਾਰਣ ਭੱਟਾਂ ਦੇ ਨਾਂ ਮੰਨ ਲਏ ਗਏ ਹਨ। ਜਦੋਂ ਕਿ ਪਹਿਲੇ ਤਿੰਨੇ ਨਾਂ ਇਕੋ ਵਿਅਕਤੀ ਦੇ ਨਾਂ ਹਨ। 'ਕਲਯ' ਬਾਰੇ ਹੱਥ-ਲਿਖਤ ਬੀੜਾਂ, ਨਿਰਣਾ ਕਰ ਦਿੰਦੀਆਂ ਹਨ ਕਿ ਗ਼ਲਤੀ ਕਾਰਣ 'ਕਲਯ' ਹੀ 'ਟਲਯ' ਬਣ ਗਿਆ ਹੈ। ਇਸ ਪੱਖ ਤੋਂ ਪ੍ਰੋ. ਸਾਹਿਬ ਸਿੰਘ ਜੋ ਕਿ ਮੌਜੂਦਾ ਛਾਪੇ ਦੀ ਬੀੜ ਨੂੰ 'ਸ਼ੁਧ' ਦਸਣ ਵਾਲੀ ਧਿਰ ਦੇ ਮੋਢੀ ਦਸੇ ਜਾਂਦੇ ਹਨ, ਉਹ ਵੀ ਅਸਿੱਧੇ ਰੂਪ ਵਿਚ ਛਾਪੇ ਵਾਲੀ ਬੀੜ ਦੇ ਅਸ਼ੁਧ ਪਾਠਾਂ ਦੀ ਗੱਲ ਮੰਨ ਹੀ ਲੈਂਦੇ ਹਨ। ਹੁਣੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਇਕ ਪੁਸਤਕ ਵਿਚ ਵੀ ਗਿਆਰਾਂ ਭੱਟਾਂ ਵਿਚ 'ਟਲ' ਦਾ ਨਾਂ ਨਹੀਂ।[1] ਕੀ ਇਹ ਅਸਿੱਧੇ ਰੂਪ ਵਿਚ ਪਾਠ ਦੀ 'ਅਸ਼ੁਧੀ' ਨੂੰ ਸਵੀਕਾਰ ਕਰਨਾ ਨਹੀਂ ? ਖ਼ੈਰ ! ਜਾਲਪ ਅਤੇ ਜਲਯ ਭੀ ਇਕ ਹੀ ਵਿਅਕਤੀ ਦੇ ਪ੍ਰਚਲਿਤ ਦੋ ਨਾਂ ਹਨ।

ਕਲ, ਟਲ ਇਕ ਹੀ ਭੱਟ ਕਲਸਹਾਰ ਦੇ ਛੋਟੇ ਨਾਂ ਸਨ। ਇਸੇ ਤਰ੍ਹਾਂ ਜਾਲਪ ਦਾ ਹੀ ਛੋਟਾ ਨਾਂ ਜਲ ਹੈ। 'ਦਾਸ' ਜਾਂ 'ਸੇਵਕ' ਕੋਈ ਨਾਂ ਨਹੀਂ, ਸਗੋਂ ਭੱਟ-ਕਵੀਆਂ ਨੇ ਇਹ ਨਿਮਰਤਾ-ਸੂਚਕ ਵਿਸ਼ੇਸ਼ਣ ਵਜੋਂ ਵਰਤੇ ਹਨ। ਹੁਣ ਲਗਪਗ ਸਹਿਮਤੀ ਬਣ ਚੁੱਕੀ ਹੈ ਕਿ ਭੱਟ ਗਿਆਰਾਂ ਹੀ ਸਨ ਅਤੇ ਉਨ੍ਹਾਂ ਦੇ ਨਾਂ ਇਹ ਸਨ : ਕਲਸਹਾਰ, ਜਾਲਪ, ਕੀਰਤ, ਭਿਖਾ, ਸਲ੍ਹ, ਭਲ੍ਹ, ਨਲ੍ਹ, ਗਯੰਦ, ਮਥੁਰਾ, ਬਲ੍ਹ ਅਤੇ ਹਰਿਬੰਸ।

ਭੱਟ ਕੀਰਤ, ਭਿਖਾ ਜੀ ਦਾ ਸਪੁੱਤਰ ਸੀ। ਪ੍ਰੋ. ਸਾਹਿਬ ਸਿੰਘ ਦਾ ਖ਼ਿਆਲ ਹੈ ਕਿ ਭਿਖਾ ਜੀ, ਕਲਸਹਾਰ ਦੀ ਰਹਿਨੁਮਾਈ ਵਿਚ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਵਿਖੇ ਆਏ ਸਨ। ਪਰ ਜੇ ਭੱਟਾਂ ਦੇ ਸ਼ਜਰੇ ਨੂੰ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਕਲ/ਕਲਸਹਾਰ ਦੇ ਪਿਤਾ ਬਾਰੇ ਭੁਲੇਖਾ ਪੈ ਜਾਂਦਾ ਹੈ। ਜੇ ਕਲ/ਕਲਸਹਾਰ ਇਕ ਹੀ ਵਿਅਕਤੀ ਦੇ ਨਾਂ ਹੋਣ ਤਾਂ ਪੱਕੇ ਤੌਰ 'ਤੇ ਕਲਸਹਾਰ ਦੇ ਪਿਤਾ ਬਾਰੇ ਕੁਝ ਕਹਿਣਾ ਮੁਸ਼ਕਲ ਹੈ। ਪਰ ਵਧੇਰੇ ਸੰਭਾਵਨਾ ਹੈ ਕਿ ਭਿਖਾ ਜੀ ਹੀ ਕਲਸਹਾਰ ਦੇ ਪਿਤਾ ਹੋ ਸਕਦੇ ਹਨ। ਕਿਉਂਕਿ ਚੋਖਾ ਜੀ ਦੀ ਕੋਈ ਰਚਨਾ *ਗੁਰੂ ਗ੍ਰੰਥ ਸਾਹਿਬ* ਵਿਚ ਨਹੀਂ ਅਤੇ ਨਾ ਹੀ ਉਸਦੇ ਸਿੱਖੀ ਧਾਰਣ ਕਰਨ ਦਾ ਹੋਰ ਕੋਈ ਪ੍ਰਮਾਣ ਸਾਡੇ ਕੋਲ ਹੈ। ਪਰ ਭਿਖਾ ਜੀ ਗੁਰੂ-ਘਰ ਦੇ ਅੰਨਿਨ ਸ਼ਰਧਾਲੂ ਸਨ। ਇਕ ਗੱਲ ਹੋਰ ਸਾਡੇ ਮਤ ਦੀ ਪੁਸ਼ਟੀ ਕਰਦੀ ਹੈ ਕਿ ਭਿਖਾ ਜੀ ਦੇ ਛੇ ਵਿਚੋਂ ਚਾਰ ਪੁੱਤਰਾਂ ਦੀ ਬਾਣੀ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਹੋਣਾ ਇਹ ਦੱਸਦਾ ਹੈ ਕਿ ਭਿਖਾ ਜੀ ਦਾ ਸਮੂਹ ਪਰਿਵਾਰ ਹੀ ਸਿੱਖ ਸੱਜ ਚੁੱਕਾ ਸੀ। ਇਹ ਮਾਣ ਭਿੱਖਾ ਜੀ ਨੂੰ ਹੀ ਪ੍ਰਾਪਤ ਹੋਇਆ ਕਿ ਉਨ੍ਹਾਂ ਦੇ ਪਰਿਵਾਰ ਦੇ ਪੰਜ ਮੈਂਬਰਾਂ ਦੀ ਬਾਣੀ *ਗੁਰੂ ਗ੍ਰੰਥ ਸਾਹਿਬ* ਵਿਚ ਸ਼ਾਮਲ ਹੋਈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਪ੍ਰੋ. ਸਾਹਿਬ ਸਿੰਘ ਦਾ ਉਪਰੋਕਤ ਖ਼ਿਆਲ ਉੱਚਿਤ ਨਹੀਂ ਲੱਗਦਾ। ਭੱਟ ਸਾਹਿਬਾਨ ਭਿੱਖਾ ਜੀ ਦੀ ਅਗਵਾਈ ਵਿਚ ਗੁਰੂ ਅਮਰਦਾਸ ਜੀ ਕੋਲ ਆਏ ਸਨ।

ਭੱਟ ਯਾਚਕ ਜਾਤੀ ਮੰਨੀ ਜਾਂਦੀ ਹੈ, ਜੋ ਸਭ ਤੋਂ ਦਾਨ ਲੈ ਕੇ ਆਪਣਾ ਗੁਜ਼ਾਰਾ ਕਰਦੀ ਸੀ। ਆਮ ਤੌਰ 'ਤੇ ਭੱਟ ਤੁਕ-ਬੰਦੀ ਕਰਕੇ ਰਾਜ-ਦਰਬਾਰਾਂ ਵਿਚ ਰਾਜਿਆਂ ਦਾ ਯਸ਼ ਗਾਉਣ ਦਾ ਕੰਮ ਕਰਦੇ ਸਨ। ਪਰ ਜਿਹੜੇ ਭੱਟਾਂ ਦੀ ਬਾਣੀ *ਗੁਰੂ ਗ੍ਰੰਥ ਸਾਹਿਬ* ਵਿਚ ਮਿਲਦੀ ਹੈ ਉਹ ਉੱਚ-ਮਿਆਰ ਦੇ ਕਵੀ ਤਾਂ ਹੈ ਹੀ ਸਨ, ਨਾਲ ਹੀ ਅਧਿਆਤਮਕ ਤੌਰ 'ਤੇ ਬਹੁਤ ਉੱਚੀ ਪਦਵੀ ਦੇ ਮਾਲਕ ਸਨ। ਇਹੀ ਕਾਰਣ ਹੈ ਕਿ ਇਨ੍ਹਾਂ ਦੀ ਰਚਨਾ ਨੂੰ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਕਰ ਦਿੱਤਾ ਸੀ।

ਭੱਟ ਬਾਣੀ ਦੀ ਵਿਚਾਰ ਕਰਨ ਉਪਰੰਤ ਇਹ ਗੱਲ ਵੀ ਨਿਸਚਤ ਹੋ ਜਾਂਦੀ ਹੈ ਕਿ ਇਹ ਗੁਰੂ-ਘਰ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਹਿੰਦੂ ਸਨ। ਗੁਰੂ-ਘਰ ਨੂੰ ਇਨ੍ਹਾਂ ਨੇ ਬਹੁਤ ਯੋਗਦਾਨ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਕੀਰਤ ਜੀ ਇਕ ਜੰਗ ਵਿਚ ਸ਼ਹੀਦ ਹੋਏ ਸਨ। ਇਨ੍ਹਾਂ ਭੱਟਾਂ ਦੇ ਪਰਿਵਾਰ ਸਿੱਖੀ ਨਾਲ ਜੁੜੇ ਰਹੇ। ਨਿਰਬੁਧ ਸਿੰਘ ਭੱਟ ਕੀਰਤ ਜੀ ਦਾ ਇਕ ਪੋਤਰਾ ਸੀ, ਜਿਸਨੇ ਅੰਮ੍ਰਿਤ ਛੱਕ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤ ਸਾਥ ਦਿੱਤਾ ਸੀ। ਇਹ ਨਿਰਬੁਧ ਸਿੰਘ ਗੁਰੂ ਗੋਬਿੰਦ ਸਿੰਘ ਜੀ ਨਾਲ ਨਾਂਦੇੜ ਤਕ ਗਿਆ ਸੀ। ਪਰ ਸਿੱਖਾਂ ਦੇ ਕੁਝ ਅਖੌਤੀ ਵਿਦਵਾਨਾਂ ਨੇ ਇਨ੍ਹਾਂ ਉਪਰ ਕਈ ਊਜਾਂ ਲਾ ਕੇ ਇਨ੍ਹਾਂ ਦੀ ਰਚਨਾਂ ਨੂੰ ਕੋਸਿਆ ਹੈ। ਅਜਿਹਾ ਇਨ੍ਹਾਂ ਦੇ ਯੋਗਦਾਨ ਪ੍ਰਤੀ ਅਗਿਆਨਤਾ ਕਾਰਣ ਹੀ ਹੁੰਦਾ ਰਿਹਾ ਹੈ। ਇਹ ਗੱਲ ਸਾਡੇ ਪਾਠਕ ਜਾਣਦੇ ਹੀ ਹੋਣਗੇ ਕਿ ਭੱਟਾਂ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਉੱਚ-ਮਿਆਰੀ ਵਡਿਆਈ ਕੀਤੀ ਹੈ। ਉਨ੍ਹਾਂ ਨੂੰ 'ਪ੍ਰਚਾਰਕ' ਵਜੋਂ ਵੇਖਣਾ ਚਾਹੀਦਾ ਹੈ। ਆਮ ਸੰਗਤ ਵਿਚ ਗੁਰੂ ਜੀ ਪ੍ਰਤੀ ਸ਼ਰਧਾ ਪੈਦਾ ਕਰਨ ਦੇ ਮਨੋਰਥ ਨਾਲ ਹੀ ਭੱਟਾਂ ਨੇ ਬਾਣੀ ਰਚੀ ਸੀ। ਇਹ ਵੇਖ ਕੇ ਅਸਚਰਜ ਹੁੰਦਾ ਹੈ ਕਿ ਭੱਟਾਂ ਨੇ ਆਮ ਤੌਰ 'ਤੇ ਗੁਰੂ ਸਾਹਿਬਾਨ ਨੂੰ ਅਕਾਲਪੁਰਖ ਦਾ ਹੀ ਰੂਪ ਬਿਆਨ ਕੀਤਾ ਹੈ। ਵਿਸ਼ੇਸ਼ ਕਰਕੇ ਗੁਰੂ ਅਰਜ਼ਨ ਸਾਹਿਬ ਦੀ ਕੀਤੀ ਮਹਿਮਾ ਦੇਖੋ :

ੳ. ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ॥

ਅ. ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ॥

ੲ. ਕਲਜੁਗਿ ਜਹਾਜੁ ਅਰਜੁਨ ਗੁਰੂ ਸਗਲ ਸ੍ਰਿਸ੍ਟਿ ਲਗਿਬਿ ਤਰਹੁ॥

ਸ. ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥

ਹ. ਜਪ੍ਹਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥

ਕ. ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥

ਇਕ ਸਾਧਾਰਣ ਪਾਠਕ ਦੇ ਮਨ ਵਿਚ ਉਪਰੋਕਤ ਹਵਾਲੇ ਦੇਖ ਕੇ ਪ੍ਰਸ਼ਨ ਪੈਦਾ ਹੋ ਸਕਦਾ ਹੈ ਕਿ ਕੀ ਗੁਰੂ ਅਰਜਨ ਜੀ ਭੱਟਾਂ ਤੋਂ ਆਪਣੀ ਉਪਮਾ ਲਿਖਵਾ ਕੇ, ਆਪ ਹੀ *ਆਦਿ ਬੀੜ* ਵਿਚ ਦਰਜ ਕਰਵਾ ਰਹੇ ਸਨ? ਗੁਰੂ ਅਰਜਨ ਦੇਵ ਜੀ ਆਪਣੀ ਵਡਿਆਈ ਵਾਲੀ ਬਾਣੀ ਆਪ ਦਰਜ ਨਹੀਂ ਕਰ ਸਕਦੇ ਸਨ।

ਇਹ ਮੰਨਣ ਵਿਚ ਕੋਈ ਗ਼ਲਤ ਗੱਲ ਨਹੀਂ ਕਿ ਇਹ ਰਚਨਾ ਛੇਵੇਂ ਪਾਤਸ਼ਾਹ ਜੀ ਨੇ *ਆਦਿ ਬੀੜ* ਵਿਚ ਦਰਜ ਕੀਤੀ ਸੀ।

ਭਗਤ ਬਾਣੀ ਦੇ ਰਚਨਾਕਾਰਾਂ ਦੀ ਗਿਣਤੀ ਬਾਰੇ ਵੀ ਸਿੱਖ ਵਿਦਵਾਨ ਇਕ ਮਤ ਨਹੀਂ ਦਿਸਦੇ। ਆਮ ਤੌਰ 'ਤੇ ਭਗਤਾਂ ਦੀ ਗਿਣਤੀ ਪੰਦਰਾਂ ਮੰਨੀ ਜਾ ਰਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਪੰਦਰਾਂ ਵਿਚੋਂ ਕੁਝ ਭਗਤ ਇਤਿਹਾਸਕ ਤੌਰ 'ਤੇ ਮਹੱਤਵਹੀਣ ਹਨ ਅਤੇ ਇਨ੍ਹਾਂ ਬਾਰੇ ਕੋਈ ਜਾਣਕਾਰੀ ਹੀ ਨਹੀਂ ਮਿਲਦੀ। ਇਨ੍ਹਾਂ ਵਿਚੋਂ ਇਕ ਭਗਤ ਬੇਣੀ ਹੈ ਜਿਸ ਬਾਰੇ ਕੋਈ ਜਾਣਕਾਰੀ ਨਹੀਂ। ਅਜਿਹੇ ਵਿਅਕਤੀਆਂ ਦੀ ਬਾਣੀ ਦਾ *ਆਦਿ ਗ੍ਰੰਥ* ਵਿਚ ਦਰਜ ਹੋਣ ਦਾ ਠੀਕ-ਠੀਕ ਕਾਰਣ ਜਾਣ ਲੈਣਾ, ਨਾ-ਮੁਮਕਿਨ ਹੀ ਹੈ। ਹੁਣੇ ਹੀ ਸ਼੍ਰੋਮਣੀ ਕਮੇਟੀ ਦੀ ਤਥਾਕਥਿਤ ਪ੍ਰਮਾਣਿਕ ਇਤਿਹਾਸ ਦੀ ਪੁਸਤਕ ਵਿਚ ਭਗਤਾਂ ਦੇ ਨਾਂਵਾਂ ਦੀ ਸੂਚੀ ਵਿਚੋਂ ਬੇਣੀ ਦਾ ਨਾਂ ਗ਼ਾਇਬ ਹੈ।[2] ਹੋ ਸਕਦਾ ਹੈ ਕਿ ਇਹ ਲਿਖਾਰੀ ਦੀ ਅਚਨਚੇਤ ਹੋਈ ਭੁੱਲ ਕਹੀ ਜਾਵੇ, ਪਰ ਪੰਥ ਦੀ ਸਰਵੁੱਚ ਜਮਾਤ ਵਲੋਂ ਪ੍ਰਮਾਣਿਕਤਾ ਦੇ ਦਾਅਵੇ ਦੇ ਹੁੰਦਿਆਂ, ਇਸਨੂੰ ਅਣਗੌਲਾ ਕਰਨਾ ਇਤਨਾ ਸੌਖਾ ਨਹੀਂ। ਇਸੇ ਪੁਸਤਕ ਵਿਚ ਲਿਖਿਆ ਹੈ ਕਿ:

There are more than fifteen bhagats, whose verses have been included in the *Adi Granth*.[3]

ਇਸ ਲੇਖ ਦੇ ਲੇਖਕ ਡਾ. ਹਰਨਾਮ ਸਿੰਘ ਸ਼ਾਨ ਹਨ। ਸ਼ਾਨ ਜੀ ਦੇ ਮਨ ਵਿਚ 'ਪੰਦਰਾਂ ਤੋਂ ਵੱਧ' ਭਗਤਾਂ ਦੀ ਗੱਲ ਤਾਂ ਹੈ, ਪਰ ਲਿਖਤ ਵਿਚ ਸਪੱਸ਼ਟ ਨਹੀਂ ਹੋਈ। ਕੀ ਡਾ. ਗੁਰਿੰਦਰ ਮਾਨ ਵਲੋਂ *ਮਹਿਮਾ ਪ੍ਰਕਾਸ਼* ਦੇ ਹਵਾਲੇ ਨਾਲ ਦਿੱਤੀ ਜਾਣਕਾਰੀ ਕਿ ਪੰਦਰਾਂ ਭਗਤਾਂ ਤੋਂ ਇਲਾਵਾ ਆਦਿ ਗ੍ਰੰਥ ਵਿਚ ਆਰਫ਼, ਕਾਮਲ ਅਤੇ ਮੀਰਾਬਾਈ ਦੀ ਬਾਣੀ ਵੀ ਸੀ,[4] ਉਪਰੋਕਤ ਲੇਖ ਦੇ ਲੇਖਕ ਦੇ ਮਨ ਵਿਚ ਤਾਂ ਨਹੀਂ? ਇਸੇ ਪ੍ਰਮਾਣਿਕ ਪੁਸਤਕ ਦੇ ਖੋਜੀਆਂ ਨੇ ਕਿਸੇ 'ਬਾਬਾ ਸਦ' ਦੀ ਬਾਣੀ ਵੀ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਹੋਣ ਦੀ ਦਸ ਪਾਈ ਹੈ।[5] ਇਹ ਸ਼੍ਰੋਮਣੀ ਕਮੇਟੀ ਵਲੋਂ ਪਾਇਆ ਗਿਆ ਤਾਜ਼ਾ ਭੰਬਲਭੂਸਾ ਹੀ ਤਾਂ ਹੈ। ਜਾਂ, ਇਸ ਪੁਸਤਕ ਦੇ ਖੋਜੀ ਵਿਦਵਾਨ 'ਬਾਬੇ ਸਦ' ਬਾਰੇ ਚਾਨਣਾ ਪਾ ਦਿੰਦੇ ਤਾਂ ਪਾਠਕਾਂ ਨੂੰ ਵੀ ਗਿਆਨ ਮਿਲ ਜਾਂਦਾ। ਹੋਰ ਵੇਖੋ *ਖਾਰੀ ਬੀੜ* ਵਿਚ ਰਾਗ ਮਾਰੂ ਵਿਚ ਮੀਰਾ ਬਾਈ ਦਾ ਪੂਰਾ ਸ਼ਬਦ ਵੀ ਮਿਲਦਾ ਹੈ:

ਮਾਰੂ ਮੀਰਾ

ਮਨੁ ਹਮਾਰਾ ਬਾਧਿਓ ਮਾਈ ਕਵਲ ਨੈਨ ਆਪਨੇ ਗੁਨ॥੧॥ਰਹਾਉ॥
ਤੀਖਣ ਤੀਰ ਬੇਧ ਸਰੀਰ ਦੂਰਿ ਗਯੋ ਮਾਈ॥
ਲਾਗਿਓ ਤਬ ਜਾਨਿਓ ਨਾਹੀ ਅਬ ਨ ਸਹਿਓ ਜਾਈ॥੧॥

ਰੀ ਮਾਈ ਤੰਤ ਮਤਿ ਅਉਖਦੁ ਕਰਉ ਤਉ ਪੀਰ ਨ ਜਾਈ॥
ਹੈ ਕੋਊ ਉਪਕਾਰੁ ਕਰੈ ਕਠਿਨ ਦਰਦੁ ਮਾਈ॥੨॥
ਨਿਕਟ ਹਉ ਤੁਮ ਦੂਰਿ ਨਹੀ ਬੇਗ ਮਿਲਹੁ ਆਈ॥
ਮੀਰਾ ਗਿਰਧਰ ਸੁਆਮੀ ਦਇਆਲ ਤਨ ਕੀ ਤਪਤ ਬੁਝਾਈ ਰੀ ਮਾਈ॥੩॥
ਕਵਲਨੈਨ ਆਪੁਨੇ ਗੁਨ ਆਪਨੇ ਗੁਨ ਬਾਂਧਿਓ ਮਾਈ॥੧॥ਰਹਾਉ॥

ਡਾ. ਪਸ਼ੌਰਾ ਸਿੰਘ ਮੀਰਾ ਦੇ ਪਦੇ ਵਿਚਲੇ 'ਤਨ ਕੀ ਤਪਤ ਬੁਝਾਈ' ਸ਼ਬਦਾਂ ਨੂੰ 'ਅਸ਼ਲੀਲ' (ਕਾਮੀ) ਦਸਦਿਆਂ ਇਸ ਪਦੇ ਨੂੰ *ਗੁਰੂ ਗ੍ਰੰਥ ਸਾਹਿਬ* ਤੋਂ ਬਾਹਰ ਰਖੇ ਜਾਣ ਦੀ ਹਮਾਇਤ ਕਰਦੇ ਹਨ।[6] ਪਰ ਉਹ *ਗੁਰੂ ਗ੍ਰੰਥ ਸਾਹਿਬ* ਵਿਚਲੇ ਹੋਰ ਬਾਣੀਕਾਰਾਂ ਦੇ ਐਸੇ ਹਵਾਲਿਆਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਹੈ।[7]

ਕੁਝ ਗ਼ੈਰ-ਸਿੱਖ ਵਿਦਵਾਨਾਂ ਦਾ ਮਤ ਹੈ ਕਿ ਮੀਰਾ ਦੀ ਰਚਨਾ ਵੀ *ਗੁਰੂ ਗ੍ਰੰਥ ਸਾਹਿਬ* ਵਿਚ ਸ਼ਾਮਲ ਹੈ[8] ਜਦੋਂਕਿ ਛਾਪੇ ਦੀ ਬੀੜ ਵਿਚ ਇਹ ਦਰਜ ਨਹੀਂ ਕੀਤੀ ਗਈ। *ਕਰਤਾਰਪੁਰੀ ਬੀੜ* ਵਿਚ ਵੀ ਮੀਰਾ ਦਾ ਉਪਰੋਕਤ ਸ਼ਬਦ ਮੌਜੂਦ ਹੈ। ਕਰਤਾਰਪੁਰ ਵਾਲੀ ਬੀੜ ਦੇ ਪਤਰਾ ੮੧੦ ਉੱਤੇ ਇਹ ਪਦਾ ਲਿਖ ਕੇ ਕਟਿਆ ਹੈ.....ਹੜਤਾਲ ਨਹੀਂ ਫੇਰੀ।[9] ਇਹ ਪਦਾ *ਗੁਰੂ ਗ੍ਰੰਥ ਸਾਹਿਬ* ਵਿਚ ਸ਼ਾਮਲ ਨਾ ਹੋਣ ਦਾ ਕਾਰਨ ਗਿ. ਗੁਰਦਿੱਤ ਸਿੰਘ ਜੀ ਦਸਦਿਆਂ ਇਕ ਅਜੀਬ ਤਰਕ ਘੜਨ ਦੀ ਕੋਸ਼ਿਸ਼ ਕਰਦੇ ਹਨ। ਉਹ ਲਿਖਦੇ ਹਨ, "ਮੀਰਾਂ ਬੇਸ਼ੱਕ, ਕਬੀਰ ਨਾਮਦੇਵ ਅਤੇ ਹੋਰਨਾਂ ਭਗਤਾਂ ਵਾਂਗ ਪਹਿਲਾਂ ਕ੍ਰਿਸ਼ਨ ਭਗਤ ਹੁੰਦੀ, ਜੋ ਪਿਛੋਂ ਵਿਕਾਸ ਕਰਦੀ ਨਿਰੰਜਨ ਨਿਰਾਕਾਰ ਦੀ ਅਰਾਧਕ ਬਣ ਜਾਂਦੀ, ਫਿਰ ਉਸਦੀ ਉਜੇਹੀ ਰਚਨਾ ਚੜ੍ਹਾਈ ਜਾ ਸਕਦੀ ਸੀ।"[10] ਇਉਂ ਜਾਪਦਾ ਹੈ ਜਿਵੇਂ ਗਿਆਨੀ ਜੀ, ਗੁਰੂ ਅਰਜਨ ਜੀ ਦੇ ਸਲਾਹਕਾਰ ਰਹੇ ਹੋਣ। ਸਿੱਖ ਪੰਥ ਦੇ ਬਹੁਤ ਹੀ ਵੱਡੇ ਨਾਂ ਵਾਲੇ ਵਿਦਵਾਨ ਸਿਰਦਾਰ ਕਪੂਰ ਸਿੰਘ ਹੁਰਾਂ ਨੇ ਮੀਰਾ ਬਾਈ ਅਤੇ ਉਸਦੇ ਸ਼ਬਦ ਨੂੰ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਨਾ ਬਣਾਉਣ ਸੰਬੰਧੀ ਵਿਚਾਰ ਦੇਖੋ, "ਮੀਰਾ ਦੀ ਬੋਲੀ ਦੇ ਜਾਦੂ ਤੇ ਉਸਦੀ ਭਗਤੀ-ਰਸ ਲੀਨ ਆਤਮਾ ਦੀ ਪਵਿੱਤ੍ਰਤਾ ਤੇ ਮੋਹਿਤ ਹੋ ਕੇ ਗੁਰੂ ਅਰਜਨ ਦੇ ਮਹਾਂਕਵੀ ਮਨ ਦੇ ਇਹ ਸ਼ਬਦ *ਗੁਰੂ ਗ੍ਰੰਥ ਸਾਹਿਬ* ਦੀ ਇਕ ਕੱਚੀ ਸੰਚੀ ਵਿਚ ਲਿਖ ਲਿਆ, ਪਰ ਪੱਕੀਆਂ ਸੰਚੀਆਂ ਲਿਖੇ ਜਾਣ ਤੋਂ ਪਹਿਲਾਂ ਇਸ ਉਤੇ ਹੜਤਾਲ ਫੇਰ ਦਿੱਤੀ ਤੇ ਬਚਨ ਕੀਤਾ: "ਮੀਰਾ ਬਾਈ ਉੱਚ ਕੋਟੀ ਦੀ ਭਗਤ ਹੈ, ਤੇ ਬੜੀ ਉੱਚ ਅਵਸਥਾ ਵਿਚ ਵਿਚਰਨ ਵਾਲੀ ਕਵੀ। ਪਰ ਇਸ ਜਨਮ ਵਿਚ ਅਵਤਾਰਵਾਦ ਦੇ ਸਰਗੁਣ ਮੰਡਲਾਂ ਵਿਚ ਹੀ ਵਿਚਰਦੀ ਰਹੀ। ਕਿਸੇ ਕਾਲ ਫਿਰ ਨਿਰਗੁਣ ਅਕਾਲ ਪੁਰਖ ਦੇ ਸਚਖੰਡ ਦੀ ਛੋਹ ਪ੍ਰਾਪਤ ਕਰਕੇ, ਸੰਸਾਰ ਵਿਚ ਮੁੜ ਕਾਵਿ ਸੰਗੀਤ ਦਾ ਰੰਗ ਬੰਨ੍ਹੇਗੀ ਤੇ ਸਿੱਖੀ ਮੰਡਲ ਦੇ ਅਕਾਸ਼ ਵਿਚ ਚੰਦ੍ਰਮਾ ਵਤ ਤੇਜ ਪ੍ਰਾਪਤ ਕਰੇਗੀ। ਉਹ ਸਮਾਂ ਅਜੇ ਆਉਣ ਵਾਲਾ ਹੈ।"[11]

ਇਸ ਕਥਨ ਦਾ ਸੂਖ਼ਮ-ਵਿਸ਼ਲੇਸ਼ਣ ਕਰੀਏ ਤਾਂ ਕਈ ਗੰਭੀਰ ਪ੍ਰਸ਼ਨ ਪੈਦਾ ਹੋ ਜਾਣਗੇ, ਜਿਨ੍ਹਾਂ ਦਾ ਜੁਆਬ ਦੇਣ ਲਈ ਸਿਰਦਾਰ ਕਪੂਰ ਸਿੰਘ ਵਰਗੇ ਵਿਦਵਾਨ ਦੀ ਲੋੜ ਪਵੇਗੀ। ਉਪਰੋਕਤ ਕਥਨ ਇਕ ਕਲਪਨਾ, ਮਿੱਥ ਜਾਂ ਰਵਾਇਤ ਤੋਂ ਵੱਧ ਕੋਈ ਮਹੱਤਵ ਨਹੀਂ ਰਖਦਾ। ਲਗਦਾ ਹੈ ਕਿ ਇਥੇ ਸਿਰਦਾਰ ਸਾਹਿਬ ਦੇ ਮਨ ਨੇ *ਕਰਤਾਰਪੁਰੀ ਬੀੜ* ਨੂੰ ਪ੍ਰਮਾਣਿਕ ਪ੍ਰਵਾਨ ਕੀਤਾ ਹੋਇਆ ਹੈ। ਪਰ *ਕਰਤਾਰਪੁਰੀ ਬੀੜ* ਵਿਚ ਇਸ ਸ਼ਬਦ ਉਪਰ ਹੜਤਾਲ ਨਹੀਂ ਫਿਰੀ, ਸਗੋਂ ਕਟਿਆ ਹੈ। ਕੀ ਹੁਣ ਪੰਥ ਮੀਰਾ ਬਾਈ ਦੇ ਪੁਨਰਜਨਮ ਲੈਣ ਦੀ ਤਾਂਘ ਵਿਚ ਅੱਖਾਂ ਅੱਡੀ ਉਡੀਕਦਾ ਰਹੇ? ਮੀਰਾ ਬਾਈ ਸਿੱਖੀ ਮੰਡਲ ਦੇ ਆਕਾਸ਼ ਉਪਰ ਚੰਦ ਵਾਂਗ ਚਮਕ ਕੇ, ਕੀ ਸੇਧ ਦੇਵੇਗੀ? ਉਸਦੀ ਪਹਿਚਾਣ ਕੀ ਹੋਵੇਗੀ? ਉਸਦੀ ਰਚੀ ਰਚਨਾ ਨੂੰ *ਗੁਰੂ ਗ੍ਰੰਥ ਸਾਹਿਬ* ਵਿਚ ਸ਼ਾਮਲ ਕਰਨ ਦਾ ਅਧਿਕਾਰ ਕਿਸ ਕੋਲ ਹੋਵੇਗਾ? ਮੈਨੂੰ ਸਿੱਖ ਵਿਦਵਾਨਾਂ ਦੇ ਇਸ ਕੰਮ-ਚਲਾਊ ਰਵੱਈਏ ਉਪਰ ਬਹੁਤ ਬਹੁਤ ਅਫ਼ਸੋਸ ਹੁੰਦਾ ਹੈ। ਅੱਗੇ ਜਾ ਕੇ 'ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਸਿਰਦਾਰ ਕਪੂਰ ਸਿੰਘ ਜੀ ਲਿਖਦੇ ਹਨ, "ਸੰਸਾਰ ਭਰ ਦੀ ਹੋਰ ਕਿਸੇ ਪੂਜਯ ਧਰਮ ਪੁਸਤਕ ਵਿਚ ਕਿਸੇ ਇਸਤਰੀ ਦੀ ਬਾਣੀ ਚੜ੍ਹਾਉਣ ਦਾ ਕਦੇ ਸੰਕਲਪ ਨਹੀਂ ਕੀਤਾ ਗਿਆ।"[12]

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜਦੋਂ ਸਿੱਖਾਂ ਦੇ ਪ੍ਰਵਾਣਿਤ ਗ੍ਰੰਥ ਵਿਚ ਵੀ ਕਿਸੇ ਬੀਬੀ ਦੀ ਰਚਨਾ ਨਹੀਂ ਹੈ ਤਾਂ ਕੀ ਇਸ ਤਰ੍ਹਾਂ ਦਾ ਮਾਣ ਕੀਤਾ ਜਾ ਸਕਦਾ ਹੈ? ਵਿਚਾਰਨ ਦੀ ਗੱਲ ਹੈ ਕਿ ਕਿਤੇ ਬਾਅਦ ਵਿਚ ਮੀਰਾ ਬਾਈ ਦੇ ਪਦੇ ਨੂੰ ਮਰਦ-ਪ੍ਰਧਾਨ ਮਾਨਸਿਕਤਾ ਕਰਕੇ ਤਾਂ ਨਹੀਂ ਲਾਂਭੇ ਕਰ ਦਿੱਤਾ ਗਿਆ? ਸਾਡੇ ਕੁਝ ਭਰਾ *ਗੁਰੂ ਗ੍ਰੰਥ ਸਾਹਿਬ* ਦੀ ਤਾਬਿਆ ਕਿਸੇ ਬੀਬੀ ਦੇ ਬੈਠਣ ਦੇ ਇਸ ਕਰਕੇ ਵਿਰੋਧੀ ਰਹੇ ਹਨ ਕਿਉਂ ਜੁ ਬੀਬੀਆਂ ਨੂੰ ਮਾਹਵਾਰੀ ਆਉਣ ਦਾ ਖ਼ਦਸ਼ਾ ਹੁੰਦਾ ਹੈ। ਹਿੰਦੂ ਮੰਦਰਾਂ ਵਿਚ ਹਿੰਦੂ-ਬੀਬੀਆਂ ਮਾਹਵਾਰੀ ਦੇ ਦਿਨਾਂ ਵਿਚ ਨਹੀਂ ਜਾਂਦੀਆਂ। ਸਮਝਿਆ ਜਾਂਦਾ ਹੈ ਕਿ ਮਾਹਵਾਰੀ ਵਾਲੀ ਬੀਬੀ ਦੇ ਮੰਦਰ ਵਿਚ ਜਾਣ ਕਰਕੇ ਮੰਦਰ ਭਿੱਟ ਜਾਂਦਾ ਹੈ। ਸਾਡੇ ਸਿੱਖ-ਬ੍ਰਾਹਮਣ ਵੀ ਕਿਸੇ ਤੋਂ ਘੱਟ ਨਹੀਂ—ਉਹ ਵੀ ਬੀਬੀਆਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਅਤੇ ਕੀਰਤਨ ਕਰਨ ਦੀ ਆਗਿਆ ਦੇ ਵਿਰੁੱਧ ਹਨ। ਕੈਸੀ ਵਿਡੰਬਨਾ ਹੈ ਕਿ ਬੀਬੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਤਾਂ ਹੋ ਸਕਦੀ ਹੈ ਪਰ ਕਿਸੇ ਸਾਧਾਰਣ ਜਿਹੇ ਗੁਰਦੁਆਰੇ ਵਿਚ ਗ੍ਰੰਥੀ ਨਹੀਂ ਲਗ ਸਕਦੀ। ਇਹ ਗੱਲ ਵੀ ਨੇੜੇ ਭਵਿੱਖ ਵਿਚ ਸੰਭਵ ਨਹੀਂ ਜਾਪਦੀ ਕਿ ਕਦੇ ਕੋਈ ਬੀਬੀ ਪੰਜ ਪਿਆਰਿਆਂ ਵਿਚ ਸ਼ਾਮਲ ਹੋਵੇਗੀ। ਖ਼ੈਰ! ਹੁਣੇ ਡਾ. ਰਤਨ ਸਿੰਘ ਜੱਗੀ ਦੁਆਰਾ ਤਿਆਰ *ਗੁਰੂ ਗ੍ਰੰਥ ਵਿਸ਼ਵਕੋਸ਼* ਮੀਰਾ ਅਤੇ ਸੂਰਦਾਸ ਦੀ ਰਚਨਾ ਬਾਰੇ ਨਿਰਣਾ ਨਹੀਂ ਕਰਦਾ। ਸਿੱਖ ਵਿਦਵਾਨਾਂ ਦਾ ਇਹ ਰਵੱਈਆ ਚਿੰਤਾਜਨਕ ਹੈ ਅਤੇ ਇਹ ਵੇਖਣ ਦੀ ਲੋੜ ਹੈ ਕਿ ਇਸ ਲਈ ਅਸਲ ਦੋਸ਼ੀ ਕੌਣ

ਹੈ? ਭਗਤ ਸੂਰਦਾਸ ਦੇ ਸ਼ਬਦ ਦੀ ਇਕ ਹੀ ਪੰਕਤੀ ਛਾਪੇ ਦੀ ਬੀੜ ਵਿਚ ਦਰਜ ਹੈ, ਜਦੋਂ ਕਿ ਹੱਥ-ਲਿਖਤਾਂ ਵਿਚ ਪੰਜ ਪੰਕਤੀਆਂ ਦਾ ਪੂਰਾ ਸ਼ਬਦ ਲਿਖਿਆ ਹੋਇਆ ਹੈ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਛਾਪੇ ਦੀਆਂ ਬੀੜਾਂ ਵਿਚ ਮੀਰਾ ਬਾਈ ਦਾ ਸਾਰਾ ਸ਼ਬਦ ਅਤੇ ਸੂਰਦਾਸ ਜੀ ਦੇ ਸ਼ਬਦ ਦੀਆਂ ਚਾਰ ਪੰਕਤੀਆ ਕੱਟ ਦੇਣ ਦਾ ਕੀ ਕਾਰਣ ਹੈ? ਕਿਹਾ ਜਾ ਸਕਦਾ ਹੈ ਕਿ ਮੀਰਾ ਦਾ ਸ਼ਬਦ ਪ੍ਰਮਾਣਿਕ ਬੀੜ ਵਿਚ ਸ਼ਾਮਲ ਹੀ ਨਹੀਂ ਕੀਤਾ ਗਿਆ ਸੀ। ਪਰ ਕੀ ਇਹ ਯੋਗ ਹੈ ਕਿ ਸੂਰਦਾਸ ਜੀ ਦੇ ਸ਼ਬਦ ਦੀ ਇਕ ਹੀ ਪੰਕਤੀ ਸਵੀਕਾਰ ਕਰਕੇ, ਪ੍ਰਮਾਣਿਕ ਬੀੜ ਦਾ ਹਿੱਸਾ ਬਣਾ ਲਈ ਗਈ ਅਤੇ ਬਾਕੀ ਚਾਰ ਤੁਕਾਂ ਅਪ੍ਰਵਾਣਿਤ ਹੋ ਗਈਆਂ? ਡਾ. ਜੱਗੀ ਇਸ ਬਾਰੇ ਸਪੱਸ਼ਟ ਰਾਇ ਦੇਣ ਤੋਂ ਬਚਦਿਆਂ ਲਿਖਦੇ ਹਨ, "....ਇਸ ਤੁਕ ਦਾ ਬਿਨਾਂ ਕਿਸੇ ਰਚੈਤਾ ਦੇ ਨਾਂ ਦਿੱਤਿਆਂ, ਇਥੇ ਲਿਖਿਆ ਹੋਣਾ ਕਈ ਪ੍ਰਕਾਰ ਦੇ ਪ੍ਰਸ਼ਨ ਖੜੇ ਕਰਦਾ ਹੈ, ਪਰ ਹੁਣ ਉਨ੍ਹਾਂ ਦਾ ਸਮਾਧਾਨ ਸੰਭਵ ਨਹੀਂ ਹੈ।"[13] ਕੀ ਇਹ ਵਿਸ਼ਵਕੋਸ਼ ਕਿਸੇ ਗ਼ੈਰ-ਸਿਖ ਨੇ ਪੜ੍ਹ ਕੇ, *ਗੁਰੂ ਗ੍ਰੰਥ ਸਾਹਿਬ* ਬਾਰੇ ਪ੍ਰਸ਼ਨ ਨਹੀਂ ਉਠਾਉਣੇ? ਕੀ ਪੰਥ ਨੂੰ ਐਸੀ ਨਮੋਸ਼ੀ ਤੋਂ ਬਚਣ ਦਾ ਉਪਾਅ ਸੋਚਣਾ ਹੀ ਛੱਡ ਦੇਣਾ ਚਾਹੀਦਾ ਹੈ? ਜੇ ਡਾ. ਜੱਗੀ ਦੇ ਕਹਿਣ ਅਨੁਸਾਰ ਹੁਣ ਸਮਾਧਾਨ ਸੰਭਵ ਹੀ ਨਹੀਂ ਤਾਂ ਮੈਂ ਸਿੱਖ-ਹਿਤੈਸ਼ੀਆਂ ਨੂੰ ਖ਼ਬਰਦਾਰ ਕਰਨਾ ਚਾਹੁੰਦਾ ਹਾਂ। ਵਿਦਵਾਨ ਅਕਸਰ ਇਸ ਵਿਸ਼ੇ ਉਪਰ ਚਰਚਾ ਕਰਦਿਆਂ, ਇਥੇ ਅੰਕ-ਵਿਧਾਨ ਵਿਚ ਹੋਈ ਗੜਬੜੀ ਨੂੰ ਅਣਦੇਖਿਆ ਕਰ ਜਾਂਦੇ ਹਨ। ਇਥੇ ॥੭॥ ਅੰਕ ਗੈਰ-ਹਾਜ਼ਰ ਹੈ। ਇਹ ਅੰਕ ਸੂਰਦਾਸ ਜੀ ਦੇ ਸ਼ਬਦ ਨੂੰ ਲਗਣਾ ਸੀ। ਇਸ ਅੰਕ ਦਾ ਛੁਟਿਆ ਹੋਣਾ ਦਸਦਾ ਹੈ ਕਿ ਇਥੇ ਸੂਰਦਾਸ ਜੀ ਦਾ ਸ਼ਬਦ ਮੌਜੂਦ ਸੀ। ਡਾ. ਪਸ਼ੌਰਾ ਸਿੰਘ ਭਗਤ ਸੂਰਦਾਸ ਜੀ ਦੇ ਸੰਪੂਰਨ ਸ਼ਬਦ ਦੇ ਸ਼ਾਮਲ ਨਾ ਹੋਣ ਦਾ ਕਾਰਣ ਇਉਂ ਦਸਦੇ ਹਨ, "For (Surdas) him, Sinners are totally lost and for them the doors of libration are closed. This view is directly opposed to the optimistic Sikh view."[14] ਡਾ. ਪਸ਼ੌਰਾ ਸਿੰਘ ਤੇ ਉਹ ਲੋਕ ਜੋ ਇਹੀ ਕਾਰਣ ਮੰਨਦੇ ਹਨ ਉਨ੍ਹਾਂ ਨੂੰ ਮੇਰੀ ਸਲਾਹ ਹੈ ਕਿ ਉਹ ਮਨਮੁਖਾਂ, ਸਾਕਤਾਂ ਅਤੇ ਜੈਨੀਆਂ ਬਾਰੇ ਗੁਰਬਾਣੀ ਦੇ ਸ਼ਬਦ ਪੜ੍ਹਨ ਤਾਂ ਉਨ੍ਹਾਂ ਨੂੰ ਆਪ ਸਮਝ ਆ ਜਾਵੇਗੀ ਕਿ ਭਗਤ ਸੂਰਦਾਸ ਜੀ ਦੇ ਸ਼ਬਦ ਵਿਚ ਕੁਝ ਵੀ 'ਇਤਰਾਜ਼ਯੋਗ' ਨਹੀਂ। ਬਾਅਦ ਦੇ ਬਾਣੀ-ਸੰਕਲਨ ਕਰਤਾਵਾਂ ਦੀ ਗ਼ਲਤੀ ਨੂੰ 'ਸਹੀ' ਸਵੀਕਾਰ ਕਰਕੇ, ਅਸੀਂ ਗੁਰੂ ਅਰਜਨ ਸਾਹਿਬ ਜੀ ਦੀ ਯੋਗਤਾ ਉਪਰ ਪ੍ਰਸ਼ਨ-ਚਿੰਨ੍ਹ ਹੀ ਤਾਂ ਲਾ ਰਹੇ ਹਾਂ।

ਹੱਥ-ਲਿਖਤ ਬੀੜਾਂ ਵਿਚ ਸੂਰਦਾਸ ਜੀ ਦਾ ਰਾਗ ਸਾਰੰਗ ਵਿਚ ਮਿਲਦਾ ਪੂਰਾ ਸ਼ਬਦ ਇਹ ਹੈ:

ਛਾਡਿ ਮਨ ਹਰਿ ਬੇਮੁਖਨ ਕੋ ਸੰਗ॥
ਕਾਹ ਭਏ ਪੀਅ ਪਾਇ ਪਿਆਏ ਬਿਖ ਨ ਤਜਈ ਭੁਇਅੰਗ॥੧॥ਰਹਾਉ॥
ਕਾਗਾ ਕਹਾ ਕਪੂਰ ਚੁਗਾਏ ਸੁਆਨ ਨਵਾਇ ਗੰਗ॥
ਖਰ ਕੋ ਕਹਾ ਅਗਰ ਕੋ ਲੇਪਨ ਮਰਕਟਿ ਭੂਖਨ ਅੰਗ॥੧॥
ਪਾਹਨਿ ਪਤਤਿ ਬਾਨ ਨ ਬੇਧੇ ਰੀਤੇ ਹੋਇ ਨਿਖੰਗ॥
ਸੂਰਦਾਸ ਓਇ ਕਾਰੀ ਕਮਰੀਆ ਚੜ੍ਹਤ ਨ ਦੂਜਾ ਰੰਗ॥੨॥

ਇਸ ਬਾਰੇ ਹੋਰ ਚਰਚਾ 'ਪ੍ਰਸ਼ਨੋਤਰੀ' ਵਾਲੇ ਅਧਿਆਇ ਵਿਚ ਵੇਖੀ ਜਾ ਸਕਦੀ ਹੈ। *ਕਰਤਾਰਪੁਰੀ ਬੀੜ* ਵਿਚ ਪੰਨਾ ੯੮੫ ਉਪਰ ਇਸ ਸ਼ਬਦ ਦੀ ਪਹਿਲੀ ਪੰਕਤੀ ਦੇਣ ਤੋਂ ਬਾਅਦ ਚਾਰ ਸਤਰਾਂ ਦੀ ਥਾਂ ਖਾਲੀ ਛੱਡੀ ਹੈ, ਹੜਤਾਲ ਨਹੀਂ ਫੇਰੀ।[15] ਇਸ ਤੋਂ ਤਾਂ ਇਹ ਜਾਪਦਾ ਹੈ ਕਿ ਲਿਖਾਰੀ ਕੋਲ ਇਹ ਪੂਰਾ ਸ਼ਬਦ ਨਹੀਂ ਸੀ ਤੇ ਉਸਨੇ ਇਸਨੂੰ ਬਾਅਦ ਵਿਚ ਲਿਖ ਲੈਣ ਲਈ, ਅੱਗੇ ਥਾਂ ਛੱਡ ਦਿੱਤੀ ਸੀ।

ਭਗਤ ਬਾਣੀ ਦੀ ਪਦ-ਪਦਵੀ ਬਾਰੇ ਮੇਰਾ ਖ਼ਿਆਲ ਇਹ ਹੈ ਕਿ ਇਹ ਬਾਣੀ *ਗੁਰੂ ਗ੍ਰੰਥ ਸਾਹਿਬ* ਦਾ ਅਨਿੱਖੜਵਾਂ ਅੰਗ ਹੈ। ਭਗਤ ਬਾਣੀ ਅਤੇ ਗੁਰਬਾਣੀ ਵਿਚ ਸਾਂਝ ਇਹ ਹੈ ਕਿ ਇਹ ਪਾਖੰਡ, ਦਿਖਾਵੇ, ਕਰਮ-ਕਾਂਡ, ਲੁੱਟ-ਖਸੁੱਟ ਅਤੇ ਪਰੰਪਰਾਵਾਦੀ ਧਰਮ ਦੇ ਵਿਰੋਧ ਵਿਚ ਖੜ੍ਹੀਆਂ ਹਨ। ਭਗਤਾਂ ਦੀ ਬਾਣੀ ਅਤੇ ਸੂਫ਼ੀਆਂ ਦੇ ਕਲਾਮ ਦੀ ਲੋਕਪ੍ਰਿਅਤਾ ਨੇ ਗੁਰਮਤ ਨੂੰ ਤਿਆਰ ਕੀਤਾ ਪਲੇਟਫਾਰਮ ਮੁਹੱਈਆ ਕਰਾਇਆ ਸੀ। ਭਾਵੇਂ ਕਿ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਬਹੁਤ ਸਾਰੇ ਮੌਲਿਕ ਨੁਕਤੇ ਵੀ ਸ਼ਾਮਲ ਕੀਤੇ ਅਤੇ ਉਨ੍ਹਾਂ ਦੇ ਵਿਚਾਰ ਭਗਤਾਂ ਦੇ ਵਿਚਾਰਾਂ ਤੋਂ ਵਧੇਰੇ ਸਪੱਸ਼ਟ ਅਤੇ ਅਗਾਂਹਵਧੂ ਸਨ। ਉਹ ਭਗਤਾਂ ਤੋਂ ਉਲਟ ਮਨੁੱਖੀ ਸਮੱਸਿਆਵਾਂ ਲਈ ਕੇਵਲ ਕਰਮਾਂ ਨੂੰ ਜਾਂ ਰੱਬ ਨੂੰ ਹੀ ਜ਼ਿੰਮੇਵਾਰ ਨਹੀਂ ਮੰਨਦੇ ਸਨ, ਸਗੋਂ ਉਹ ਸਮਾਜਿਕ ਬੁਰਾਈਆਂ ਖ਼ਤਮ ਕਰਨ ਅਤੇ ਰਾਜਸੀ ਨਜ਼ਾਮ ਨੂੰ ਬਦਲਣ ਲਈ ਸੰਘਰਸ਼ ਦੀ ਪ੍ਰੇਰਨਾ ਦਿੰਦੇ ਸਨ। ਇਸ ਲਈ ਸਿੱਖ ਲਹਿਰ ਨੂੰ ਭਗਤੀ ਲਹਿਰ ਦਾ ਪੂਰਕ ਮੰਨਣ ਵਿਚ ਹਰਜ਼ ਕੋਈ ਨਹੀਂ। ਵਿਸ਼ੇਸ਼ ਕਰਕੇ ਅਧਿਆਤਮਕ ਵਿਚਾਰਧਾਰਾ ਵਿਚ ਗੁਰਬਾਣੀ ਅਤੇ ਭਗਤ-ਬਾਣੀ ਵਿਚ ਬਹੁਤ ਨੇੜਤਾ ਹੈ। ਇਹੀ ਕਾਰਣ ਹੈ ਕਿ *ਆਦਿ ਬੀੜ* ਵਿਚ ਚੋਣਵੇਂ ਭਗਤਾਂ ਦੀ ਚੋਣਵੀਂ ਬਾਣੀ ਨੂੰ ਗੁਰਬਾਣੀ ਤੋਂ ਬਾਅਦ ਦਰਜ ਕੀਤਾ ਗਿਆ ਹੈ। ਭਗਤ-ਬਾਣੀ ਨੂੰ ਗੁਰਬਾਣੀ ਤੋਂ ਬਾਅਦ ਰਖਣ ਨਾਲ ਇਸਦਾ ਸਥਾਨ 'ਅੰਤਿਕਾ' ਵਾਲਾ ਹੋ ਨਿਬੜਦਾ ਹੈ। 'ਅੰਤਿਕਾ' ਤੋਂ ਸਾਨੂੰ ਵਾਧੂ ਜਾਣਕਾਰੀ ਪ੍ਰਾਪਤ ਹੁੰਦੀ ਹੈ। ਭਗਤ-ਬਾਣੀ ਦਰਜ ਕਰਨ ਦਾ ਮਨੋਰਥ ਜਿਥੇ ਪਹਿਲਾਂ ਹੋ ਚੁੱਕੇ ਮਹਾਂਪੁਰਸ਼ਾਂ ਪ੍ਰਤੀ ਕ੍ਰਿਤੱਗਤਾ ਪੇਸ਼ ਕਰਨਾ ਹੈ, ਉਥੇ ਪਾਠਕ ਨੂੰ ਪਹਿਲਾਂ ਪ੍ਰਚਲਿੱਤ ਆਮ ਵਿਚਾਰਧਾਰਾ ਤੋਂ ਪ੍ਰੀਚਤ ਕਰਾਉਣਾ

ਵੀ ਹੈ।

ਸੂਫ਼ੀਆਂ ਵਿਚੋਂ ਬਾਬਾ ਫ਼ਰੀਦ ਜੀ ਦੇ ਕਲਾਮ ਨੂੰ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਕਰਨ ਪਿੱਛੇ ਵੀ ਇਹੀ ਕਾਰਣ ਜਾਪਦਾ ਹੈ ਕਿ ਸੂਫ਼ੀ ਚਾਹੇ ਮੁਸਲਮ ਧਰਮ ਨੂੰ ਹੀ ਮੰਨਦੇ ਸਨ ਪਰ ਉਨ੍ਹਾਂ ਨੇ ਇਸਲਾਮ ਵਿਚ ਆਈ ਕੱਟੜਤਾ ਅਤੇ ਅਸਹਿਣਸ਼ੀਲਤਾ ਨੂੰ ਖ਼ਤਮ ਕਰਕੇ, ਕੇਵਲ ਅੱਲਾਹ ਦੀ ਬੰਦਗੀ ਦਾ ਪਾਠ ਪੜ੍ਹਾਇਆ ਸੀ। ਇਹ ਗੱਲ ਗੁਰਮਤ ਨੂੰ ਵੀ ਵਾਰਾ ਖਾਂਦੀ ਸੀ। ਇਸ ਲੋਕ-ਪ੍ਰਿਅ ਕਲਾਮ ਵਿਚ ਭਾਵੇਂ ਨਮਾਜ ਪੜ੍ਹਨ ਤੇ ਮਸੀਤ ਵਿਚ ਜਾਣ ਦੀ ਪ੍ਰੇਰਨਾ ਹੈ, ਪਰ ਇਸਦੇ ਬਾਵਜੂਦ ਹੱਜ, ਕੁਰਆਨ ਅਤੇ ਨੱਬੀ ਦੇ ਮਹੱਤਵ ਨੂੰ ਦ੍ਰਿੜ ਨਹੀਂ ਕਰਾਇਆ ਗਿਆ। ਵਿਦਵਾਨਾਂ ਵਿਚ ਇਸ ਗੱਲ ਨੂੰ ਲੈ ਕੇ ਵੀ ਮਤਭੇਦ ਹਨ ਕਿ 'ਫ਼ਰੀਦ' ਕੌਣ ਸੀ? ਭਾਵੇਂ ਕਿ ਬਹੁਤੇ ਵਿਦਵਾਨ ਸ਼ਕਰਗੰਜ ਵਾਲੇ ਫ਼ਰੀਦ (12ਵੀਂ ਸਦੀ ਵਾਲਾ) ਦੇ ਪੱਖ ਵਿਚ ਰਹੇ ਹਨ। ਪਰ ਕੁਝ ਵਿਦਵਾਨਾਂ ਮੁਤਾਬਿਕ ਫ਼ਰੀਦ ਸਾਹਿਬ ਦੀ ਗੱਦੀ ਉੱਪਰ ਬੈਠਾ ਸ਼ੇਖ਼ ਬ੍ਰਹਮ (ਗੁਰੂ ਨਾਨਕ ਜੀ ਦਾ ਸਮਕਾਲੀ) ਹੀ ਫ਼ਰੀਦ ਦੇ ਨਾਂ ਉਪਰ ਮਿਲਦੀ ਰਚਨਾ ਦਾ ਅਸਲ ਰਚਣਹਾਰ ਸੀ। ਮੈਕਾਲਿਫ਼ ਨੇ ਸਭ ਤੋਂ ਪਹਿਲਾਂ ਇਸ ਪਾਸੇ ਸਾਡਾ ਧਿਆਨ ਦਿਵਾਇਆ ਸੀ ਕਿ ਇਹ ਸਲੋਕ ਅਸਲ ਵਿਚ ਸ਼ੇਖ਼ ਬ੍ਰਹਮ ਦੇ ਹੀ ਹਨ।[16] ਇਸ ਨਾਲ ਗੁਰੂ ਨਾਨਕ ਜੀ ਦੀ ਮੁਲਾਕਾਤ ਵੀ ਹੋਈ ਸੀ। ਬਾਬਾ ਫ਼ਰੀਦ ਉਪਰ ਕੰਮ ਕਰਨ ਵਾਲੇ ਇਕ ਵਿਦਵਾਨ ਕੇ.ਏ. ਨਿਜ਼ਾਮੀ ਨੇ ਵੀ ਬਾਬਾ ਫ਼ਰੀਦ ਦੁਆਰਾ ਕਿਸੇ ਬਾਣੀ ਦੀ ਰਚਨਾ ਤੋਂ ਇਨਕਾਰ ਕੀਤਾ ਹੈ।[17]

ਸਿੱਖ ਸ਼ਰਧਾਲੂਆਂ ਨੇ ਭਗਤਾਂ ਅਤੇ ਸੂਫ਼ੀਆਂ ਦੀ ਬਾਣੀ ਵਿਚਲੇ ਕੁਝ ਅਣਸੁਖਾਵੇਂ ਅੰਸ਼ਾਂ (ਨਮਾਜ਼ ਪੜ੍ਹਨਾ, ਮਸੀਤ ਜਾਣਾ, ਕੇਸ ਕਤਲ ਕਰਾਉਣਾ, ਮਾਸ ਖਾਣ ਨੂੰ ਬੁਰਾ ਸਮਝਣਾ ਆਦਿ) ਨੂੰ ਨਸੀਹਤ ਨਹੀਂ ਸਮਝਿਆ। ਇਨ੍ਹਾਂ ਵਿਰੋਧੀ ਵਿਚਾਰਾਂ ਨੂੰ *ਆਦਿ ਬੀੜ* ਵਿਚ ਥਾਂ ਦੇਣੀ, ਸਾਂਝੀਵਾਲਤਾ ਦੀ ਬਹੁਤ ਹੀ ਸ਼ਾਨਦਾਰ ਮਿਸਾਲ ਹੈ। ਇਹੀ ਗੱਲ ਪ੍ਰਿੰ. ਤੇਜਾ ਸਿੰਘ ਹੁਰਾਂ ਨੇ ਲਿਖੀ ਸੀ।

ਅੱਜ ਬਹੁਤ ਸਾਰੇ ਭਗਤ ਕੇਵਲ ਇਸ ਕਰਕੇ ਯਾਦ ਕੀਤੇ ਜਾਂਦੇ ਹਨ ਕਿ *ਗੁਰੂ ਗ੍ਰੰਥ ਸਾਹਿਬ* ਵਿਚ ਉਨ੍ਹਾਂ ਦੀ ਬਾਣੀ ਦਰਜ ਹੈ। ਵਰਨਾ! ਬੇਣੀ ਜੀ, ਸਧਨਾ ਜੀ, ਪੀਪਾ ਜੀ, ਸੈਣ ਜੀ, ਆਦਿ ਦਾ ਨਾਂ ਗੁੰਮ ਹੋ ਚੁੱਕਾ ਹੁੰਦਾ।

ਅੰਤ ਵਿਚ ਅਸੀਂ ਪਾਠਕਾਂ ਨਾਲ ਇਹ ਨੁਕਤਾ ਸਾਂਝਾ ਕਰਦੇ ਹਾਂ ਕਿ ਭਾਈ ਮਰਦਾਨਾ ਜੀ ਦੇ ਬਿਹਾਗੜੇ ਦੀ ਵਾਰ ਵਿਚ ਸਲੋਕ ਹਨ ਕਿ ਨਹੀਂ? ਸਾਡੀ ਜਾਚੇ ਭਾਈ ਮਰਦਾਨਾ ਜੀ ਦਾ ਕੋਈ 'ਸਲੋਕ' *ਗੁਰੂ ਗ੍ਰੰਥ ਸਾਹਿਬ* ਵਿਚ ਨਹੀਂ। ਬਲਕਿ ਗੁਰੂ ਨਾਨਕ ਸਾਹਿਬ (ਮ: ੧) ਰਚਿਤ ਤਿੰਨ ਸਲੋਕ ਮਰਦਾਨੇ ਨੂੰ ਸਮਰਪਿਤ ਕੀਤੇ ਗਏ ਹਨ। ਇਨ੍ਹਾਂ ਸਲੋਕਾਂ ਨੂੰ ਦੇਖੋ:

ਸਲੋਕ ਮਰਦਾਨਾ ੧

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ॥
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ॥
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ॥੧॥
ਮਰਦਾਨਾ॥੧॥ ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ।
ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ॥
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰ॥੨॥
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ
ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥੩॥

ਹੁਣ ਪਹਿਲਾਂ ਦਿੱਤਾ ਸੂਰਦਾਸ ਦਾ ਸ਼ਬਦ ਪੜ੍ਹੋ ਤਾਂ ਗੱਲ ਸਾਫ਼ ਹੋ ਜਾਵੇਗੀ।

ਸਾਰੰਗ ਮਹਲਾ ੫ ਸੂਰਦਾਸ
ੴ ਸਤਿਗੁਰ ਪ੍ਰਸਾਦਿ

ਹਰਿ ਕੇ ਸੰਗ ਬਸੇ ਹਰਿ ਲੋਕ॥
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ
ਅਨਦ ਸਹਜ ਧੁਨਿ ਝੋਕ॥੧॥ ਰਹਾਉ॥
ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ॥
ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ॥੧॥
ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ॥੨॥

ਪਹਿਲੇ ਜੁਟ ਕੇ ਸਲੋਕਾਂ ਅਤੇ ਸਾਰੰਗ ਮਹਲਾ ੫ ਦੇ ਸਿਰਲੇਖ 'ਮਰਦਾਨਾ' ਅਤੇ 'ਸੂਰਦਾਸ' ਵਿਚ ਸਾਂਝ ਦੇਖੀ ਜਾ ਸਕਦੀ ਹੈ। ਪਹਿਲੇ ਸਲੋਕ ਮਹਲਾ ੧ ਦੇ ਮਰਦਾਨੇ ਨੂੰ ਸੰਬੋਧਨ ਕਰਕੇ ਲਿਖੇ ਹਨ। ਲਿਖਾਰੀ ਦੀ ਗ਼ਲਤੀ ਕਾਰਣ 'ਮਹਲਾ' ਲਿਖਣੋਂ ਰਹਿ ਗਿਆ ਹੈ। ਇਹ ਸਲੋਕ ਗੁਰੂ ਨਾਨਕ ਸਾਹਿਬ ਦੇ ਹੀ ਹਨ ਕਿਉਂਕਿ ਇਨ੍ਹਾਂ ਵਿਚ 'ਨਾਨਕ' ਪਦ ਦੀ ਛਾਪ ਹੈ। 'ਨਾਨਕ' ਛਾਪ ਹੇਠ ਬਾਣੀ ਰਚਣ ਦਾ ਅਧਿਕਾਰ ਮਰਦਾਨਾ ਜੀ ਨੂੰ ਨਹੀਂ ਹੋ ਸਕਦਾ। ਮਹਲਾ ੫ ਦਾ ਸ਼ਬਦ ਸੇਧ ਦਿੰਦਾ ਹੈ ਕਿ ਜੇਕਰ ਤੀਜੇ ਸਲੋਕ ਵਿਚ 'ਨਾਨਕ' ਪਦ ਨਹੀਂ ਵੀ ਤਾਂ ਇਹ ਸਲੋਕ

ਗੁਰੂ ਨਾਨਕ ਸਾਹਿਬ ਦਾ ਹੀ ਸਿਧ ਹੁੰਦਾ ਹੈ। ਮਹਲਾ ੫ ਦੇ ਉਪਰੋਕਤ ਸ਼ਬਦ ਵਿਚ 'ਨਾਨਕ' ਪਦ ਦੀ ਥਾਂ 'ਸੂਰਦਾਸ' ਹੀ ਲਿਖਿਆ ਹੈ। ਪਰ ਉਥੇ ਸਿਰਲੇਖ 'ਮਹਲਾ ੫' ਬਾਣੀ ਰਚਣ ਵਾਲੇ ਦਾ ਸਪੱਸ਼ਟ ਨਿਰਣਾ ਕਰ ਰਿਹਾ ਹੈ।

ਬਾਬਾ ਸੁੰਦਰ ਦੇ ਨਾਂ ਉਪਰ ਪ੍ਰਾਪਤ 'ਰਾਮਕਲੀ ਸਦ' ਰਚਨਾ ਦੇ ਰਚਨਾ-ਕਾਲ ਨੂੰ ਲੈ ਕੇ ਵੀ ਪ੍ਰਸ਼ਨ ਉਠ ਰਿਹਾ ਹੈ। ਬਾਬਾ ਸੁੰਦਰ ਗੁਰੂ ਅਮਰਦਾਸ ਜੀ ਦੇ ਪੜਪੋਤਰੇ ਸਨ। ਰਵਾਇਤ ਮੁਤਾਬਿਕ ਇਸ ਰਚਨਾ ਵਿਚ ਗੁਰੂ ਅਮਰਦਾਸ ਜੀ ਦੇ ਚਲਾਣੇ (1574 ਈ.) ਦੇ ਹਾਲ ਦਾ ਵਰਣਨ ਹੈ। ਹਾਲਾਂਕਿ ਕੁਝ ਵਿਦਵਾਨ ਇਸ ਰਚਨਾ ਬਾਰੇ ਸਿੱਧਾਂਤਕ ਕਿੰਤੂ-ਪ੍ਰੰਤੂ ਵੀ ਉਠਾਉਂਦੇ ਆ ਰਹੇ ਹਨ। ਪ੍ਰੋ. ਸਾਹਿਬ ਸਿੰਘ ਨੇ ਇਸਨੂੰ ਗੁਰਮਤ ਅਨੁਸਾਰੀ ਰਚਨਾ ਸਿਧ ਕੀਤਾ ਹੈ ਜਦੋਂਕਿ ਪੰਚ ਖ਼ਾਲਸਾ ਭਸੌੜ ਵਾਲੇ ਅਤੇ ਕੁਝ ਹੋਰ ਵਿਦਵਾਨ ਇਸ ਰਚਨਾ ਨੂੰ ਬ੍ਰਾਹਮਣੀ ਰਚਨਾ ਮੰਨਦੇ ਰਹੇ ਹਨ। ਜੇ ਇਸ ਵਿਸ਼ੇ ਨੂੰ ਨਾ ਵੀ ਵਿਚਾਰੀਏ ਤਾਂ ਇਤਿਹਾਸਕ ਤੱਥਾਂ ਦੀ ਅਣਹੋਂਦ ਅਤੇ ਗ਼ੈਰ-ਵਿਗਿਆਨਕ ਇਤਿਹਾਸ ਕਾਰਣ ਇਹ ਨਿਰਣਾ ਕਰਨਾ ਅਸੰਭਵ ਜਾਪਦਾ ਹੈ ਕਿ ਬਾਬਾ ਸੁੰਦਰ ਨੇ ਇਹ ਰਚਨਾ ਕਿੰਨੇ ਵਰ੍ਹੇ ਦੀ ਆਯੂ ਵਿਚ ਰਚੀ। ਪ੍ਰਾਪਤ ਜਾਣਕਾਰੀ ਮੁਤਾਬਿਕ ਸੰਨ 1552 ਈ. ਨੂੰ ਬਾਬਾ ਮੋਹਰੀ ਦੇ ਘਰ ਬਾਬਾ ਅਨੰਦ ਦਾ ਜਨਮ ਹੋਇਆ ਸੀ। ਬਾਬੇ ਆਨੰਦ ਦੇ ਘਰ ਬਾਬੇ ਸੁੰਦਰ ਦਾ ਜਨਮ ਸੰਨ 1574 ਤੋਂ ਪਹਿਲਾਂ ਹੋਣਾ ਘੱਟ ਹੀ ਸੰਭਵ ਹੈ। ਸੋ, ਇਕ ਗੱਲ ਸਪੱਸ਼ਟ ਹੈ ਕਿ ਜੇ ਜਨਮ ਗੁਰੂ ਅਮਰਦਾਸ ਜੀ ਦੇ ਚਲਾਣੇ ਤੋਂ ਪਹਿਲਾਂ ਹੋ ਵੀ ਗਿਆ ਹੋਵੇ ਤਾਂ ਆਪ ਜੀ ਦੀ ਆਯੂ 1574 ਈ. ਨੂੰ 2-3 ਵਰ੍ਹੇ ਤੋਂ ਵੱਧ ਨਹੀਂ ਹੋ ਸਕਦੀ। ਕਿਸੇ ਗੁਰੂ ਨੇ ਵੀ ਇਤਨੀ ਛੋਟੀ ਆਯੂ ਵਿਚ ਬਾਣੀ ਨਹੀਂ ਰਚੀ। ਸਪੱਸ਼ਟ ਹੈ ਕਿ ਇਹ ਰਚਨਾ ਗੁਰੂ ਅਮਰਦਾਸ ਜੀ ਦੇ ਚਲਾਣੇ ਮੌਕੇ ਨਹੀਂ ਸਗੋਂ ਕਾਫ਼ੀ ਪਿੱਛੋਂ ਰਚੀ ਗਈ ਸੀ। ਇਕ ਸ਼ੱਕ ਤਾਂ ਇਹ ਪੈਂਦਾ ਹੈ ਕਿ 1604 ਈ. (ਜਦੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ) ਤੀਕ ਇਹ ਰਚਨਾ ਰਚੀ ਜਾ ਸਕਣੀ ਅਸੰਭਵ ਸੀ। ਜੇ ਬਾਬਾ ਸੁੰਦਰ ਨੇ ਬਹੁਤ ਛੋਟੀ ਆਯੂ ਵਿਚ ਹੀ ਇਹ ਰਚਨਾ ਰਚੀ ਸੀ ਤਾਂ ਮੰਨਣਾ ਪਵੇਗਾ ਕਿ ਆਪ ਜੀ ਬਹੁਤ ਹੀ ਮਹਾਨ ਬਾਣੀਕਾਰ ਸਨ। ਪਰ ਬਾਬਾ ਜੀ ਦੀ ਸਿਵਾਏ ਇਸ ਇੱਕੋ ਰਚਨਾ ਦੇ ਸਾਨੂੰ ਕੋਈ ਰਚਨਾ ਨਹੀਂ ਮਿਲਦੀ। ਯਾਦ ਰਹੇ ਕਿ ਇਹ ਪਰੰਪਰਾ ਮੌਜੂਦ ਹੈ ਕਿ ਛੇਵੇਂ ਸਤਿਗੁਰੂ ਵੀ *ਆਦਿ ਬੀੜ* ਵਿਚ ਕੁਝ ਵਾਧੇ ਕਰਦੇ ਰਹੇ ਸਨ। ਵਾਰਾਂ ਉਪਰ ਧੁਨੀਆਂ ਲਿਖਣ ਲਈ ਗੁਰੂ ਹਰਿਗੋਬਿੰਦ ਜੀ ਦਾ ਜ਼ਿਕਰ ਸਾਡੇ ਕੁਝ ਸ੍ਰੋਤਾਂ ਵਿਚ ਆਉਂਦਾ ਹੈ। ਜੇ ਗੁਰੂ ਗੋਬਿੰਦ ਸਿੰਘ ਜੀ ਮਹੱਲੇ ਨੌਵੇਂ ਦੀ ਬਾਣੀ *ਆਦਿ ਬੀੜ* ਦੀ ਬਾਣੀ ਨਾਲ ਜੋੜ ਕੇ ਵਾਧਾ ਕਰ ਸਕਦੇ ਸਨ ਤਾਂ ਗੁਰੂ ਹਰਿਗੋਬਿੰਦ ਜੀ ਕੋਲ ਵੀ ਅਜਿਹਾ ਅਧਿਕਾਰ ਸੀ ਕਿ ਜੇ ਉਹ ਕੁਝ ਬਾਣੀ ਜੋੜਨਾ ਚਾਹੁਣ ਤਾਂ ਜੋੜ ਸਕਦੇ ਸਨ। ਪਰ ਅਜੋਕੇ ਮਾਹੌਲ ਵਿਚ ਇਸ ਤਰ੍ਹਾਂ ਸੋਚਣਾ ਉਚਿਤ ਨਹੀਂ ਰਿਹਾ।

ਟਿੱਪਣੀਆਂ ਤੇ ਹਵਾਲੇ

1. Kirpal Singh & Kharak Singh, (ed.) : *History of the Sikhs and their religion*, p. 359-60.
2. *Ibid.*
3. *Ibid.*, p. 362.
4. *The making of Sikh Scripture*, p. 103.
5. Kirpal Singh & Kharak Singh, (ed.) : *History of the Sikhs and their religion*, p. 362.
6. *The Bhagats of Guru Granth Sahib*, p. 146.
7. ੳ) ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥

   (ਬਾਬਾ ਫ਼ਰੀਦ, *ਗੁਰੂ ਗ੍ਰੰਥ ਸਾਹਿਬ*, ਪੰਨਾ ੧੩੭੯)

   ਅ) ਉਤੰਗੀ ਪੈਓਹਰੀ ਗਹਿਰੀ ਗੰਭੀਰੀ॥

   (ਮ: ੧, ਉਹੀ, ਪੰਨਾ ੧੪੧੦)
8. ਗੁਰੂ ਨਾਨਕ ਲੇਖ ਸੰਗ੍ਰਹਿ, ਪੰਨਾ 162 (ਮਾਸਕੋ)

   ਇਹ ਵੀ ਦੇਖੋ ਕਿ C.H. Loehlin ਨੇ *The Sikhs and Their Scripture* ਵਿਚ ਭਗਤਾਂ ਦੀ ਸੂਚੀ ਵਿਚ ਮੀਰਾ ਤੇ ਸ਼ੇਖ ਬ੍ਰਹਮ ਦੇ ਨਾਂ ਲਿਖੇ ਹਨ।
9. ਜੋਧ ਸਿੰਘ, *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ*, ਪੰਨਾ ੧੦੬.
10. *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 412.
11. *ਸਪਤਸ਼੍ਰਿੰਗ*, ਪੰਨਾ 107-08
12. *ਉਹੀ.*
13. *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 235.
14. *The Bhagats of Guru Granth Sahib*, p. 144.
15. ਜੋਧ ਸਿੰਘ, *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ*, ਪੰਨਾ ੧੧੩.
16. *The Sikh Religion*, Vol. VI, p. 357.
17. *The Life and Time of Shaikh Farid-ud-din Ganj-i-Shakar*, p. 11.

ਪ੍ਰਸ਼ਨ: ਛਾਪੇ ਦੀ ਬੀੜ ਦੇ ਪੰਨਾ ੪੯੫ ਉਪਰ ਦਿਤੇ ਅੰਕ ॥੪॥੪॥੩੭॥ ਦੀ ਵਿਆਖਿਆ ਕਰੋ? ਪੰਨਾ ੪੮੧ ਉਪਰ ਸੰਕੇਤ ਹੈ 'ਤਿਪਦੇ ੮ ਦੁਤੁਕੇ ੭ ਇਕਤੁਕਾ ੧' ਇਸ ਹਿਸਾਬ ਨਾਲ ਅੰਕ ॥੪॥੪॥੩੮॥ ਚਾਹੀਦਾ ਸੀ।

ਉਤਰ: ਅਸੀਂ ਦੇਖਦੇ ਹਾਂ ਕਿ ਭਾਵੇਂ 'ਇਕਤੁਕਾ ੧' ਸੰਕੇਤ ਹੈ ਪਰ ਇਹ ਅਸਲ ਵਿਚ ਆਇਆ ਕੋਈ ਨਹੀਂ। ਇਸ ਲਈ ਕੁਲ ਗਿਣਤੀ ੩੭ ਸਹੀ ਸਿੱਧ ਹੁੰਦੀ ਹੈ।

ਪ੍ਰਸ਼ਨ: ਪੰਨਾ ੪੪੨ ਉਪਰ ਦਿੱਤੇ ਅੰਕ ॥੧੦॥੨॥੭॥੫॥੨॥੭॥ ਦੀ ਵਿਆਖਿਆ ਕਰੋ?

ਉਤਰ: ਇਸਦਾ ਭਾਵ ਹੈ ਕਿ ਮ: ੩ ਦੇ ਇਥੋਂ ਤੀਕ ਦੋ ਛੰਤ ਹਨ ਜਦ ਕਿ ਇਥੋਂ ਤੀਕ ਕੁਲ ੭ ਛੰਤ ਹਨ। ਅਗੇ ਵੇਰਵਾ ਹੈ ਕਿ ਮ: ੧ ਦੇ ੫ ਅਤੇ ਮ: ੩ ਦੇ ਦੋ ਛੰਤ ਰਲਕੇ ਜੋੜ ੭ ਹੈ। ਪਹਿਲਾ '੧੦' ਚਲਦੇ ਛੰਤ ਦਾ ਬੰਦ ਨੰਬਰ ਹੈ।

ਪ੍ਰਸ਼ਨ: ਪੰਨਾ ੮੦੦ ਉਪਰ ਦਿੱਤੇ ਅੰਕ ॥੨॥੧॥੭॥੪॥੬॥੭॥੧੭॥ ਦੀ ਵਿਆਖਿਆ ਕਰੋ?

ਉਤਰ: ਇਸਦਾ ਭਾਵ ਹੈ ਕਿ ਮ: ੪ ਦੇ ਇਥੋਂ ਤੀਕ ੭ ਸ਼ਬਦ ਹਨ। ਇਉਂ ਮ: ੧ ਦੇ ੪, ਮ: ੩ ਦੇ ੬ ਅਤੇ ਮ: ੪ ਦੇ ੭ ਸ਼ਬਦਾਂ ਦਾ ਕੁਲ ਜੋੜ ੧੭ ਹੈ।

ਪ੍ਰਸ਼ਨ: ਭਗਤਾਂ ਦੀ ਬਾਣੀ ਦੀ ਬੱਝਵੀਂ ਤਰਤੀਬ ਕਿਉਂ ਨਹੀਂ? ਜਦੋਂ ਕਿ ਗੁਰਬਾਣੀ ਦੀ ਇਕ ਬੱਝਵੀਂ ਤਰਤੀਬ ਹੈ।

ਉਤਰ: ਗੁਰੂ ਅਰਜਨ ਸਾਹਿਬ ਨੇ *ਗੁਰੂ ਗ੍ਰੰਥ ਸਾਹਿਬ* ਦੀ ਸੰਪਾਦਨਾ ਕਰਦਿਆਂ ਕਿਸੇ ਵੀ ਨਿਯਮ ਨੂੰ ਆਪਣੇ ਉਪਰ ਭਾਰੂ ਨਹੀਂ ਹੋਣ ਦਿੱਤਾ। ਉਹ ਸਾਹਿਤ ਦੇ ਨਿਯਮਾਂ ਦੇ ਗੁਲਾਮ ਨਹੀਂ ਸਨ। ਠੀਕ ਹੈ ਕਿ ਭਗਤ ਬਾਣੀ ਕਿਸੇ ਬੱਝਵੇਂ ਰੂਪ ਵਿਚ ਨਹੀਂ ਦਰਜ਼ ਕੀਤੀ ਗਈ। ਜਿਵੇਂ ਪੰਨਾ ੧੧੦੫ ਉਪਰ ਕਬੀਰ ਜੀ ਦੇ ੯ ਸ਼ਬਦਾਂ ਬਾਅਦ ਕਬੀਰ ਜੀ ਦੇ ਹੀ ਦੋ ਸਲੋਕ ਹਨ। ਅਗੇ ਨਾਮਦੇਵ ਜੀ ਦਾ ਸ਼ਬਦ ਹੈ ਅਤੇ ਫਿਰ ਕਬੀਰ ਜੀ ਦਾ ਇਕ ਸ਼ਬਦ ਹੈ। ਪੰਨਾ ੧੧੦੬ ਉਪਰ ਜੈ ਦੇਵ ਦੇ ਇਕ ਸ਼ਬਦ ਤੋਂ ਬਾਅਦ ਫਿਰ ਇਕ ਸ਼ਬਦ ਕਬੀਰ ਜੀ ਦਾ ਹੈ। ਇਸ ਤਰ੍ਹਾਂ

ਦੀ ਖੁੱਲ੍ਹ ਗੁਰੂ ਅਰਜਨ ਸਾਹਿਬ ਜੀ ਨੇ ਗੁਰਬਾਣੀ ਵਿਚ ਵੀ ਲੈਣ ਤੋਂ ਸੰਕੋਚ ਨਹੀਂ ਕੀਤਾ। ਉਦਾਹਰਣ ਲਈ ਪੰਨਾ ੧੧੬੦ ਉਪਰ ਮ: ੫ ਦਾ ਇਕ ਸ਼ਬਦ, ਕਬੀਰ ਬਾਣੀ ਵਿਚ ਦਰਜ਼ ਹੈ।

ਸੋ ਗੁਰੂ ਜੀ ਨੇ ਬਾਣੀ ਦਰਜ਼ ਕਰਨ ਲਗਿਆਂ ਬਾਣੀ ਦੇ ਵਿਚਾਰਾਂ ਦੀ ਨਿਰੰਤਰਤਾ ਅਤੇ ਪ੍ਰਵਾਹ ਨੂੰ ਵੀ ਸਾਹਮਣੇ ਰੱਖਿਆ ਹੈ।

ਪ੍ਰਸ਼ਨ : *ਗੁਰੂ ਗ੍ਰੰਥ ਸਾਹਿਬ* ਕੁਝ ਥਾਵਾਂ 'ਤੇ 'ਮਹਲਾ' ਦੀ 'ਮਹਲੁ' ਲਿਖਿਆ ਮਿਲਦਾ ਹੈ ਜਿਵੇਂ 'ਬਸੰਤ ਕੀ ਵਾਰ' ਵਿਚ ਜੋ ਕਿ *ਗੁਰੂ ਗ੍ਰੰਥ ਸਾਹਿਬ* ਦੇ ਪੰਨਾ ੧੧੯੩ ਉਪਰ ਦਰਜ਼ ਹੈ। ਇਹ ਕਿਉਂ?

ਉਤਰ : ਇਹ ਲਿਖਾਰੀਆਂ ਦੀ ਅਣਗਹਿਲੀ ਕਾਰਣ ਹੈ। ਅਣਗਹਿਲੀ ਕਾਰਣ ਹੀ ਕੁਝ ਥਾਂਵਾਂ 'ਤੇ ਰਾਗਾਂ ਦੇ ਸ਼ਬਦ ਜੋੜਾਂ ਵਿਚ ਵੀ ਫ਼ਰਕ ਆ ਗਏ ਹਨ। ਜਿਵੇਂ ਕਿਤੇ ਸਾਰਗ ਤੇ ਕਿਤੇ ਸਾਰੰਗ ਹੈ, ਕਿਤੇ ਗੁਜਰੀ ਹੈ ਅਤੇ ਕਿਤੇ ਗੂਜਰੀ, ਕਿਤੇ ਦੇਵਗੰਧਾਰੀ ਹੈ ਤੇ ਕਿਤੇ ਦੇਵਗੰਧਾਰ। ਇਹ ਮਾਮੂਲੀ ਗ਼ਲਤੀਆਂ ਹਨ।

ਕਈਆਂ ਥਾਂਵਾਂ 'ਤੇ 'ਮਹਲਾ' ਛੁਟ ਵੀ ਗਿਆ ਹੈ। ਜਿਵੇਂ ਪੰਨਾ ੫੩੩ ਅਤੇ ੫੩੪ ਉਪਰ ਕੇਵਲ 'ਦੇਵਗੰਧਾਰੀ ੫' ਹੈ। ਇਸੇ ਤਰ੍ਹਾਂ ਮਰਦਾਨੇ ਨੂੰ ਸੰਬੋਧਨ ਕਰਕੇ ਲਿਖੇ ਸਲੋਕਾਂ ਵਿਚ ਅੰਕ '੧' ਆ ਗਿਆ ਹੈ ਅਤੇ 'ਮਹਲਾ' ਰਹਿ ਗਿਆ ਹੈ।

ਬਾਬੇ ਮੋਹਣ ਵਾਲੀ ਪੋਥੀ ਵਿਚ 'ਮਹਲਾ' ਦੀ ਥਾਂ 'ਮਹਲ' ਹੀ ਆਇਆ ਹੈ। ਹੋ ਸਕਦਾ ਹੈ ਕਿ ਪਹਿਲਾਂ 'ਮਹਲ' ਲਿਖਣ ਦੀ ਹੀ ਪਰੰਪਰਾ ਹੋਵੇ।

ਪ੍ਰਸ਼ਨ : ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੨੭ ਉੱਪਰ ਰਾਮਕਲੀ ਮ: ੫ ਦਾ 'ਰਣ ਝੁੰਝਨੜਾ...' ਅਧੂਰਾ ਸ਼ਬਦ ਹੈ। ਕੁਝ ਹੱਥ-ਲਿਖਤ ਬੀੜਾਂ ਵਿਚ ਇਹ ਪੂਰਾ ਸ਼ਬਦ ਮਿਲਦਾ ਹੈ। ਡਾ. ਮੈਕਲੋਡ ਨੇ ਆਪਣੀ ਪੁਸਤਕ *Evolution of Sikh Community* ਦੇ ਪੰਨਾ 77 ਉੱਪਰ ਲਿਖਿਆ ਹੈ ਕਿ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਸਿੱਖਾਂ ਨੇ ਇਹ ਸ਼ਬਦ ਬੀੜ ਵਿਚੋਂ ਕੱਟ ਦਿੱਤਾ ਹੈ। ਇਸ ਵਿਚ ਐਸੀ ਕਿਹੜੀ ਗੱਲ ਸੀ?

ਉੱਤਰ : ਅਸਲ ਵਿਚ ਮੈਕਲੋਡ ਸਿੱਖ-ਵਿਰੋਧੀ ਤੱਤ ਉਛਾਲਣ ਵਾਲਾ ਲੇਖਕ ਹੈ। ਜਿਸ ਸ਼ਬਦ (ਰਚਨਾ) ਦੀ ਗੱਲ ਤੁਸੀਂ ਕੀਤੀ ਹੈ, ਉਹ ਕਿਸੇ ਸਿੱਖ-ਵਿਰੋਧੀ ਨੇ ਪ੍ਰਚਲਿਤ ਕਰ ਦਿੱਤਾ ਹੈ। ਇਸ ਵਿਚ (ਗੁਰੂ) ਹਰਿਗੋਬਿੰਦ ਜੀ ਦੇ ਭੱਦਣ (ਮੁੰਡਨ) ਸੰਸਕਾਰ ਆਦਿ ਕਰਨ ਦੀ ਗੱਲ ਕੀਤੀ ਹੈ। ਇਸ ਰਚਨਾ ਨੂੰ ਗਹੁ ਨਾਲ ਵਾਚੀਏ ਤਾਂ ਸਪਸ਼ਟ ਹੁੰਦਾ ਹੈ ਕਿ ਇਹ ਰਚਨਾ ਗੁਰੂ ਅਰਜਨ ਦੇਵ ਜੀ ਦੀ ਨਹੀਂ ਹੋ ਸਕਦੀ। ਇਸ ਸ਼ਬਦ ਦੇ ਦੂਜੇ ਬੰਦ ਦੀ ਤੀਜੀ ਤੁਕ 'ਸਤਿਗੁਰ ਬਹਿ ਕੇ ਵੰਡ ਕੀਤੀ' ਸਪਸ਼ਟ ਕਰਦੀ ਹੈ ਕਿ ਲਿਖਾਰੀ ਗੁਰੂ ਅਰਜਨ

ਨਹੀਂ ਹੋ ਸਕਦੇ। ਕਿਉਂਕਿ ਉਹ ਆਪਣੇ ਆਪ ਨੂੰ 'ਸਤਿਗੁਰੂ' ਨਹੀਂ ਲਿਖ ਸਕਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸ਼ਬਦ ਬਾਅਦ ਵਿਚ ਕਿਸੇ ਨੇ ਮ: ੫ ਲਿਖਕੇ ਘੁਸੇੜਨ ਦਾ ਯਤਨ ਕੀਤਾ ਹੈ। ਇਹੀ ਕਾਰਣ ਹੈ ਕਿ ਕੁਝ ਹੱਥ-ਲਿਖਤ ਬੀੜਾਂ ਵਿਚ ਇਹ ਸ਼ਬਦ ਦਰਜ ਕੀਤੇ ਜਾਣ ਦੇ ਬਾਵਜੂਦ ਹੜਤਾਲ ਦਿੱਤਾ ਗਿਆ ਹੈ।

ਹੱਥ-ਲਿਖਤਾਂ ਵਿਚ ਇਹ ਪੂਰਾ ਸ਼ਬਦ ਇਉਂ ਮਿਲਦਾ ਹੈ:

ਰਾਮਕਲੀ ਮਹਲਾ ੫

ਰੁਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ॥
ਸਤਿਗੁਰੁ ਤੁਮ ਸੇਵਿ ਸਖੀ ਮਨਿ ਚਿੰਦਿਅੜਾ ਫਲ ਪਾਵਹੁ॥
ਸਤਿਗੁਰ ਧਿਆਇਆ ਕਰਮਿ ਪਾਇਆ ਅਨੂਪ ਬਾਲਕ ਜੰਮਿਆ॥
ਸਤਿਗੁਰ ਸਾਚੈ ਭੇਜਿ ਦੀਆ ਚਿਰਜੀਵਨ ਵਡ ਪੁੰਨਿਆ॥
ਮਹਾ ਅਨੰਦੁ ਹੋਆ ਸਦਾ ਮੰਗਲੁ ਹਰਿ ਗੁਣ ਗਾਵਹੋ॥
ਜਨੁ ਕਹੈ ਨਾਨਕੁ ਸਫਲ ਜਾਤ੍ਰਾ ਸਤਿਗੁਰ ਪੁਰਖ ਧਿਆਵਹੋ॥੧॥
ਅੰਮ੍ਰਿਤੁ ਭੋਜਨੁ ਇਕਤ੍ਰ ਕਰੇ ਪਰਵਾਰੁ ਬੁਲਾਇਆ॥
ਵੰਡਿਅਹੁ ਅੰਮ੍ਰਿਤ ਨਾਮੁ ਹਰੇ ਜੰਤ ਸਭੁ ਤ੍ਰਿਪਤਾਇਆ॥
ਸਤਿਗੁਰ ਬਹਿ ਕੈ ਵੰਡਿ ਕੀਨੀ ਸਗਲ ਭਾਉ ਦਿਵਾਇਆ॥
ਕਰਮਾ ਉਪਰਿ ਵੰਡ ਹੋਈ ਖਾਲੀ ਕੋਇ ਨ ਜਾਇਆ॥
ਸਭਿ ਸਿਖ ਸੰਗਤਿ ਭਈ ਇਕਤ੍ਰਾ ਮਹਾ ਅਨੰਦ ਸਮਾਇਆ॥
ਬਿਨਵੰਤਿ ਨਾਨਕ ਸਾਮੁ ਹਰਿ ਕੀ ਸਰਬ ਸੁਖ ਮੈ ਪਾਇਆ॥੨॥
ਰੀਤੀ ਸਗਲ ਕਰਾਈਆ ਹਰਿ ਸਿਉ ਲਿਵਲਾਈ॥
ਭਦਣ ਉਨੇਤ੍ਰ ਕਰਾਇਆ ਗੁਰ ਗਿਆਨ ਜਪਾਈ॥
ਗੁਰ ਗਿਆਨੁ ਜਪਿਆ ਸੁਖਹਦਾਤਾ ਚਟਸਾਲ ਬਾਲਕੁ ਪਾਇਆ॥
ਸਗਲ ਵਿਦਿਆ ਸੰਪੂਰਨ ਪੜਿਆ ਗੋਵਿੰਦ ਰਿਦੈ ਮਨਾਇਆ॥
ਜੇਵਣਹਾਰ ਨਾਮੁ ਕਰਣਾ ਬਿਰਥਾ ਕੋਇ ਨ ਜਾਈ॥
ਬਿਨਵੰਤਿ ਨਾਨਕ ਦਾਸੁ ਹਰਿ ਕਾ ਮੇਰਾ ਪ੍ਰਭੁ ਅੰਤਿ ਸਖਾਈ॥੩॥
ਸਾਧ ਸੰਤ ਇਕਤ੍ਰ ਕਰੇ ਬਾਲਕ ਕਰਹੁ ਮੰਗੇਵਾ॥
ਲਧੇ ਸੁਜਨ ਜਨ ਕੁੜਮ ਭਲੇ ਵੰਡਿਅਹੁ ਅੰਮ੍ਰਿਤ ਮੇਵਾ॥
ਅੰਮ੍ਰਿਤ ਪਾਇਆ ਗੁਰ ਗਿਆਨ ਦ੍ਰਿੜਾਇਆ ਸਗਲ ਦੂਖੁ ਮਿਟਾਇਆ॥
ਸਗਣੁ ਲਿਖਾਇਆ ਧੁਰਹੁ ਆਇਆ ਵੀਆਹੁ ਕੁੜਮਿ ਦਿਵਾਇਆ॥
ਅਚਰਜ ਜੰਞ ਬਣਾਈ ਠਾਕੁਰਿ ਮੁਨਿ ਜਨ ਢੁਕੇ ਸਭ ਦੇਵ ਸੁਰਾ॥
ਜਨ ਕਹੈ ਨਾਨਕੁ ਕਾਜੁ ਹੋਆ ਵਜੇ ਅਨਹਦੁ ਤੂਰਾ॥੪॥੫॥

—ਗਿ. ਕਿਰਪਾਲ ਸਿੰਘ ਜੀ ਦੇ *ਸੰਪ੍ਰਦਾਈ ਟੀਕਾ* ਵਿਚੋਂ ਧੰਨਵਾਦ ਸਹਿਤ

ਪ੍ਰਸ਼ਨ : ਕੀ ਇਹ ਸ਼ਬਦ ਕਰਤਾਰਪੁਰੀ ਤੇ ਬੰਨੋ ਵਾਲੀ ਬੀੜ ਵਿਚ ਹੈ?

ਉੱਤਰ : ਕਰਤਾਰਪੁਰੀ ਬੀੜ ਵਿਚ ਇਹ ਸ਼ਬਦ ਕੱਟ ਦਿੱਤਾ ਗਿਆ ਹੈ। ਬੰਨੋ ਵਾਲੀ ਬੀੜ ਵਿਚ ਮੌਜੂਦ ਹਨ।

ਪ੍ਰਸ਼ਨ : ਕੁਝ ਸਲੋਕ ਵੀ ਇਕ-ਇਕ ਪੰਕਤੀ ਦੇ ਹਨ, ਜਿਵੇਂ

੧. ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ (ਮ: ੧, ਪੰਨਾ ੧੪੨੨)
੨. ਲਾਹੌਰ ਸਹਰੁ ਅੰਮ੍ਰਿਤਸਰ ਸਿਫਤੀ ਦਾ ਘਰੁ॥ (ਮ: ੩, ਪੰਨਾ ਉਹੀ)
੩. ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ (ਮ:੧, ਪੰਨਾ ੧੪੧੧)

ਕੀ ਇਹ ਅਧੂਰੇ ਸਲੋਕ ਹਨ?

ਉੱਤਰ : ਨਹੀਂ ਜੀ। ਇਹ ਸਲੋਕ ਇਕ-ਇਕ ਪੰਕਤੀ ਦੇ ਹੀ ਹਨ। ਗੁਰਬਾਣੀ ਕਿਸੇ ਸਾਹਿਤਕ ਨਿਯਮ ਦੀ ਗ਼ੁਲਾਮੀ ਨਹੀਂ ਸਵੀਕਾਰਦੀ। ਕੁਝ ਹੱਥ-ਲਿਖਤਾਂ ਵਿਚ 'ਹੈਨਿ ਵਿਰਲੇ...' ਦੀ ਇਕ ਹੋਰ ਪੰਕਤੀ ਵੀ ਮਿਲਦੀ ਹੈ। ਮੈਂ ਤਰਨ ਤਾਰਨ ਵਿਖੇ ਇਕ ਬੀੜ ਐਸੀ ਵੀ ਵੇਖੀ ਹੈ, ਜਿਸ ਵਿਚ 'ਕਹਰੁ' ਤੋਂ ਬਾਅਦ ਦੋ ਡੰਡੀਆਂ ਹਨ। ਇਉਂ ਉਥੇ ਇਕ ਪੰਕਤੀ ਦੀਆਂ ਦੋ ਪੰਕਤੀਆਂ ਬਣਾਈਆਂ ਗਈਆਂ ਹਨ।

ਪ੍ਰਸ਼ਨ : ਸੂਰਦਾਸ ਜੀ ਕੌਣ ਸਨ?

ਉੱਤਰ : ਸੂਰਦਾਸ ਨਾਂ ਦੇ ਦੋ ਭਗਤ ਹੋਏ ਹਨ। ਪਹਿਲਾ ਸ੍ਰੀ ਕ੍ਰਿਸ਼ਨ ਜੀ ਦਾ ਉਪਾਸ਼ਕ ਅਤੇ 'ਸੂਰ ਸਾਗਰ' ਗ੍ਰੰਥ ਦਾ ਰਚਣਹਾਰਾ ਸੀ। ਜਦੋਂ ਕਿ ਦੂਜੇ ਸੂਰਦਾਸ ਦਾ ਅਸਲ ਨਾਂ ਅਚਾਰਯ ਮਦਨ ਮੋਹਨ ਸੀ, ਜਿਸਦਾ ਜਨਮ ੧੫੨੯ ਈ. ਨੂੰ ਹੋਇਆ ਸੀ। ਇਹ ਪਹਿਲਾਂ ਅਕਬਰ ਬਾਦਸ਼ਾਹ ਕੋਲ ਨੌਕਰ ਸੀ, ਜੋ ਪਿੱਛੋਂ ਭਗਤੀ ਦੇ ਰਾਹ ਤੁਰ ਪਿਆ ਸੀ। *ਗੁਰੂ ਗ੍ਰੰਥ ਸਾਹਿਬ* ਦੇ ਛਪੇ ਸਰੂਪ ਦੇ ਪੰਨਾ ੧੨੫੩ ਉੱਪਰ ਇਸੇ ਸੂਰਦਾਸ ਦੀ ਇਕ ਪੰਕਤੀ ਮਿਲਦੀ ਹੈ। 'ਸੂਰਦਾਸ' ਇਸੇ ਮਦਨ ਮੋਹਨ ਦਾ ਉਪ-ਨਾਮ ਸੀ। ਪਰ ਕੁਝ ਵਿਦਵਾਨ ਇਸ ਗੱਲ ਨਾਲ ਸਹਿਮਤ ਨਹੀਂ। ਉਹ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਰਚਨਾ ਦਾ ਰਚਣਹਾਰ ਕ੍ਰਿਸ਼ਨ ਭਗਤ ਸੂਰਦਾਸ ਨੂੰ ਹੀ ਮੰਨਦੇ ਹਨ।

ਪ੍ਰਸ਼ਨ : ਸੂਰਦਾਸ ਜੀ ਦੇ ਸਾਰਾ ਪਦਾ ਨਾ ਦੇਣ ਦਾ ਕੀ ਕਾਰਣ ਹੈ?

ਉੱਤਰ : ਕਈ ਵਿਦਵਾਨ ਦੱਸਦੇ ਹਨ ਕਿ ਪਹਿਲੀ ਤੁਕ ਤੋਂ ਬਿਨਾਂ ਬਾਕੀ ਪਦਾ ਗੁਰਮਤ ਵਿਰੋਧੀ ਜਾਂ ਗੁਰਮਤ ਵਿਚਾਰਧਾਰਾ ਦੇ ਪ੍ਰਤੀਕੂਲ ਹੋਣ ਕਾਰਣ ਦਰਜ਼ ਨਹੀਂ ਕੀਤਾ ਗਿਆ। ਇਹ ਗੱਲ ਬੜੀ ਬਚਕਾਨਾ ਲਗਦੀ ਹੈ। ਕੀ ਇਸ ਮਤ ਦੇ ਧਾਰਨੀ ਵਿਦਵਾਨ ਇਸ ਪ੍ਰਸ਼ਨ ਦਾ ਕੋਈ ਤਸੱਲੀਬਖ਼ਸ਼ ਜੁਆਬ ਦੇਣਗੇ ਕਿ ਇਸ ਇਕੋ ਪੰਕਤੀ ਵਿਚ ਐਸੀ ਕਿਹੜੀ ਅਨੋਖੀ ਗੱਲ ਸੀ ਕਿ ਗੁਰੂ ਅਰਜਨ ਜੀ ਨੇ ਇਸਨੂੰ ਤਾਂ ਸ਼ਾਮਲ ਕਰ ਲਿਆ, ਬਾਕੀ ਪਦਾ ਛੱਡ ਦਿੱਤਾ? ਅਸਲ ਵਿਚ ਲਿਖਾਰੀ ਕੋਲ ਇਹ ਪਦਾ ਪੂਰਾ ਨਹੀਂ ਸੀ ਅਤੇ ਉਸਨੇ ਇਸਦੀ ਇਕ ਪੰਕਤੀ ਹੀ ਲਿਖ ਦਿੱਤੀ। ਕੁਝ ਹੱਥ-ਲਿਖਤ ਬੀੜਾਂ (ਜਿਵੇਂ ਕਰਤਾਰਪੁਰੀ) ਵਿਚ ਇਕ ਪੰਕਤੀ ਲਿਖਣ ਤੋਂ ਬਾਅਦ ਥਾਂ ਖਾਲੀ ਹੈ। ਨੰਦ

ਚੰਦ ਸੰਘੇ ਵਾਲੀ ਬੀੜ ਵਿਚ ਇਸ ਪੰਕਤੀ ਦੇ ਬਾਅਦ ਵਾਲਾ ਪਾਠ ਹਾਸ਼ੀਏ ਵਿਚ ਦਿੱਤਾ ਹੈ।

ਸਾਡੀ ਜਾਚੇ ਇਸ ਪਦੇ ਵਿਚ ਗੁਰਮਤ ਵਿਰੋਧੀ ਕੋਈ ਗੱਲ ਨਹੀਂ। *ਗੁਰੂ ਗ੍ਰੰਥ ਸਾਹਿਬ* ਦਾ ਅੰਕ ਵਿਧਾਨ ਵੀ ਇਹੀ ਸੰਕੇਤ ਕਰਦਾ ਹੈ ਕਿ ਉਥੇ ਸੰਪੂਰਨ ਪਦੇ ਤੋਂ ਬਾਅਦ ਅੰਕ ॥੭॥ ਚਾਹੀਦਾ ਸੀ। ॥੬॥ ਤੋਂ ਬਾਅਦ ॥੮॥ ਆਉਣਾ ਸਪਸ਼ਟ ਕਰਦਾ ਹੈ ਕਿ ਵਿਚਕਾਰ ॥੭॥ ਅੰਕ ਵਾਲਾ ਪਦਾ ਆਉਣਾ ਸੀ।

ਪ੍ਰਸ਼ਨ : ਸੰਨ ੧੬੬੫ ਵਿਚ 'ਆਦਿ ਬੀੜ' ਨੂੰ ਗੁਰੂ ਤੇਗ਼ ਬਹਾਦਰ ਜੀ ਵੱਲੋਂ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ ਸੀ ਤਾਂ ਇਹ ਬੀੜ ਕਰਤਾਰਪੁਰ ਦੇ ਧੀਰਮੱਲੀਆਂ ਕੋਲ ਕਿਵੇਂ ਪੁੱਜ ਗਈ?

ਉੱਤਰ : ਕਰਤਾਰਪੁਰ ਦੇ ਸੋਢੀਆਂ ਕੋਲ ਅਸਲੀ 'ਆਦਿ ਬੀੜ' ਨਹੀਂ ਹੈ। ਉਨ੍ਹਾਂ ਨੇ ਆਪਣੀ ਮਾਨਤਾ ਕਰਾਉਣ ਲਈ ਹੀ ਇਹ ਗੱਲ ਪ੍ਰਚਾਰੀ ਹੋਈ ਹੈ ਕਿ ਗੁਰੂ ਅਰਜਨ ਜੀ ਵਾਲੀ ਅਸਲੀ 'ਆਦਿ ਬੀੜ' ਉਨ੍ਹਾਂ ਕੋਲ ਸੁਰੱਖਿਅਤ ਹੈ।

ਪ੍ਰਸ਼ਨ : ਸੰਨ ੧੬੦੪ ਵਿਚ 'ਆਦਿ ਬੀੜ' ਦੀ ਸੰਪਾਦਨਾ ਕਰਨ ਤੋਂ ਬਾਅਦ ਗੁਰੂ ਅਰਜਨ ਜੀ ਲਗਭਗ ਡੇਢ ਸਾਲ ਜ਼ਿੰਦਾ ਰਹੇ। ਕੀ ਇਸ ਡੇਢ-ਦੋ ਸਾਲ ਵਿਚ ਉਨ੍ਹਾਂ ਕੋਈ ਬਾਣੀ ਨਹੀਂ ਰਚੀ?

ਉੱਤਰ : ਕੁਝ ਬੀੜਾਂ ਵਿਚ ਮਃ ੫ ਦੇ ਨਾਂ ਥੱਲੇ ਕੁਝ ਐਸੀ ਰਚਨਾ ਮਿਲਦੀ ਹੈ, ਜੋ ਛਾਪੇ ਦੀ ਪ੍ਰਵਾਣਿਤ ਬੀੜ ਵਿਚ ਪ੍ਰਾਪਤ ਨਹੀਂ ਹੁੰਦੀ। ਕੁਝ ਵਿਦਵਾਨ ਇਸ ਰਚਨਾ ਨੂੰ ਇਸ ਡੇਢ ਕੁ ਸਾਲ ਵਿਚ ਰਚੀ ਮੰਨਦੇ ਹਨ।

ਪ੍ਰਸ਼ਨ : ਕੇਸਰ ਸਿੰਘ ਛਿੱਬਰ ਦੇ ਗ੍ਰੰਥ ਬੰਸਾਵਲੀਨਾਮੇ ਵਿਚ ਇਹ ਸੂਚਨਾ ਮਿਲਦੀ ਹੈ ਕਿ ਮਿਹਰਵਾਨ ਨੇ ਆਪਣੀ ਬਾਣੀ ਲਿਖਾਰੀਆਂ ਤੋਂ ਲਿਖਵਾ-ਲਿਖਵਾ ਕੇ ਵੱਖ-ਵੱਖ ਥਾਂਵਾਂ 'ਤੇ ਭੇਜੀ ਸੀ। ਪਰ ਇਹ ਸੂਚਨਾ ਹੋਰ ਕਿਧਰੇ ਨਹੀਂ ਮਿਲਦੀ ਤੇ ਨਾ ਹੀ ਇਸਦੀ ਪੁਸ਼ਟੀ ਹੁੰਦੀ ਹੈ। ਇਸਦਾ ਕੀ ਕਾਰਣ ਹੈ?

ਉੱਤਰ : ਉਸਦੀ ਸੂਚਨਾ ਗ਼ਲਤ ਹੈ। ਸੰਭਵ ਇਹੀ ਹੈ ਕਿ ਮੀਣੇ *ਗੁਰੂ ਗ੍ਰੰਥ ਸਾਹਿਬ* ਦੀਆਂ ਪੋਥੀਆਂ ਵਿਚ ਮਿਲਾਵਟ ਕਰਕੇ ਪ੍ਰਚਾਰ ਰਹੇ ਸਨ। ਇਸੇ ਤਰ੍ਹਾਂ ਦੀ ਸਾਜ਼ਿਸ਼ ਹੰਦਾਲੀਏ ਭੀ ਕਰ ਰਹੇ ਸਨ। ਉਨ੍ਹਾਂ ਦੀ ਕਾਮਯਾਬ ਸਾਜ਼ਿਸ਼ ਦਾ ਅਸਰ ਹੈ ਕਿ ਅੱਜ ਪ੍ਰਮਾਣਿਕ ਤੇ ਗ਼ੈਰ-ਪ੍ਰਮਾਣਿਕ ਬੀੜ ਵਿਚ ਭੇਦ ਕਰਨਾ ਅਤੀ ਕਠਿਨ ਕੰਮ ਬਣ ਚੁੱਕਾ ਹੈ।

ਪ੍ਰਸ਼ਨ : ਸ਼੍ਰੋਮਣੀ ਕਮੇਟੀ ਨੇ ਸ. ਸੋਹਨ ਸਿੰਘ ਦੀ ਪੁਸਤਕ *Seeker's Path* ਛਾਪੀ ਹੈ। ਉਸ ਪੁਸਤਕ ਵਿਚ 'ਜਪੁ' ਬਾਣੀ ਦਾ ਅੰਗਰੇਜ਼ੀ ਅਨੁਵਾਦ ਹੈ। ਪਰ ਉਸ ਵਿਚ 'ਜਪੁ' ਬਾਣੀ ਦਾ ਅੰਤਮ ਸਲੋਕ 'ਪਵਣੁ ਗੁਰੂ ਪਾਣੀ...' ਨਹੀਂ

ਦਿੱਤਾ। ਐਸਾ ਕਿਉਂ?

ਉੱਤਰ : ਮੇਰੀ ਜਾਣਕਾਰੀ ਮੁਤਾਬਿਕ ਸ. ਸੋਹਨ ਸਿੰਘ ਇਸ ਸਲੋਕ ਨੂੰ ਗੁਰੂ ਨਾਨਕ ਰਚਿਤ ਨਹੀਂ ਮੰਨਦੇ ਸਨ। ਕਿਉਂਕਿ ਇਹ ਸਲੋਕ ਮਾਮੂਲੀ ਪਾਠ-ਭੇਦ ਨਾਲ ਮ: ੨ ਦਾ 'ਮਾਝ ਦੀ ਵਾਰ' ਵਿਚ ਆਇਆ ਹੈ। ਸੰਭਾਵਨਾ ਇਹ ਹੈ ਕਿ ਭਾਵੇਂ ਇਹ ਸਲੋਕ 'ਜਪੁ' ਬਾਣੀ ਦੇ ਮੂਲਪਾਠ ਵਿਚ ਸ਼ਾਮਲ ਨਹੀਂ ਸੀ, ਪਰ 'ਜਪੁ' ਦੇ ਭੋਗ ਬਾਅਦ ਇਸ ਸਲੋਕ ਨੂੰ ਪੜ੍ਹਨ ਦੀ ਪਰੰਪਰਾ ਬਣ ਚੁੱਕੀ ਸੀ। ਸੰਭਾਵਨਾ ਹੈ ਕਿ ਗੁਰੂ ਰਾਮਦਾਸ ਜੀ ਦੇ ਨਿੱਜੀ ਸੰਗ੍ਰਹਿ ਵਾਲੇ 'ਜਪੁ' ਵਿਚ ਇਹ ਸਲੋਕ ਲਿਖਤੀ ਰੂਪ ਵਿਚ ਵੀ ਦਰਜ਼ ਹੋ ਗਿਆ ਹੋਵੇ। ਇਸੇ ਨੂੰ ਗੁਰੂ ਅਰਜਨ ਦੇਵ ਜੀ ਨੇ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ਼ ਕਰ ਲਿਆ ਸੀ।

ਮੇਰਾ ਖ਼ਿਆਲ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਉਪਰੋਕਤ ਪੁਸਤਕ ਛਾਪਦਿਆਂ ਉਸ ਸਲੋਕ ਨੂੰ ਵੀ ਨਾਲ ਦੇਣਾ ਚਾਹੀਦਾ ਸੀ। ਕੱਲ੍ਹ ਨੂੰ ਕੋਈ 'ਆਦਿ ਸਚੁ ਜੁਗਾਦਿ...' ਨੂੰ ਮ: ੫ ਦਾ ਦਸ ਕੇ ਐਸਾ 'ਜਪੁ' ਦਾ ਪਾਠ ਛਾਪ ਦੇਵੇਗਾ ਜਿਸ ਵਿਚ 'ਜਪੁ' ਦਾ ਆਰੰਭ 'ਸੋਚੈ ਸੋਚ' ਤੋਂ ਦੱਸਿਆ ਜਾਵੇਗਾ।

ਪ੍ਰਸ਼ਨ : ਰਾਗ ਗਉੜੀ ਵਿਚ ਮ: ੫ ਦੇ ਸ਼ਬਦਾਂ ਨਾਲ ਲਟਕਦੇ ਅੰਕ ਹਨ। ਇਨ੍ਹਾਂ ਦਾ ਕੀ ਭਾਵ ਹੈ?

ਉੱਤਰ : ਇਸ ਤਰ੍ਹਾਂ ਦੇ ਕੁਝ ਸ਼ਬਦ ਆਸਾ ਰਾਗ ਵਿਚ ਵੀ ਹਨ। ਮ: ੫ ਤੋਂ ਇਲਾਵਾ ਕਬੀਰ ਜੀ ਦੇ ਗਉੜੀ ਰਾਗ ਦੇ ਸ਼ਬਦਾਂ ਨਾਲ ਵੀ ਲਟਕਦੇ ਅੰਕ ਦਿੱਤੇ ਹਨ। ਇਨ੍ਹਾਂ ਅੰਕਾਂ ਦਾ ਕੋਈ ਮਹੱਤਵ ਸਮਝ ਨਹੀਂ ਆਇਆ।

ਪ੍ਰਸ਼ਨ : ਕਈ ਸ਼ਬਦ ਜਾਂ ਸਲੋਕ *ਗੁਰੂ ਗ੍ਰੰਥ ਸਾਹਿਬ* ਵਿਚ ਦੋ ਜਾਂ ਤਿੰਨ ਵੇਰ ਵੱਖ-ਵੱਖ ਪਾਠ-ਭੇਦਾਂ ਨਾਲ ਆਏ ਹਨ। ਕੀ ਪਾਠ-ਭੇਦਾਂ ਕਾਰਨ ਜਾਂ ਸ਼ਬਦ ਜੋੜਾਂ ਦੇ ਵਖਰੇਵਿਆਂ ਕਾਰਨ ਕੋਈ ਅਰਥ ਬਦਲ ਜਾਂਦੇ ਹਨ।

ਉੱਤਰ : ਜਿਹੜੇ ਲੋਕ ਗੁਰਬਾਣੀ ਦੀ ਵੱਖਰੀ ਤੇ ਨਿਆਰੀ ਵਿਆਕਰਣ ਮੰਨਦੇ ਹਨ, ਉਹ ਵੀ ਅਜਿਹੇ ਸ਼ਬਦਾਂ ਦੇ ਵੱਖਰੇ ਅਰਥ ਨਹੀਂ ਕਰ ਸਕੇ। ਉਦਾਹਰਣ ਵਜੋਂ 'ਸੋਦਰੁ' ਵਾਲਾ ਸ਼ਬਦ *ਗੁਰੂ ਗ੍ਰੰਥ ਸਾਹਿਬ* ਵਿਚ ਤਿੰਨ ਵੇਰ ਮਾਮੂਲੀ ਪਾਠ-ਭੇਦਾਂ ਨਾਲ ਆਇਆ ਹੈ। ਇਸ ਤਰ੍ਹਾਂ ਕੁਝ ਹੋਰ ਸ਼ਬਦ ਜਾਂ ਸਲੋਕ ਹਨ ਜੋ ਇਕ ਤੋਂ ਵੱਧ ਵੇਰ ਆ ਗਏ ਹਨ।

ਲਗਦਾ ਇਹੀ ਹੈ ਕਿ ਲਿਖਾਰੀਆਂ ਨੇ ਨਕਲ ਕਰਦਿਆਂ ਸ਼ਬਦ-ਜੋੜਾਂ ਵੱਲ ਗੰਭੀਰਤਾ ਨਾਲ ਧਿਆਨ ਨਹੀਂ ਦਿੱਤਾ।

ਪ੍ਰਸ਼ਨ : *ਗੁਰੂ ਗ੍ਰੰਥ ਸਾਹਿਬ* ਨੂੰ ਸਭ ਤੋਂ ਪਹਿਲਾਂ ਛਾਪਣ ਵਾਲੇ ਪ੍ਰਕਾਸ਼ਕਾਂ ਨੇ ਕਿਹੜੀ ਹੱਥ-ਲਿਖਤ ਬੀੜ ਨੂੰ ਆਧਾਰ ਬਣਾਇਆ?

ਉੱਤਰ : ਇਸ ਬਾਰੇ ਇਹੀ ਜਾਣਕਾਰੀ ਮਿਲਦੀ ਹੈ ਕਿ ਉਨ੍ਹਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਵਿਚ ਪਰਚੀਆਂ ਪਾ ਕੇ ਫੈਸਲਾ ਕੀਤਾ ਕਿ ਕਿਹੜੀ ਸ਼ਾਖਾ ਦੀ ਬੀੜ ਨੂੰ ਆਧਾਰ ਬਣਾਉਣਾ ਹੈ। ਕਿਹਾ ਜਾਂਦਾ ਹੈ ਕਿ ਤਿੰਨ ਪਰਚੀਆਂ ਉਪਰ—ਗੁਰਦਾਸ ਵਾਲੀ, ਬੰਨੋ ਵਾਲੀ ਤੇ ਦਮਦਮੇ ਵਾਲੀ ਲਿਖ ਕੇ ਸਰੋਵਰ ਵਿਚ ਪਾਈਆਂ ਗਈਆਂ ਸਨ। ਇਨ੍ਹਾਂ ਵਿਚੋਂ ਦੋ ਪਰਚੀਆਂ ਡੁੱਬ ਗਈਆਂ ਅਤੇ ਇਕ ਪਰਚੀ ਉਪਰ ਤਰਕੇ ਆਈ ਜਿਸ ਉਪਰ 'ਦਮਦਮੀ' ਲਿਖਿਆ ਸੀ। ਸੋ ਇਸ ਮੁਤਾਬਿਕ ਦਮਦਮੀ ਸ਼ਾਖਾ ਦੀ ਬੀੜ ਨੂੰ ਛਪਾਈ ਲਈ ਆਧਾਰ ਬਣਾਇਆ ਗਿਆ।

ਪ੍ਰਸ਼ਨ : ਕੀ ਇਹ ਵਿਗਿਆਨਕ ਢੰਗ ਹੈ?

ਉੱਤਰ : ਪੰਥ ਦੀ ਰਵਾਇਤ ਮੁਤਾਬਿਕ ਇਹ ਢੰਗ ਕਈ ਵੇਰ ਅਪਣਾਇਆ ਗਿਆ ਹੈ। ਇਹ ਵਿਸ਼ਵਾਸ ਹੈ।

ਪ੍ਰਸ਼ਨ : 'ਸੁੰਦਰ ਗੁਟਕਾ' ਨਾਂ ਕਿਵੇਂ ਪ੍ਰਚਲਿਤ ਹੋਇਆ?

ਉੱਤਰ : ਅੰਮ੍ਰਿਤਸਰ ਵਿਖੇ ਗੁਰਬਾਣੀ ਗੁਟਕੇ ਦੇ ਪ੍ਰਕਾਸ਼ਕ ਦਾ ਨਾਂ ਸੁੰਦਰ ਸਿੰਘ ਸੀ। ਉਸਦੇ ਨਾਂ 'ਤੇ ਹੀ ਮਸ਼ਹੂਰ ਹੋਏ ਗੁਟਕੇ ਦਾ ਨਾਂ 'ਸੁੰਦਰ ਗੁਟਕਾ' ਛਪਣਾ ਸ਼ੁਰੂ ਹੋ ਗਿਆ। ਇਹ ਘੋਰ ਮਨਮਤ ਹੋ ਰਹੀ ਹੈ।

ਪ੍ਰਸ਼ਨ : ਕਈ ਸ਼ਬਦਾਂ ਉੱਪਰ ਉਨ੍ਹਾਂ ਦੇ ਰਚਣਹਾਰੇ ਦੀ ਕੋਈ ਸੂਚਨਾ ਨਹੀਂ। ਇਨ੍ਹਾਂ ਦੇ ਰਚਣਹਾਰੇ ਦਾ ਫ਼ੈਸਲਾ ਕਿਵੇਂ ਕੀਤਾ ਜਾਵੇ?

ਉੱਤਰ : ਪੰਨਾ ੫੨੭ ਉੱਪਰ ਦਿੱਤੇ ਸ਼ਬਦ, 'ਜੈਤਸਰੀ ਦੀ ਵਾਰ' ਦੇ ਸਲੋਕਾਂ ਵਿਚ, ਪੰਨਾ ੭੨੦ ਉੱਪਰ ਦਿੱਤੇ ਸ਼ਬਦ ਅਤੇ ਇਸੇ ਤਰ੍ਹਾਂ ਪੰਨਾ ੭੨੯ ਉੱਪਰ ਦਿੱਤੇ ਤਿੰਨ ਸ਼ਬਦਾਂ ਉੱਪਰ 'ਮਹਲਾ' ਜਾਂ 'ਰਚਣਹਾਰੇ' ਦਾ ਨਾਂ ਨਹੀਂ। ਨਿਯਮ ਇਹ ਹੈ ਕਿ ਇਹ ਉਸੇ ਦੀ ਰਚਨਾ ਹੈ, ਜਿਸਦੀ ਰਚਨਾ ਪਹਿਲਾਂ ਚੱਲ ਰਹੀ ਹੈ। ਇਸ ਮੁਤਾਬਿਕ ਪੰਨਾ ੫੨੭ ਉੱਪਰ ਦਿੱਤੇ ਸ਼ਬਦ ਮ: ੪ ਦੇ, 'ਜੈਤਸਰੀ ਦੀ ਵਾਰ' ਦੇ ਸਲੋਕ ਮ: ੫ ਦੇ, ਪੰਨਾ ੭੧੦ ਦਾ ਸ਼ਬਦ ਰਵਿਦਾਸ ਜੀ ਦਾ ਅਤੇ ਪੰਨਾ ੭੧੯ ਵਾਲੇ ਤਿੰਨੋਂ ਸ਼ਬਦ ਨਾਮਦੇਵ ਜੀ ਦੇ ਬਣਦੇ ਹਨ।

ਪ੍ਰਸ਼ਨ : ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਉੱਪਰ ਇਕ ਹੱਥ-ਲਿਖਤ ਬੀੜ ਦਾ ਪਾਠ ਹੁੰਦਾ ਹੈ। ਇਹ ਕਿਹੜੀ ਬੀੜ ਹੈ।

ਉੱਤਰ : ਇਹ ਬੀੜ ਸੰਨ ੧੯੦੯ ਵਿਚ ਗਿਆਨੀ ਪ੍ਰਤਾਪ ਸਿੰਘ ਨੇ ਆਪਣੇ ਹੱਥੀਂ ਲਿਖ ਕੇ ਸ੍ਰੀ ਦਰਬਾਰ ਸਾਹਿਬ ਭੇਟਾ ਕੀਤੀ ਸੀ। ਗਿਆਨੀ ਪ੍ਰਤਾਪ ਸਿੰਘ ਪ੍ਰਸਿੱਧ ਇਤਿਹਾਸਕਾਰ ਮੈਕਸ ਆਰਥਰ ਮੈਕਾਲਿਫ਼ ਦੇ ਸਹਿਯੋਗੀਆਂ ਵਿਚ ਸ਼ਾਮਲ ਸੀ। ਗਿਆਨੀ ਪ੍ਰਤਾਪ ਸਿੰਘ ਦਰਬਾਰ ਸਾਹਿਬ ਦੇ ਇਕ ਬਹੁਤ ਹੀ ਸਤਿਕਾਰਯੋਗ ਗ੍ਰੰਥੀ ਰਹੇ ਹਨ।

ਪ੍ਰਸ਼ਨ : ਕੁਝ ਭਗਤਾਂ ਅਤੇ ਬਾਬਾ ਫ਼ਰੀਦ ਜੀ ਦੇ ਸਲੋਕਾਂ ਨਾਲ ਗੁਰੂ ਸਾਹਿਬਾਨ ਦੇ ਸਲੋਕ ਆਏ ਹਨ। ਉਨ੍ਹਾਂ ਬਾਰੇ ਤੁਹਾਡੀ ਕੀ ਰਾਇ ਹੈ?

ਉੱਤਰ : ਗੁਰਬਾਣੀ ਦੇ ਪਰੰਪਰਾਵਾਦੀ ਵਿਦਵਾਨ ਇਹ ਮੰਨਣ ਵਿਚ ਔਖ ਮਹਿਸੂਸ ਕਰਦੇ ਹਨ ਕਿ ਭਗਤ ਮਤ ਅਤੇ ਗੁਰਮਤ ਵਿਚ ਕੁਝ ਭੇਦ ਸਨ। ਪ੍ਰੋ. ਸਾਹਿਬ ਸਿੰਘ ਸਾਰੀ ਬਾਣੀ ਨੂੰ ਇਕ ਵਿਚਾਰਧਾਰਾ ਵਾਲੀ ਮੰਨਦੇ ਹਨ। ਪਰ ਇਸ ਤਰ੍ਹਾਂ ਦੇ ਸਲੋਕਾਂ ਵਿਚ ਗੁਰਮਤ ਦੇ ਨਿਆਰੇਪਣ ਦੀ ਸੋਝੀ ਮਿਲਦੀ ਹੈ। ਭਗਤੀ ਮਤ ਅਤੇ ਗੁਰਮਤ ਵਿਚ ਸੂਖ਼ਮ ਭੇਦ ਹੈ। ਪਰ ਇਨ੍ਹਾਂ ਦੀ ਵਿਚਾਰਧਾਰਾ ਵਿਚ ਸਾਂਝ ਇਹ ਹੈ ਕਿ ਦੋਵੇਂ ਸ਼ੋਸ਼ਿਤ ਵਰਗ ਨਾਲ ਹਮਦਰਦੀ ਰੱਖਦੇ ਹਨ। ਗੁਰਮਤ ਨੇ ਇਸ ਪੀੜਤ ਵਰਗ ਦੀ ਮੁਕਤੀ ਲਈ ਲੋਕਾਂ ਨੂੰ ਜਥੇਬੰਦ ਕਰਕੇ ਸੰਘਰਸ਼ ਕੀਤਾ, ਪਰ ਭਗਤੀ ਮਤ ਤੇ ਸੂਫ਼ੀ ਮਤ ਸ਼ੋਸ਼ਿਤ ਲੋਕਾਂ ਨੂੰ ਕੇਵਲ 'ਅੰਦਰੂਨੀ ਸ਼ਾਂਤੀ' ਪ੍ਰਾਪਤ ਕਰਨ ਦੇ ਰਾਹ ਉੱਪਰ ਤੋਰ ਕੇ, ਸਖ਼ਤ ਅਨੁਸ਼ਾਸਨ ਦੇ ਰਾਹ ਤੋਰਦੇ ਸਨ। ਜਦੋਂ ਕਿ ਗੁਰਮਤ ਸਮਾਜ ਵਿਚ ਫੈਲੀ ਨਾਬਰਾਬਰੀ ਦੇ ਵਿਹਾਰਕ ਕਾਰਣਾਂ ਨੂੰ ਵਧੇਰੇ ਸਾਰਥਕ ਢੰਗ ਨਾਲ ਸਮਝ ਕੇ, ਸਥਾਪਿਤ ਪ੍ਰਬੰਧ ਨੂੰ ਬਦਲਣਾ ਚਾਹੁੰਦੀ ਸੀ।

ਪ੍ਰਸ਼ਨ : *ਗੁਰੂ ਗ੍ਰੰਥ ਸਾਹਿਬ* ਜੀ ਦੀਆਂ ਕੁਝ ਵਾਰਾਂ ਦੀ ਸਮਾਪਤੀ ਉੱਪਰ 'ਸੁਧ' ਜਾਂ 'ਸੁਧ ਕੀਚੈ' ਲਿਖਿਆ ਗਿਆ ਹੈ, ਇਸਦਾ ਕੀ ਭਾਵ ਹੈ?

ਉੱਤਰ : ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ ਅਰਜਨ ਜੀ ਭਾਈ ਗੁਰਦਾਸ ਜੀ ਦੁਆਰਾ ਲਿਖੀ ਬਾਣੀ ਨੂੰ ਬਕਾਇਦਾ ਚੈੱਕ ਕਰਦੇ ਸਨ। 'ਸੁਧ' ਦਾ ਭਾਵ ਹੈ ਕਿ 'ਠੀਕ' ਹੈ ਅਤੇ 'ਸੁਧ ਕੀਚੈ' ਵਿਚ ਆਦੇਸ਼ ਹੈ ਕਿ ਇਸ ਦੀ ਸੁਧਾਈ ਕਰਨੀ ਚਾਹੀਦੀ ਹੈ।

ਬਾਅਦ ਦੇ ਲਿਖਾਰੀਆਂ ਨੇ ਇਨ੍ਹਾਂ ਸੰਪਾਦਕੀ ਟਿੱਪਣੀਆਂ ਨੂੰ ਵੀ ਲਿਖਣਾ ਜਾਰੀ ਰੱਖਿਆ।

ਪ੍ਰਸ਼ਨ : ਕੀ 'ਸੁਧ' ਜਾਂ 'ਸੁਧ ਕੀਚੈ' ਨੂੰ ਕੀਰਤਨ ਗਾਇਣ ਸਮੇਂ ਪੜ੍ਹਨਾ/ਗਾਉਣਾ ਯੋਗ ਹੈ।

ਉੱਤਰ : ਇਹ ਗਾਉਣ ਵਿਚ ਸ਼ਾਮਲ ਕਰਨ ਦੀ ਲੋੜ ਨਹੀਂ। ਕਰਤਾਰਪੁਰੀ ਬੀੜ ਨੂੰ ਪ੍ਰਮਾਣਿਕ ਦੱਸਣ ਵਾਲੇ ਭਾਈ ਜੋਧ ਸਿੰਘ ਹੁਰਾਂ ਇਸ ਗੱਲ ਉਪਰ ਸਖ਼ਤ ਇਤਰਾਜ਼ ਕੀਤਾ ਸੀ ਕਿ ਇਨ੍ਹਾਂ 'ਟਿੱਪਣੀਆਂ' ਨੂੰ ਪਾਠ ਦਾ ਹਿੱਸਾ ਬਣਾ ਲਿਆ ਹੈ। ਦੇਖੋ, *ਕਰਤਾਰਪੁਰੀ ਬੀੜ ਦੇ ਦਰਸ਼ਨ*, ਪੰਨਾ-ਸ.

ਪ੍ਰਸ਼ਨ : ਤਾਂ ਕੀ ਇਹ ਬਾਣੀ ਦਾ ਹਿੱਸਾ ਨਹੀਂ?

ਉੱਤਰ : ਹਿੱਸਾ ਹੁੰਦੇ ਹੋਏ ਵੀ, ਇਹ ਪਾਠ ਦਾ ਹਿੱਸਾ ਨਹੀਂ। ਜਿਵੇਂ *ਗੁਰੂ ਗ੍ਰੰਥ ਸਾਹਿਬ* ਵਿਚਲੇ ਅੰਕ ਬਾਣੀ ਦਾ ਹਿੱਸਾ ਤਾਂ ਹਨ, ਪਰ ਉਹ ਉਚਾਰਣ ਦਾ ਹਿੱਸਾ ਨਹੀਂ ਹਨ।

ਪ੍ਰਸ਼ਨ: ਗੁਰੂ, ਗ੍ਰੰਥ ਹੈ ਜਾਂ ਪੰਥ ਹੈ?

ਉੱਤਰ: ਪੰਥ ਤੇ ਗ੍ਰੰਥ—ਦੋ ਚੀਜ਼ਾਂ ਨਹੀਂ ਹਨ। ਗ੍ਰੰਥ ਤੇ ਪੰਥ ਇਕ ਹੀ ਸਿੱਕੇ ਦੇ ਦੋ ਪਾਸੇ ਹਨ। ਗ੍ਰੰਥ ਦੀ ਤਾਬਿਆ ਵਿਚ ਚਲਦੇ ਹੋਏ ਪੰਥ ਨੇ ਵਿਚਰਨਾ ਹੈ। ਗ੍ਰੰਥ ਤੋਂ ਬਿਨਾਂ ਪੰਥ ਮੁਰਦਾ ਹੋ ਜਾਵੇਗਾ। ਗ੍ਰੰਥ ਆਤਮਾ ਹੈ, ਪੰਥ ਸਰੀਰ ਹੈ। ਪੰਥ ਗ੍ਰੰਥ ਦੀ ਰੌਸ਼ਨੀ ਵਿਚ ਆਪ ਫ਼ੈਸਲੇ ਲੈਣ ਦਾ ਹੱਕ ਰੱਖਦਾ ਹੈ। ਇਸ ਲਈ ਪੰਥ ਕੋਲ ਗੁਰਿਆਈ ਮੰਨੀ ਜਾਣੀ ਯੋਗ ਹੈ।

ਪ੍ਰਸ਼ਨ: *ਗੁਰੂ ਗ੍ਰੰਥ ਸਾਹਿਬ* ਦੀ ਕੋਈ ਹੱਥ-ਲਿਖਤ ਪੜ੍ਹਨੀ ਹੋਵੇ ਤਾਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਉੱਤਰ: ੧. ਸਭ ਤੋਂ ਪਹਿਲਾਂ ਅੰਦਰੂਨੀ ਗਵਾਹੀਆਂ ਵੇਖ ਕੇ, ਬੀੜ ਲਿਖਣ ਦੇ ਮਨੋਰਥ ਨੂੰ ਸਮਝਣਾ ਚਾਹੀਦਾ ਹੈ। ਕਈ ਬੀੜਾਂ ਗੁਰੂ-ਘਰ ਦੇ ਵਿਰੋਧੀਆਂ ਨੇ ਪ੍ਰਚਾਰੀਆਂ ਸਨ।

੨. ਦੂਜੀ ਗੱਲ ਇਹ ਵੇਖਣ ਵਾਲੀ ਹੁੰਦੀ ਹੈ ਕਿ ਇਹ ਬੀੜ ਕਦੋਂ ਲਿਖੀ ਗਈ? ਇਸਦਾ ਫ਼ੈਸਲਾ ਮੌਖਿਕ ਪਰੰਪਰਾ ਤੇ ਅੰਦਰੂਨੀ ਗਵਾਹੀ ਦੇ ਆਧਾਰ 'ਤੇ ਹੋ ਸਕਦਾ ਹੈ। ਪਰ ਅੰਦਰੂਨੀ ਗਵਾਹੀਆਂ ਨੂੰ ਬਹੁਤ ਧਿਆਨਪੂਰਵਕ ਘੋਖਣ ਦੀ ਲੋੜ ਹੁੰਦੀ ਹੈ। ਕਈ ਵੇਰ ਲਿਖਾਰੀ ਗੁਰੂ ਸਾਹਿਬ ਦੇ ਨਿਸ਼ਾਨਾਂ ਦੀ ਟਰੇਸ ਕਰਕੇ ਬਣਾਈ ਕਾਪੀ ਜੋੜ ਦਿੰਦੇ ਸਨ ਅਤੇ ਮਿਤੀ ਵੀ ਗ਼ਲਤ ਦੇ ਦਿੰਦੇ ਸਨ।

ਪ੍ਰਸ਼ਨ: *ਗੁਰੂ ਗ੍ਰੰਥ ਸਾਹਿਬ* ਦੇ ਪਾਠ ਪਦ-ਛੇਦ ਰੂਪ ਵਿਚ ਛਾਪਣਾ ਠੀਕ ਹੈ?

ਉੱਤਰ: ਇਸ ਵਿਚ ਕੁਝ ਵੀ ਗ਼ਲਤ ਨਹੀਂ। ਜੁੜਵੇਂ ਅੱਖਰਾਂ ਵਾਲੀ ਬੀੜ ਤੋਂ ਪਾਠ ਕਰਨਾ ਮੁਸ਼ਕਿਲ ਹੁੰਦਾ ਹੈ। ਜੇ ਬਾਣੀ ਨੂੰ ਜਨ-ਸਾਧਾਰਣ ਦੀ ਵਸਤੂ ਬਣਾਉਣਾ ਹੈ ਤਾਂ ਇਸਦੇ ਪਦ-ਛੇਦ ਵਾਲਾ ਪਾਠ ਹੀ ਵਧੇਰੇ ਪ੍ਰਚਾਰਨਾ ਬਣਦਾ ਹੈ।


ਗੁਰੂ-ਕਾਲ ਅਤੇ ਉਸ ਤੋਂ ਬਾਅਦ ਵੀ ਲੰਬੇ ਸਮੇਂ ਤਕ ਗੁਰਮੁਖੀ ਦੇ ਅੱਖਰ ਨਿਖੇੜੇ ਨਹੀਂ ਜਾਂਦੇ ਸਨ। ਸਾਡੇ ਕੋਲ ਗੁਰਮੁਖੀ ਅੱਖਰਾਂ ਵਿਚ ਸਭ ਤੋਂ ਪ੍ਰਾਚੀਨ ਹੱਥ-ਲਿਖਤ ਬਾਬੇ ਮੋਹਣ ਵਾਲੀ ਪੋਥੀ ਹੈ। ਇਹ ਪੋਥੀ ਇਸ ਗੱਲ ਦੀ ਗਵਾਹ ਹੈ ਕਿ ਸ਼ੁਰੂ ਤੋਂ ਗੁਰਮੁਖੀ ਦੇ ਅੱਖਰ ਨਿਖੇੜੇ ਨਹੀਂ ਜਾਂਦੇ ਸਨ। ਹਾਲਾਂਕਿ ਇਹ ਖੋਜ ਦਾ ਵਿਸ਼ਾ ਹੈ, ਪਰ ਲਗਦਾ ਇਹੀ ਹੈ ਕਿ ਵਿਲੀਅਮ ਕੈਰੀ ਨੇ ਜਦੋਂ ਪਹਿਲੀ ਵੇਰ ਗੁਰਮੁਖੀ ਵਿਚ ਛਾਪੇਖਾਨੇ ਵਿਚ *ਬਾਈਬਲ* ਛਾਪੀ ਤਾਂ ਉਸਨੇ ਅੰਗਰੇਜ਼ੀ ਲਿਖਾਈ ਦੇ ਨਮੂਨਿਆਂ ਵਾਂਗ ਅੱਖਰਾਂ ਨੂੰ ਨਿਖੇੜ ਲਿਆ। ਉਸਦਾ ਇਹ ਢੰਗ ਵਧੇਰੇ ਸਰਲ ਹੋਣ ਕਰਕੇ, ਪੰਜਾਬੀ ਲਿਖਣ ਲਈ ਵੀ ਪ੍ਰਚਲਿਤ ਹੋ ਗਿਆ। ਇਸ ਨਾਲ ਪਾਠ ਵਧੇਰੇ ਸ਼ੁਧ ਅਤੇ ਸਪਸ਼ਟ ਹੋ ਜਾਂਦਾ

ਹੈ। ਕਈ ਵੇਰ ਜੁੜਵੇਂ ਅੱਖਰਾਂ ਵਾਲੀ ਲਿਖਤ ਤੋਂ ਗ਼ਲਤ ਪਾਠ ਚੁੱਕਣ ਕਰਕੇ ਅਨਰਥ ਵੀ ਹੋ ਜਾਂਦਾ ਹੈ। ਇਸਦੀ ਕੁਝ ਚਰਚਾ ਇਸੇ ਪੁਸਤਕ ਦੇ 'ਗੁਰਬਾਣੀ ਉਚਾਰਣ' ਅਧਿਆਇ ਵਿਚ ਹੋਈ ਹੈ। ਇਥੇ ਜਾਣਕਾਰੀ ਲਈ ਦਸਦੇ ਹਾਂ ਕਿ ਨੁਸ਼ਿਹਰਾ ਮੱਝਾ ਸਿੰਘ ਦੇ ਨੀਲਧਾਰੀ ਪੰਥ ਦੇ ਕੁਝ ਪਾਠੀ 'ਆਸਾ ਦੀ ਵਾਰ' ਦੀ ਹੇਠ ਲਿਖੀ ਪੰਕਤੀ ਦਾ ਗ਼ਲਤ ਪਾਠ ਉਠਾਉਂਦੇ ਆ ਰਹੇ ਹਨ:

ਹਥ ਛੁਰੀ ਜਗਤ ਕਾ ਸਾਂਈਂ॥

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੁਖ ਅਸਥਾਨ 'ਤੇ ਜੁੜਵੇਂ ਅੱਖਰਾਂ ਵਾਲੀ ਬੀੜ ਦਾ ਹੀ ਪ੍ਰਕਾਸ਼ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੋਵੇਂ ਤਰ੍ਹਾਂ ਦੇ ਸਰੂਪ ਛਾਪਦੀ ਹੈ। ਪਰ ਵਧੇਰੇ ਮੰਗ ਪਦ-ਛੇਦ ਵਾਲੀ ਬੀੜ ਦੀ ਹੀ ਰਹਿੰਦੀ ਹੈ। ਇਹ ਗੱਲ ਵੀ ਵਿਵਾਦਪੂਰਣ ਹੈ ਕਿ ਗੁਰਬਾਣੀ ਦਾ ਪਾਠ ਕਿਸ ਰੂਪ ਵਿਚ ਛਾਪਿਆ ਜਾਵੇ। ਮੈਂ ਕੁਝ ਸਾਲ ਪਹਿਲਾਂ ਇਕ ਟ੍ਰੈਕਟ ਪੜ੍ਹਿਆ ਸੀ ਜਿਸ ਵਿਚ ਪਦ-ਛੇਦ ਬਾਣੀ ਨੂੰ ਛਾਪਣ ਵਾਲਿਆਂ ਦੀ ਘੋਰ ਨਿੰਦਾ ਕੀਤੀ ਗਈ ਸੀ। ਭਾਈ ਮਨੀ ਸਿੰਘ ਜੀ ਦੀ ਮਹਾਨ ਸ਼ਹੀਦੀ ਨੂੰ ਇਹ ਦਸ ਕੇ ਅਪਮਾਨਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਅਜਿਹੀ ਸਜ਼ਾ ਇਸ ਅਪਰਾਧ ਬਦਲੇ ਮਿਲੀ ਸੀ ਕਿ ਉਨ੍ਹਾਂ ਬਾਣੀ ਨੂੰ ਪਦ-ਛੇਦ ਰੂਪ ਵਿਚ ਪ੍ਰਚਾਰਨ ਦਾ ਯਤਨ ਕੀਤਾ ਸੀ। ਅਨਪੜ੍ਹ ਅਤੇ ਕੱਟੜਪੰਥੀ ਲੋਕਾਂ ਦੇ ਦਿਮਾਗ਼ੀ ਦੀਵਾਲੀਏਪਣ ਦਾ ਇਸ ਤੋਂ ਵੱਧ ਕੀ ਪ੍ਰਮਾਣ ਹੋ ਸਕਦਾ ਹੈ? ਇਨ੍ਹਾਂ ਲੋਕਾਂ ਦਾ ਟੋਲਾ ਹਰ ਸਮੇਂ ਗੁਰਬਾਣੀ ਪ੍ਰਚਾਰ ਅਤੇ ਪ੍ਰਸਾਰ ਵਿਚ ਢੁੱਚਰ ਢਾਹੁਣ ਦਾ ਆਦੀ ਹੋ ਚੁੱਕਾ ਹੈ। ਇਹ ਭਾਈ ਤਾਂ ਸਿੱਖ ਕੌਮ ਦੀਆਂ ਸਾਰੀਆਂ ਸਮੱਸਿਆਵਾਂ ਦਾ ਕਾਰਣ ਪਦ-ਛੇਦ ਵਾਲੀ ਬੀੜ ਨੂੰ ਮੰਨਦੇ ਹਨ। ਇਨ੍ਹਾਂ ਮੁਤਾਬਿਕ ਬਾਣੀ ਨੂੰ ਮਨਮਤੀ ਢੰਗ ਨਾਲ ਛਾਪਣ ਦੇ 'ਪਾਪ' ਕਾਰਣ ਹੀ ਸਿੱਖ ਕੌਮ ਦਾ ਸਤਿਆਨਾਸ਼ ਹੋਇਆ ਹੈ। ਇਨ੍ਹਾਂ ਭਾਈਆਂ ਵਿਚੋਂ ਕੁਝ ਬੜੀ ਦ੍ਰਿੜਤਾ ਨਾਲ ਜੁੜਵੇਂ ਅੱਖਰਾਂ ਵਾਲੇ ਗੁਟਕੇ ਅਤੇ ਸੈਂਚੀਆਂ ਛਾਪ-ਛਾਪ ਕੇ ਵੰਡ ਰਹੇ ਹਨ। ਇੰਟਰਨੈੱਟ ਉੱਪਰ ਵੀ ਅਜਿਹੀ ਪੋਥੀ ਦਾ ਪਾਠ ਉਪਲਬਧ ਹੈ। ਇਸਦਾ ਦੁਖਦਾਈ ਪਹਿਲੂ ਇਹ ਹੈ ਕਿ ਜੋ ਦੂਜਿਆਂ ਉੱਪਰ ਬਾਣੀ ਦੇ ਅਪਮਾਨ ਕਰਨ ਦੀਆਂ ਤੋਹਮਤਾਂ ਲਾਉਂਦੇ ਹਨ, ਆਪ ਮਨਘੜਤ ਨਾਂਵਾਂ ਵਾਲੀਆਂ ਬਾਣੀਆਂ ਛਾਪ ਕੇ ਪਤਾ ਨਹੀਂ ਕੀ ਸਿੱਧ ਕਰਨਾ ਚਾਹੁੰਦੇ ਹਨ?

ਪ੍ਰਸ਼ਨ: ਗੁਰਬਾਣੀ ਦੇ ਗੁਟਕੇ/ਸੈਂਚੀ ਤੋਂ ਪਾਠ ਕਰਦਿਆਂ ਉਨ੍ਹਾਂ ਉਪਰ ਨਾ ਤਾਂ ਚੌਰ ਕੀਤਾ ਜਾਂਦਾ ਹੈ ਅਤੇ ਨਾ ਹੀ ਚੰਦੋਆ ਤਾਣਿਆ ਜਾਂਦਾ ਹੈ। ਜੇ



ਸੁਖਮਨਾਸਾਹਿਬ

ਬਿਲਾਵਲੁਮਹਲਾ੪ਅਸਟਪਦੀਆਘਰੁ੧੧ੴ ਸਤਿਗੁਰਪ੍ਰਸਾਦਿ॥ਆਪੈਆਪੁਖਾਇਹਉਮੇ
ਟੈਅਨਦਿਨੁਹਰਿਰਸਗੀਤਗਵਈਆ॥ਗੁਰਮੁਖਿਪਰਚੈਕੰਚਨਕਾਇਆਨਿਰਭਉਜੋਤੀਜੋਤਿਮਿ
ਲਈਆ॥੧॥ਮੈਹਰਿਹਰਿਨਾਮੁਅਧਾਰੁਰਮਈਆ॥ਖਿਨੁਪਲੁਰਹਿਨਸਕਉਬਿਨੁਨਾਵੈਗੁਰਮੁ
ਖਿਹਰਿਹਰਿਪਾਠਪੜਈਆ॥੧॥ਰਹਾਉ॥ਏਕੁਗਿਰਹੁਦਸਦੁਆਰਹੈਜਾਕੇਅਹਿਨਿਸਿਤਸਕਰ
ਪੰਚਚੋਰਲਗਈਆ॥ਧਰਮੁਅਰਥੁਸਭੁਹਿਰਿਲੇਜਾਵਹਿਮਨਮੁਖਅੰਧੁਲੇਖਬਰਿਨਪਈਆ॥੨॥
ਕੰਚਨਕੋਟੁਬਹੁਮਾਣਕਿਭਰਿਆਜਾਗੇਗਿਆਨਤਤਿਲਿਵਲਈਆ॥ਤਸਕਰਹੇਰੂਆਇਲੁਕਾਨੇ
ਗੁਰਕੈਸਬਦਿਪਕੜਿਬੰਧਿਪਈਆ॥੩॥ਹਰਿਹਰਿਨਾਮੁਪੋਤੁਬੋਹਿਥਾਖੇਵਟੁਸਬਦੁਗੁਰੁਪਾਰਿਲੰ
ਘਈਆ॥ਜਮੁਜਾਗਾਤੀਨੇੜਿਨਆਵੈਨਾਕੋਤਸਕਰੁਚੋਰੁਲਗਈਆ॥੪॥ਹਰਿਗੁਣਗਾਵੈਸਦਾ
ਦਿਨੁਰਾਤੀਮੈਹਰਿਜਸੁਕਹਤੇਅੰਤੁਨਲਹੀਆ॥ਗੁਰਮੁਖਿਮਨੂਆਇਕਤੁਘਰਿਆਵੈਮਿਲਉਗੋਪਾ
ਲਨੀਸਾਨੁਬਜਈਆ॥੫॥ਨੈਨੀਦੇਖਿਦਰਸੁਮਨੁਤ੍ਰਿਪਤੈਸ੍ਰਵਨਬਾਣੀਗੁਰਸਬਦੁਸੁਣਈਆ॥ਸੁ
ਨਿਸੁਨਿਆਤਮਦੇਵਹੈਭੀਨੇਰਸਿਰਸਿਰਾਮਗੋਪਾਲਰਵਈਆ॥੬॥ਤ੍ਰੈਗੁਣਮਾਇਆਮੋਹਿਵਿਆ

੧੫੨

ਗੁਰੂ ਗ੍ਰੰਥ ਸਾਹਿਬ ਦੀ ਲੜੀਵਾਰ ਪੋਥੀ ਦਾ ਇਕ ਨਮੂਨਾ ਜਿਸ ਵਿਚ ਮਨਮਤੀ ਸਿਰਲੇਖ 'ਸੁਖਮਨਾ ਸਾਹਿਬ' ਦੇ ਕੇ ਬਾਣੀ ਨੂੰ ਪ੍ਰਦੂਸ਼ਿਤ ਕੀਤਾ ਗਿਆ ਹੈ—ਇਹ ਨਮੂਨਾ ਇੰਟਰਨੈਟ ਤੋਂ ਡਾਊਨਲੋਡ ਕੀਤਾ ਗਿਆ

ਇਨ੍ਹਾਂ ਪੋਥੀਆਂ ਵਿਚ ਵੀ ਉਹੀ ਬਾਣੀ ਹੈ ਤਾਂ ਕੀ ਸਾਨੂੰ ਇਨ੍ਹਾਂ ਦਾ ਸਤਿਕਾਰ ਵੀ *ਗੁਰੂ ਗ੍ਰੰਥ ਸਾਹਿਬ* ਵਾਂਗ ਨਹੀਂ ਕਰਨਾ ਚਾਹੀਦਾ ?

ਉੱਤਰ : ਗੁਟਕੇ ਜਾਂ ਪੋਥੀਆਂ ਸਾਡੀ ਨਿੱਜੀ ਲੋੜ ਲਈ ਹਨ। ਜਦੋਂ ਕਿ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਜਦੋਂ ਸੰਗਤ ਵਿਚ ਹੁੰਦਾ ਹੈ ਤਾਂ, ਜੋ ਪੰਥ ਨੇ ਉਸ ਲਈ ਮਰਯਾਦਾ ਨਿਰਧਾਰਿਤ ਕੀਤੀ ਹੈ, ਉਸਦਾ ਪਾਲਣ ਕਰਨਾ ਚਾਹੀਦਾ ਹੈ।

ਪ੍ਰਸ਼ਨ : ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕਿਸ ਬੀੜ ਦਾ ਪ੍ਰਕਾਸ਼ ਹੁੰਦਾ ਹੈ।

ਉੱਤਰ : ਸ੍ਰੀ ਦਰਬਾਰ ਸਾਹਿਬ ਵਿਖੇ ਕਿਸੇ ਵਿਸ਼ੇਸ਼ ਬੀੜ ਦਾ ਪ੍ਰਕਾਸ਼ ਨਹੀਂ ਹੁੰਦਾ। ਕਦੇ ਜੁੜਵੇਂ ਅੱਖਰਾਂ ਵਾਲੀ ਬੀੜ ਦਾ ਪ੍ਰਕਾਸ਼ ਹੁੰਦਾ ਹੈ ਅਤੇ ਕਦੇ ਕਿਸੇ ਹੱਥ-ਲਿਖਤ ਬੀੜ ਦਾ ਵੀ ਪ੍ਰਕਾਸ਼ ਹੁੰਦਾ ਹੈ। ਕਦੇ ਛਪੇ ਸਰੂਪ ਦਾ ਪ੍ਰਕਾਸ਼ ਹੁੰਦਾ ਹੈ।

ਪ੍ਰਸ਼ਨ : ਬਾਣੀ ਰਾਗਾਂ ਵਿਚ ਹੈ ਅਤੇ ਰਾਗਾਂ ਦਾ ਸੰਬੰਧ ਵਿਸ਼ੇਸ਼ ਸਮੇਂ ਨਾਲ ਹੁੰਦਾ ਹੈ। ਕੀ ਸ਼ਾਸਤਰੀ ਨਿਯਮਾਂ ਤਹਿਤ ਬਾਣੀ ਗਾਉਣ ਦਾ ਵਿਸ਼ੇਸ਼ ਮਹਾਤਮ ਹੈ ?

ਉੱਤਰ : ਗੁਰਬਾਣੀ ਸਮੇਂ ਤੇ ਸਥਾਨ ਤੋਂ ਸੁਤੰਤਰ ਹੈ। ਬਾਣੀ ਕਿਸੇ ਵੀ ਵੇਲੇ ਗਾਈ/ ਪੜ੍ਹੀ ਜਾ ਸਕਦੀ ਹੈ। ਬਾਣੀ ਸ਼ਾਸਤਰੀ ਨਿਯਮਾਂ ਦੀ ਗ਼ੁਲਾਮ ਨਹੀਂ। ਵਿਸ਼ੇਸ਼ ਸਮੇਂ ਵਿਸ਼ੇਸ਼ ਰਾਗ ਗਾਉਣ ਕਰਕੇ ਕਿਸੇ ਵਿਸ਼ੇਸ਼ ਲਾਭ ਦੀ ਆਸ ਕਰਨੀ ਕੇਵਲ ਵਹਿਮ ਹੈ।

ਪ੍ਰਸ਼ਨ : ਸੁਖਮਨੀ ਸਾਹਿਬ ਦੇ ਵੱਖ-ਵੱਖ ਗੁਟਕਿਆਂ ਵਿਚ ਪਾਠ ਦਾ ਆਰੰਭ ਵੱਖ ਵੱਖ ਢੰਗ ਨਾਲ ਹੁੰਦਾ ਹੈ।

ਉੱਤਰ : ਮੰਗਲ ਦੀ ਪਰੰਪਰਾ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਗੁਟਕੇ ਦਾ ਪਾਠ ਗ਼ਲਤ ਹੈ।

ਪ੍ਰਸ਼ਨ : ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਮਨਮੋਹਨ ਸਿੰਘ ਜੀ ਦੁਆਰਾ ਕੀਤੇ *ਗੁਰੂ ਗ੍ਰੰਥ ਸਾਹਿਬ* ਦੇ ਅੰਗਰੇਜ਼ੀ ਤਰਜ਼ਮੇ ਵਿਚ ਪੰਨਾ ੯੪ ਉਪਰ ਜਿਥੇ ਮਾਝ ਰਾਗ ਸ਼ੁਰੂ ਹੁੰਦਾ ਹੈ, ਉਥੇ ਮੰਗਲ, ਰਾਗ ਦੀ ਸੂਚਨਾ ਤੋਂ ਬਾਅਦ ਹੈ, ਕੀ ਇਹ ਠੀਕ ਹੈ ?

ਉਤਰ : ਸ਼੍ਰੋਮਣੀ ਕਮੇਟੀ *ਗੁਰੂ ਗ੍ਰੰਥ ਸਾਹਿਬ* ਵਿਚ ਵੀ ਮੰਗਲ ਗ਼ਲਤ ਥਾਂ ਰਖ ਰਹੀ ਹੈ।

ਪ੍ਰਸ਼ਨ : ਗੁਰੂ ਅਮਰਦਾਸ ਜੀ ਨੇ 'ਅੰਮ੍ਰਿਤਸਰ ਸਿਫ਼ਤੀ ਦਾ ਘਰ' ਵਿਚ ਕਿਹੜੇ ਅੰਮ੍ਰਿਤਸਰ ਦੀ ਗੱਲ ਕੀਤੀ ਹੈ ?

ਉੱਤਰ : ਗੁਰੂ ਅਮਰਦਾਸ ਜੀ ਦੇ ਸਮੇਂ ਅੰਮ੍ਰਿਤਸਰ ਸ਼ਹਿਰ ਹੋਂਦ ਵਿਚ ਨਹੀਂ ਆਇਆ ਸੀ। ਪਰ ਇਹ ਸ਼ਹਿਰ ਵਸਾਉਣ ਦਾ ਆਦੇਸ਼ ਉਨ੍ਹਾਂ ਹੀ ਭਾਈ ਜੇਠਾ ਨੂੰ ਦਿੱਤਾ ਸੀ। ਇਹ ਸ਼ਹਿਰ ਇਕ ਆਦਰਸ਼ ਸ਼ਹਿਰ ਬਣਨਾ ਚਾਹੀਦਾ ਸੀ।

ਸੁਖਮਨੀ (੧) ਸਾਹਿਬ

ਗਉੜੀ ਸੁਖਮਨੀ ਮ: ੫॥

ੴ ਸਤਿਗੁਰਪ੍ਰਸਾਦਿ ॥

ਸਲੋਕੁ ॥

ਆਦਿ ਗੁਰਏ ਨਮਹ ॥
ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥
ਸ੍ਰੀ ਗੁਰਦੇਵਏ ਨਮਹ ॥੧॥

(1)

ੴਸਤਿਗੁਰਪ੍ਰਸਾਦਿ ॥

ਗਉੜੀਸੁਖਮਨੀਮ:੫ ॥

ਸਲੋਕੁ ॥ ਆਦਿਗੁਰਏਨਮਹ ॥
ਜੁਗਾਦਿਗੁਰਏਨਮਹ ॥ ਸਤਿਗੁਰਏ
ਨਮਹ ॥ ਸ੍ਰੀਗੁਰਦੇਵਏਨਮਹ ॥੧॥
ਅਸਟਪਦੀ ॥ ਸਿਮਰਉਸਿਮਰਿ
ਸਿਮਰਿਸੁਖੁਪਾਵਉ ॥ ਕਲਿਕਲੇਸ
ਤਨਮਾਹਿਮਿਟਾਵਉ ॥ ਸਿਮਰਉਜਾਸੁ
ਬਿਸੁੰਭਰਏਕੈ ॥ ਨਾਮੁਜਪਤਅਗਨਤ
ਅਨੇਕੈ ॥ ਬੇਦਪੁਰਾਨਸਿੰਮ੍ਰਿਤਿ

੩

(2)

ਸੁਖਮਨੀ (੨੯੮) ਸਾਹਿਬ

ਗਉੜੀ ਸੁਖਮਨੀ ਮ:੫॥

ਸਲੋਕੁ ॥

ੴ ਸਤਿਗੁਰ ਪ੍ਰਸਾਦਿ ॥

ਆਦਿ ਗੁਰਏ ਨਮਹ ॥
ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥
ਸ੍ਰੀ ਗੁਰਦੇਵਏ ਨਮਹ ॥੧॥

(3)

ਨੰਬਰ (3) ਸੁੰਦਰ ਗੁਟਕਾ (ਸ਼੍ਰੋਮਣੀ ਕਮੇਟੀ) ਹੈ ਜਦੋਂ ਕਿ ਬਾਕੀ ਦੋ ਗੁਟਕੇ ਪ੍ਰਾਈਵੇਟ ਪ੍ਰਕਾਸ਼ਕਾਂ ਦੇ ਹਨ ਪਰ ਨਿਯਮਾਂ ਮੁਤਾਬਕ ਗੁਟਕਾ ਨੰ: (2) ਦਾ ਪਾਠ ਦਰੁੱਸਤ ਹੈ।

ਪਰ ਇਹ ਵੀ ਇਕ ਆਮ ਸ਼ਹਿਰ ਹੀ ਬਣ ਕੇ ਰਹਿ ਗਿਆ ਹੈ।

ਪ੍ਰਸ਼ਨ : ਕੀ ਗੁਰਬਾਣੀ ਵਿਚ ਕੁਝ ਭਵਿੱਖਬਾਣੀਆਂ ਵੀ ਹਨ? ਉਦਾਹਰਣ ਦੇ ਤੌਰ 'ਤੇ 'ਆਵਨ ਅਠਤਰੈ ਜਾਨ ਸਤਾਨਵੈ...'।

ਉੱਤਰ : ਗੁਰਬਾਣੀ ਵਿਚ ਭਵਿੱਖਤ ਬਚਨ ਨਹੀਂ। ਇਹ ਕੋਈ ਜੋਤਸ਼ ਦਾ ਸ਼ਾਸਤਰ ਨਹੀਂ।

ਉਪਰੋਕਤ ਪੰਕਤੀਆਂ ਦੇ ਕਈ ਅਰਥ ਪ੍ਰਚਲਿਤ ਹਨ। ਹੁਣੇ ਇਕ ਇਤਿਹਾਸਕਾਰ ਨੇ ਇਨ੍ਹਾਂ ਪੰਕਤੀਆਂ ਦੇ ਆਧਾਰ 'ਤੇ ਗੁਰੂ ਨਾਨਕ ਸਾਹਿਬ ਦੇ ਜੋਤੀ-ਜੋਤ ਸਮਾਉਣ ਦਾ ਸੰਮਤ ੧੫੯੭ ਦੇ ਦਿੱਤਾ ਹੈ। ਕਈਆਂ ਨੇ ਇਸਦੀ ਵਿਆਖਿਆ ੧੯੭੮ ਦੇ ਨਿਰੰਕਾਰੀ ਸਾਕੇ (ਜਾਂ ਬਾਬਾ ਜਰਨੈਲ ਸਿੰਘ ਦੀ ਚੜ੍ਹਤ) ਅਤੇ ੧੯੯੭ ਵਿਚ ਖਾਲਿਸਤਾਨ ਬਣਨ ਦੀ ਭਵਿੱਖਬਾਣੀ ਦੇ ਤੌਰ 'ਤੇ ਮੰਨ ਲਈ ਸੀ। ਇਹ ਵਿਆਖਿਆਵਾਂ ਚਲਦੀਆਂ ਨਹੀਂ। ਕੁਝ ਸਤਰਾਂ ਸਮਝ ਤੋਂ ਪਰ੍ਹੇ ਹਨ। ਇਹ ਅਣਹੋਣੀ ਗੱਲ ਨਹੀਂ।

ਪ੍ਰਸ਼ਨ : ਤੁਸੀਂ ਇਸਤਰੀਆਂ ਲਈ ਸਿੱਖੀ ਦੇ ਯੋਗਦਾਨ ਦੀ ਗੱਲ ਕੀਤੀ ਹੈ। ਪਰ 'ਸੋ ਕਿਉ ਮੰਦਾ ਆਖੀਐ ਜਿਤ ਜੰਮੈ ਰਾਜਾਨ' ਤੋਂ ਇਲਾਵਾ ਕੋਈ ਹੋਰ ਹਵਾਲਾ *ਗੁਰੂ ਗ੍ਰੰਥ ਸਾਹਿਬ* ਵਿਚ ਨਹੀਂ ਮਿਲਦਾ। ਤਾਂ ਆਪ ਜੀ ਦਾ ਕਥਨ ਕਿਤਨਾ ਕੁ ਠੀਕ ਹੈ?

ਉਤਰ : ਇਕੋ ਹਵਾਲਾ ਬੜਾ ਸਮਰਥ ਹੈ। ਇਸਦਾ ਪ੍ਰਮਾਣ ਇਹ ਹੈ ਕਿ ਬੀਬੀਆਂ ਸਿੱਖੀ ਲਈ ਕੁਰਬਾਨੀਆਂ ਦਿੰਦੀਆਂ ਰਹੀਆਂ ਹਨ।

ਪ੍ਰਸ਼ਨ : ਪਰ ਸਿੱਖ ਮਰਦਾਂ ਦੀ ਮਾਨਸਿਕਤਾ ਕਰਕੇ ਬੀਬੀਆਂ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਦਾ ਹੱਕ ਲੈਣ ਲਈ ਮੋਰਚੇ ਲਾਉਣੇ ਪੈ ਰਹੇ ਹਨ, ਐਸਾ ਕਿਉਂ?

ਉਤਰ : ਇਹ ਪ੍ਰਬੰਧਕਾਂ ਦੀ ਕਮਜ਼ੋਰ ਇੱਛਾ-ਸ਼ਕਤੀ ਕਾਰਣ ਹੈ। ਜਿਹੜਾ ਹੱਕ ਗੁਰੂ ਨੇ ਦਿੱਤਾ ਹੈ, ਉਸਨੂੰ ਕੋਈ ਨਹੀਂ ਖੋਹ ਸਕਦਾ।

ਪ੍ਰਸ਼ਨ : ਸਿੱਖ ਬੀਬੀਆਂ ਗੁਰਬਾਣੀ ਵਿਆਖਿਆ ਕਰਨ ਲਈ ਕਿਉਂ ਨਹੀਂ ਆ ਰਹੀਆਂ?

ਉਤਰ : ਇਸ ਪਿੱਛੇ ਬੀਬੀਆਂ ਦੀ ਢਿੱਲ ਹੀ ਜ਼ਿੰਮੇਵਾਰ ਹੈ। ਉਨ੍ਹਾਂ ਨੂੰ ਰੋਕ ਕੋਈ ਨਹੀਂ। ਜਦੋਂ ਬੀਬੀਆਂ ਇਸ ਖੇਤਰ ਵਿਚ ਆ ਗਈਆਂ ਤਾਂ ਗੁਰਬਾਣੀ ਪ੍ਰਚਾਰ ਦਿਨ ਦੂਗਣਾ-ਰਾਤ ਚੌਗੁਣਾ ਹੋ ਜਾਵੇਗਾ।

ਪ੍ਰਸ਼ਨ : ਤਾਂ ਕੀ ਗੁਰਬਾਣੀ ਦੀ ਕੋਈ ਅਧਿਆਤਮਕ ਸ਼ਕਤੀ ਨਹੀਂ?

ਉੱਤਰ : ਅਧਿਆਤਮਕ ਸ਼ਕਤੀ ਤਾਂ ਹੈ, ਜਾਦੂਈ ਸ਼ਕਤੀ ਕੋਈ ਨਹੀਂ।

ਪ੍ਰਸ਼ਨ : ਜਾਦੂਈ ਸ਼ਕਤੀ ਕੀ ਹੁੰਦੀ ਹੈ?

ਉੱਤਰ : ਜਾਦੂ ਨਾਲ ਕਿਸੇ ਦਾ ਭਲਾ ਅਤੇ ਬੁਰਾ ਦੋਵੇਂ ਹੋ ਸਕਦੇ ਹਨ। ਤੰਤਰ-ਵਿਦਿਆ ਦਾ ਆਧਾਰ ਇਹੀ ਵਿਸ਼ਵਾਸ ਹੈ। ਪਰ ਗੁਰਬਾਣੀ ਇਸ ਤਰ੍ਹਾਂ ਦੇ ਪ੍ਰਯੋਗ ਵਿਚ ਨਹੀਂ ਆ ਸਕਦੀ।

ਪ੍ਰਸ਼ਨ : ਪਰ ਜੀਵ ਦਾ ਭਲਾ ਤਾਂ ਗੁਰਬਾਣੀ ਪੜ੍ਹਨ ਨਾਲ ਹੁੰਦਾ ਹੈ?

ਉੱਤਰ : ਗੁਰਬਾਣੀ ਪੜ੍ਹਦਿਆਂ ਉਸ ਅਨੁਸਾਰ ਚੱਲਣ ਲਗੀਏ ਤਾਂ ਸਾਡਾ ਭਲਾ ਹੁੰਦਾ ਹੈ।

ਪ੍ਰਸ਼ਨ : ਤਾਂ ਕੀ ਬਾਣੀ ਦਾ ਪਾਠ ਕਰਨਾ ਵਿਅਰਥ ਹੈ?

ਉੱਤਰ : ਪਾਠ ਕਰਨ ਦਾ ਮਤਲਬ ਅਧਿਐਨ ਕਰਨਾ ਹੈ। ਅਧਿਐਨ ਤੋਂ ਬਿਨਾਂ ਬਾਣੀ ਦੇ ਸੰਦੇਸ਼ ਦਾ ਪਤਾ ਨਹੀਂ ਲਗ ਸਕਦਾ। ਬਾਣੀ, ਸਿੱਖ ਦਾ ਜੀਵਨ ਹੈ। ਬਾਣੀ ਬਿਨਾਂ ਸਿੱਖ ਦੀ ਸਿੱਖੀ ਬਚਦੀ ਨਹੀਂ। ਬਾਣਾ ਸਿੱਖੀ ਦੇ ਬੂਟੇ ਦੀ ਵਾੜ ਹੈ, ਬਾਣੀ ਪਾਣੀ ਹੈ।

ਪ੍ਰਸ਼ਨ : ਬਾਣੀ ਵਿਚ 'ਨਾਮ' ਦੀ ਗੱਲ ਬਾਰ-ਬਾਰ ਕੀਤੀ ਹੈ। ਨਾਮ ਕਿਵੇਂ ਜਪੀਏ?

ਉੱਤਰ : ਪਹਿਲੀ ਗੱਲ ਤਾਂ ਇਹ ਸਮਝੋ ਕਿ ਨਾਮ ਅਤੇ ਬਾਣੀ ਵਿਚ ਭੇਦ ਨਹੀਂ ਹੈ। ਬਾਣੀ ਦਾ ਪਾਠ ਕਰਨਾ ਹੀ ਨਾਮ ਜਪਣਾ ਹੈ। ਨਾਮ ਜਪਣਾ ਕੋਈ ਤੋਤਾ-ਰਟਣੀ ਜਾਂ ਮਕੈਨੀਕਲ ਕਿਰਿਆ ਨਹੀਂ। ਗੁਰਮਤ ਦਾ ਨਾਮ ਸਹਿਜ ਹੈ। ਇਥੇ ਕਿਸੇ ਕਰਮ-ਕਾਂਡ ਦੀ ਲੋੜ ਨਹੀਂ।

ਪ੍ਰਸ਼ਨ : ਸਵਾਸ ਸਵਾਸ ਨਾਮ ਜਪਣ ਦੀ ਗੱਲ ਬਾਣੀ ਨੇ ਕੀਤੀ ਹੈ, ਇਸਦਾ ਕੀ ਭਾਵ ਹੈ?

ਉੱਤਰ : ਇਸਦਾ ਭਾਵ ਹੈ ਕਿ ਬਾਣੀ ਨਾਲ ਇਕਮਿਕ ਹੋ ਜਾਣਾ। ਬਾਣੀ ਦਾ ਸਹਿਜ ਹੋ ਜਾਣਾ ਹੀ ਸੁਆਸ ਸੁਆਸ ਨਾਮ ਜਪਣਾ ਹੈ। ਮਾਤਾ ਨੂੰ ਆਪਣਾ ਬੱਚਾ ਸੁੱਤੇ-ਸਿੱਧ ਹੀ ਯਾਦ ਰਹਿੰਦਾ ਹੈ, ਉਸਨੂੰ ਆਪਣੇ ਬੱਚੇ ਦਾ ਸਿਮਰਨ ਕਰਨ ਲਈ, ਬੱਚੇ ਦੇ ਨਾਂ ਦਾ ਤੋਤਾ-ਰਟਣ ਕਰਨ ਦੀ ਲੋੜ ਨਹੀਂ ਹੁੰਦੀ। ਇਸੇ ਤਰ੍ਹਾਂ ਸਿੱਖ ਨੇ ਬਾਣੀ ਦਾ ਅਭਿਆਸ ਕਰਕੇ 'ਨਾਮ' ਨੂੰ ਆਪਣੇ ਹਿਰਦੇ ਵਿਚ ਵਸਾਉਣਾ ਹੈ।

ਪ੍ਰਸ਼ਨ : ਫਿਰ ਗੁਰਮੰਤਰ ਦੀ ਗੱਲ ਕਿਉਂ ਕੀਤੀ ਹੈ?

ਉੱਤਰ : ਗੁਰਮੰਤਰ ਤੋਂ ਭਾਵ 'ਗੁਰੂ-ਉਪਦੇਸ਼' ਹੈ। ਬਾਣੀ ਵਿਚ ਕਿਸੇ ਵਿਸ਼ੇਸ਼ ਸ਼ਬਦ (ਮੰਤਰ) ਦੇ ਜਾਪ ਦਾ ਉਪਦੇਸ਼ ਨਹੀਂ ਦਿੱਤਾ ਗਿਆ।

ਪ੍ਰਸ਼ਨ : ਭਾਈ ਗੁਰਦਾਸ ਜੀ ਦੀ ਰਚਨਾ ਨੂੰ 'ਬਾਣੀ ਦੀ ਕੁੰਜੀ' ਕਿਹਾ ਗਿਆ ਹੈ। ਭਾਈ ਜੀ ਨੇ ਲਿਖਿਆ ਹੈ ਕਿ 'ਵਾਹਿਗੁਰੂ ਗੁਰਮੰਤ੍ਰ ਹੈ'।

ਉੱਤਰ : ਭਾਈ ਗੁਰਦਾਸ ਜੀ ਦੀ ਰਚਨਾ ਸੰਦਿਗਧ ਹੈ। ਵਿਸਥਾਰ ਲਈ ਮੇਰੀ ਪੁਸਤਕ 'ਗੁਰਮਤ ਨਿਰਣਯ ਕੋਸ਼' ਪੜ੍ਹ ਸਕਦੇ ਹੋ।

ਪ੍ਰਸ਼ਨ: ਬਾਣੀ ਕਿਸ ਕੰਮ ਆਉਂਦੀ ਹੈ?

ਉੱਤਰ: ਬਾਣੀ ਸਾਡੇ ਜੀਵਨ ਨੂੰ ਸੇਧ ਬਖ਼ਸ਼ ਕੇ, ਸਾਨੂੰ ਖੁਸ਼ਹਾਲ ਬਣਾਉਂਦੀ ਹੈ।

ਪ੍ਰਸ਼ਨ: ਬਾਣੀ ਸਾਡੀ ਕਿਸ ਖੇਤਰ ਵਿਚ ਅਗਵਾਈ ਕਰਦੀ ਹੈ?

ਉੱਤਰ: ਬਾਣੀ ਵਿਚ ਇਕ ਐਸਾ ਦ੍ਰਿਸ਼ਟੀਕੋਣ ਹੈ, ਜੋ ਜੀਵਨ ਦੇ ਹਰ ਖੇਤਰ ਵਿਚ ਸਾਨੂੰ ਅਗਵਾਈ ਦਿੰਦਾ ਹੈ।

ਪ੍ਰਸ਼ਨ: ਬਾਣੀ ਵਿਚ ਬੇਨਤੀ ਤੇ ਧੰਨਵਾਦ ਦੇ ਹੀ ਵਧੇਰੇ ਸ਼ਬਦ ਹਨ। ਬਾਣੀ ਵਿਚ ਨਾਮ ਜਪਣ ਦੀ ਬਾਰ-ਬਾਰ ਗੱਲ ਕੀਤੀ ਹੈ। ਸਾਡੇ ਖ਼ਿਆਲ ਵਿਚ ਤਾਂ ਇਹ ਕੇਵਲ ਰੂਹਾਨੀ ਸੇਧ ਜਾਂ ਆਤਮਿਕ ਸ਼ਾਂਤੀ ਹੀ ਦਿੰਦੀ ਹੈ।

ਉੱਤਰ: ਬਾਣੀ ਵਿਚ ਸਮਾਜਿਕ, ਆਰਥਿਕ ਤੇ ਰਾਜਨੀਤਕ ਸੇਧ ਵੀ ਹੈ। ਜਿਸਨੂੰ ਤੁਸੀਂ 'ਸ਼ਾਂਤੀ' ਕਹਿੰਦੇ ਹੋ, ਉਸਦਾ ਗੁਰਮਤ ਨਾਲ ਕੋਈ ਸੰਬੰਧ ਨਹੀਂ। ਸਿੱਖੀ ਸੰਘਰਸ਼, ਸ਼ਹੀਦੀਆਂ ਅਤੇ ਸਰਬੱਤ ਦੇ ਭਲੇ ਦੀ ਗੱਲ ਕਰਦੀ ਹੈ। ਮੇਰੇ ਖ਼ਿਆਲ ਵਿਚ ਗੁਰੂ ਸਾਹਿਬਾਨ ਨੇ ਕਦੇ ਸ਼ਾਂਤੀ ਤੇ ਆਰਾਮ ਨੂੰ ਨਹੀਂ ਪਸੰਦ ਕੀਤਾ। ਗੁਰੂ ਨਾਨਕ ਜੀ ਸਾਰੇ ਜੀਵਨ ਵਿਚ ਕਦੇ ਵੀ ਅਖੌਤੀ ਸ਼ਾਂਤੀ ਨਾਲ ਨਹੀਂ ਰਹੇ।

ਪ੍ਰਸ਼ਨ: ਸਮਾਜਕ ਖ਼ੇਤਰ ਵਿਚ ਤਾਂ ਬਾਣੀ ਦੀ ਅਗਵਾਈ ਦੀ ਸਮਝ ਆ ਜਾਂਦੀ ਹੈ, ਪਰ ਆਰਥਿਕ ਖੇਤਰ, ਕਾਨੂੰਨ ਅਤੇ ਰਾਜਨੀਤੀ ਦੇ ਅਜੋਕੇ ਸੰਦਰਭ ਵਿਚ ਬਾਣੀ ਸਾਡੀ ਕੋਈ ਅਗਵਾਈ ਨਹੀਂ ਕਰਦੀ।

ਉੱਤਰ: ਬਾਣੀ ਵਿਚ ਬੀਜ-ਰੂਪ ਵਿਚ ਇਨ੍ਹਾਂ ਸਭ ਪੱਖਾਂ ਉੱਪਰ ਬਹੁਤ ਕੁਝ ਕਿਹਾ ਗਿਆ ਹੈ। ਇਸ ਸਬੰਧ ਵਿਚ ਜਾਣਕਾਰੀ ਲੈਣ ਦੇ ਇਛੁੱਕ ਪਾਠਕ ਮੇਰੀ ਪੁਸਤਕ 'ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ' ਜ਼ਰੂਰ ਪੜ੍ਹਨ।

ਪ੍ਰਸ਼ਨ: ਬੇਰੁਜ਼ਗਾਰੀ ਦੀ ਸਮੱਸਿਆ ਬਾਰੇ ਗੁਰਬਾਣੀ ਕੀ ਸੇਧ ਦਿੰਦੀ ਹੈ?

ਉੱਤਰ: 'ਘਾਲਿ ਖਾਇ ਕਿਛੁ ਹਥਹੁ ਦੇਇ'—ਦਸਾਂ ਨਹੁੰਆਂ ਦੀ ਕਿਰਤ ਦਾ ਸਤਿਕਾਰ। ਇਹ ਦ੍ਰਿਸ਼ਟੀਕੋਣ ਅਪਣਾਅ ਕੇ ਬੇਰੁਜ਼ਗਾਰੀ ਸਮਾਪਤ ਹੋ ਸਕਦੀ ਹੈ। ਜੇ ਸਾਡੇ ਨੌਜਵਾਨ ਕੇਵਲ ਦਫ਼ਤਰੀ ਨੌਕਰੀਆਂ ਲੱਭਣ ਦੀ ਚਾਹਤ ਰਖਣਗੇ ਤਾਂ ਇਸ ਸਮੱਸਿਆ ਦਾ ਕੋਈ ਹੱਲ ਸੰਭਵ ਨਹੀਂ। ਜੇ ਸਾਡੇ ਨੌਜਵਾਨ ਵਿਦੇਸ਼ਾਂ ਵਿਚ ਸੇਬ ਤੋੜ ਸਕਦੇ ਹਨ, ਆਲੂ ਪੁੱਟ ਸਕਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਵੀ ਅਜਿਹੇ ਧੰਦੇ ਕਰਨ ਤੋਂ ਸ਼ਰਮ ਨਹੀਂ ਕਰਨੀ ਚਾਹੀਦੀ।

ਗੁਰਬਾਣੀ ਕੋਲ ਅਜੋਕੀਆਂ ਸਮੱਸਿਆਵਾਂ ਦਾ ਕੋਈ ਰੈਡੀਮੇਡ ਹੱਲ ਨਹੀਂ। ਸਗੋਂ, ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਇਹ ਇਕ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ।

ਪ੍ਰਸ਼ਨ: ਕੀ ਗੁਰਬਾਣੀ ਅਜੋਕੇ ਪ੍ਰਸੰਗ ਵਿਚ ਰਾਜਨੀਤਕ ਪ੍ਰਬੰਧ ਬਾਰੇ ਕੋਈ ਸੇਧ ਦਿੰਦੀ ਹੈ? ਜੇ ਦਿੰਦੀ ਹੈ ਤਾਂ ਅਕਾਲੀ ਦਲ ਦੀ ਪੰਜਾਬ ਵਿਚ ਕਈ ਵੇਰ

ਸਰਕਾਰ ਬਣੀ ਹੈ, ਉਨ੍ਹਾਂ ਨੇ ਕਦੇ ਗੁਰਬਾਣੀ ਦਾ ਪ੍ਰਯੋਗ ਪੰਜਾਬ ਦੀ ਤਰੱਕੀ ਲਈ ਕਿਉਂ ਨਹੀਂ ਕੀਤਾ ?

ਉੱਤਰ : ਅਕਾਲੀਆਂ ਵਿਚ ਇਸ ਪੱਖ ਤੋਂ ਕੋਈ ਇੱਛਾ-ਸ਼ਕਤੀ ਨਹੀਂ। ਕਿਸੇ ਹੱਦ ਤੀਕ 'ਅਨੰਦਪੁਰ ਦਾ ਮਤਾ' ਗੁਰਬਾਣੀ ਸਿੱਧਾਂਤ ਦੀ ਤਰਜਮਾਨੀ ਕਰਦਾ ਸੀ, ਪਰ ਅਕਾਲੀ ਹੁਣ ਇਸਦਾ ਨਾਂ ਵੀ ਲੈਣਾ ਨਹੀਂ ਚਾਹੁੰਦੇ। ਇਸ ਤੋਂ ਅਕਾਲੀਆਂ ਦੀ ਗੁਰਬਾਣੀ ਪ੍ਰਤੀ ਪਹੁੰਚ ਦਾ ਪਤਾ ਲਗਦਾ ਹੈ। ਉਹ ਗੁਰਬਾਣੀ ਦਾ ਚਾਰ ਸੌ ਸਾਲਾ ਪ੍ਰਕਾਸ਼ ਦਿਵਸ ਮਨਾਉਣ ਉੱਪਰ ਕਰੋੜਾਂ ਰੁਪਏ ਤਾਂ ਖ਼ਰਚ ਸਕਦੇ ਹਨ, ਪਰ ਗੁਰਬਾਣੀ ਦੀ ਰਾਜਨੀਤਕ ਸੇਧ ਦਾ ਪ੍ਰਯੋਗ ਆਪਣੀ ਪਾਰਟੀ ਅਤੇ ਸ਼੍ਰੋਮਣੀ ਕਮੇਟੀ ਵਿਚ ਵੀ ਕਰਨ ਦੀ ਹਿੰਮਤ ਨਹੀਂ ਰਖਦੇ। ਉਹ ਅਕਸਰ ਦੱਬੀ ਆਵਾਜ਼ ਵਿਚ ਕਹਿੰਦੇ ਹਨ ਕਿ 'ਇਹ ਗੱਲਾਂ ਹੁਣ ਨਹੀਂ ਚਲਦੀਆਂ'। ਕੀ ਇਹ ਗੁਰਬਾਣੀ ਨੂੰ ਮੰਨਣ ਵਾਲੇ ਕਹਿ ਸਕਦੇ ਹਨ ? ਹੁਣ ਇਹੀ ਕਾਫ਼ੀ ਹੈ ਕਿ ਬਾਣੀ ਨੂੰ ਕੇਵਲ ਪੂਜਾ ਦੀ ਵਸਤ ਸਮਝਿਆ ਜਾਵੇ ?

ਪ੍ਰਸ਼ਨ : ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਿਹਾ ਹੈ ਕਿ ਉਹ ਮੰਦਰਾਂ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਕਰਨਗੇ। ਕੀ ਇਹ ਠੀਕ ਹੈ ?

ਉਤਰ : ਉਨ੍ਹਾਂ ਦਾ ਬਿਆਨ ਸ਼ਰਾਰਤ ਭਰਪੂਰ ਸੀ। ਉਹ ਕਦੇ ਵੀ ਅਜਿਹਾ ਨਹੀਂ ਕਰ ਸਕਣਗੇ। ਉਹ *ਗੁਰੂ ਗ੍ਰੰਥ ਸਾਹਿਬ* ਦੀ ਮਰਯਾਦਾ ਮੰਦਰ ਵਿਚ ਨਿਭਾ ਨਹੀਂ ਸਕਦੇ। ਦੂਜਾ ਪੱਖ ਇਸਦਾ ਇਹ ਹੈ ਕਿ ਉਨ੍ਹਾਂ ਨੂੰ ਪਤਾ ਨਹੀਂ ਕਿ ਬਾਣੀ ਵਿਚ ਹਿੰਦੂ ਦੇਵੀ-ਦੇਵਤਿਆਂ, ਅਵਤਾਰਾਂ, ਗ੍ਰੰਥਾਂ, ਮੂਰਤੀ-ਪੂਜਾ ਆਦਿ ਬਾਰੇ ਕੀ ਲਿਖਿਆ ਹੈ।

ਪ੍ਰਸ਼ਨ : ਤੁਸੀਂ ਕਹਿੰਦੇ ਹੋ ਕਿ ਬਾਣੀ ਦਾ ਕੋਈ ਜਾਦੂਈ ਪ੍ਰਭਾਵ ਨਹੀਂ, ਤਾਂ ਵਾਸੂ ਭਾਰਦਵਾਜ ਗੁਰਬਾਣੀ ਦਾ ਅਖੰਡ-ਪਾਠ ਸੁਣ ਕੇ ਰੋਗ-ਮੁਕਤ ਕਿਵੇਂ ਹੋ ਗਿਆ ?

ਉਤਰ : ਇਸਨੂੰ faith healing ਕਹਿੰਦੇ ਹਨ। ਇਹ ਸਾਰੇ ਧਰਮਾਂ ਵਿਚ ਪਾਈ ਜਾਂਦੀ ਹੈ। ਕਬਰਾਂ ਦੇ ਮੁਜਾਵਰ ਝਾੜੇ ਕਰਕੇ ਲੋਕਾਂ ਦੇ ਰੋਗ ਦੂਰ ਕਰਦੇ ਵੇਖੇ ਜਾ ਸਕਦੇ ਹਨ। ਇਸਾਈ ਪਾਦਰੀ ਵੀ ਲੋਕਾਂ ਦੇ ਰੋਗਾਂ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਪ੍ਰਾਰਥਨਾ ਸਭਾਵਾਂ ਕਰਦੇ ਹਨ। ਕੀ ਜੇ ਮੁਜਾਵਰਾਂ ਦੇ ਝਾੜੇ ਅਤੇ ਪਾਦਰੀਆਂ ਦੀਆਂ ਪ੍ਰਾਰਥਨਾਵਾਂ ਨਾਲ 'ਠੀਕ' ਹੋਣ ਵਾਲੇ ੧੦, ੨੦, ੫੦ ਲੋਕ ਦਾਅਵਾ ਕਰਨ ਤਾਂ ਕੀ ਇਹ ਨਿਯਮ ਬਣ ਜਾਵੇਗਾ ਕਿ ਲੋਕਾਂ ਦੇ ਰੋਗ ਪੀਰਾਂ ਦੇ ਝਾੜੇ ਜਾਂ ਇਸਾਈ ਪਾਦਰੀਆਂ ਦੀਆਂ ਦੁਆਵਾਂ ਨਾਲ ਠੀਕ ਹੋ ਜਾਂਦੇ ਹਨ ? ਇਸੇ ਤਰ੍ਹਾਂ ਵਾਸੂ ਭਾਰਦਵਾਜ ਦਾ ਕੈਂਸਰ

ਅਖੰਡ-ਪਾਠ ਦੁਆਰਾ ਠੀਕ ਹੋ ਵੀ ਜਾਵੇ ਤਾਂ ਇਹ ਨਿਯਮ ਨਹੀਂ ਬਣ ਸਕਦਾ। ਹਰੇਕ ਦਾ ਕੈਂਸਰ ਤਾਂ ਅਖੰਡ-ਪਾਠ ਨਾਲ ਦੂਰ ਨਹੀਂ ਹੁੰਦਾ। ਨਿਯਮ ਤਾਂ ਹੀ ਬਣੇਗਾ ਜੇ ਹਰੇਕ ਰੋਗੀ ਇਸ ਵਿਧੀ ਨਾਲ ਠੀਕ ਹੋਵੇ। ਗੁਰਬਾਣੀ ਪੜ੍ਹਨ ਅਤੇ ਵਿਚਾਰ ਕੇ ਅਮਲ ਕਰਨ ਨਾਲ ਜੀਵਨ ਆਨੰਦਮਈ ਹੁੰਦਾ ਹੈ। ਗੱਲ ਅਮਲ ਨਾਲ ਬਣਨੀ ਹੈ, ਕੇਵਲ ਪੜ੍ਹਨ ਨਾਲ ਨਹੀਂ।

ਪ੍ਰਸ਼ਨ : ਜਿਥੇ ਬਾਣੀ ਦਾ ਪ੍ਰਵਾਹ ਚੱਲ ਰਿਹਾ ਹੁੰਦਾ ਹੈ, ਉਥੇ ਪਵਿੱਤਰ ਰੂਹਾਂ ਪਹੁੰਚ ਕੇ ਹਾਜ਼ਰ ਹੋ ਜਾਂਦੀਆਂ ਹਨ। ਇਸ ਲਈ ਉਥੇ ਹਾਜ਼ਰ ਲੋਕਾਂ ਦੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ?

ਉਤਰ : ਤੁਸੀਂ ਕੀ ਸਮਝਦੇ ਹੋ ਕਿ ਪਵਿੱਤਰ ਰੂਹਾਂ ਹੀ ਸਾਡੇ ਕੰਮ ਸੁਆਰਦੀਆਂ ਹਨ? ਰੱਬ ਨਹੀਂ? ਜੇ ਤੁਸੀਂ ਪਵਿੱਤਰ ਰੂਹਾਂ ਨੂੰ ਮੰਨਦੇ ਹੋ ਤਾਂ ਅਪਵਿੱਤਰ ਰੂਹਾਂ ਨੂੰ ਵੀ ਮੰਨਦੇ ਹੋਵੋਗੇ?

ਪ੍ਰਸ਼ਨ : ਗੁਰਦੁਆਰੇ ਜਾਂ ਧਾਰਮਿਕ ਸਥਾਨਾਂ ਉਪਰ ਪਵਿੱਤਰ ਰੂਹਾਂ ਕਾਰਣ ਹੀ ਤਾਂ ਉਥੇ ਜਾ ਕੇ ਸਾਨੂੰ ਚੰਗਾ-ਚੰਗਾ ਮਹਿਸੂਸ ਹੁੰਦਾ ਹੈ ਅਤੇ ਭਲੇ ਕੰਮ ਕਰਨ ਦੀ ਪ੍ਰੇਰਨਾ ਮਿਲਦੀ ਹੈ। ਜਦੋਂ ਕਿ ਬੁਰੇ ਸਥਾਨਾਂ ਜਿਵੇਂ ਸ਼ਰਾਬਖ਼ਾਨੇ, ਜੂਆਘਰਾਂ ਅਤੇ ਵੇਸ਼ਵਾ-ਘਰਾਂ ਵਿਚ ਬਦਰੂਹਾਂ ਦਾ ਵਾਸਾ ਹੁੰਦਾ ਹੈ ਅਤੇ ਉਹ ਸਾਨੂੰ ਗ਼ਲਤ ਰਾਹ ਵੱਲ ਪ੍ਰੇਰਦੀਆਂ ਹਨ।

ਉਤਰ : ਇਹ ਸਾਡੇ ਮਨ ਦੇ ਸਭਾਅ ਕਾਰਣ ਹੁੰਦਾ ਹੈ। ਧਾਰਮਿਕ ਸਥਾਨਾਂ ਉਪਰ ਜੇਬ-ਕਤਰੇ ਵੀ ਹੁੰਦੇ ਹਨ ਅਤੇ ਔਰਤਾਂ ਨਾਲ ਛੇੜਖਾਨੀ ਵੀ ਹੁੰਦੀ ਹੈ। ਇਹੀ ਕਾਰਣ ਹੈ ਕਿ ਧਾਰਮਿਕ ਸਥਾਨਾਂ ਉਪਰ ਵੀ ਗੋਲਕਾਂ ਨੂੰ ਤਾਲੇ ਲਾਉਣੇ ਪੈਂਦੇ ਹਨ ਅਤੇ ਸੁਰੱਖਿਆ ਕਰਮਚਾਰੀ ਰੱਖਣੇ ਪੈਂਦੇ ਹਨ। ਬਾਣੀ ਵਿਚਾਰਨ ਦੇ ਅਭਿਆਸ ਨਾਲ ਮਨ ਨੂੰ ਬੁਰੇ ਪਾਸਿਉਂ ਹਟਾਇਆ ਜਾ ਸਕਦਾ ਹੈ। ਗੁਰਮੁਖ ਸ਼ਰਾਬਖ਼ਾਨੇ, ਜੂਏਘਰ ਆਦਿ ਵਿਚ ਜਾ ਕੇ ਵੀ ਬੁਰਾਈ ਦਾ ਗ਼ੁਲਾਮ ਨਹੀਂ ਹੁੰਦਾ।

ਪ੍ਰਸ਼ਨ : ਰਾਗਮਾਲਾ ਬਾਰੇ ਤੁਹਾਡੇ ਕੀ ਵਿਚਾਰ ਹਨ?

ਉਤਰ : ਰਾਗਮਾਲਾ ਨੂੰ ਬਹੁਤ ਸਾਰੇ ਸਿੱਖ ਅਤੇ ਸੰਸਥਾਵਾਂ ਬਾਣੀ ਨਹੀਂ ਮੰਨਦੀਆਂ। ਮੈਂ ਵੀ ਰਾਗਮਾਲਾ ਨੂੰ ਬਾਣੀ ਨਹੀਂ ਮੰਨਦਾ।

ਪ੍ਰਸ਼ਨ : ਪੁਰਾਤਨ ਬੀੜਾਂ ਜਿਵੇਂ ਕਿ ਕਰਤਾਰਪੁਰੀ ਤੇ ਖ਼ਾਰੀ ਬੀੜ ਵਿਚ ਵੀ ਰਾਗਮਾਲਾ ਦਿੱਤੀ ਗਈ ਹੈ।

ਉਤਰ : ਉਥੇ ਤਾਂ ਪਾਰਾ ਮਾਰਨ ਦਾ ਨੁਸਖ਼ਾ ਅਤੇ ਸਿਆਹੀ ਬਣਾਉਣ ਦੀ ਵਿਧੀ ਅਤੇ ਗੁਰੂ ਸਾਹਿਬਾਨ ਦੇ ਜੋਤੀ-ਜੋਤ ਸਮਾਉਣ ਦੀਆਂ ਮਿਤੀਆਂ ਵੀ ਦਿੱਤੀਆਂ ਹਨ। ਇਹ ਵਾਧੂ ਨੋਟ ਹਨ ਜੋ ਲਿਖਾਰੀਆਂ ਨੇ ਆਪਣੇ ਲਾਭ ਲਈ ਬੀੜ ਵਿਚ ਲਿਖ ਲਏ ਸਨ। ਇਸੇ ਤਰ੍ਹਾਂ ਰਾਗਮਾਲਾ ਵੀ ਨਿੱਜੀ ਚੋਣ

ਕਰਕੇ ਲਿਖੀ ਹੈ। ਬੀੜਾਂ ਵਿਚ ਲਿਖੀ ਹਰ ਲਿਖਤ ਬਾਣੀ ਦਾ ਦਰਜਾ ਨਹੀਂ ਰੱਖਦੀ।

ਪ੍ਰਸ਼ਨ : ਕੀ ਸਾਨੂੰ ਇਹ ਪੜ੍ਹਨੀ ਨਹੀਂ ਚਾਹੀਦੀ ?

ਉਤਰ : ਨਹੀਂ, ਬਿਲਕੁਲ ਨਹੀਂ।

ਪ੍ਰਸ਼ਨ : 'ਸਿੱਖ ਰਹਿਤ ਮਰਯਾਦਾ' ਵਿਚ ਤਾਂ ਲਿਖਿਆ ਹੈ ਕਿ 'ਅਖੰਡ ਪਾਠ ਦਾ ਭੋਗ ਪਾਉਂਦਿਆਂ ਸਥਾਨਕ ਰੀਤੀ ਮੁਤਾਬਿਕ ਭਾਵੇਂ ਰਾਗਮਾਲਾ ਪੜ੍ਹੋ ਅਤੇ ਭਾਵੇਂ ਨਾ ਪੜ੍ਹੋ।' ਇਹ ਤਾਂ ਦੋਗਲੀ ਗੱਲ ਹੈ।

ਉਤਰ : ਇਸ 'ਸਿੱਖ ਰਹਿਤ ਮਰਿਯਾਦਾ' ਦੀ ਮੁੱਢਲੀ ਕਾਪੀ ਵਿਚ ਰਾਗਮਾਲਾ ਨਾ ਪੜ੍ਹਨ ਦੀ ਹਦਾਇਤ ਕੀਤੀ ਜਾਂਦੀ ਸੀ। ਪਰ ਪਿੱਛੋਂ ਸਭ ਨੂੰ ਖ਼ੁਸ਼ ਕਰਨ ਦੀ ਨੀਤੀ ਕਾਰਣ, ਰਾਜਸੀ ਲੋਕਾਂ ਨੇ ਰਹਿਤ ਮਰਯਾਦਾ ਦੇ ਸ਼ਬਦ ਬਦਲ ਲਏ ਸਨ। ਇਸ ਮੁੱਢਲੀ ਲਿਖਤ ਦੀ ਕਾਪੀ ਦੇਖਣ ਲਈ ਮੇਰਾ 'ਗੁਰਮਤ ਨਿਰਣਯ ਕੋਸ਼' ਦੇਖੋ।

ਪ੍ਰਸ਼ਨ : ਕੀ ਇਹ ਸੰਭਵ ਹੈ ਕਿ ਬਿਨਾਂ ਰਾਗਮਾਲਾ ਤੋਂ *ਗੁਰੂ ਗ੍ਰੰਥ ਸਾਹਿਬ* ਛਪੇ ?

ਉਤਰ : ਨੇੜੇ ਭਵਿੱਖ ਵਿਚ ਐਸਾ ਸੰਭਵ ਨਹੀਂ। ਪਰ ਜਿਉਂ-ਜਿਉਂ ਲੋਕਾਂ ਵਿਚੋਂ ਅੰਧ-ਵਿਸ਼ਵਾਸ ਦੂਰ ਹੁੰਦਾ ਜਾਵੇਗਾ ਅਤੇ ਲੋਕ ਗੁਰਮਤ ਨੂੰ ਸੰਪਰਦਾਇਕਤਾ ਤੋਂ ਵੱਧ ਮਹੱਤਵ ਦੇਣ ਲੱਗ ਪੈਣਗੇ ਤਾਂ ਐਸਾ ਸੰਭਵ ਹੋ ਸਕਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਪ੍ਰਸ਼ਨ : ਬਾਬੇ ਮੋਹਣ ਦੀ ਪੋਥੀ ਵਿਚ ਤਾਂ ਮ : ੪ ਅਤੇ ਮ : ੫ ਦੇ ਵੀ ਕੁਝ ਸ਼ਬਦ ਹਨ ਤਾਂ ਇਸਨੂੰ ਗੁਰੂ ਅਮਰਦਾਸ ਜੀ ਦੇ ਸਮੇਂ ਦੀ ਕਿਵੇਂ ਮੰਨਿਆ ਜਾ ਸਕਦਾ ਹੈ ?

ਉਤਰ : ਪੁਰਾਣੇ ਲਿਖਾਰੀ ਅਤੇ ਪੋਥੀਆਂ ਦੇ ਮਾਲਕ ਪੋਥੀਆਂ ਵਿਚ ਨਵੀਂ ਇਕੱਤਰ ਕੀਤੀ ਬਾਣੀ ਅਤੇ ਨਿੱਜੀ ਕੰਮ ਆਉਣ ਵਾਲੀ ਜਾਣਕਾਰੀ ਚੜ੍ਹਾ ਲੈਂਦੇ ਸਨ। ਸੋ ਜੇ ੨-੪ ਸ਼ਬਦ ਮ : ੪ ਅਤੇ ਮ : ੫ ਦੇ ਆ ਵੀ ਗਏ ਹਨ, ਤਾਂ ਇਸੇ ਆਧਾਰ 'ਤੇ ਇਨ੍ਹਾਂ ਨੂੰ ਬਾਅਦ ਦੀ ਪੋਥੀ ਨਹੀਂ ਕਿਹਾ ਜਾ ਸਕਦਾ।

ਪ੍ਰਸ਼ਨ : ਇਨ੍ਹਾਂ ਪੋਥੀਆਂ ਵਿਚ ਭਗਤਾਂ ਦੇ ਕੁਝ ਐਸੇ ਸ਼ਬਦ ਹਨ, ਜੋ *ਗੁਰੂ ਗ੍ਰੰਥ ਸਾਹਿਬ* ਵਿਚ ਨਹੀਂ ਹਨ। ਕੀ ਇਸ ਤੋਂ ਇਹ ਨਹੀਂ ਲੱਗਦਾ ਕਿ ਗੁਰੂ ਅਰਜਨ ਜੀ ਨੇ ਇਹ ਪੋਥੀਆਂ ਨਹੀਂ ਵਰਤੀਆਂ ਸਨ ?

ਉਤਰ : ਨਹੀਂ। ਇਸ ਤੋਂ ਤਾਂ ਇਹ ਪੱਕਾ ਹੁੰਦਾ ਹੈ ਕਿ ਇਹ ਪੋਥੀਆਂ ਪ੍ਰਾਚੀਨ ਹਨ। ਜੇ ਬਾਅਦ ਦੀਆਂ ਹੁੰਦੀਆਂ ਤਾਂ ਇਸ ਵਿਚ ਉਹੀ ਬਾਣੀ ਦਰਜ ਕੀਤੀ ਜਾਂਦੀ, ਜਿਹੜੀ ਪ੍ਰਮਾਣਿਕ ਬੀੜ ਦਾ ਹਿੱਸਾ ਸੀ। ਗੁਰੂ ਅਰਜਨ ਜੀ ਨੇ ਆਪਣੇ ਅਧਿਕਾਰ ਵਰਤਦਿਆਂ, ਇਸ ਪੋਥੀ ਦੇ ਕੁਝ ਸ਼ਬਦ ਪ੍ਰਵਾਨ ਨਹੀਂ ਕੀਤੇ।

ਯਾਦ ਰੱਖੋ ਕਿ ਇਸ ਪੋਥੀ ਦੀ ਲਿਖਤ ਦੀ ਸ਼ੈਲੀ ਵੀ ਇਸਦੇ ਪ੍ਰਾਚੀਨਤਮ ਹੋਣ ਦਾ ਵੱਡਾ ਪ੍ਰਮਾਣ ਹੈ।

ਪ੍ਰਸ਼ਨ : ਸੁਣਿਆ ਹੈ ਕਿ *ਗੁਰੂ ਗ੍ਰੰਥ ਸਾਹਿਬ* ਦੇ ਅੰਕ-ਵਿਧਾਨ ਵਿਚ ਕਈ ਸਮੱਸਿਆਵਾਂ ਹਨ?

ਉਤਰ : ਨਹੀਂ। ਕੇਵਲ ਦੋ ਕੁ ਥਾਵਾਂ ਉਪਰ ਹੀ ਅੰਕ-ਵਿਧਾਨ ਦੀ ਸਮੱਸਿਆ ਨਜ਼ਰ ਆਉਂਦੀ ਹੈ। 1430 ਪੰਨਿਆਂ ਵਾਲੇ ਗ੍ਰੰਥ ਵਿਚ ਦੋ ਕੁ ਥਾਵਾਂ ਉਪਰ ਦਿਸ ਰਹੀ ਇਹ ਸਮੱਸਿਆ ਅਣਗੌਲੀ ਕੀਤੀ ਜਾ ਸਕਦੀ ਹੈ।

ਪ੍ਰਸ਼ਨ : ਇਹ ਦੋ ਥਾਵਾਂ ਕਿਹੜੀਆਂ ਹਨ?

ਉਤਰ : ਪਹਿਲਾ, ਪੰਨਾ ੯੨੭ ਉਪਰ ਮ: ੫ ਦੇ 'ਰਣ ਝੁੰਝਨੜਾ...' ਸ਼ਬਦ ਦੀਆਂ ਦੋ ਪੰਕਤੀਆਂ ਦੀ ਸਮਾਪਤੀ ਉਪਰ ਕੋਈ ਅੰਕ ਨਹੀਂ।

ਦੂਜਾ, ਪੰਨਾ ੧੨੫੩ ਉਪਰ ਸੂਰਦਾਸ ਜੀ ਦੇ ਸ਼ਬਦ ਨੂੰ ॥੭॥ ਅੰਕ ਨਹੀਂ ਲੱਗਾ ਹੋਣ ਕਾਰਣ, ॥੬॥ ਤੋਂ ਬਾਅਦ ॥੮॥ ਅੰਕ ਆ ਗਿਆ ਹੈ।

ਪ੍ਰਸ਼ਨ : *ਗੁਰੂ ਗ੍ਰੰਥ ਸਾਹਿਬ* ਦੇ ਪੰਨਾ ੯੨੯ ਉਪਰ ॥੮॥੧॥੬॥੮॥ ਅੰਕ ਦੀ ਸਮਝ ਨਹੀਂ ਆਉਂਦੀ। ਜ਼ਰਾ ਇਸ ਬਾਰੇ ਸਮਝਾਓ?

ਉਤਰ : 'ਰਾਮਕਲੀ ਮ: ੫ ਰੁਤੀ ਸਲੋਕ' ਜਿਥੇ ਖ਼ਤਮ ਹੁੰਦੇ ਹਨ, ਉਥੇ ਅੰਕ ॥੮॥੧॥੬॥੮॥ ਦਿੱਤਾ ਹੈ। '੮' ਅੰਕ ਤਾਂ ਇਸ ਬਾਣੀ ਵਿਚਲੇ ਕੁੱਲ ਅੱਠ ਅੰਕਾਂ ਦਾ ਜੋੜ ਦੱਸਦਾ ਹੈ। ਜਦੋਂ ਕਿ '੧' ਅੰਕ 'ਰੁਤੀ ਸਲੋਕ' ਬਾਣੀ ਦੀ ਇਕਾਈ ਦਾ ਸੂਚਕ ਹੈ। '੬' ਅੰਕ ਇਥੇ ਨਵੀਂ ਤਰ੍ਹਾਂ ਦਾ ਹੈ। *ਗੁਰੂ ਗ੍ਰੰਥ ਸਾਹਿਬ* ਦਾ ਅੰਕ-ਵਿਧਾਨ ਇਕਸਾਰ ਨਹੀਂ। ਗੁਰੂ ਜੀ ਕਿਸੇ ਵੀ ਅਸੂਲ ਦੇ ਪਾਬੰਦ ਜਾਂ ਗ਼ੁਲਾਮ ਨਹੀਂ। ਸਮਝ ਇਹੀ ਆਉਂਦੀ ਹੈ ਕਿ '੬' ਛੰਤਾਂ ਦੀਆਂ ਪੰਕਤੀਆਂ ਦਾ ਸੂਚਕ ਹੈ। ਕਿਉਂਕਿ ਹਰੇਕ ਛੰਤ ਛੇ ਪੰਕਤੀਆਂ ਦਾ ਹੈ।

ਪ੍ਰਸ਼ਨ : ਗੁਰਬਾਣੀ ਵਰਗਾ ਅੰਕ-ਵਿਧਾਨ ਭਗਤਾਂ ਦੀ ਬਾਣੀ ਵਿਚ ਕਿਉਂ ਨਹੀਂ ਲਾਗੂ ਕੀਤਾ ਗਿਆ?

ਉਤਰ : ਇਸਦਾ ਕਾਰਣ ਇਹੀ ਹੈ ਕਿ ਭਗਤਾਂ ਦੀ ਬਾਣੀ ਕੇਵਲ 'ਅੰਤਿਕਾ' ਵਜੋਂ ਦਰਜ ਕੀਤੀ ਗਈ ਹੈ।

ਵੈਸੇ, ਪੰਨਾ ੮੭੫ ਉਪਰ ਭਗਤਾਂ ਦੀ ਬਾਣੀ ਦੀ ਸਮਾਪਤੀ ਉਪਰ ਪਹਿਲੀ ਵੇਰ ॥੨॥੧੧॥੭॥੨॥੪੯॥ਜੋੜੁ॥ ਦਿਖਾਇਆ ਵੀ ਗਿਆ ਹੈ। ਇਸ ਤੋਂ ਭਾਵ ਹੈ ਰਵਿਦਾਸ ਜੀ ਦੇ ਦੋ, ਕਬੀਰ ਜੀ ਦੇ ਗਿਆਰਾਂ ਅਤੇ ਨਾਮਦੇਵ ਜੀ ਦੇ ਸੱਤ ਸ਼ਬਦ ਹਨ।

ਪ੍ਰਸ਼ਨ : ਪਰ ਇਸ ਅੰਕ ਵਿਚ ॥੪੯॥ ਵੀ ਦਿੱਤਾ ਹੈ, ਇਸਦਾ ਕੀ ਭਾਵ ਹੈ?

ਉਤਰ : ਰਾਗ ਗੋਂਡ ਵਿਚ ਗੁਰੂ ਸਾਹਿਬਾਨ ਦੇ ਅਠਾਈ ਸ਼ਬਦ ਅਤੇ ਇਕ ਅਸ਼ਟਪਦੀ ਸਮੇਤ ਭਗਤਾਂ ਦੇ (੨+੧੧+੭+੨=੨੦) ਵੀਹ ਸ਼ਬਦਾਂ ਸਮੇਤ ਗੋਂਡ ਰਾਗ ਦੇ ਸ਼ਬਦਾਂ ਦੀ ਕੁੱਲ ਗਿਣਤੀ ਉਨੰਜਾ ਦਿਖਾਈ ਹੈ। ਜੋ ਕਿ ਪੂਰੀ ਤਰ੍ਹਾਂ ਦਰੁੱਸਤ ਹੈ।

ਪ੍ਰਸ਼ਨ : ਪੰਨਾ ੧੭੬ ਉਪਰ ਮ : ੫ ਦੇ ਗਉੜੀ ਗੁਆਰੇਰੀ ਰਾਗ ਦੇ ਪਹਿਲੇ ਚਉਪਦੇ ਬਾਅਦ ਅੰਕ ॥੭੧॥ ਚਾਹੀਦਾ ਸੀ। ਇਸ ਉਪਰ ਇਹ ਅੰਕ ਕਿਉਂ ਨਹੀਂ ?

ਉਪਰ : ਆਪ ਜੀ ਠੀਕ ਹੋ। ਮੈਂ ਪਹਿਲਾਂ ਹੀ ਬੇਨਤੀ ਕੀਤੀ ਸੀ ਕਿ *ਗੁਰੂ ਗ੍ਰੰਥ ਸਾਹਿਬ* ਵਰਗੇ ਵਡ-ਆਕਾਰੀ ਗ੍ਰੰਥ ਵਿਚ ਇਕ-ਦੋ ਥਾਵਾਂ ਉਪਰ ਨਿਯਮ ਨਾ ਨਿਭਣਾ ਮਾਮੂਲੀ ਗੱਲ ਹੈ। ਗੁ.ਨਾ.ਦੇ.ਯੂਨੀ. ਵਿਖੇ ਕੁਝ ਹੱਥ-ਲਿਖਤ ਬੀੜਾਂ ਵਿਚ ॥੭੦॥ ਤੋਂ ਬਾਅਦ ਅੰਕ ॥੭੧॥, ॥੭੨॥....ਦੀ ਥਾਂ ਨਵਾਂ ਅੰਕ ਸ਼ੁਰੂ ਹੁੰਦਾ ਹੈ।

ਪ੍ਰਸ਼ਨ : ਪਰ ਕੀ ਇਸ ਤੋਂ ਇਸ ਸ਼ਬਦ ਦੀ ਪ੍ਰਮਾਣਿਕਤਾ ਸ਼ੱਕੀ ਨਹੀਂ ਹੋ ਜਾਂਦੀ ?

ਉਤਰ : ਨਹੀਂ ਜੀ। ਕਿਉਂਕਿ ਪੰਨਾ ੧੯੫ ਉਪਰ ਜਿਥੇ ਇਹ ਚਉਪਦੇ ਸਮਾਪਤ ਹੁੰਦੇ ਹਨ, ਉਥੇ ਅੰਕ ॥੨੮॥੯੭॥ ਦਿੱਤਾ ਹੈ। ਅੰਕ '੨੮' ਅਨੁਸਾਰ ਮ : ੫ ਦੇ ਚਉਪਦਿਆਂ ਦੀ ਕੁਲ ਗਿਣਤੀ ਅਠਾਈ ਸਹੀ ਸਿੱਧ ਹੁੰਦੀ ਹੈ। ਜੇਕਰ ਇਥੇ ਗਿਣਤੀ ॥੨੭॥ ਹੁੰਦੀ ਤਾਂ ਕਿਹਾ ਜਾ ਸਕਦਾ ਸੀ ਕਿ ਪਹਿਲਾ ਚਉਪਦਾ ਪ੍ਰਮਾਣਿਕ ਨਹੀਂ। ਪਰ '੨੮' ਅੰਕ ਕੋਈ ਭੁਲੇਖਾ ਨਹੀਂ ਰਹਿਣ ਦਿੰਦਾ।

ਸਭ ਤੋਂ ਵੱਡਾ ਪ੍ਰਮਾਣ ਇਹ ਹੈ ਕਿ *ਗੁਰੂ ਗ੍ਰੰਥ ਸਾਹਿਬ* ਦੇ ਪੰਨਾ ੨੨੦ ਉਪਰ ਮ : ੯ ਦੀ ਬਾਣੀ ਦੀ ਸਮਾਪਤੀ ਉਪਰ ਦਿੱਤਾ ਅੰਕ ॥੨॥੯॥੨੫੧॥ ਸਪੱਸ਼ਟ ਕਰਦਾ ਹੈ ਕਿ ਮ : ੯ ਦੇ ਨੌ ਸ਼ਬਦ ਅਤੇ ਗਉੜੀ ਰਾਗ ਦੇ ਗੁਰੂਆਂ ਦੇ ਰਚੇ ਦੋ ਸੌ ਇਕਵੰਜਾ ਸ਼ਬਦ ਹਨ। ਪੰਨਾ ੨੦੦ ਉਪਰ ਮ : ੫ ਦੇ ਸ਼ਬਦਾਂ ਨੂੰ ਅੰਕ ॥੧੦੪॥੧੭੪॥ ਲੱਗਣ ਤੋਂ ਬਾਅਦ ਅਗਲੇ ਸ਼ਬਦ ਨਾਲ ਅੰਕ ॥੧੦੬॥ ਹੀ ਰਹਿ ਗਿਆ ਹੈ ਅਤੇ ਅੰਕ ਲੰਬਾ ਦੇਣ ਦੀ ਥਾਂ ਅੱਗੇ ੧੦੭, ੧੦੮...ਤੋਂ ੧੭੨ ਤੀਕ ਅੰਕ ਜਾਰੀ ਰਹਿੰਦਾ ਹੈ। ਇਥੋਂ ਤੀਕ ਗਿਣੀਏ ਤਾਂ ਗਉੜੀ ਰਾਗ ਦੇ ਕੁੱਲ ੨੪੧ ਸ਼ਬਦ ਹਨ। ਪਰ ਇਥੇ ੨੫੧ ਦਰਸਾਇਆ ਹੋਣਾ ਦੱਸਦਾ ਹੈ ਕਿ ਲਿਖਾਰੀ ਨੇ ਆਪਣੀ ਭੁੱਲ ਨੂੰ ਠੀਕ ਕਰ ਲਿਆ ਹੈ।

ਪ੍ਰਸ਼ਨ : *ਗੁਰੂ ਗ੍ਰੰਥ ਸਾਹਿਬ* ਦੀਆਂ ਦੋ ਸੈਂਚੀਆਂ ਸ਼੍ਰੋਮਣੀ ਕਮੇਟੀ ਛਾਪਦੀ ਹੈ, ਉਸਦੇ ਪੰਨਾ ੧੭੫ ਉਪਰ ਰਾਗ ਦੀ ਸੂਚਨਾ ਮ: ੫ ਤੋਂ ਬਾਅਦ ਹੈ। ਕੀ *ਗੁਰੂ ਗ੍ਰੰਥ ਸਾਹਿਬ* ਦੇ ਵੱਡੇ ਸਰੂਪ ਵਿਚ ਵੀ ਇਸੇ ਤਰ੍ਹਾਂ ਹੈ ?

ਉਤਰ : ਇਹ ਵਿਲੱਖਣ ਸਿਰਲੇਖ 'ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ' ਹੈ। ਚੰਗਾ ਹੋਵੇ ਜੇ ਇਕ ਨਿਯਮ ਅਨੁਸਾਰ ਬਾਣੀ ਛਪੇ।

ਪ੍ਰਸ਼ਨ : ਡਾ. ਗੁਰਿੰਦਰ ਮਾਨ ਦੀ ਪੁਸਤਕ 'The making of Sikh Scripture' ਦੇ ਸਰਵਰਕ ਉਪਰ ਗੁਰੂ ਨਾਨਕ ਜੀ ਦੀ ਜਿਹੜੀ ਫ਼ੋਟੋ ਦਿੱਤੀ ਹੈ ਉਸ

ਵਿਚ ਪਾਏ ਚੋਲੇ ਉਪਰ ਉਰਦੂ ਵਿਚ ਕੁਝ ਲਿਖਿਆ ਹੈ, ਇਹ ਕੀ ਹੈ?

ਉਤਰ: ਪਤਾ ਨਹੀਂ ਮਾਨ ਸਾਹਿਬ ਨੇ ਇਹ ਫ਼ੋਟੋ, ਉਸ ਕਿਤਾਬ ਵਿਚ ਕਿਉਂ ਦਿੱਤੀ ਹੈ ਜਿਹੜੀ *ਗੁਰੂ ਗ੍ਰੰਥ ਸਾਹਿਬ* ਬਾਰੇ ਹੈ। ਐਸਾ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੂੰ ਬਗ਼ਦਾਦ ਦੇ ਕਿਸੇ ਹਾਕਮ ਨੇ ਇਕ ਚੋਲਾ ਭੇਟ ਕੀਤਾ ਸੀ, ਜਿਸ ਉਪਰ ਕੁਰਾਨ ਦੀਆਂ ਆਇਤਾਂ ਲਿਖੀਆਂ ਸਨ। ਇਹ ਚੋਲਾ ਹੁਣ ਡੇਰਾ ਬਾਬਾ ਨਾਨਕ ਵਿਖੇ ਬੇਦੀਆਂ ਕੋਲ ਹੈ। ਇਸ ਚੋਲੇ ਉਪਰ ਉਰਦੂ ਨਹੀਂ, ਅਰਬੀ ਲਿਖੀ ਹੈ। ਇਸਨੂੰ ਆਧਾਰ ਬਣਾ ਕੇ ਅਹਿਮਦੀ ਪ੍ਰਚਾਰਕ ਗੁਰੂ ਨਾਨਕ ਜੀ ਨੂੰ 'ਮੁਸਲਮ' ਵੀ ਸਿਧ ਕਰਨ ਦਾ ਯਤਨ ਕਰਦੇ ਸਨ। ਇਸ ਚੋਲੇ ਦੀ ਅਸਲੀਅਤ ਜਾਣਨ ਬਾਰੇ ਮੇਰਾ ਖੋਜ-ਪੱਤਰ 'ਗਾਥਾ ਚੋਲਾ ਸਾਹਿਬ' ਪੜ੍ਹ ਸਕਦੇ ਹੋ, ਜਿਹੜਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪੰਜਾਬ ਹਿਸਟਰੀ ਕਾਨਫ਼ਰੰਸ (26ਵਾਂ ਸੈਸ਼ਨ) ਦੀ ਪ੍ਰੋਸੀਡਿੰਗ ਵਿਚ ਛਪਿਆ ਹੈ।

ਪ੍ਰਸ਼ਨ: ਜੇ *ਗੁਰੂ ਗ੍ਰੰਥ ਸਾਹਿਬ* ਕਿਸੇ ਜਿੰਦਾ ਮਨੁੱਖ ਵਾਂਗ ਹੀ ਹੈ ਤਾਂ ਇਸਦੇ ਬਿਰਧ ਸਰੂਪਾਂ ਦਾ ਸਸਕਾਰ ਕਰ ਦੇਣਾ ਠੀਕ ਨਹੀਂ। ਕੀ ਜਿੰਦਾ ਮਨੁੱਖ, ਚਾਹੇ ਉਹ ਬਿਰਧ ਹੀ ਹੋਵੇ, ਉਸਦਾ ਸਸਕਾਰ ਕੀਤਾ ਜਾਂਦਾ ਹੈ?

ਉਤਰ: ਇਹ ਗ਼ਲਤ ਧਾਰਣਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਮਨੁੱਖਾ ਦੇਹ ਵਰਗਾ ਹੈ। *ਗੁਰੂ ਗ੍ਰੰਥ ਸਾਹਿਬ* ਦਾ ਬਿਰਧ ਸਰੂਪ ਉਹ ਹੁੰਦਾ ਹੈ, ਜਿਹੜਾ ਪੜ੍ਹਨ/ਵਰਤਣ ਯੋਗ ਨਾ ਰਹੇ। ਅਜਿਹੇ ਸਰੂਪ ਨੂੰ ਬੇਅਦਬੀ ਤੋਂ ਬਚਾਉਣ ਲਈ, ਉਸਦਾ ਸਸਕਾਰ ਕਰਨਾ ਯੋਗ ਹੈ।

16

ਅੰਤਿਮ ਸ਼ਬਦ

ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਗੰਭੀਰ ਪ੍ਰਸ਼ਨ ਪੂਰੀ ਇਕਾਗਰਤਾ ਅਤੇ ਦਿਆਨਤਦਾਰੀ ਨਾਲ ਵਿਚਾਰਨੇ ਬਣਦੇ ਹਨ। ਪਹਿਲਾ ਪ੍ਰਸ਼ਨ ਤਾਂ ਇਹ ਹੈ ਕਿ ਕੀ *ਗੁਰੂ ਗ੍ਰੰਥ ਸਾਹਿਬ* ਨੂੰ ਪੂਜਾ ਦੀ ਵਸਤੂ ਬਣਾ ਦੇਣਾ ਕਾਫ਼ੀ ਹੈ ਜਾਂ ਇਸਦੇ ਲੋਕ-ਪੱਖੀ, ਅਗਾਂਹਵਧੂ ਅਤੇ ਸਰਬ-ਕਲਿਆਣਕਾਰੀ ਸੰਦੇਸ਼ ਨੂੰ ਜੀਵਨ ਵਿਚ ਅਪਣਾਅ ਕੇ, ਜੀਵਨ ਨੂੰ ਸਫ਼ਲਾ ਬਣਾਇਆ ਜਾਵੇ? ਪੂਜਾ ਦੀ ਵਸਤੂ ਬਣਨ ਕਰਕੇ, *ਗੁਰੂ ਗ੍ਰੰਥ ਸਾਹਿਬ* ਉਪਰ ਪੁਜਾਰੀਵਾਦ ਨੇ ਕਬਜ਼ਾ ਕਰਨ ਦਾ ਯਤਨ ਤਾਂ ਕੀਤਾ ਹੀ ਹੈ। ਅਜ ਬਾਣੀ ਅਤੇ ਸਿੱਖ ਵਿਚ ਪਾੜਾ ਵੱਧ ਰਿਹਾ ਹੈ। ਇਸਦਾ ਇਕ ਕਾਰਣ ਇਹ ਹੈ ਕਿ ਇਨ੍ਹਾਂ ਦੋਹਾਂ ਦੇ ਦਰਮਿਆਨ ਪੁਜਾਰੀ, ਗ੍ਰੰਥੀ ਜਾਂ ਸੰਤ ਦੇ ਰੂਪ ਵਿਚ ਆ ਖੜ੍ਹਾ ਹੋਇਆ ਹੈ। ਕੀ ਗੱਲ ਹੈ ਕਿ ਜਦੋਂ ਅਸੀਂ *ਗੁਰੂ ਗ੍ਰੰਥ ਸਾਹਿਬ* ਦੇ ਕਲਿਆਣਕਾਰੀ ਸੰਦੇਸ਼ ਨੂੰ, ਇਸਦੀ ਪੂਜਾ ਤੋਂ ਵੱਧ ਮਹੱਤਵਪੂਰਣ ਕਹਿ ਰਹੇ ਹਾਂ ਤਾਂ ਪੁਜਾਰੀਆਂ ਦੇ ਮੱਥੇ ਉਪਰ ਤਿਊੜੀ ਪੈ ਰਹੀ ਹੈ? ਹਾਲਾਂਕਿ ਸੂਝਵਾਨ ਲੋਕ ਸਾਡੇ ਨਾਲ ਸਹਿਮਤ ਹੋ ਰਹੇ ਹੋਣਗੇ। ਪਰ ਪੁਜਾਰੀਵਾਦ ਦੀ ਜਕੜ ਵਿਚ ਫਸੇ ਲੋਕ *ਗੁਰੂ ਗ੍ਰੰਥ ਸਾਹਿਬ* ਨੂੰ ਪੂਜਾ ਦੀ ਵਸਤੂ ਹੀ ਸਿੱਧ ਕਰਨ ਲਈ ਅਜੀਬ ਤਰਕ ਦਿੰਦੇ ਫਿਰਨਗੇ। ਉਨ੍ਹਾਂ ਵੱਲੋਂ ਕੀ ਕੀ ਵਿਸ਼ੇਸ਼ਣ ਅਤੇ ਫ਼ਤਵੇ ਮਿਲ ਸਕਦੇ ਹਨ, ਇਸਦਾ ਅੰਦਾਜ਼ਾ ਪਾਠਕਾਂ ਨੂੰ ਵੀ ਹੈ। ਪਰ ਹੁਣ ਜਦੋਂ ਕਿ ਪੰਥ *ਗੁਰੂ ਗ੍ਰੰਥ ਸਾਹਿਬ* ਦੀ ਸੰਪਾਦਨਾ ਦੇ ਚਾਰ ਸੌ ਸਾਲਾ ਜਸ਼ਨ ਮਨਾ ਚੁੱਕਾ ਹੈ ਅਤੇ ਸੰਨ 2008 ਵਿਚ *ਗੁਰੂ ਗ੍ਰੰਥ ਸਾਹਿਬ* ਦਾ ਚਾਰ ਸੌ ਸਾਲ ਗੁਰਿਆਈ ਪੁਰਬ ਮਨਾਉਣ ਦੀ ਤਿਆਰੀ ਕਰ ਰਿਹਾ ਹੈ ਤਾਂ ਇਸ ਮੌਕੇ ਨੂੰ ਮੇਲੇ ਵਾਂਗ ਮਨਾ ਦੇਣਾ ਹੀ ਕਾਫ਼ੀ ਹੈ ਜਾਂ ਸੂਝਵਾਨ ਗੁਰੂ ਦੇ ਸਿੱਖਾਂ ਨੂੰ ਇਸ ਮਹਾਨ ਗ੍ਰੰਥ ਦੇ ਸੰਦੇਸ਼ ਨੂੰ ਦੁਨੀਆਂ ਦੇ ਕੋਨੇ-ਕੋਨੇ ਅਤੇ ਹਰ ਵਿਅਕਤੀ ਤੀਕ ਪਹੁੰਚਾਉਣ ਦਾ ਨਿਸ਼ਾਨਾ ਮਿੱਥਣਾ ਸਾਰਥਿਕ ਹੈ? ਸਾਡੇ ਪਾਠਕ ਸਹਿਮਤ ਹੋਣਗੇ ਕਿ ਬਾਅਦ ਵਾਲਾ ਨਿਸ਼ਾਨਾ ਹੀ ਯੋਗ ਹੈ। ਪਰ ਸੱਚ ਇਹ ਹੈ ਕਿ ਪੁਜਾਰੀਵਾਦ ਇਹ ਤਾਂ ਚਾਹੁੰਦਾ ਹੈ ਕਿ ਲੋਕ *ਗੁਰੂ ਗ੍ਰੰਥ ਸਾਹਿਬ* ਦੀ ਪੂਜਾ ਕਰਨ, ਪਰ ਪੁਜਾਰੀਵਾਦ ਅਤੇ ਰਾਜਨੀਤਿਕ ਢਾਂਚਾ ਕਿਉਂਕਿ ਹਮੇਸ਼ਾ ਲੋਟੂ ਜਮਾਤ ਤੇ ਹੱਕ ਵਿਚ ਭੁਗਤਦਾ ਆ ਰਿਹਾ ਹੈ, ਇਸ ਲਈ ਬੁਨਿਆਦੀ ਤੌਰ 'ਤੇ ਇਹ *ਗੁਰੂ*

ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੁਆਰਾ ਪੈਦਾ ਹੋਣ ਵਾਲੀ ਚੇਤਨਾ ਦੇ ਵਿਰੋਧੀ ਹਨ। ਮੈਨੂੰ ਕੋਈ ਹੈਰਾਨੀ ਨਹੀਂ ਹੋਵੇਗੀ ਜੇ ਇਹ ਅਤੇ ਇਨ੍ਹਾਂ ਦੇ ਹੱਥ-ਠੋਕੇ ਮੇਰੀ ਹੱਥਲੀ ਪੁਸਤਕ ਨੂੰ ਨਾ-ਪਸੰਦ ਕਰਨ।

ਇਹ ਕਿੰਨਾਂ ਭੁਲੇਖਾਪਾਊ ਅੰਧ-ਵਿਸ਼ਵਾਸ ਹੈ ਕਿ ਹੋਰ ਕਿਸੇ ਧਰਮ-ਗ੍ਰੰਥ ਨੂੰ 'ਗੁਰੂ' ਨਹੀਂ ਮੰਨਿਆ ਜਾਂਦਾ। ਭਰਮ ਅਤੇ ਅਗਿਆਨਤਾ ਕਾਰਣ ਬਣੀ ਖੁਸ਼ਫਹਿਮੀ ਦਾ ਕੋਈ ਲਾਭ ਨਹੀਂ ਹੋ ਸਕਦਾ। ਕੀ 'ਗੁਰੂ' ਦਾ ਅਰਥ ਪੰਜ-ਭੂਤਕ ਕੁਇੰਟਲ ਦੇਹੀ ਵਾਲਾ ਕੋਈ ਮਨੁੱਖ ਹੈ ? ਸਿੱਖ ਫਲਸਫ਼ੇ ਵਿਚ ਇਸ ਤਰ੍ਹਾਂ ਦੇ 'ਗੁਰੂ' ਦਾ ਕੋਈ ਮਹੱਤਵ ਅਤੇ ਸਥਾਨ ਨਹੀਂ। ਗੁਰੂ, ਗਿਆਨ ਦਾ ਦਾਤਾ ਹੈ-ਇਹੀ ਉਸਦੀ ਵਡਿਆਈ ਹੈ। ਸਿੱਖ ਸੰਗਤ ਜਿਸ ਤਰ੍ਹਾਂ ਸ਼ਬਦ ਤੋਂ ਅਗਵਾਈ ਲੈਂਦੀ ਹੈ, ਉਸੇ ਤਰ੍ਹਾਂ ਯਹੂਦੀ *ਪੁਰਾਣੇ ਨੇਮ* ਦੇ ਬਚਨਾਂ ਤੋਂ, ਈਸਾਈ ਨਵੇਂ *ਨੇਮ* ਤੋਂ, ਮੁਸਲਮਾਨ *ਕੁਰਾਨ* ਤੋਂ ਅਤੇ ਹਿੰਦੂ ਆਪਣੇ ਗ੍ਰੰਥਾਂ ਤੋਂ ਅਗਵਾਈ ਲੈਣੀ ਜ਼ਰੂਰੀ ਸਮਝਦੇ ਹਨ। ਅਸੀਂ ਦਸਦੇ ਚਲੀਏ ਕਿ ਇਥੋਪੀਆ ਵਿਚ ਇਸਾਈ Ark of Covenant ਦੇ ਪ੍ਰਤੀਕ ਦਾ ਸਤਿਕਾਰ *ਗੁਰੂ ਗ੍ਰੰਥ ਸਾਹਿਬ* ਵਾਂਗ ਹੀ ਕਰਦੇ ਆ ਰਹੇ ਹਨ। ਉਹ ਆਰਕ ਨੂੰ ਸਿਰ ਉਪਰ ਚੁੱਕ ਕੇ, ਛਤਰ ਲੈ ਕੇ ਚਲਦੇ ਹਨ। ਨਿਰਸੰਦੇਹ, ਉਹ ਅਜਿਹਾ ਸਦੀਆਂ ਪਹਿਲਾਂ ਤੋਂ ਕਰਦੇ ਆ ਰਹੇ ਹਨ। ਮੰਨਿਆ ਜਾਂਦਾ ਹੈ ਕਿ ਆਰਕ ਵਿਚ ਮੂਸਾ ਨੂੰ ਯਹੋਵਾਹ ਵਲੋਂ ਮਿਲੇ ਦਸ ਨਿਯਮ (Ten Commandments) ਦੀ ਮੂਲ ਲਿਖਤ, ਸੋਨੇ ਦੇ ਬਕਸੇ ਵਿਚ ਸਾਂਭੀ ਗਈ ਸੀ। ਇਹ ਬਕਸਾ ਬਿਲਕੁਲ ਉਸ ਪਾਲਕੀ ਵਰਗਾ ਹੈ, ਜਿਹੜੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਹੈ। ਇਸਾਈ ਇਥੋਪੀਆ ਦੇ ਇਕ ਗਿਰਜੇ ਵਿਚ ਪਈ ਇਸ ਆਰਕ ਨੂੰ ਬਹੁਤ ਹੀ ਪਵਿੱਤਰ ਮੰਨਦੇ ਹਨ, ਉਸਦੀ ਸੇਵਾ-ਸੰਭਾਲ ਲਈ ਇਕ ਹੀ ਸੇਵਾਦਾਰ ਹੈ। ਉਸ ਤੋਂ ਬਿਨਾ ਕੋਈ ਵੀ ਵਿਅਕਤੀ ਆਰਕ ਦੇ ਦਰਸ਼ਨ ਨਹੀਂ ਕਰ ਸਕਦਾ। ਇਹ ਆਰਕ ਰਹੱਸਮਈ ਢੰਗ ਨਾਲ ਦਮੱਸ਼ਕ ਤੋਂ ਇਥੋਪੀਆ ਪੁੱਜਿਆ ਦਸਿਆ ਜਾਂਦਾ ਹੈ। ਕੀ ਕੇਵਲ ਚੰਦੋਆ ਤਾਣ ਕੇ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਕਰਕੇ, ਉਪਰ ਸੁੰਦਰ ਰੁਮਾਲ ਪਾ ਦੇਣ ਨਾਲ ਹੀ ਬਾਨੀ ਨੂੰ 'ਗੁਰੂ' ਪਦਵੀ ਮਿਲ ਸਕਦੀ ਹੈ ? ਇਸ ਪ੍ਰਸ਼ਨ ਨੂੰ ਉਲਟਾਅ ਦੇਈਏ ਤਾਂ ਗੱਲ ਵਧੇਰੇ ਸਪੱਸ਼ਟ ਹੋ ਜਾਵੇਗੀ। ਕੀ *ਕੁਰਾਨ* ਨੂੰ ਜਾਂ *ਰਮਾਇਣ* ਨੂੰ ਚੰਦੋਏ ਹੇਠਾਂ ਰੁਮਾਲੇ ਵਿਚ ਰਖ ਦੇਣ ਨਾਲ, ਉਨ੍ਹਾਂ ਦਾ 'ਗੁਰੂਪਣ' ਪ੍ਰਗਟ ਹੋ ਜਾਵੇਗਾ ? 'ਗੁਰੂ' ਸਿੱਖ ਸ਼ਬਦਾਵਲੀ ਹੈ ਭਾਵੇਂ ਇਸਨੂੰ ਲਿਆ ਹਿੰਦੂ ਸਭਿਆਚਾਰ ਵਿਚੋਂ ਹੀ ਹੈ। ਪਰ ਸਿੱਖਾਂ ਨੇ ਇਸ ਸ਼ਬਦ ਨੂੰ ਕਈ ਰੂਪਾਂ ਵਿਚ ਅਪਣਾਅ ਲਿਆ ਹੈ ਜਿਵੇਂ: ਗੁਰੂ-ਘਰ, ਗੁਰਮਤ, ਗੁਰਸਿਖ, ਗੁਰਮੁਖ, ਗੁਰਮਤਾ, ਗੁਰਦੁਆਰਾ, ਗੁਰਬਾਣੀ, ਗੁਰਪੁਰਬ, ਗੁਰਧਾਮ, ਗੁਰ-ਸੰਗਤ, ਗੁਰੂ ਦਾ ਲੰਗਰ ਆਦਿ। ਸਾਡੀ ਆਪਣੀ ਪਰੰਪਰਾ ਹੈ, ਹੋਰਾਂ ਦੀ ਆਪਣੀ ਪਰੰਪਰਾ

ਹੈ। ਕੀ ਇਹ ਤਰਕ ਥੋਥਾ ਨਹੀਂ ਕਿ ਕਿਸੇ ਦੂਜੇ ਗ੍ਰੰਥ ਨੂੰ 'ਗੁਰਿਆਈ' ਨਹੀਂ ਮਿਲੀ? *ਕੁਰਾਨ* ਅਤੇ *ਬਾਈਬਲ* ਦੇ ਬਚਨਾਂ ਉਪਰ ਉਨ੍ਹਾਂ ਨੂੰ ਮੰਨਣ ਵਾਲਿਆਂ ਦੀ ਸ਼ਰਧਾ, ਘੱਟ ਬਿਲਕੁਲ ਨਹੀਂ। ਇਸਦਾ ਪ੍ਰਮਾਣ ਇਹ ਹੈ ਕਿ ਅਸਾਂ ਨੇ ਆਪਣੇ ਧਰਮ-ਗ੍ਰੰਥ ਨੂੰ ਪ੍ਰਚਾਰਨ ਵਾਸਤੇ ਕੋਈ ਠੋਸ ਉੱਦਮ ਨਹੀਂ ਕੀਤਾ। ਜੇ ਕੁਝ ਯਤਨ ਹੋਏ ਹਨ ਤਾਂ ਉਹ ਨਿੱਜੀ ਰਹੇ ਹਨ। ਸਾਡੀਆਂ ਸ਼੍ਰੋਮਣੀ ਸੰਸਥਾਵਾਂ ਤਾਂ ਰਾਜਨੀਤੀ ਵਿਚ ਉਲਝੀਆਂ ਰਹੀਆਂ ਹਨ। ਨਿੱਜੀ ਯਤਨ ਕਰਨ ਵਾਲੇ ਕੋਈ ਸਿੱਖ ਮਰਯਾਦਾ ਦੇ ਨਿਭਾਉਣ ਵਾਲੇ ਕੱਟੜਪੰਥੀ ਹੋਣ, ਜ਼ਰੂਰੀ ਨਹੀਂ। ਬਲਕਿ ਇਨ੍ਹਾਂ ਵਿਚੋਂ ਕੁਝ ਤਾਂ ਗ਼ੈਰਸਿੱਖ ਸਨ ਜਿਵੇਂ ਅਰਨਸਟ ਟਰੰਪ ਅਤੇ ਮਾਕਸ ਆਰਥਰ ਮੈਕਾਲਿਫ਼ ਆਦਿ। ਭਾਵੇਂ ਕਿ ਇਨ੍ਹਾਂ ਦੀ ਸਮੁੱਚੀ ਵਿਆਖਿਆ ਸਾਨੂੰ ਪਸੰਦ ਨਹੀਂ ਆਈ ਪਰ ਅਜ ਵੀ ਵਿਦੇਸ਼ਾਂ ਦੇ ਲੋਕਾਂ ਕੋਲ ਗੁਰਬਾਣੀ ਅਤੇ ਸਿੱਖ ਧਰਮ ਨੂੰ ਜਾਣਨ ਦੇ ਇਹ ਮਹੱਤਵਪੂਰਣ ਸ੍ਰੋਤ ਹਨ। ਅਜਿਹੇ ਯਤਨ ਕਰਨ ਵਾਲਿਆਂ ਵਿਚ ਡਾ. ਕੁਲਬੀਰ ਥਿੰਦ ਦਾ ਨਾਂ ਵੀ ਜੁੜ ਗਿਆ ਹੈ। ਡਾ. ਥਿੰਦ ਨੇ 'ਗੁਰਬਾਣੀ ਸੀ.ਡੀ.' ਤਿਆਰ ਕਰਕੇ ਦੁਨੀਆਂ ਭਰ ਵਿਚ ਮੁਫ਼ਤ ਵੰਡੀ ਹੈ। ਸ਼ਾਇਦ! ਸਾਡੇ ਕੁਝ ਪਾਠਕਾਂ ਨੂੰ ਪਤਾ ਨਾ ਹੋਵੇ ਕਿ ਉਹ ਪੂਰੀ ਤਰ੍ਹਾਂ ਕਲੀਨ-ਸ਼ੇਵਡ ਹੈ। ਭਵਿੱਖ ਵਿਚ ਗੁਰਬਾਣੀ ਦਾ ਲਾਭ ਕੁਲ ਮਨੁੱਖਤਾ ਨੇ ਉਠਾਉਣਾ ਹੀ ਉਠਾਉਣਾ ਹੈ। ਮਨੁੱਖਤਾ ਨੇ ਸ਼੍ਰੋਮਣੀ ਕਮੇਟੀ ਜਾਂ ਹੋਰ ਕਿਸੇ ਦੀ ਉਡੀਕ ਨਹੀਂ ਕਰਨੀ। ਉਸ ਨੇ ਇਸ ਮਹਾਨ ਗ੍ਰੰਥ ਤੋਂ ਆਪ ਯਤਨ ਕਰਕੇ ਸੇਧ ਲੈਣ ਦਾ ਜੁਗਾੜ ਕਰ ਲੈਣਾ ਹੈ। ਮਨੁੱਖਤਾ ਇਸ ਮਹਾਨ ਗ੍ਰੰਥ ਤੋਂ ਸੇਧ ਲੈ ਕੇ ਕਿਸੇ ਫ਼ਿਰਕੂ ਵਲਗਣ ਵਿਚ ਕਿਉਂ ਫਸੇਗੀ? ਇਹ ਮਹਾਨ ਗ੍ਰੰਥ ਜਿਸ ਮਾਨਵਵਾਦੀ ਫ਼ਲਸਫ਼ੇ ਦੀ ਗੱਲ ਕਰਦਾ ਹੈ, ਉਸਦੀ ਸਭ ਨੂੰ ਲੋੜ ਹੈ। ਦੁਨੀਆਂ ਭਰ ਦੇ ਮਹਾਨ ਚਿੰਤਕ ਚਾਹੇ ਉਹ ਪ੍ਰਸਿੱਧ ਇਤਿਹਾਸਕਾਰ ਟਾਇਨਬੀ ਹੋਵੇ, ਭਾਰਤ ਦੇ ਰਾਸ਼ਟਰਪਤੀ ਡਾ. ਸਰਵਪਲੀ ਰਾਧਾਕ੍ਰਿਸ਼ਨਨ ਹੋਣ ਜਾਂ ਕੋਈ ਹੋਰ ਹੋਵੇ ਉਹ *ਗੁਰੂ ਗ੍ਰੰਥ ਸਾਹਿਬ* ਦੀ ਸਾਂਝੀਵਾਲਤਾ ਦੇ ਸੰਦੇਸ਼ ਤੋਂ ਕਾਇਲ ਹੋਏ ਬਿਨਾਂ ਨਹੀਂ ਰਹਿ ਸਕੇ। ਸਾਨੂੰ ਇਨ੍ਹਾਂ ਦੇ *ਗੁਰੂ ਗ੍ਰੰਥ ਸਾਹਿਬ* ਬਾਰੇ ਲਿਖੇ ਵਿਚਾਰ ਪੜ੍ਹ ਕੇ ਮਾਣ ਹੁੰਦਾ ਹੈ। ਪਰ ਕੀ ਇਨ੍ਹਾਂ ਨੇ *ਗੁਰੂ ਗ੍ਰੰਥ ਸਾਹਿਬ* ਦਾ ਕਰਮਕਾਂਡੀ ਪਾਠ ਕਰਕੇ ਇਸਦੀ ਮਹੱਤਾ ਨੂੰ ਪਛਾਣਿਆ ਸੀ ਕਿ *ਗੁਰੂ ਗ੍ਰੰਥ ਸਾਹਿਬ* ਦਾ ਅਧਿਐਨ ਕਰਕੇ? *ਗੁਰੂ ਗ੍ਰੰਥ ਸਾਹਿਬ* ਦਾ ਅਧਿਐਨ ਜਿਸਨੂੰ 'ਸ਼ਬਦ ਵਿਚਾਰ' ਕਿਹਾ ਹੈ, ਸਭ ਕਰਮਕਾਂਡਾਂ ਤੋਂ ਉੱਤਮ ਹੈ।

ਧਰਮਾਂ ਦੇ ਇਤਿਹਾਸ ਦਾ ਵਿਦਿਆਰਥੀ ਇਸ ਤੱਥ ਨੂੰ ਭਲੀ-ਭਾਂਤ ਜਾਣਦਾ ਹੈ ਕਿ ਦੁਨੀਆਂ ਦਾ ਕੋਈ ਵੀ ਧਰਮ-ਗ੍ਰੰਥ ਆਪਣੇ ਸ਼ੁਧ ਸਰੂਪ ਵਿਚ ਨਹੀਂ ਹੈ। ਇਸਦੇ ਬਾਵਜੂਦ ਵਿਸ਼ੇਸ਼ ਕਰਕੇ *ਕੁਰਾਨ* ਨੂੰ ਜਦੋਂ ਖਲੀਫ਼ਾ, ਉਸਮਾਨ ਜੀ ਨੇ ਅੰਤਮ ਰੂਪ ਦੇ ਦਿੱਤਾ ਤਾਂ ਇਸਦੇ ਪਾਠ ਨੂੰ 'ਸ਼ੁਧ' ਰਖਣ ਵਿਚ ਜੋ ਕਾਮਯਾਬੀ ਇਸਲਾਮ

ਨੂੰ ਮਿਲੀ ਹੈ, ਉਸਦੀ ਦੂਜੀ ਮਿਸਾਲ ਹੋਰ ਕੋਈ ਨਹੀਂ। ਧਰਮ ਗ੍ਰੰਥਾਂ ਦੇ ਪਾਠ ਦੀ ਮੌਲਿਕਤਾ ਬਚਾਉਣ ਵਿਚ ਨਿਸਚੈ ਹੀ ਸਿੱਖ ਪੱਛੜੇ ਹੋਏ ਹਨ। ਇਸਦਾ ਕਾਰਣ ਖੁਸ਼ਫਹਿਮੀ, ਅੰਧ-ਵਿਸ਼ਵਾਸ ਅਤੇ ਸਮੱਸਿਆਵਾਂ ਤੋਂ ਬਚਣ ਦਾ ਰਵੱਈਆ ਹੈ। ਪੰਥ ਦੇ ਆਗੂ ਹਰ ਸਮੱਸਿਆ ਦਾ ਹੱਲ ਕਰਨ ਦੀ ਥਾਂ, ਉਸ ਤੋਂ ਖਹਿੜਾ ਛੁਡਾ ਕੇ ਭੱਜਦੇ ਰਹੇ ਹਨ। ਪਰ ਯਾਦ ਰਖੋ! ਕਬੂਤਰ ਦੇ ਅੱਖਾਂ ਮੀਟਣ ਨਾਲ ਬਿੱਲੀ ਚਲੀ ਨਹੀਂ ਜਾਂਦੀ। ਸਿੱਖ ਪੰਥ ਦੇ ਸੂਝਵਾਨ ਤੇ ਸੁਹਿਰਦ ਵਿਦਵਾਨ ਪੰਥ ਨੂੰ ਬੇਨਤੀ ਕਰਦੇ ਆ ਰਹੇ ਹਨ ਕਿ ਮਿਲ-ਬੈਠ ਕੇ *ਗੁਰੂ ਗ੍ਰੰਥ ਸਾਹਿਬ* ਜੀ ਦੇ ਪਾਠ ਵਿਚ ਮਨੁੱਖਾਂ ਦੀ ਅਣਗਹਿਲੀ ਕਾਰਣ ਆਈਆਂ ਅਸ਼ੁਧੀਆਂ ਨੂੰ ਦੂਰ ਕੀਤਾ ਜਾਵੇ। ਪਰ ਪੰਥਕ ਆਗੂ ਰਾਜਸੀ ਕਾਰਣਾਂ ਕਰਕੇ ਇਸ ਅਤੀ ਲੋੜੀਂਦੇ ਮਸਲੇ ਵੱਲ ਧਿਆਨ ਦੇਣ ਤੋਂ ਬਚਦੇ ਆ ਰਹੇ ਹਨ। ਉਹ ਇਹ ਦਲੀਲ ਦਿੰਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ, ਸੰਗਤਾਂ ਦੀ ਸ਼ਰਧਾ ਗੁਰਬਾਣੀ ਤੋਂ ਮੁੱਕ ਜਾਵੇਗੀ। ਉਨ੍ਹਾਂ ਦੀ ਇਸ ਦਲੀਲ ਵਿਚ ਕੋਈ ਦਮ ਨਹੀਂ। ਉਹ ਵਿਦਵਾਨ ਜਿਨ੍ਹਾਂ ਨੇ ਗੁਰਬਾਣੀ ਦੇ ਪਾਠ-ਭੇਦਾਂ ਉਪਰ ਕੰਮ ਕੀਤਾ ਹੈ ਉਨ੍ਹਾਂ ਵਿਚੋਂ ਵਧੇਰੇ ਪੰਥ ਦੇ ਪ੍ਰਵਾਣਿਤ ਵਿਦਵਾਨ ਸਨ ਅਤੇ ਉਨ੍ਹਾਂ ਵਿਚੋਂ ਕਿਸੇ ਨੇ ਵੀ *ਗੁਰੂ ਗ੍ਰੰਥ ਸਾਹਿਬ* ਤੋਂ ਕਦੇ ਮੂੰਹ ਨਹੀਂ ਮੋੜਿਆ। ਦੂਜੀ ਮਿਸਾਲ ਮੈਂ ਈਸਾਈ ਜਗਤ ਦੀ ਦੇਣੀ ਚਾਹੁੰਦਾ ਹਾਂ। ਈਸਾਈ ਜਗਤ *ਬਾਈਬਲ* ਵਿਚਲੇ ਪਾਠ-ਭੇਦਾਂ ਨੂੰ ਖੁਲ੍ਹੇਆਮ ਮੰਨਣ ਦੇ ਬਾਵਜੂਦ, *ਬਾਈਬਲ* ਤੋਂ ਮੁਨਕਰ ਨਹੀਂ ਹੋਇਆ। ਉਨ੍ਹਾਂ ਦੀ ਹਿੰਮਤ ਅਤੇ ਸਿਆਣਪ ਦੀ ਦਾਦ ਦੇਣੀ ਬਣਦੀ ਹੈ। ਇਸ ਤੋਂ ਪਹਿਲਾਂ ਕਿ ਬਗਾਨੇ ਸਾਡੇ ਧਰਮ-ਗ੍ਰੰਥ ਉਪਰ ਉਂਗਲ ਉਠਾਉਣ, ਸਾਨੂੰ ਪੰਥਕ ਤੌਰ 'ਤੇ ਯਤਨ ਕਰਕੇ ਐਸੇ ਪਾਠ-ਭੇਦਾਂ ਨੂੰ ਠੀਕ ਕਰ ਲੈਣਾ ਚਾਹੀਦਾ ਹੈ। ਇਸ ਵਿਚ ਨਾ ਤਾਂ ਮਿਹਣੇ ਵਾਲੀ ਗੱਲ ਹੈ ਅਤੇ ਨਾ ਹੀ ਸ਼ਰਮ ਵਾਲੀ ਗੱਲ ਹੈ। ਸਭ ਧਰਮ-ਗ੍ਰੰਥ ਸਮੇਂ ਦੇ ਨਾਲ ਦੂਸ਼ਿਤ ਹੁੰਦੇ ਆਏ ਹਨ। ਸੂਝਵਾਨ ਕੌਮਾਂ ਚਾਰ ਸਦੀਆਂ ਤੀਕ ਅਜਿਹੇ ਗੰਭੀਰ ਕੰਮ ਕਰਨ ਲਈ, ਇੰਤਜ਼ਾਰ ਨਹੀਂ ਕਰਦੀਆਂ। ਹੱਠ ਛੱਡ ਕੇ ਆਪਣੀ ਸੋਚ ਨੂੰ ਖੁਲ੍ਹਾ ਕਰਨ ਨਾਲ ਮਸਲੇ ਹੱਲ ਹੋ ਸਕਦੇ ਹਨ। ਵਿਦਵਾਨਾਂ ਨੂੰ ਨਿੰਦਣ ਨਾਲ ਕੋਈ ਫਾਇਦਾ ਨਹੀਂ।

ਇੰਡੈਕਸ

ਪੁਸਤਕ ਸੂਚੀ

ਪੰਜਾਬੀ ਪੁਸਤਕਾਂ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ

ਅੰਬੇਦਕਰ, ਭੀਮਰਾਵ (ਡਾ.), *ਭਗਵਾਨ ਬੁੱਧ ਅਤੇ ਉਨ੍ਹਾਂ ਦਾ ਧਰਮ*, ਆਰ.ਆਰ. ਭੋਲੇ, ਬੰਬਈ, 1984.

ਸਹਿਗਲ, ਮਨਮੋਹਨ (ਸੰਪਾ.), *ਗੁਰਬਿਲਾਸ ਪਾਤਸ਼ਾਹੀ ਛੇਵੀਂ (ਹਿੰਦੀ)*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1972.

ਸਾਹਿਬ ਸਿੰਘ (ਪ੍ਰੋ.), *ਆਦਿ ਬੀੜ ਬਾਰੇ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999.

ਸੁਖਦਿਆਲ ਸਿੰਘ (ਡਾ.), *ਇਤਿਹਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੁੰਦਰ ਪ੍ਰਕਾਸ਼ਨ, ਪਟਿਆਲਾ, 2004.

ਸੂਵੀਨੀਅਰ : ਵਿਸ਼ਵ ਸਿੱਖ ਸੰਮੇਲਨ-1995, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1995.

ਸੇਖੋਂ, ਸੰਤ ਸਿੰਘ, *ਪੰਜਾਬੀ ਕਾਵਿ ਸ਼ਿਰੋਮਣੀ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2001.

ਕਪੂਰ ਸਿੰਘ, ਸਿਰਦਾਰ, *ਸਪਤਸ਼੍ਰਿੰਗ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1980.

ਕਬਿੱਤ ਸਵੱਯੇ, ਭਾਈ ਗੁਰਦਾਸ

ਕਾਨ੍ਹ ਸਿੰਘ, ਭਾਈ, *ਗੁਰੁਮਤ ਮਾਰਤੰਡ*, ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ, 1998.

———, *ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990.

ਕਿਸ਼ਨ ਸਿੰਘ, *ਗੁਰਬਾਣੀ ਦਾ ਸੱਚ*, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1974.

ਕਿਰਪਾਲ ਸਿੰਘ, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਖ਼ਾਲਸਾ ਕਾਲਜ, ਅੰਮ੍ਰਿਤਸਰ, 1962.

ਕੈਪਟਨ, ਸ਼ਮਸ਼ੇਰ ਸਿੰਘ, *ਪਵਿੱਤ੍ਰ ਹਜ਼ੂਰੀ ਬੀੜ ਦੀ ਲੋੜ*, ਭਾਈ ਹਰਚੰਦ ਸਿੰਘ 'ਪੰਚ ਖ਼ਾਲਸਾ', ਭਗਤਾ ਭਾਈ, 1964.

ਖ਼ਾਲਸਾ, ਕਰਤਾਰ ਸਿੰਘ, *ਖ਼ਾਲਸਾ ਜੀਵਨ*, ਜਰਨੈਲ ਸਿੰਘ ਖ਼ਾਲਸਾ, ਮਹਿਤਾ, 1992.

ਗਾਫ਼ੂਰੋਵ, ਬਾ.ਗ., *ਗੁਰੂ ਨਾਨਕ : ਲੇਖ ਸੰਗ੍ਰਹਿ*, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1977.

ਗੁਰਸ਼ਰਨ ਜੀਤ ਸਿੰਘ, *ਗੁਰਮਤ ਨਿਰਣਯ ਕੋਸ਼*, ਗੁਰਨਿਧ ਪ੍ਰਕਾਸ਼ਨ, ਅੰਮ੍ਰਿਤਸਰ, 2005.

———, *ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998.

ਗੁਰਦਿੱਤ ਸਿੰਘ, (ਗਿ.), *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ* (ਭਗਤ ਬਾਣੀ ਭਾਗ), ਸਿੱਖ ਸਾਹਿਤ ਸੰਸਥਾਨ, ਚੰਡੀਗੜ੍ਹ, 1990.

ਗੁਰਬਖ਼ਸ਼ ਸਿੰਘ, *ਪਰਮ ਮਨੁੱਖ*, ਪ੍ਰੀਤਨਗਰ ਸ਼ਾਪ, ਦਿੱਲੀ, 1949.

ਗੰਡਾ ਸਿੰਘ (ਸੰਪਾ.), *ਸ੍ਰੀ ਗੁਰ ਸੋਭਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

———, *ਹੁਕਮਨਾਮੇ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

———, *ਭਾਈ ਨੰਦ ਲਾਲ ਗ੍ਰੰਥਾਵਲੀ*, ਸੰਤ ਮੋਹਨ ਸਿੰਘ, ਮਲੇਸ਼ੀਆ, 1968.

ਹੀਰਾ ਸਿੰਘ ਬਾਬੂ, *ਰਚਨਾ ਸ਼ੇਖ ਫ਼ਰੀਦ ਤੇ ਗੁਰਮਤਿ*, ਗੁਰਮਤਿ ਰਹਿਣੀ, ਲੁਧਿਆਣਾ, 1974.

ਘੁਲਾਲ, ਹੀਰਾ ਸਿੰਘ ਬਾਬੂ, *ਰਚਨਾ ਭਗਤ ਨਾਮਦੇਵ ਜੀ ਤੇ ਗੁਰਮਤਿ*, ਗੁਰਮਤਿ ਰਹਿਣੀ, ਲੁਧਿਆਣਾ, 1991.

-----, *ਗੁਰਬਾਣੀ ਤੇ ਭਗਤ ਬਾਣੀ ਬਾਰੇ ਖੋਜ ਭਰੀ ਵਿਚਾਰ*, ਗੁਰਮਤਿ ਰਹਿਣੀ, ਲੁਧਿਆਣਾ, 1990.

ਜਗਜੀਤ ਸਿੰਘ, *ਸਿੱਖ ਇਨਕਲਾਬ*, ਬਾਹਰੀ ਪਬਲੀਕੇਸ਼ਨਜ਼ ਪ੍ਰਾ.ਲਿ., ਨਵੀਂ ਦਿੱਲੀ, 1982.

ਜੱਗੀ, ਗੁਰਸ਼ਰਨ ਕੌਰ, *ਬਾਬਾ ਮੋਹਨ ਵਾਲੀਆਂ ਪੋਥੀਆਂ*, ਆਰਸੀ ਪਬਲੀਸ਼ਰਜ਼, ਦਿੱਲੀ, 1987.

ਜੱਗੀ, ਰਤਨ ਸਿੰਘ, *ਗੁਰੂ ਗ੍ਰੰਥ ਵਿਸ਼ਵਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਜੀ.ਬੀ. ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, ਮਾਡਰਨ ਪਬਲੀ., ਲਾਹੌਰ, 1945.

ਜੋਸ਼, ਮਹਿੰਦਰ ਸਿੰਘ, *ਖੱਸ਼ਟ ਰਾਗ ਕਿਨ ਗਾਏ ?*, ਅਖੰਡ ਕੀਰਤਨੀ ਜਥਾ, ਮੋਹਾਲੀ, 2004.

ਜੋਧ ਸਿੰਘ, *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

-----, *ਗੁਰਮਤਿ ਨਿਰਣਯ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990.

ਤਲਵਾੜਾ, ਜੋਗਿੰਦਰ ਸਿੰਘ, *ਬਾਣੀ ਬਿਉਰਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1992.

-----, *ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਸਟੀਕ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1976.

ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

ਤੇਜਾ ਸਿੰਘ, *ਸ਼ਬਦਾਰਥ : ਸ੍ਰੀ ਗੁਰੂ ਗ੍ਰੰਥ ਸਾਹਿਬ*, ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ, 1957.

ਤੇਜਾ ਸਿੰਘ, *ਖ਼ਾਲਸਾ ਰਹਿਤ*, ਪੰਚ ਖ਼ਾਲਸਾ ਦੀਵਾਨ, ਭਸੌੜ, ਮਿਤੀਹੀਣ।

ਤੇਜਾ ਸਿੰਘ, ਗੰਡਾ ਸਿੰਘ, *ਸਿੱਖ ਇਤਿਹਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਪਦਮ ਪਿਆਰਾ ਸਿੰਘ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

-----, *ਗੁਰਮੁਖੀ ਲਿਪੀ ਦਾ ਇਤਿਹਾਸ*, ਕਲਮ ਮੰਦਿਰ, ਪਟਿਆਲਾ, 1988.

ਪਿਆਰ ਸਿੰਘ, *ਗਾਥਾ ਸ੍ਰੀ ਆਦਿ ਗ੍ਰੰਥ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1992.

ਪੁਰੀ, ਜੇ.ਆਰ., *ਗੁਰੂ ਨਾਨਕ ਦਾ ਰੂਹਾਨੀ ਉਪਦੇਸ਼*, ਰਾਧਾ ਸੁਆਮੀ ਸਤਸੰਗ, ਬਿਆਸ, 1982.

ਪ੍ਰੀਤਮ ਸਿੰਘ, ਪ੍ਰੋ. (ਸੰਪਾ.), *ਅਹੀਆਪੁਰ ਵਾਲੀ ਪੋਥੀ* (ਭਾਗ ਪਹਿਲਾ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998.

ਬਾਲੀ, ਲਾਹੌਰੀ ਰਾਮ, *ਬੁੱਧ ਧਰਮ : ਸਾਰ ਅਤੇ ਵਿਕਾਸ*, ਡਾ. ਅੰਬੇਦਕਰ ਮੈਮੋਰੀਅਲ ਕਮੇਟੀ, ਇੰਗਲੈਂਡ, 2000.

ਭਗਤ ਸਿੰਘ, *ਮੱਧਕਾਲੀਨ ਭਾਰਤ ਦੀਆਂ ਸੰਸਥਾਵਾਂ*, ਪੰਜਾਬੀ ਯੂਨੀ., ਪਟਿਆਲਾ, 1987.

ਮਨੀ ਸਿੰਘ, ਗਿ., *ਮੇਰਾ ਜੀਵਨ ਸਫ਼ਰ*, ਪ੍ਰਕਾਸ਼ਕ-ਲੇਖਕ ਆਪ, 1994.

ਮੁਹਿੰਦਰਜੀਤ ਸਿੰਘ, *ਅਰਥਾਂ ਦੀ ਰਾਜਨੀਤੀ*, ਸਿਮਰਨ ਪਬਲੀ., ਲੁਧਿਆਣਾ, ਮਿਤੀਹੀਣ।

ਰਣਧੀਰ ਸਿੰਘ, ਭਾਈ, *ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ-ਪ੍ਰਸਤੀ ਹੈ ?*, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2000.

ਰਣਧੀਰ ਸਿੰਘ, ਕੁੰਦਨ ਸਿੰਘ, ਗਿਆਨ ਸਿੰਘ (ਸੰਪਾ.), *ਪਾਠ ਭੇਦਾਂ ਦੀ ਸੂਚੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1977.

ਰਾਏ ਜਸਬੀਰ ਸਿੰਘ, (ਸੰਪਾ.), *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.

ਰੂਪ ਸਿੰਘ, (ਸੰਪਾ.), *ਸੇ ਭਗਤ ਸਤਿਗੁਰ ਮਨਿ ਭਾਏ*, ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ, 1997.

————, *ਹੁਕਮਨਾਮੇ ਆਦੇਸ਼ ਸੰਦੇਸ਼ : ਸ੍ਰੀ ਅਕਾਲ ਤਖ਼ਤ ਸਾਹਿਬ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003.

ਵਾਰਾਂ : ਭਾਈ ਗੁਰਦਾਸ

ਵਿਲਖੂ, ਸੁਰੈਣ ਸਿੰਘ, *ਆਦਿ ਗ੍ਰੰਥ ਕੇ ਪਰੰਪਰਾਗਤ ਤਤਵੋਂ ਕਾ ਅਧਿਐਨ* (ਹਿੰਦੀ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1978.

ਵੀਰ ਸਿੰਘ, (ਸੰਪਾ.), *ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989.

————, *ਪੁਰਾਤਨ ਜਨਮਸਾਖੀ*, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1971.

English

Al Masih, Abd, *Islam : Under the Magnifying Glass*, Light of Life, Austria, 1998.

Ambedkar, B.R. (Dr.), *Rise and Fall of Hindu Woman*

Cook, Michael, *The Koran : A very short Introduction*, Oxford University Press, New York, 2000.

Daljeet Singh, *Essays on the Authenticity of Kartarpuri Bir and the Integrated Logic and Unity of Sikhism*, Punjabi Uni. Patiala, 1987.

————, *Sikhism : A Comparative Study of its Theology and Mysticism*, Sterling Publishers Pvt. Ltd., Jullandhare, 1979.

Das, Manoj, *Books Forever*, N.B.T., India, New Delhi, 1973.

Dhillon, Balwant Singh, *Early Sikh Scriptual Tradition*, Singh Brothers, Amritsar, 1999.

————, *Studies on Guru Granth Sahib*, G.N.D.U., Amritsar, 2004.

Eliade, Mircea, *The Encyclopaedia of Religion*, The Macmillan Pub. Co., New York, 1987.

Gurnek Singh, *Guru Granth Sahib : Interpretations, Meaning and Nature*, National Book Shop, Delhi, 1998.

Grewal, J.S., *Contesting Interpretations of the Sikh Traditions*, Manohar Publishers, New Delhi, 1998.

International Encyclopaedia of Social Science, The Macmillan Co. & The free Press, U.S.A., 1968.

Khuswant Singh, *A History of the Sikhs*, Oxford University Press, New Delhi, 2002.

Kirpal Singh & Kharak Singh, *History of the Sikhs and their Religion*, Dharam Parchar Co. (S.G.P.C.), Amritsar, 2004.

Hans, Surjit, *Paintings : B-40 Janamsakhi*, Guru Nanak Dev University, Amritsar, N.D.

Hobbs, Thomas, *Leviathan*, Dent, London, 1983.

Loehlin, C.H., *The Sikhs and their Scriptures*, ISPCK-LPH, Delhi, 1974.

Macaulliffe, M.A., *The Sikh Religion*, Oxford University, London, 1909.

Mann, Gurinder Singh, *The Goindwal Pothis : The Earliest Extant Source of the Sikh Canon*, Harvard University, Cambridge, 1996.

———, *The Making of Sikh Scripture*, Oxford University Press, New Delhi, 2001.

Mcleod, Hew, *Discovering the Sikhs*, Permanant Black, Delhi, 2004.

Nizami, K.A., The Life and Time of Shaikh Farid-ud-din Ganj-i-Shakar, Idarah-i-Adabiyat-i-Delhi, Delhi, 1955.

Osborne, W.G., The Court and Camp of Ranjeet Sing, Heritage Publishers, Delhi, 1973.

Pashaura Singh, *The Bhagats of the Guru Granth Sahib*, Oxford University Press, New Delhi, 2003.

Piar Singh, *Gatha Sri Adi Granth and the Controversy*, Avant, Michigan, 1996.

Poole, Lane, *Medeival India Under Mohammedan Rule*, A Universal Publication, Delhi, 1971.

Riches, John, *The Bible : A Very Short Introduction*, Oxford University Press, New York, 2000.

Smith, Huston, *The World's Religions*, Harper Collins Publications, New Delhi, 1997.

Sohan Singh, *Seeker's Path*, Dharam Parchar Comm (S.G.P.C.), Amritsar, 1997.

Teja Singh (Prof.), *The Holy Granth*, Punjabi University Patiala, 2001.

Trumpp, Ernest, *The Adi Granth*, Munshiram Manoha Lal, New Delhi, 1970.

Wye, Malory, *The Basics of Religion*, Routledge, New York, 2003.

Journals

The Punjab Past and Present, Vol. III, 1969.


Jornal of Sikh Studies, Vol. VI, No. 1.

A.I.R. 2000 SC 1421.

ਸਿੱਖ ਚੇਤਨਾ, ਅਕਤੂਬਰ, 1994.

ਗੁਰਦੁਆਰਾ ਗਜ਼ਟ, ਜੂਨ 2004.

ਪ੍ਰੋਸੀਡਿੰਗਜ਼ 'ਪੰਜਾਬ ਹਿਸਟਰੀ ਕਾਨਫਰੰਸ' (26ਵਾਂ ਸੈਸ਼ਨ), ਪੰਜਾਬੀ ਯੂਨੀਵਰਸਿਟੀ, ਪਟਿਆਲਾ।



ਡਾ. ਗੁਰਸ਼ਰਨ ਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਗੁਰੂ ਨਾਨਕ ਅਧਿਐਨ ਵਿਭਾਗ ਵਿਚ ਸੀਨੀਅਰ ਲੈਕਚਰਾਰ ਹਨ। ਉਹ ਪੰਝੀ ਸਾਲਾਂ ਤੋਂ ਸਿੱਖ ਅਧਿਐਨ ਅਤੇ ਸਿੱਖ ਅਦਾਰਿਆਂ ਨਾਲ ਨੇੜਿਓਂ ਜੁੜੇ ਰਹੇ ਹਨ। 1977 ਤੋਂ ਬਾਅਦ ਕੋਈ ਐਸੀ ਪੰਥਕ ਲਹਿਰ ਨਹੀਂ, ਜਿਸ ਵਿਚ ਉਨ੍ਹਾਂ ਨੇ ਸਰਗਰਮ ਹਿੱਸਾ ਨਾ ਲਿਆ ਹੋਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵਿਸ਼ਵ ਸਿੱਖ ਕੌਂਸਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਮਿਸ਼ਨਰੀ ਕਾਲਜ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਆਦਿ ਕਈ ਪੰਥਕ ਜਥੇਬੰਦੀਆਂ ਨੇ ਉਨ੍ਹਾਂ ਦੀਆਂ ਦਰਜਨਾਂ ਲਿਖਤਾਂ ਛਾਪੀਆਂ ਅਤੇ ਉਨ੍ਹਾਂ ਦੀ ਯੋਗਤਾ ਦਾ ਲਾਭ ਉਠਾ ਰਹੀਆਂ ਹਨ। ਕਨੇਡੀਅਨ ਰੇਡੀਓ (C.M.R-24) ਹਰ ਮਹੀਨੇ ਦੇ ਪਹਿਲੇ ਸੋਮਵਾਰ ਉਨ੍ਹਾਂ ਦਾ ਇਕ ਘੰਟੇ ਦਾ ਸਿੱਧਾ ਪ੍ਰਸਾਰਣ ਕਰ ਰਿਹਾ ਹੈ, ਜੋ ਕਿ ਇੰਟਰਨੈੱਟ ਰਾਹੀਂ ਸਾਰੇ ਸੰਸਾਰ ਵਿਚ ਉਪਲਬਧ ਹੈ। ਇਸ ਵਿਚ ਉਹ ਹਰ ਮਹੀਨੇ ਸਰੋਤਿਆਂ ਦੇ ਗੁਰਮਤ ਨਾਲ ਸੰਬੰਧਤ ਪ੍ਰਸ਼ਨਾਂ ਦਾ ਮੌਕੇ 'ਤੇ ਜਵਾਬ ਦਿੰਦੇ ਹਨ।

ਡਾ. ਗੁਰਸ਼ਰਨ ਜੀਤ ਸਿੰਘ ਸਿੱਖ ਪੰਥ ਨੂੰ ਸਮਰਪਿਤ ਅਤੇ ਵਿਚਾਰਧਾਰਕ ਸਪੱਸ਼ਟਤਾ ਵਾਲਾ ਵਿਦਵਾਨ ਹੈ। ਜਦੋਂ ਉਹ ਬੋਲਦਾ ਹੈ ਜਾਂ ਲਿਖਦਾ ਹੈ ਤਾਂ ਉਸਨੂੰ ਸੁਣਨਾ ਵੀ ਪੈਂਦਾ ਹੈ ਅਤੇ ਪੜ੍ਹਨਾ ਵੀ ਪੈਂਦਾ ਹੈ। ਉਹ ਇਕ ਪ੍ਰਸਿੱਧ ਸਿੱਖ ਧਰਮ-ਸ਼ਾਸਤਰੀ ਵਜੋਂ ਸਥਾਪਿਤ ਹੋ ਚੁੱਕਾ ਹੈ। ਇਸ ਸਮੇਂ ਉਸ ਦਾ ਸਥਾਨ ਪੰਥ ਦੇ ਪ੍ਰਮੁਖ ਵਿਦਵਾਨਾਂ ਦੀ ਸੂਚੀ ਵਿਚ ਜੁੜ ਚੁੱਕਾ ਹੈ।

ਉਸਦੀ ਇਹ ਪੁਸਤਕ ਅਗਲੀ ਪੀੜ੍ਹੀ ਲਈ ਚਾਨਣ ਮੀਨਾਰੇ ਦਾ ਕੰਮ ਕਰੇਗੀ। ਉਸਦੇ ਪਾਠਕਾਂ ਦੀ ਗਿਣਤੀ ਹਜ਼ਾਰਾਂ ਤੀਕ ਫੈਲੀ ਹੋਈ ਹੈ। ਉਸਦੀਆਂ ਲਿਖਤਾਂ ਕਿਸੇ ਉਦੇਸ਼ ਲਈ ਹੁੰਦੀਆਂ ਹਨ। ਉਹ ਕੇਵਲ ਲਿਖਣ ਲਈ ਨਹੀਂ ਲਿਖਦਾ। ਇਸ ਪੁਸਤਕ ਦੀ ਲੋੜ ਹਰ ਸਿੱਖ ਪਰਿਵਾਰ ਨੂੰ ਹੈ।

GP

A SYMBOL OF QUALITY BOOKS